Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ


Twenty-Third Year of Publication ਨਿਊ ਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 23, Issue 21, May 21, 2022 20451 N. Plum Grove Rd., Palatine, IL 60074 Ph:847-359-0746, Fax:847-705-9388

## ਕਿਸਾਨਾਂ ਨੇ ਮੁੜ ਮੋਰਚੇ ਮੱਲੇ

**ਮੁਹਾਲੀ:** ਪੰਜਾਬ ਵਿਚ ਕਿਸਾਨ ਜਥੇਬੰਦੀਆਂ ਨੇ ਇਕ ਵਾਰ ਫਿਰ ਮੋਰਚੇ ਸੰਭਾਲ ਲਏ ਹਨ। ਇਸ ਵਾਰ ਪੰਜਾਬ ਵਿਚ ਪਹਿਲੀ ਵਾਰ ਸੱਤਾ ਸੰਭਾਲਣ ਵਾਲੀ ਆਮ ਆਦਮੀ ਪਾਰਟੀ ਸਰਕਾਰ ਦੀ ਵੱਡੇ ਪੱਧਰ ਉਤੇ ਘੇਰਾਬੰਦੀ ਸ਼ੁਰੂ ਹੋ ਗਈ ਹੈ। ਜਥੇਬੰਦੀਆਂ ਨੇ ਪੰਜਾਬ ਵਿਚ ਭਗਵੰਤ ਮਾਨ ਸਰਕਾਰ ਖਿਲਾਫ ਪੱਕਾ ਮੋਰਚਾ ਲਾ ਦਿੱਤਾ ਹੈ। ਜਥੇਬੰਦੀਆਂ ਨੇ ਰਾਸ਼ਨ-ਪਾਣੀ ਲੈ ਕੇ ਚੰਡੀਗੜ੍ਹ ਨੂੰ ਚਾਲੇ ਪਾਏ ਹਨ।

ਪੁਲਿਸ ਨੇ ਰਾਹ ਰੋਕਣ ਲਈ ਵਾਈ.ਪੀ.ਐੱਸ. ਚੌਕ 'ਤੇ ਜ਼ਬਰਦਸਤ ਬੈਰੀਕੇਡਿੰਗ ਕੀਤੀ ਪਰ ਕਿਸਾਨਾਂ ਨੇ ਮੁਹਾਲੀ ਪੁਲਿਸ ਦਾ ਪਹਿਲਾ ਬੈਰੀਕੇਡ ਤੋੜ ਕੇ ਅੱਗੇ ਲੰਘਣ ਦਾ ਯਤਨ ਕੀਤਾ। ਪੁਲਿਸ ਦੀ ਸਖਤੀ ਪਿੱਛੋਂ ਕਿਸਾਨਾਂ ਨੇ ਵਾਈ.ਪੀ.ਐਸ. ਚੌਕ ਨੇੜੇ ਮੁੱਖ ਸੜਕ ਜਾਮ ਕਰਕੇ ਧਰਨਾ ਲਗਾ ਦਿੱਤਾ ਹੈ। ਪੱਕਾ ਮੋਰਚਾ ਲਾਉਣ ਲਈ ਕਿਸਾਨ ਆਪਣੇ ਨਾਲ ਟਰਾਲੀਆਂ ਵਿਚ ਰਾਸ਼ਨ ਲਿਆਏ ਹਨ। ਇਸ ਤੋਂ ਪਹਿਲਾਂ ਪੰਜਾਬ ਭਰ ਤੋਂ ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਬੈਨਰ ਹੇਠ ਕਿਸਾਨ ਇਥੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਪਹੁੰਚੇ ਸਨ। ਕਿਸਾਨ ਇਸ ਗੱਲ ਤੋਂ ਖਫਾ ਹੋ ਗਏ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਿਸਾਨਾਂ ਨੂੰ ਮਿਲੇ ਬਿਨਾਂ ਹੀ ਦਿੱਲੀ ਲਈ ਰਵਾਨਾ ਹੋ ਗਏ। ਇਸ ਕਾਰਨ ਕਿਸਾਨਾਂ ਨੇ ਚੰਡੀਗੜ੍ਹ ਵੱਲ ਕੂਚ ਕਰ ਦਿੱਤਾ।

ਕਿਸਾਨਾਂ ਦਾ ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਲਈ ਚੰਡੀਗੜ੍ਹ ਵੱਲ ਕੂਚ ਕਰਨ ਦਾ ਪ੍ਰੋਗਰਾਮ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਇਹ ਨਾ ਸਮਝੇ ਕਿ ਉਹ ਬੈਰੀਕੇਡ ਨਹੀਂ ਤੋੜ ਸਕਦੇ ਪਰ ਉਹ ਸ਼ਾਂਤਮਈ ਧਰਨਾ ਦੇਣ ਆਏ ਹਨ। ਉਨ੍ਹਾਂ ਕਿਹਾ ਕਿ ਲੋੜ ਪਈ ਤਾਂ ਚੰਡੀਗੜ੍ਹ ਦੀ ਹੱਦ 'ਤੇ ਵੀ ਦਿੱਲੀ ਵਾਂਗ ਪੱਕਾ ਮੋਰਚਾ ਲਾਇਆ ਜਾਵੇਗਾ। ਉਨ੍ਹਾਂ ਕਿਸਾਨੀ ਮੰਗਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਐਤਕੀਂ ਕਣਕ ਦਾ ਝਾੜ ਘੱਟ ਰਹਿਣ ਕਾਰਨ ਕਾਫੀ ਨੁਕਸਾਨ ਹੋਇਆ ਹੈ, ਇਸ ਲਈ ਕਿਸਾਨਾਂ ਨੂੰ 500 ਰੁਪਏ ਪ੍ਰਤੀ ਕੁਇੰਟਲ ਬੋਨਸ ਦਿੱਤਾ ਜਾਵੇ। ਝੋਨੇ ਦੀ ਲਵਾਈ ਲਈ 10 ਜੂਨ ਤੋਂ ਅੱਠ ਘੰਟੇ ਬਿਜਲੀ ਸਪਲਾਈ ਦਿੱਤੀ ਜਾਵੇ। ਮੂੰਗੀ, ਮੱਕੀ ਅਤੇ ਬਾਸਮਤੀ ਨੂੰ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦਣ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇ। ਕਿਸਾਨਾਂ ਨੂੰ



ਉਜਾੜਨ ਦੀ ਕਾਰਵਾਈ ਰੋਕੀ ਜਾਵੇ, ਕਰਜ਼ੇ ਵਿਚ ਫਸੇ ਕਿਸਾਨਾਂ ਦੇ ਵਾਰੰਟ ਅਤੇ ਕੁਰਕੀਆਂ ਬੰਦ ਕਰਨ ਅਤੇ ਦੋ ਲੱਖ ਤੱਕ ਦੇ ਕਰਜ਼ੇ ਮੁਆਫ ਕੀਤੇ ਜਾਣ। ਸੰਯੁਕਤ ਕਿਸਾਨ ਮੋਰਚਾ ਦੇ ਸੀਨੀਅਰ ਆਗੂ ਦਰਸ਼ਨ ਪਾਲ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੇ ਸਬਰ ਦੀ ਹੋਰ ਪ੍ਰੀਖਿਆ ਨਾ ਲਵੇ ਅਤੇ ਅੰਨਦਾਤਾ ਦੀਆਂ ਜਾਇਜ਼ ਮੰਗਾਂ ਤੁਰਤ ਮੰਨੀਆਂ ਜਾਣ। ਤਾਜ਼ਾ ਮੋਰਚੇ ਵਿਚ ਕਿਸਾਨਾਂ ਦਾ ਜੋਸ਼ ਇਸ਼ਾਰਾ ਕਰ ਰਿਹਾ ਹੈ ਕਿ ਜਥੇਬੰਦੀਆਂ ਇਕ ਵਾਰ ਮੁੜ ਸੰਘਰਸ਼ ਨੂੰ ਤਿੱਖਾ ਕਰਨ ਦੀ ਰਣਨੀਤੀ ਬਣਾ ਰਹੀਆਂ ਹਨ।

ਯਾਦ ਰਹੇ ਕਿ ਦਿੱਲੀ ਵਿਚ ਕਿਸਾਨ ਅੰਦੋਲਨ ਮੁਲਤਵੀ ਕਰਨ ਸਮੇਂ ਕੇਂਦਰ ਸਰਕਾਰ ਨੇ ਜਥੇਬੰਦੀਆਂ ਨਾਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਉਤੇ ਕਾਨੂੰਨ ਬਣਾਉਣ ਸਣੇ ਕੁਝ ਵਾਅਦੇ ਕੀਤੇ ਸਨ ਪਰ ਸਰਕਾਰ ਨੇ ਉਨ੍ਹਾਂ ਵਾਅਦਿਆਂ ਨੂੰ ਵਿਸਾਰ ਦਿੱਤਾ ਹੈ ਜਿਸ ਕਾਰਨ ਕਿਸਾਨਾਂ ਵਿਚ ਰੋਹ ਹਨ। ਮੌਜੂਦਾ ਮਾਹੌਲ ਤੋਂ ਜਾਪ ਰਿਹਾ ਹੈ ਕਿ ਜਥੇਬੰਦੀਆਂ ਇਕ ਵਾਰ ਫਿਰ ਕੇਂਦਰ ਅਤੇ ਸੂਬਾ ਸਰਕਾਰਾਂ ਦੀ ਘੇਰਾਬੰਦੀ ਲਈ ਮੰਚ ਤਿਆਰ ਕਰ ਰਹੀਆਂ ਹਨ। ਉਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਵੀ ਇਸ ਸਬੰਧੀ ਸਾਫ ਸੰਕੇਤ ਦਿੱਤੇ ਹਨ। ਟਿਕੈਤ ਨੇ ਗਾਂਧੀ ਸ਼ਾਂਤੀ ਸੰਸਥਾ ਦੇ ਆਡੀਟੋਰੀਅਮ ਵਿਚ ਹੋਏ ਇਕ ਪ੍ਰੋਗਰਾਮ ਵਿਚ ਐਲਾਨ ਕੀਤਾ ਕਿ ਨਵੇਂ ਕਿਸਾਨ ਅੰਦੋਲਨ ਦੀ ਤਿਆਰੀ ਚੱਲ ਰਹੀ ਹੈ। ਗਰਮੀ ਦਾ ਮੌਸਮ ਨਿਕਲ ਜਾਣ ਦਿਓ, ਫਿਰ ਬਰਸਾਤ ਵੀ ਖਤਮ ਹੋ ਜਾਣ ਦਿਓ, ਇਸ ਤੋਂ ਬਾਅਦ ਇਕ ਵਾਰ ਫਿਰ ਲੰਮਾ ਕਿਸਾਨ ਅੰਦੋਲਨ ਕੀਤਾ ਜਾਵੇਗਾ।

ਉਨ੍ਹਾਂ ਸਾਫ ਤੌਰ ਉਤੇ ਕਿਹਾ ਕਿ ਇਸ ਵਾਰ ਕਿਸਾਨ ਅੰਦੋਲਨ ਬੇਰੁਜ਼ਗਾਰਾਂ ਦੇ ਅੰਦੋਲਨ ਨੂੰ ਵੀ ਆਪਣੇ ਵੱਲ ਖਿੱਚੇਗਾ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜਥੇਬੰਦੀਆਂ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰ ਸਰਕਾਰ ਉਤੇ ਦਬਾਅ ਬਣਾਉਣ ਦੀ ਰਣਨੀਤੀ ਤਹਿਤ ਚੱਲ

*(ਬਾਕੀ ਸਫਾ 6 'ਤੇ)*

## ਪਾਕਿ 'ਚ ਸਿੱਖਾਂ ਦੀ ਸੁਰੱਖਿਆ ਦਾ ਮੁੱਦਾ ਮੁੜ ਉਭਰਿਆ

**ਚੰਡੀਗੜ੍ਹ:** ਪਾਕਿਸਤਾਨ ਦੇ ਸੂਬਾ ਖੈਬਰ ਪਖਤੂਨਖਵਾ ਦੇ ਵੱਡੇ ਸ਼ਹਿਰ ਪਿਸ਼ਾਵਰ ਵਿਚ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਅਤੇ ਕੰਵਲਜੀਤ ਦੀ ਦਿਨ-ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਨੇ ਇਕ ਵਾਰ ਫਿਰ ਘੱਟ ਗਿਣਤੀਆਂ ਦੀ ਸੁਰੱਖਿਆ ਉਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇਸ ਹਮਲੇ ਦੀ ਜ਼ਿੰਮੇਵਾਰੀ ਇਸਲਾਮਿਕ ਸਟੇਟ ਖੁਰਾਸਾਨ ਨਾਂ ਦੀ ਅਤਿਵਾਦੀ ਜਥੇਬੰਦੀ ਵੱਲੋਂ ਲਈ ਗਈ ਹੈ। ਇਸ ਹਮਲੇ ਪਿੱਛੋਂ ਸਿੱਖ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਹੈ।

ਇਸ ਘਟਨਾ ਦੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਸਖਤ ਨਿੰਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਨੇ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਪਾਕਿਸਤਾਨ ਵਿਚ ਵਸਦੇ ਘੱਟ ਗਿਣਤੀ ਸਿੱਖਾਂ ਦੇ ਜਾਨ-ਮਾਲ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਦੋਹਾਂ ਸਿੱਖਾਂ ਦੀਆਂ ਪਿਸ਼ਾਵਰ ਤੋਂ ਕਰੀਬ 17 ਕਿਲੋਮੀਟਰ ਸਰਬੰਦ ਦੇ ਬਾਟਾਤਾਲ ਬਾਜ਼ਾਰ 'ਚ ਕਰਿਆਨੇ ਅਤੇ ਮਸਾਲਿਆਂ ਆਦਿ ਦੀਆਂ ਦੁਕਾਨਾਂ ਸਨ।

ਪਿਸ਼ਾਵਰ 'ਚ ਕਰੀਬ 15 ਹਜ਼ਾਰ ਸਿੱਖ ਰਹਿੰਦੇ ਹਨ ਅਤੇ ਇਨ੍ਹਾਂ 'ਚੋਂ ਜ਼ਿਆਦਾਤਰ ਸਿੱਖ ਆਪਣਾ ਕਾਰੋਬਾਰ ਕਰਦੇ ਹਨ ਅਤੇ ਕੁਝ ਦੀਆਂ ਫਾਰਮੇਸੀਆਂ ਵੀ ਹਨ। ਸਾਲ 2020 'ਚ ਨਿਊਜ਼ ਚੈਨਲ ਦੇ ਐਂਕਰ ਰਵਿੰਦਰ ਸਿੰਘ ਦੀ ਸ਼ਹਿਰ 'ਚ ਹੱਤਿਆ ਕਰ ਦਿੱਤੀ ਗਈ ਸੀ। ਇਸੇ ਤਰ੍ਹਾਂ 2018 'ਚ ਚਰਨਜੀਤ ਸਿੰਘ ਅਤੇ 2016 'ਚ ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਨੈਸ਼ਨਲ ਅਸੈਂਬਲੀ 'ਚ ਮੈਂਬਰ ਸੋਰੇਨ ਸਿੰਘ ਦੀ ਪਿਸ਼ਾਵਰ 'ਚ ਹੱਤਿਆ ਕਰ ਦਿੱਤੀ ਗਈ ਸੀ।



ਪਿਸ਼ਾਵਰ 'ਚ ਦੋ ਸਿੱਖ ਦੀ ਹੱਤਿਆ ਦੀ ਨਿਖੇਧੀ ਕਰਦਿਆਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮੀਰ ਸਿੰਘ ਨੇ ਪਾਕਿਸਤਾਨ ਅਤੇ ਖੈਬਰ ਪਖਤੂਨਖਵਾ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਦੋਸ਼ੀਆਂ ਨੂੰ ਤੁਰਤ ਗ੍ਰਿਫਤਾਰ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ। ਉਧਰ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋ ਸਿੱਖ ਦੁਕਾਨਦਾਰਾਂ ਰਣਜੀਤ ਸਿੰਘ ਅਤੇ ਕੁਲਜੀਤ ਸਿੰਘ ਦੀ ਪਿਸ਼ਾਵਰ ਵਿਚ ਗੋਲੀਆਂ ਮਾਰ ਕੇ ਹੱਤਿਆ ਕੀਤੇ ਜਾਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਹਕੀਮ ਸਤਨਾਮ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਕੁਝ ਦਿਨ ਪਹਿਲਾਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਦੇ ਪੁੱਤਰਾਂ 'ਤੇ ਭੂ-ਮਾਫੀਆ ਵਲੋਂ ਹਮਲਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਕਾਰਨ ਘੱਟ ਗਿਣਤੀਆਂ ਵਿਚ ਡਰ ਦੀ ਭਾਵਨਾ ਵਧ ਰਹੀ ਹੈ ਜਿਸ ਪ੍ਰਤੀ ਸਰਕਾਰ ਨੂੰ ਸੰਜੀਦਾ ਹੋਣਾ ਚਾਹੀਦਾ ਹੈ।


M Vivek Malik
Law Office of M Vivek Malik
Toll free no 866-424-4000
ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰੋ
ACCOMPLISHED IMMIGRATION Attorneys Help FAMILIES REUNITE in the UNITED STATES Our Global & Nationwide Services in the field of U.S. Immigration & Nationality law
Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers
Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
Pay Single 60 Cent + Team 70 Cent
100% OWNER OPERATOR COMPANY
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।
2330 Enterprise Park Dr., Indianapolis, IN 46218
Online Application @ www.xpresscargoinc.com

# ਬੰਦੀ ਸਿੱਖਾਂ ਦੀ ਰਿਹਾਈ ਲਈ ਇਕਜੁੱਟ ਹੋ ਕੇ ਚਾਰਾਜੋਈ ਦਾ ਅਹਿਦ

**ਅੰਮ੍ਰਿਤਸਰ:** ਬੰਦੀ ਸਿੱਖਾਂ ਦੀ ਰਿਹਾਈ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਸਮੂਹ ਸਿੱਖ ਜਥੇਬੰਦੀਆਂ ਦੀ ਸੱਦੀ ਮੀਟਿੰਗ ਵਿਚ ਵੱਖ-ਵੱਖ ਵਿਚਾਰਧਾਰਾ ਤੇ ਵਖਰੇਵਿਆਂ ਵਾਲੀਆਂ ਸਿੱਖ ਜਥੇਬੰਦੀਆਂ ਇਕ ਮੰਚ ਉੱਤੇ ਇਕੱਠੀਆਂ ਹੋਈਆਂ। ਇਨ੍ਹਾਂ ਜਥੇਬੰਦੀਆਂ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਸਾਂਝੇ ਤੌਰ 'ਤੇ ਚਾਰਾਜੋਈ ਕਰਨ ਲਈ ਸਾਂਝੀ ਕਮੇਟੀ ਸਥਾਪਤ ਕਰਨ, ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਤੇ ਹੋਰਨਾਂ ਸੂਬਿਆਂ ਦੇ ਮੁੱਖ ਮੰਤਰੀਆਂ ਤੇ ਰਾਜਪਾਲਾਂ ਨੂੰ ਮਿਲ ਕੇ ਸਾਂਝੀ ਅਪੀਲ ਕਰਨ ਅਤੇ ਲੋੜ ਪੈਣ 'ਤੇ ਸਾਂਝਾ ਸੰਘਰਸ਼ ਵਿੱਢਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਦੌਰਾਨ ਪਾਰਲੀਮੈਂਟ ਵਿਚ ਸਿੱਖ ਮੈਂਬਰਾਂ ਨੂੰ ਦੋਵਾਂ ਸਦਨਾਂ ਵਿਚ ਬੰਦੀ ਸਿੱਖਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਸੱਦੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਹ ਮੀਟਿੰਗ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਸੱਦੀ ਗਈ ਸੀ। ਇਨ੍ਹਾਂ ਜਥੇਬੰਦੀਆਂ ਵਿਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ, ਅਕਾਲੀ ਦਲ (ਅ) ਵੱਲੋਂ ਸਿਮਰਨਜੀਤ ਸਿੰਘ ਮਾਨ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀਕੇ, ਹਰਿਆਣਾ ਕਮੇਟੀ ਦੇ ਪ੍ਰਧਾਨ ਬਾਬਾ ਬਲਜੀਤ ਸਿੰਘ ਦਾਦੂਵਾਲ, ਨਿਹੰਗ ਜਥੇਬੰਦੀ ਬੁੱਢਾ ਦਲ ਸਮੇਤ ਹੋਰ ਨਿਹੰਗ ਜਥੇਬੰਦੀਆਂ ਦੇ ਨੁਮਾਇੰਦੇ, ਤਖਤ ਸ੍ਰੀ ਪਟਨਾ ਸਾਹਿਬ, ਸਿੱਖ ਸੰਪਰਦਾਵਾਂ, ਫੈੱਡਰੇਸ਼ਨਾਂ ਦੇ ਧੜਿਆਂ ਦੇ ਨੁਮਾਇੰਦੇ, ਜੇਲ੍ਹਾਂ ਵਿਚ ਬੰਦ ਸਿੱਖ ਬੰਦੀਆਂ ਦੇ ਪਰਿਵਾਰਕ ਮੈਂਬਰ ਅਤੇ ਹੋਰ ਸਿੱਖ ਨੁਮਾਇੰਦੇ ਸ਼ਾਮਲ ਹੋਏ।



ਮੀਟਿੰਗ ਦੌਰਾਨ ਸੰਘਰਸ਼ ਲਈ ਰੂਪ-ਰੇਖਾ ਉਲੀਕਣ ਲਈ ਸਾਂਝੀ ਕਮੇਟੀ ਬਣਾਉਣ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਸੌਂਪਿਆ ਗਿਆ ਹੈ। ਉਨ੍ਹਾਂ ਆਖਿਆ ਕਿ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਾਂਝੀ ਕਮੇਟੀ ਕਾਇਮ ਕਰ ਕੇ ਸਾਰੀਆਂ ਧਿਰਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰਾਂ ਸਿੱਖ ਕੌਮ ਨਾਲ ਵਿਤਕਰਾ ਕਰ ਰਹੀਆਂ ਹਨ।ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਬੰਦੀ ਸਿੱਖਾਂ ਦੀ ਰਿਹਾਈ ਲਈ ਪੰਥਕ ਇਕਜੁਟਤਾ ਦਾ ਸੁਨੇਹਾ ਸਮੁੱਚੀ ਸਿੱਖ ਕੌਮ ਲਈ ਅਹਿਮ ਫੈਸਲਾ ਹੈ। ਸਿਮਰਨਜੀਤ ਸਿੰਘ ਮਾਨ ਨੇ ਵੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਇਕੱਠ ਵੱਲੋਂ ਤਿੰਨ ਮਤੇ ਵੀ ਪਾਸ ਕੀਤੇ ਗਏ। ਪਹਿਲੇ ਮਤੇ ਵਿਚ ਇਕੱਠ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਅਗਲਾ ਸੰਘਰਸ਼ ਸੰਯੁਕਤ ਰੂਪ ਵਿਚ ਵਿੱਢਣ ਦਾ ਅਹਿਦ ਲਿਆ ਗਿਆ। ਇਸ ਤਹਿਤ ਇਕ ਸਾਂਝੀ ਕਮੇਟੀ ਬਣਾਉਣ ਦਾ ਫੈਸਲਾ ਹੋਇਆ। ਦੂਜੇ ਮਤੇ, ਰਾਹੀਂ ਬੰਦੀ ਸਿੱਖਾਂ ਦੀ ਰਿਹਾਈ ਲਈ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਸੂਬਿਆਂ ਦੇ ਮੁੱਖ ਮੰਤਰੀਆਂ ਤੇ ਰਾਜਪਾਲਾਂ ਨੂੰ ਸਾਂਝੇ ਵਫ਼ਦ ਦੇ ਰੂਪ ਵਿਚ ਮਿਲਣ ਲਈ ਸਹਿਮਤੀ ਦਿੱਤੀ ਗਈ ਹੈ। ਇਕੱਠ ਵੱਲੋਂ ਕਾਨੂੰਨੀ ਚਾਰਾਜੋਈ ਦੇ ਨਾਲ-ਨਾਲ ਲੋੜ ਪੈਣ 'ਤੇ ਤਿੱਖਾ ਸੰਘਰਸ਼ ਵਿੱਢਣ ਦਾ ਵੀ ਮਤਾ ਪਾਸ ਕੀਤਾ ਗਿਆ ਹੈ।

## ਬਿੱਟੂ ਨੇ ਬੰਦੀ ਸਿੰਘਾਂ ਦੀ ਰਿਹਾਈ 'ਤੇ ਬਾਦਲਾਂ ਨੂੰ ਘੇਰਿਆ

**ਲੁਧਿਆਣਾ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਸਬੰਧੀ ਸੱਦੇ ਗਏ ਪੰਥਕ ਇਕੱਠ ਦੌਰਾਨ ਸਾਰੀਆਂ ਸਿੱਖ ਜਥੇਬੰਦੀਆਂ ਨੇ ਸਾਂਝੇ ਤੌਰ 'ਤੇ ਸੰਘਰਸ਼ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਜਾਰੀ ਕੀਤੇ ਹੁਕਮਾਂ 'ਤੇ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਸਵਾਲ ਖੜ੍ਹੇ ਕੀਤੇ ਹਨ। ਲੁਧਿਆਣਾ ਤੋਂ ਲੋਕ ਸਭਾ ਮੈਂਬਰ ਬਿੱਟੂ ਨੇ ਕਿਹਾ ਕਿ ਜਦੋਂ ਕੇਂਦਰ 'ਚ ਹਰਸਿਮਰਤ ਕੌਰ ਬਾਦਲ ਮੰਤਰੀ ਸਨ, ਉਸ ਸਮੇਂ ਸੁਖਬੀਰ ਬਾਦਲ ਨੇ ਪ੍ਰਧਾਨ ਮੰਤਰੀ ਮੋਦੀ ਦੇ ਸਾਹਮਣੇ ਬੰਦੀ ਸਿੱਖ ਕੈਦੀਆਂ ਦੀ ਰਿਹਾਈ ਦਾ ਮਾਮਲਾ ਕਿਉਂ ਨਹੀਂ ਚੁੱਕਿਆ।



ਬਿੱਟੂ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਸਿਆਸੀ ਰੋਟੀਆਂ ਸੇਕ ਰਹੀਆਂ ਹਨ।

## ਕੇਂਦਰ ਸਿੱਖਾਂ ਦਾ ਘੱਟ ਗਿਣਤੀ ਦਰਜਾ ਖਤਮ ਕਰ ਸਕਦਾ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ ਨੇ ਖਦਸ਼ਾ ਪ੍ਰਗਟਾਇਆ ਹੈ ਕਿ ਕੇਂਦਰ ਸਰਕਾਰ ਵੱਲੋਂ ਸਿੱਖਾਂ ਨੂੰ ਦੇਸ਼ ਵਿਚ ਦਿੱਤਾ ਗਿਆ ਘੱਟ ਗਿਣਤੀ ਦਾ ਦਰਜਾ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਆਖਿਆ ਕਿ 1947 ਤੋਂ ਦੇਸ਼ ਵਿਚ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਮਿਲਿਆ ਹੋਇਆ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਸਿੱਖਾਂ ਨੂੰ ਦੇਸ਼ ਵਿਚ ਮਿਲੇ ਘੱਟ ਗਿਣਤੀ ਦੇ ਦਰਜੇ ਨੂੰ ਬਰਕਰਾਰ ਰੱਖਿਆ ਜਾਣਾ ਚਾਹੀਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਰਾਜਸਥਾਨ ਦੇ ਗੰਗਾਨਗਰ ਇਲਾਕੇ ਵਿਚ ਨਗਰ ਕੀਰਤਨ ਦੌਰਾਨ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਲਾਉਣ ਦੇ ਦੋਸ਼ ਹੇਠ ਸਿੱਖ ਨੌਜਵਾਨਾਂ ਖਿਲਾਫ ਕੇਸ ਦਰਜ ਕਰਾਉਣ ਨੂੰ ਮੰਦਭਾਗਾ ਆਖਿਆ ਹੈ। ਉਨ੍ਹਾਂ ਕਿਹਾ ਕਿ ਉਥੋਂ ਦੇ ਇਕ ਸਾਧ ਵੱਲੋਂ ਪਹਿਲਾਂ ਵੀ ਅਜਿਹੇ ਕਈ ਮਾਮਲਿਆਂ ਵਿਚ ਸਿੱਖਾਂ ਖਿਲਾਫ ਕੇਸ ਦਰਜ ਕਰਵਾਏ ਗਏ ਹਨ।

## ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ 'ਚ ਤਰੁਟੀਆਂ ਦੇ ਦੋਸ਼

**ਅੰਮ੍ਰਿਤਸਰ:** ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਹੋਰ ਆਗੂਆਂ ਨੇ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕਰਕੇ ਮੰਗ ਪੱਤਰ ਸੌਂਪਿਆ ਜਿਸ ਵਿਚ ਦੋਸ਼ ਲਾਇਆ ਕਿ 2002 ਵਿਚ ਦਿੱਲੀ ਕਮੇਟੀ ਵੱਲੋਂ ਗੁਰੂ ਗ੍ਰੰਥ ਸਾਹਿਬ ਦਾ 17 ਭਾਸ਼ਾਵਾਂ ਵਿਚ ਅਤੇ ਜਪੁਜੀ ਸਾਹਿਬ ਦਾ ਕਰਵਾਇਆ ਅਨੁਵਾਦ ਤਰੁੱਟੀਆਂ ਵਾਲਾ ਹੈ। ਉਨ੍ਹਾਂ ਤਤਕਾਲੀ ਪ੍ਰਧਾਨ ਅਵਤਾਰ ਸਿੰਘ ਹਿੱਤ ਤੇ ਜਨਰਲ ਸਕੱਤਰ ਕੁਲਮੋਹਨ ਸਿੰਘ ਖਿਲਾਫ ਕਾਰਵਾਈ ਦੀ ਮੰਗ ਵੀ ਕੀਤੀ। ਸ੍ਰੀ ਕਾਲਕਾ ਨੇ ਦੱਸਿਆ ਕਿ 2002 ਵਿਚ ਕਮੇਟੀ ਪ੍ਰਧਾਨ ਨੇ ਅਨੁਵਾਦ ਦਾ ਕਾਰਜ ਤੇਲਗੂ ਤੇ ਅੰਗਰੇਜ਼ੀ ਦੇ ਸਾਹਿਤਕਾਰ ਤੇ ਅਨੁਵਾਦਕ ਡਾ. ਵੇਮੂਰਾਜ ਭਾਨੂਮੂਰਤੀ ਨੂੰ ਸੌਂਪਿਆ ਜਿਨ੍ਹਾਂ ਨੂੰ ਸਿੱਖ ਸਿਧਾਂਤਾਂ ਤੇ ਮਰਿਆਦਾ ਦਾ ਕੋਈ ਗਿਆਨ ਨਹੀਂ ਸੀ। ਇਸ ਅਨੁਵਾਦ ਲਈ ਅਕਾਲ ਤਖਤ ਤੇ ਸ਼੍ਰੋਮਣੀ ਕਮੇਟੀ ਨਾਲ ਵੀ ਕੋਈ ਗੱਲ ਨਹੀਂ ਕੀਤੀ ਗਈ।

## ਮੁੱਖ ਮੰਤਰੀ ਵੱਲੋਂ ਬੇਅਦਬੀ ਕਾਂਡ ਨਾਲ ਜੁੜੇ ਮਾਮਲੇ ਜਲਦੀ ਹੱਲ ਕਰਨ ਦਾ ਭਰੋਸਾ

**ਫਰੀਦਕੋਟ:** ਮੁੱਖ ਮੰਤਰੀ ਭਗਵੰਤ ਮਾਨ ਨੇ ਬੇਅਦਬੀ ਕਾਂਡ ਬਾਰੇ ਫਰੀਦਕੋਟ ਤੋਂ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਤੋਂ ਸਮੁੱਚੀ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਭਰੋਸਾ ਦਿੱਤਾ ਹੈ ਕਿ ਇਨ੍ਹਾਂ ਮਾਮਲਿਆਂ ਦੀ ਸੁਣਵਾਈ ਅਤੇ ਪੜਤਾਲ ਵਿਚ ਸਰਕਾਰ ਕਿਸੇ ਤਰ੍ਹਾਂ ਦੀ ਲਾਪਰਵਾਹੀ ਨਹੀਂ ਵਰਤੇਗੀ।

ਇਸ ਮਾਮਲੇ ਸਬੰਧੀ ਗੱਲਬਾਤ ਕਰਨ ਲਈ ਮੁੱਖ ਮੰਤਰੀ ਨੇ ਵਿਧਾਇਕ ਸੇਖੋਂ ਨੂੰ ਚੰਡੀਗੜ੍ਹ ਬੁਲਾਇਆ ਸੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਬੇਅਦਬੀ ਕਾਂਡ ਦੀ ਪੜਤਾਲ ਵਿਸ਼ੇਸ਼ ਜਾਂਚ ਟੀਮ ਕਰ ਰਹੀ ਹੈ ਅਤੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਪਹਿਲਾਂ ਹੀ 9 ਵਿਅਕਤੀਆਂ ਖਿਲਾਫ ਦੋਸ਼ ਪੱਤਰ ਅਦਾਲਤ ਵਿਚ ਪੇਸ਼ ਕਰ ਚੁੱਕੀ ਹੈ ਅਤੇ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ। ਸ੍ਰੀ ਸੇਖੋਂ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਹੈ ਕਿ ਬੇਅਦਬੀ ਨਾਲ ਜੁੜੇ ਮਾਮਲਿਆਂ ਵਿਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨਾ ਵਰਤੀ ਜਾਵੇ। ਵਿਧਾਇਕ ਸੇਖੋਂ ਨੇ ਕਿਹਾ ਕਿ ਇਸ ਮੀਟਿੰਗ ਦੌਰਾਨ ਜੇਲ੍ਹਾਂ 'ਚ ਨਜ਼ਰਬੰਦ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਵੀ ਵਿਚਾਰਿਆ ਗਿਆ। ਉਨ੍ਹਾਂ ਕਿਹਾ ਕਿ 5 ਮਈ ਨੂੰ ਪਿੰਡ ਰੋਡੇ ਦੇ ਟਾਵਰ ਉਪਰ ਚੜ੍ਹੇ ਸਿੱਖ ਆਗੂ ਨੂੰ ਮੁੱਖ ਮੰਤਰੀ ਦੇ ਭਰੋਸੇ ਮਗਰੋਂ ਟਾਵਰ ਉਪਰੋਂ ਉਤਾਰਿਆ ਗਿਆ ਸੀ ਅਤੇ ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਵੱਲੋਂ ਬਿਨਾਂ ਦੇਰੀ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਕੈਦੀਆ ਦੀ ਰਿਹਾਈ ਲਈ ਜਲਦੀ ਹੀ ਭਾਰਤ ਸਰਕਾਰ ਨਾਲ ਗੱਲਬਾਤ ਕਰੇਗੀ।

ਉਧਰ, ਐਡਵੋਕੇਟ ਜਰਨਲ ਪੰਜਾਬ ਦੀ ਟੀਮ ਨੇ ਬਹਿਬਲ ਗੋਲੀ ਕਾਂਡ ਵਿਚ ਨਾਮਜ਼ਦ ਮੁਲਜ਼ਮਾਂ ਖਿਲਾਫ਼ ਕਾਨੂੰਨੀ ਕਾਰਵਾਈ ਵਿਚ ਤੇਜ਼ੀ ਲਿਆਉਣ ਲਈ ਪਿਛਲੇ ਲਗਭਗ 6 ਮਹੀਨਿਆਂ ਤੋਂ ਧਰਨੇ 'ਤੇ ਬੈਠੇ ਅੰਦੋਲਨਕਾਰੀਆਂ ਨਾਲ ਮੀਟਿੰਗ ਕੀਤੀ ਤੇ ਭਰੋਸਾ ਦਿੱਤਾ ਕਿ ਸਰਕਾਰ 10 ਜੁਲਾਈ ਤੱਕ ਬਹਿਬਲ ਗੋਲੀ ਕਾਂਡ ਮਾਮਲੇ ਵਿਚ ਕਾਨੂੰਨੀ ਪ੍ਰਕਿਰਿਆ ਨੂੰ ਅੰਜਾਮ ਤੱਕ ਪਹੁੰਚਾ ਦੇਵੇਗੀ। ਟੀਮ ਦੇ ਮੁਖੀ ਐਡਵੋਕੇਟ ਸੰਤੋਖਇੰਦਰ ਸਿੰਘ ਗਰੇਵਾਲ ਨੇ ਆਖਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਇਸ ਦੀ ਕਾਨੂੰਨੀ ਕਾਰਵਾਈ ਵਿਚ ਤੇਜੀ ਲਿਆਉਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਦੇਖ-ਰੇਖ ਕਰ ਰਹੀ ਕਾਨੂੰਨੀ ਟੀਮ 10 ਜੂਨ ਨੂੰ ਅੰਦੋਲਨਕਾਰੀਆਂ ਨਾਲ ਦੁਬਾਰਾ ਗੱਲਬਾਤ ਕਰੇਗੀ ਤੇ 10 ਜੁਲਾਈ ਤੱਕ ਕੇਸ ਦੀ ਪ੍ਰਗਤੀ ਰਿਪੋਰਟ ਅੰਦੋਲਨਕਾਰੀਆਂ ਸਾਹਮਣੇ ਪੇਸ਼ ਕੀਤੀ ਜਾਵੇਗੀ। ਦੱਸਣਯੋਗ ਹੈ ਕਿ 10 ਅਪਰੈਲ ਨੂੰ ਸਰਕਾਰ ਵੱਲੋਂ ਟੀਮ ਬਣਾ ਕੇ ਭਰੋਸਾ ਦਿੱਤਾ ਗਿਆ ਸੀ ਕਿ 90 ਦਿਨਾਂ ਵਿਚ ਇਸ ਮਾਮਲੇ 'ਚ ਕਾਰਵਾਈ ਕੀਤੀ ਜਾਵੇਗੀ।



# ਬੇਅਦਬੀ ਕਾਂਡ: ਡੇਰਾ ਮੁਖੀ ਨੂੰ ਦੋ ਮਾਮਲਿਆਂ ਵਿਚ ਜ਼ਮਾਨਤ ਮਿਲੀ

**ਫਰੀਦਕੋਟ:** ਬੇਅਦਬੀ ਕਾਂਡ ਵਿਚ ਸਾਜਿਸ਼ਕਾਰ ਵਜੋਂ ਨਾਮਜ਼ਦ ਕੀਤੇ ਗਏ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਚੀਫ ਜੁਡੀਸ਼ੀਅਲ ਮੈਜਿਸਟਰੇਟ ਨੇ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਵਿਸ਼ੇਸ਼ ਜਾਂਚ ਟੀਮ ਡੇਰਾ ਮੁਖੀ ਨੂੰ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਚੋਰੀ ਕਰਨ, ਇਸ ਦੇ ਪੱਤਰੇ ਗਲੀਆਂ ਵਿਚ ਖਿਲਾਰਨ ਅਤੇ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ ਵਿਚ ਮੁੱਖ ਸਾਜਿਸ਼ਕਾਰ ਵਜੋਂ ਨਾਮਜ਼ਦ ਕਰ ਚੁੱਕੀ ਹੈ ਅਤੇ ਇਨ੍ਹਾਂ ਤਿੰਨਾਂ ਮੁਕੱਦਮਿਆਂ ਵਿਚ ਚਲਾਨ ਵੀ ਅਦਾਲਤ ਵਿਚ ਪੇਸ਼ ਹੋ ਗਿਆ ਹੈ।



ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਦੇ ਮਾਮਲੇ ਵਿਚ ਡੇਰਾ ਮੁਖੀ ਨੂੰ ਪਹਿਲਾਂ ਹੀ ਜ਼ਮਾਨਤ ਮਿਲ ਗਈ ਸੀ। ਅਦਾਲਤ ਨੇ ਇਤਰਾਜ਼ਯੋਗ ਪੋਸਟਰ ਲਗਵਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਗਲੀਆਂ ਵਿਚ ਖਿਲਾਰਨ ਦੇ ਮਾਮਲੇ ਵਿਚ ਵੀ ਚੱਲਦੇ ਮੁਕੱਦਮੇ ਤੱਕ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ ਆਪਣੇ ਹੁਕਮ ਵਿਚ ਡੇਰਾ ਮੁਖੀ ਨੂੰ ਸ਼ਰਤਾਂ ਤਹਿਤ ਜ਼ਮਾਨਤ ਦਿੰਦਿਆਂ ਕਿਹਾ ਕਿ ਉਹ ਜੇਕਰ ਜ਼ਮਾਨਤ 'ਤੇ ਜੇਲ੍ਹ ਵਿਚੋਂ ਬਾਹਰ ਆਉਂਦਾ ਹੈ ਤਾਂ ਕਿਸੇ ਵੀ ਤਰ੍ਹਾਂ ਮਾਮਲੇ ਦੀ ਸੁਣਵਾਈ ਨੂੰ ਪ੍ਰਭਾਵਿਤ ਨਹੀਂ ਕਰੇਗਾ ਅਤੇ ਬਿਨਾਂ ਆਗਿਆ ਵਿਦੇਸ਼ ਨਹੀਂ ਜਾ ਸਕਦਾ। ਅਦਾਲਤ ਨੇ ਡੇਰਾ ਮੁਖੀ ਨੂੰ ਲੋੜ ਪੈਣ 'ਤੇ ਜਾਂਚ ਟੀਮ ਸਾਹਮਣੇ ਪੇਸ਼ ਹੋਣ ਦੇ ਵੀ ਨਿਰਦੇਸ਼ ਦਿੱਤੇ ਹਨ। ਜਾਂਚ ਟੀਮ ਨੇ ਡੇਰਾ ਮੁਖੀ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਜੇਕਰ ਡੇਰਾ ਮੁਖੀ ਨੂੰ ਇਨ੍ਹਾਂ ਮਾਮਲਿਆਂ ਵਿਚ ਜ਼ਮਾਨਤ ਮਿਲਦੀ ਹੈ ਤਾਂ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸੇ ਤਰ੍ਹਾਂ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਬਹਿਬਲ ਗੋਲੀ ਕਾਂਡ ਦੀ ਸੁਣਵਾਈ ਹੋਈ। ਸੁਣਵਾਈ ਦੌਰਾਨ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਪਰਮਰਾਜ ਸਿੰਘ ਉਮਰਾਨੰਗਲ ਅਦਾਲਤ ਸਾਹਮਣੇ ਪੇਸ਼ ਨਹੀਂ ਹੋਏ। ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਚਾਰ ਜੂਨ ਤੱਕ ਮੁਲਤਵੀ ਕਰਦਿਆਂ ਮੁਲਜ਼ਮਾਂ ਨੂੰ ਹਦਾਇਤ ਕੀਤੀ ਕਿ ਉਹ ਅਗਲੀ ਤਰੀਕ 'ਤੇ ਅਦਾਲਤ ਵਿਚ ਪੇਸ਼ ਹੋਣ ਤਾਂ ਕਿ ਮੁਕੱਦਮੇ ਦੀ ਸੁਣਵਾਈ ਬਕਾਇਦਾ ਤੌਰ 'ਤੇ ਸ਼ੁਰੂ ਹੋ ਸਕੇ।

## ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਦੀ ਸੁਣਵਾਈ 8 ਨੂੰ

**ਅੰਮ੍ਰਿਤਸਰ:** 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਵਿਚ ਦਾਇਰ ਪਟੀਸ਼ਨ ਦੀ ਸੁਣਵਾਈ ਦੌਰਾਨ ਅਦਾਲਤ ਨੇ ਅਗਲੀ ਸੁਣਵਾਈ 8 ਜੁਲਾਈ ਨੂੰ ਨਿਰਧਾਰਤ ਕੀਤੀ ਹੈ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਸਹਾਇਕ ਸੁਪਰਵਾਈਜਰ ਕੰਵਲਜੀਤ ਸਿੰਘ ਨੇ ਵੀ ਇਸੇ ਮਾਮਲੇ ਵਿਚ ਇਕ ਦਰਖਾਸਤ ਦੇ ਕੇ ਨਿਆਂ ਦੀ ਮੰਗ ਕੀਤੀ ਹੈ। ਕੇਸ ਦੀ ਸੁਣਵਾਈ ਵੇਲੇ ਪਾਰਟੀ ਆਗੂ ਇਮਾਨ ਸਿੰਘ ਮਾਨ ਨੇ ਆਖਿਆ ਕਿ 328 ਲਾਪਤਾ ਪਾਵਨ ਸਰੂਪਾਂ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਹੁਣ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਹੈ। ਇਸ ਦੌਰਾਨ ਨਿਆਂ ਪ੍ਰਾਪਤ ਕਰਨ ਲਈ ਜੁਡੀਸ਼ਲ ਕਮਿਸ਼ਨ ਵਿਚ ਦਰਖਾਸਤ ਦੇਣ ਪੁੱਜੇ ਸ਼੍ਰੋਮਣੀ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਦੇ ਸਾਬਕਾ ਸਹਾਇਕ ਸੁਪਰਵਾਈਜਰ ਕੰਵਲਜੀਤ ਸਿੰਘ ਨੇ ਇਕ ਹਲਫੀਆ ਬਿਆਨ ਸੌਂਪਦਿਆਂ ਦੋਸ਼ ਲਾਇਆ ਹੈ ਕਿ ਲਾਪਤਾ ਹੋਏ 328 ਪਾਵਨ ਸਰੂਪਾਂ ਦੇ ਮਾਮਲੇ ਵਿਚ ਉਸ ਨੂੰ ਸ਼ਿਕਾਰ ਬਣਾਇਆ ਗਿਆ ਹੈ, ਜਦਕਿ ਉਸ ਨੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਦੇ ਕਹਿਣ 'ਤੇ ਹੀ ਲੋਕਾਂ ਨੂੰ ਪਾਵਨ ਸਰੂਪ ਦਿੱਤੇ ਸਨ। ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਸੇਵਾਮੁਕਤੀ ਵੇਲੇ ਵੀ ਬਣਦੇ ਲਾਭ ਨਹੀਂ ਦਿੱਤੇ ਗਏ।

# ਮਾਨ ਸਰਕਾਰ ਨੇ ਹੁਣ 'ਕੁੰਡੀ ਹਟਾਓ' ਮੁਹਿੰਮ ਵਿੱਢੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੇ ਬਿਜਲੀ ਖੇਤਰ ਵਿਚ ਸੁਧਾਰਾਂ ਲਈ 'ਕੁੰਡੀ ਹਟਾਓ' ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਹੈ। ਪੰਜਾਬ ਵਿਚ ਹਰ ਵਰ੍ਹੇ ਔਸਤ 1200 ਕਰੋੜ ਰੁਪਏ ਦੀ ਬਿਜਲੀ ਚੋਰੀ ਹੋ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪਾਵਰਕੌਮ ਨੂੰ ਬਿਜਲੀ ਚੋਰੀ ਰੋਕਣ ਲਈ ਫੌਰੀ 'ਤੇ ਸਖਤ ਕਦਮ ਉਠਾਉਣ ਦੀ ਹਦਾਇਤ ਕੀਤੀ ਹੈ। ਪੰਚਾਇਤੀ ਜ਼ਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੌਰਾਨ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਿਜਲੀ ਚੋਰੀ ਰੋਕਣ ਲਈ ਵੀ ਮੁਹਿੰਮ ਵਿੱਢ ਦਿੱਤੀ ਹੈ। ਦੱਸਣਯੋਗ ਹੈ ਕਿ ਪਾਵਰਕੌਮ ਨੇ ਤਰਨ ਤਾਰਨ ਜਿਲ੍ਹੇ ਦੇ ਭਿੱਖੀਵਿੰਡ ਵਿਚ ਇਕ ਡੇਰੇ 'ਚ ਚੱਲ ਰਹੀ ਸਿੱਧੀ ਕੁੰਡੀ ਫੜੀ ਹੈ ਜਿੱਥੇ ਪ੍ਰਾਈਵੇਟ ਟਰਾਂਸਫਾਰਮਰ ਰੱਖ ਕੇ ਸਿੱਧੀ ਵੱਡੀ ਲਾਈਨ ਤੋਂ ਕੁੰਡੀ ਪਾਈ ਹੋਈ ਸੀ। ਇਸ ਡੇਰੇ ਵਿਚ 17 ਏ.ਸੀ., ਸੱਤ ਗੀਜ਼ਰ, ਚਾਰ ਮੋਟਰਾਂ, 196 ਬੱਲਬ ਅਤੇ 67 ਪੱਖੇ ਫੜੇ ਗਏ ਹਨ। ਪਾਵਰਕੌਮ ਨੇ ਇਸ ਡੇਰੇ ਨੂੰ 26 ਲੱਖ ਰੁਪਏ ਦਾ ਨੋਟਿਸ ਭੇਜ ਦਿੱਤਾ ਹੈ।

ਪਾਵਰਕੌਮ ਨੇ ਲੁਧਿਆਣਾ ਦੀ ਗਿੱਲ ਰੋਡ 'ਤੇ ਪੰਜਾਬ ਪੁਲਿਸ ਦੇ ਨਾਰਕੋਟਿਕਸ ਸੈੱਲ (ਥਾਣਾ) 'ਤੇ ਛਾਪਾ ਮਾਰਿਆ ਜਿੱਥੇ ਸਿੱਧੀ ਕੁੰਡੀ ਚੱਲ ਰਹੀ ਸੀ। ਬਿਜਲੀ ਚੋਰੀ ਨਾਲ ਇਸ ਥਾਣੇ ਵਿਚ 7 ਏਸੀ ਚੱਲ ਰਹੇ ਸਨ। ਪਾਵਰਕੌਮ ਟੀਮ ਨੇ ਇਸ ਦੀਆਂ ਤਾਰਾਂ ਕੱਟ ਦਿੱਤੀਆਂ ਹਨ। ਥਾਣੇ ਨੂੰ ਹੁਣ ਜੁਰਮਾਨਾ ਪਾਇਆ ਜਾਣਾ ਹੈ। ਪਾਵਰਕੌਮ ਵੱਲੋਂ ਬਿਜਲੀ ਚੋਰੀ ਦੀ ਸੂਚਨਾ ਦੇਣ ਲਈ ਜਾਰੀ ਕੀਤੇ ਵਿਸ਼ੇਸ਼ ਵਟਸਐਪ ਨੰਬਰ 96461-75770 'ਤੇ ਬਿਜਲੀ ਚੋਰੀ ਦੀਆਂ ਸੂਚਨਾਵਾਂ ਦਾ ਹੜ੍ਹ ਆ ਗਿਆ ਹੈ। ਸੂਤਰ ਦੱਸਦੇ ਹਨ ਕਿ ਇਨ੍ਹਾਂ ਸੂਚਨਾਵਾਂ ਦੇ



ਆਧਾਰ 'ਤੇ ਪਾਵਰਕੌਮ ਵੱਲੋਂ ਟੀਮਾਂ ਭੇਜੀਆਂ ਜਾ ਰਹੀਆਂ ਹਨ।

ਪਾਵਰਕੌਮ ਟੀਮਾਂ ਨੇ ਹੋਰ ਵੀ ਡੇਰੇ ਤੇ ਧਾਰਮਿਕ ਅਸਥਾਨ ਬਿਜਲੀ ਚੋਰੀ ਕਰਦੇ ਫੜੇ ਹਨ। ਬਠਿੰਡਾ ਦੇ ਐਸ.ਐਸ.ਪੀ. ਨੇ ਪਹਿਲਕਦਮੀ ਕਰਦਿਆਂ ਸਮੂਹ ਪੁਲਿਸ ਦਫਤਰਾਂ ਅਤੇ ਥਾਣਿਆਂ ਨੂੰ ਲਿਖਤੀ ਹੁਕਮ ਜਾਰੀ ਕਰ ਦਿੱਤੇ ਹਨ ਕਿ ਜਿੱਥੇ ਕਿਤੇ ਵੀ ਪੁਲਿਸ ਇਮਾਰਤ ਵਿਚ ਅਣਅਧਿਕਾਰਤ ਏਸੀ ਚੱਲ ਰਹੇ ਹਨ, ਉਨ੍ਹਾਂ ਨੂੰ ਫੌਰੀ ਹਟਾ ਦਿੱਤਾ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਕਿਸੇ ਪੁਲਿਸ ਇਮਾਰਤ ਵਿਚ ਅਣਅਧਿਕਾਰਤ ਏਸੀ ਪਾਵਰਕੌਮ ਦੀ ਚੈਕਿੰਗ ਦੌਰਾਨ ਫੜਿਆ ਜਾਂਦਾ ਹੈ ਤਾਂ ਉਸ ਦਾ ਸਾਰਾ ਜੁਰਮਾਨਾ ਸਬੰਧਤ ਅਧਿਕਾਰੀ ਨੂੰ ਪੱਲਿਓਂ ਤਾਰਨਾ ਪਵੇਗਾ।

ਪ੍ਰਾਪਤ ਵੇਰਵਿਆਂ ਅਨੁਸਾਰ ਪਾਵਰਕੌਮ ਨੇ 'ਕੁੰਡੀ ਹਟਾਓ' ਮੁਹਿੰਮ ਤਹਿਤ ਬਿਜਲੀ ਚੋਰੀ ਕਰਨ ਵਾਲੇ 584 ਖਪਤਕਾਰਾਂ ਨੂੰ 88 ਲੱਖ ਰੁਪਏ ਦੇ ਜਰਮਾਨੇ ਪਾਏ ਹਨ। ਅੰਮ੍ਰਿਤਸਰ ਦੀ ਉਦੋਕੇ ਸਬ-ਡਿਵੀਜ਼ਨ ਵਿਚ ਪੈਂਦੇ ਡੇਰਾ ਸਰਹਾਲਾ ਨੇੜੇ ਜੈਂਤੀਪੁਰ ਦੀ ਜਦੋਂ ਚੈਕਿੰਗ ਕੀਤੀ ਗਈ ਤਾਂ ਕਰੀਬ 29 ਕਿੱਲੋਵਾਟ ਲੋਡ ਮੀਟਰ ਨੂੰ ਬਾਈਪਾਸ ਕਰਕੇ ਸਿੱਧਾ ਚੱਲ ਰਿਹਾ ਸੀ। ਇਸ ਡੇਰੇ ਨੂੰ ਬਿਜਲੀ ਚੋਰੀ ਬਦਲੇ 5.12 ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਲੁਧਿਆਣਾ ਦੇ ਜਮਾਲਪੁਰ 'ਚ ਇਕ ਧਾਰਮਿਕ ਥਾਂ 'ਤੇ ਸਿੱਧੀ ਕੁੰਡੀ ਲਗਾ ਕੇ ਬਿਜਲੀ ਚੋਰੀ ਕੀਤੀ ਜਾ ਰਹੀ ਸੀ ਜਿਸ ਨੂੰ 9.43 ਲੱਖ ਰੁਪਏ ਜੁਰਮਾਨਾ ਪਾਇਆ ਗਿਆ ਹੈ। ਲੁਧਿਆਣਾ ਦੇ ਗਿੱਲ ਰੋਡ ਥਾਣੇ ਨੂੰ ਬਿਜਲੀ ਚੋਰੀ ਦੇ ਕੇਸ 'ਚ 8 ਲੱਖ ਰੁਪਏ ਦਾ ਜੁਰਮਾਨਾ ਲਾਇਆ ਗਿਆ ਹੈ। ਇਸੇ ਤਰ੍ਹਾਂ ਹੀ ਜਲੰਧਰ ਦੇ ਪੀ.ਏ.ਪੀ. ਕੰਪਲੈਕਸ ਦੇ 23 ਘਰਾਂ ਵਿਚ ਬਿਜਲੀ ਚੋਰੀ ਫੜੀ ਗਈ ਹੈ ਜਿਨ੍ਹਾਂ 6.23 ਲੱਖ ਦੇ ਜਰਮਾਨੇ ਪਾਏ ਗਏ ਹਨ।

## ਪੰਜਾਬ ਵਿਚ ਕੋਈ ਨਵਾਂ ਟੈਕਸ ਨਹੀਂ ਲੱਗੇਗਾ

**ਚੰਡੀਗੜ੍ਹ:** ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਐਲਾਨ ਕੀਤਾ ਕਿ 'ਆਪ' ਸਰਕਾਰ ਵੱਲੋਂ ਜੂਨ ਮਹੀਨੇ ਵਿਚ ਪੇਸ਼ ਕੀਤੇ ਜਾਣ ਵਾਲੇ 'ਜਨਤਾ ਬਜਟ' ਵਿਚ ਲੋਕਾਂ ਉਤੇ ਕੋਈ ਨਵਾਂ ਟੈਕਸ ਨਹੀਂ ਲਾਇਆ ਜਾਵੇਗਾ। ਉਨ੍ਹਾਂ 'ਜਨਤਾ ਬਜਟ' ਦੀ ਤਿਆਰੀ ਲਈ ਮਿਲੇ ਲੋਕ ਹੁੰਗਾਰੇ ਅਤੇ ਸੁਝਾਵਾਂ 'ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ 'ਜਨਤਾ ਬਜਟ 2022-23' ਪੂਰੀ ਤਰ੍ਹਾਂ ਪੰਜਾਬ ਦੇ ਲੋਕਾਂ ਦੀਆਂ ਮੰਗਾਂ ਅਤੇ ਮਸ਼ਵਰਿਆਂ ਉਤੇ ਆਧਾਰਿਤ ਹੋਵੇਗਾ।

ਦੱਸਣਯੋਗ ਹੈ ਕਿ 'ਆਪ' ਸਰਕਾਰ ਨੇ 'ਜਨਤਾ ਬਜਟ' ਤਿਆਰ ਕਰਨ ਲਈ ਸਮੁੱਚੇ ਪੰਜਾਬ ਦੇ ਹਰ ਵਰਗ ਤੋਂ ਰਾਇ ਮਸ਼ਵਰਾ ਲੈਣ ਲਈ ਮੁਹਿੰਮ ਵਿੱਢੀ ਸੀ। ਇਸ ਸਬੰਧੀ ਪਹਿਲੀ ਤੋਂ 10 ਮਈ ਤੱਕ ਦੋ ਪੋਰਟਲ ਜਾਰੀ ਕਰ ਕੇ ਸੁਝਾਅ ਮੰਗੇ ਗਏ ਸਨ। ਵਿੱਤ ਮੰਤਰੀ ਨੇ ਪੰਜਾਬ ਦੇ ਸ਼ਹਿਰਾਂ ਅਤੇ ਵੱਖ-ਵੱਖ ਤਬਕਿਆਂ ਦੇ ਲੋਕਾਂ ਨਾਲ ਸੰਵਾਦ ਕਰ ਕੇ ਜਨਤਾ ਬਜਟ ਲਈ ਧਰਾਤਲ ਤਿਆਰ ਹੋਣ ਦਾ ਦਾਅਵਾ ਕੀਤਾ ਹੈ। ਵਿੱਤ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਨੇ ਜਨਤਾ ਬਜਟ ਲਈ ਦਸ ਦਿਨਾਂ ਦੌਰਾਨ 20 ਹਜ਼ਾਰ ਤੋਂ ਵੱਧ ਲੋਕਾਂ ਨੇ ਸੁਝਾਅ ਦਿੱਤੇ ਹਨ, ਜਦੋਂ ਕਿ 500 ਦੇ ਕਰੀਬ ਮੈਮੋਰੰਡਮ ਪ੍ਰਾਪਤ ਹੋਏ ਹਨ। ਉਨ੍ਹਾਂ ਦੱਸਿਆ ਕਿ 31 ਤੋਂ 40 ਸਾਲ ਉਮਰ ਵਰਗ ਦੇ ਲੋਕਾਂ ਨੇ ਸਭ ਤੋਂ ਵੱਧ 45.42 ਫ਼ੀਸਦੀ ਲੋਕਾਂ ਨੇ ਬਜਟ ਲਈ ਮਸ਼ਵਰਾ ਦਿੱਤਾ ਹੈ, ਜਦਕਿ 22 ਤੋਂ 30 ਸਾਲ ਉਮਰ ਵਰਗ ਦੇ 16.77 ਫ਼ੀਸਦੀ ਲੋਕਾਂ ਨੇ ਰਾਇ ਰੱਖੀ ਹੈ। 41 ਤੋਂ 50 ਸਾਲ ਦੇ 29.33 ਫ਼ੀਸਦੀ ਅਤੇ 50 ਸਾਲ ਤੋਂ ਉੱਪਰ ਦੇ 6.85 ਫ਼ੀਸਦੀ ਲੋਕਾਂ ਨੇ ਬਜਟ ਵਾਸਤੇ ਆਪਣੇ ਸੁਝਾਅ ਪੇਸ਼ ਕੀਤੇ ਹਨ।

ਸ੍ਰੀ ਚੀਮਾ ਨੇ ਦੱਸਿਆ ਕਿ ਲੁਧਿਆਣਾ ਜਿਲ੍ਹੇ ਵਿਚੋਂ ਸਭ ਤੋਂ ਵੱਧ ਹੁੰਗਾਰਾ ਮਿਲਿਆ, ਜਿੱਥੋਂ 10.61 ਫ਼ੀਸਦੀ ਲੋਕਾਂ ਨੇ ਮਸ਼ਵਰਾ ਦਿੱਤਾ ਹੈ। ਪਟਿਆਲਾ 'ਚੋਂ 10 ਫ਼ੀਸਦੀ, ਫ਼ਾਜ਼ਿਲਕਾ 'ਚੋਂ 8.14 ਫ਼ੀਸਦੀ, ਬਠਿੰਡਾ 'ਚੋਂ 6 ਫ਼ੀਸਦੀ, ਅੰਮ੍ਰਿਤਸਰ 'ਚੋਂ 5.5 ਫ਼ੀਸਦੀ ਅਤੇ ਸੰਗਰੂਰ 'ਚੋਂ 5.71 ਫ਼ੀਸਦੀ ਸੁਝਾਅ ਪ੍ਰਾਪਤ ਹੋਏ ਹਨ। ਸ੍ਰੀ ਚੀਮਾ ਨੇ ਕਿਹਾ ਕਿ ਇਨ੍ਹਾਂ ਸੁਝਾਵਾਂ ਵਿਚ ਲੋਕਾਂ ਵੱਲੋਂ ਖੇਤੀ ਵਿਭਿੰਨਤਾ ਤੇ ਤਕਨਾਲੋਜੀ, ਖੇਤੀ ਆਧਾਰਿਤ ਸਨਅਤਾਂ, ਬਿਜਲੀ, ਪਾਣੀ, ਸਿੱਖਿਆ ਅਤੇ ਵਪਾਰ ਕਾਰੋਬਾਰ ਦੇ ਮਸਲੇ ਉਠਾਏ ਹਨ। ਇੰਸਪੈਕਟਰੀ ਰਾਜ ਖ਼ਤਮ ਕਰਨ ਵਾਰੇ ਮਸ਼ਵਰੇ ਦਿੱਤੇ ਗਏ ਹਨ। ਰੁਜ਼ਗਾਰ ਤੋਂ ਇਲਾਵਾ ਹਰ ਖੇਤਰ ਵਿਚ ਸੁਧਾਰਾਂ ਸਬੰਧੀ ਲੋਕ ਰਾਇ ਸਾਹਮਣੇ ਆਈ ਹੈ।

ਵਿੱਤ ਮੰਤਰੀ ਚੀਮਾ ਨੇ ਮੰਗ ਉਠਾਈ ਕਿ ਕੇਂਦਰ ਸਰਕਾਰ ਜੀ.ਐਸ.ਟੀ. ਮੁਆਵਜ਼ਾ ਰਾਸ਼ੀ ਨੂੰ ਜਾਰੀ ਰੱਖੇ ਅਤੇ ਇਹ ਰਾਸ਼ੀ ਬੰਦ ਨਹੀਂ ਹੋਣੀ ਚਾਹੀਦੀ ਹੈ। ਜਾਣਕਾਰੀ ਮੁਤਾਬਕ ਜੂਨ ਮਹੀਨੇ ਵਿਚ ਇਹ ਮੁਆਵਜ਼ਾ ਰਾਸ਼ੀ ਬੰਦ ਹੋ ਰਹੀ ਹੈ। ਸ੍ਰੀ ਚੀਮਾ ਨੇ ਦੱਸਿਆ ਕਿ ਉਹ ਬਦਲਵੇਂ ਪ੍ਰਬੰਧ ਵੀ ਤਲਾਸ਼ ਰਹੇ ਹਨ। ਉਹ ਜੀ.ਐਸ.ਟੀ. ਕੌਂਸਲ ਵਿਚ ਵੀ ਇਹ ਮੁੱਦਾ ਚੁੱਕਣਗੇ।

## ਅਮਰੀਕਨ-ਸਿੱਖ ਭਾਈਚਾਰਾ ਸ਼ਿਕਾਗੋਲੈਂਡ ਵਿਚ ਯਾਦਗਾਰੀ ਸਮਾਗਮਾਂ ਵਿਚ ਲਵੇਗਾ ਹਿੱਸਾ

**ਸ਼ਿਕਾਗੋ:** ਅਮਰੀਕਨ-ਸਿੱਖ ਭਾਈਚਾਰਾ ਸ਼ਿਕਾਗੋਲੈਂਡ ਵਿਚ ਯਾਦਗਾਰੀ ਦਿਹਾੜਾ 2022 ਦੇ ਸਮਾਗਮਾਂ ਵਿਚ ਹਿੱਸਾ ਲੈ ਰਿਹਾ ਹੈ। ਅਮਰੀਕੀ ਸਿੱਖ ਭਾਈਚਾਰਾ 2012 ਤੋਂ ਸ਼ਿਕਾਗੋ ਅਤੇ ਸ਼ੌਮਬਰਗ ਵਿਚ ਯਾਦਗਾਰੀ ਦਿਵਸ ਪਰੇਡਾਂ ਵਿਚ ਹਿੱਸਾ ਲੈ ਰਿਹਾ ਹੈ ਤੇ ਭਾਈਚਾਰੇ ਵਲੋਂ ਆਪਣੇ ਨੇੜਲੇ ਕਸਬਿਆਂ ਵਿਚ ਅਗਲੇ ਆਉਣ ਵਾਲੇ ਯਾਦਗਾਰੀ ਦਿਵਸ ਸਮਾਗਮਾਂ ਵਿਚ ਵੀ ਹਿੱਸਾ ਲਿਆ ਜਾਵੇਗਾ। ਸਭ ਨੂੰ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਇਨ੍ਹਾਂ ਸਮਾਗਮਾਂ 'ਚ ਸ਼ਾਮਲ ਹੋਣ ਦੀ ਅਪੀਲ ਹੈ।

ਸ਼ਿਕਾਗੋ ਵਿਚ ਮੈਮੋਰੀਅਲ ਡੇਅ ਪਰੇਡ ਸ਼ਨਿਚਰਵਾਰ 28 ਮਈ, 2022 ਨੂੰ ਹੋਵੇਗੀ। ਸਵੇਰੇ 11 ਵਜੇ ਇਟਰਨਲ ਫਲੇਮ ਡੇਲੀ ਸੈਂਟਰ ਵਿਖੇ ਪੁਸ਼ਪਾਂਜਲੀ ਸਮਾਗਮ ਮਗਰੋਂ 12 ਵਜੇ ਵੈਕਰ ਡਰਾਈਵ ਤੋਂ ਵੈਨ ਬੁਰੇਨ ਸੇਂਟ ਤੱਕ ਪਰੇਡ ਹੋਵੇਗੀ। ਅਸੈਂਬਲੀ ਅੱਪਰ ਵੈਕਰ ਡਰਾਈਵ ਅਤੇ ਕਲਾਰਕ ਸਟ੍ਰੀਟ ਵਿਖੇ ਹੋਵੇਗੀ। ਪੈਲਾਟਾਈਨ ਗੁਰਦੁਆਰਾ ਸਾਹਿਬ ਤੋਂ ਸਵੇਰੇ 10:15 ਵਜੇ ਬੱਸ ਰਵਾਨਾ ਹੋਵੇਗੀ। ਸ਼ੌਮਬਰਗ, ਇਲੀਨੋਇਸ -ਮੈਮੋਰੀਅਲ ਡੇਅ ਈਵੈਂਟ ਸੋਮਵਾਰ 30 ਮਈ, 2022 ਨੂੰ 10:45 ਵਜੇ ਸੇਂਟ ਪੀਟਰ ਲੂਥਰਨ ਚਰਚ ਕਬਰਸਤਾਨ 202 ਈ ਸ਼ੌਮਬਰਗ ਰੋਡ, ਸ਼ੌਮਬਰਗ ਵਿਖੇ ਹੋਵੇਗਾ। ਸੇਂਟ ਪੀਟਰ ਪਿਕਨਿਕ ਗਰੋਵ ਵਿਖੇ ਰਿਫਰੈਸ਼ਮੈਂਟ ਦੀ ਦਿੱਤੀ ਜਾਵੇਗੀ।

ਨੈਪਰਵਿਲ, ਇਲੀਨੋਇਸ-ਮੈਮੋਰੀਅਲ ਡੇਅ ਪਰੇਡ ਸੋਮਵਾਰ 30 ਮਈ, 2022 ਨੂੰ ਸਵੇਰੇ 10:30 ਵਜੇ ਹੋਵੇਗੀ।

ਵਿਲਮੇਟ, ਇਲੀਨੋਇਸ - ਸੈਸਕਿਊਸੈਂਟੇਨਿਅਲ ਸੈਲੀਬ੍ਰੇਸ਼ਨ ਸੰਬੰਧੀ ਵਿਸ਼ੇਸ਼ ਏਕਤਾ ਮਾਰਚ ਸੋਮਵਾਰ 30 ਮਈ, 2022 ਨੂੰ ਸੇਂਟ ਜੋਸਫ ਕੈਥੋਲਿਕ ਚਰਚ ਵਿਖੇ ਹੋਵੇਗਾ। ਪਰੇਡ ਲਈ ਅਸੈਂਬਲੀ ਸਵੇਰੇ 10:30 ਵਜੇ 1747 ਲੇਕ ਐਵੇਨਿਊ, ਵਿਲਮੇਟ, ਇਲੀਨੋਇ 60091 ਵਿਖੇ ਹੋਵੇਗੀ।


ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

I-80 'ਤੇ 'ਟੂ ਵੇਅ' ਟਰੱਕ ਵਾਸ਼ ਵਿਕਾਊ ਜਾਂ ਲੀਜ਼ 'ਤੇ ਉਪਲੱਬਧ ਹੈ

ਚਾਹਵਾਨ ਸੰਪਰਕ ਕਰਨ

ਫੋਨ: 815-603-5877

19-22



# Matrimonials

## ਲੜਕੇ ਦੀ ਲੋੜ ਹੈ

Khatri Sikh Family looking for a USA Citizen, Green Card, H1 or Work Permit match for their 37 years, MBA, MS Finance, divorcee issueless USA Green Card holder daughter working USA Fortune 500 Company in New York upstate. Please contact us at: ajsw399@gmail.com or +1 913 602 9071 18-21

39 ਸਾਲਾ 5'2.5" ਅੰਮ੍ਰਿਤਧਾਰੀ ਪੋਸਟ ਗ੍ਰੈਜੂਏਟ ਅਮਰੀਕਾ ਵਿਚ ਗਰੀਨ ਕਾਰਡ ਹੋਲਡਰ ਤਲਾਕਸ਼ੁਦਾ ਲੜਕੀ ਲਈ 35 ਸਾਲ ਜਾਂ ਵੱਧ ਉਮਰ ਦੇ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਅਮਰੀਕਾ/ਕੈਨੇਡਾ ਨੂੰ ਪਹਿਲ। ਆਪਣਾ ਬਾਇਓਡਾਟਾ kaurgurvinder1965@yahoo.com 'ਤੇ ਭੇਜੋ। ਚਾਹਵਾਨ 734 968 1195 'ਤੇ ਛੇ ਵਜੇ ਤੋਂ ਸ਼ਾਮ 10 ਵਜੇ (*E.T.*) ਤੱਕ ਸੰਪਰਕ ਕਰ ਸਕਦੇ ਹਨ। 18-21

Ramgahria, Sikh family looking for USA or CANADA green card or PR holder match for their 1988 born 5`4" msc fashion designer beautiful daughter working as professor in Barnala (Punjab). Caste no bar. Please Contact us at: USA 2699061331 or India no. 9646206393 6-9

Ravidasia, Sikh Punjabi family looking for USA citizen, Green card holder, H1 or Work permit match for their USA citizen (vegetarian) Daughter, 36 years, 5'2" working, Lives in Streamwood, IL, Grew up in India. Please Contact us at: 8583665909 and e-mail us at zor92126@yahoo.com

## ਲੜਕੀ ਦੀ ਲੋੜ ਹੈ

Looking for a suitable match for Oct 73, 5' 8" well educated, Electronics Engineer boy working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 21-24

**ਸੈਣੀ ਸਿੱਖ 37, 5'-8" ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 319-670-8892** 21-24

Jatt Sikh Canadian Parents Looking for a suitable match for their 45, 5'10" divorced son. For more information please contact us at po55ible@yahoo.com or 647-474-5473 20-23

Sikh Ramgarhia family looking for a simple Punjabi Girl in USA or Canada for their 36 years, 5' 10" son. Working as a professional CDL driver in Canada. Please contact us at: Hunjan.Inders@gmail.com

Sikh Kamboj family looking for Well educated girl for their B.Com, 29, 5'10" son, well settled (2 stores), Own home in Arkansas. Mom, dad & brother live in India. Contact us at: 417-846-3741

***ਸਿੱਖ ਕੰਬੋਜ 29 ਸਾਲਾ 5'10", ਅਮਰੀਕਾ ਵਿਚ ਵਧੀਆ ਸਥਾਪਿਤ, ਆਪਣਾ ਬਿਜ਼ਨਸ ਕਰਦੇ ਬੀ. ਕਾਮ ਲੜਕੇ ਲਈ ਸੋਹਣੀ-ਸੁਨੱਖੀ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਲੜਕੇ ਦਾ ਪਰਿਵਾਰ ਇੰਡੀਆ ਵਿਚ ਹੈ। ਚਾਹਵਾਨ 417-846-3741 'ਤੇ ਸੰਪਰਕ ਕਰ ਸਕਦੇ ਹਨ।*** apr16- may16

Ravidasia Sikh Boy 27, 5'6" Data Analyst at Optum, part of United Health Group. Working and living in Chicago suburbs with elder brother, looking for a suitable match. Qualification: Master's degree in Industrial Engineering from New Jersey Institute of Technology, NJ and Bachelor's in Mechanical Engineering from Thapar University, Patiala, India. Contact us at: 312-909-3827 and bipinloi07@gmail.com 16-19

Jatt Sikh family Looking for a U.S. Citizen or Green Card holder match for their U.S. Citizen, 28, 5'10" son, living in Maryland, USA. Majored in Information Systems, Currently working. Please contact us at deolsunny16@gmail.com 13-16


Jatt Sikh family in search of an outgoing, educated, family-orientated, health/fitness-minded match for their son, 31, tall, handsome, clean shaven, never married, private school educated, athletic, US born and financially secure business executive. Contact GurdeepMidwestUSA@outlook.com or message at 513-212-6478 (will respond to all).

LAW OFFICES OF
VIVEK MALIK

Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Business Immigration & Worksite Compliance
ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ

Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ

Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ

Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
  Phone: 317.560.4777
- 1067 N Mason Rd., Suite 4, St Louis, Missouri 63141
  Phone: 314.416.8000
- 2440 W Shaw Ave., Suite 205, Fresno, California 93711
  Phone: 559.578.4344

www.usa-immigrationlaw.com

Languages SPOKEN Punjabi | Hindi | Urdu | Spanish & English

ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ ਵਿਚ ਭਾਰਤੀ ਰੈਸਟੋਰੈਂਟ
'ਢਾਬਾ' ਲਈ ਤੰਦੂਰੀਏ, ਕੁੱਕ, ਕਿਚਨ ਹੈਲਪਰ,
ਵੇਟਰ ਤੇ ਡਿਸ਼ਵਾਸ਼ਰ ਦੀ ਲੋੜ ਹੈ।
ਮੁਫਤ ਖਾਣਾ ਤੇ ਹੋਰ ਸਹੂਲਤਾਂ
ਸੰਪਰਕ ਕਰੋ: ਮਿਸਟਰ ਸਿੰਘ
ਫੋਨ: 608-886-2500

41-48

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email:
Homeomedicine@yahoo.com

ਸੀ. ਡੀ. ਐੱਲ. ਸਟਾਰ
ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

**ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:**

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

**ਲੋੜੀਂਦੇ ਦਸਤਾਵੇਜ਼:**

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

**ਸਿਖਲਾਈ ਦੀਆਂ ਸੱਤ ਸਟੇਜਾਂ:**

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

**ਤਿੰਨ ਸਿਖਲਾਈ ਪ੍ਰੋਗਰਾਮ:**

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

*ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।*

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕਰਨਾਟਕ ਸਰਕਾਰ ਨੇ ਸ਼ਹੀਦ-ਏ-ਆਜ਼ਮ ਬਾਰੇ ਲੇਖ ਸਿਲੇਬਸ 'ਚੋਂ ਹਟਾਇਆ

**ਨਵੀਂ ਦਿੱਲੀ:** ਕਰਨਾਟਕ ਸਰਕਾਰ ਨੇ 10ਵੀਂ ਦੀ ਕੰਨੜ ਦੀ ਕਿਤਾਬ ਵਿਚ ਸੋਧ ਕਰਕੇ ਨਵਾਂ ਸਿਲੇਬਸ ਜੋੜਿਆ ਹੈ, ਜਿਸ ਦਾ ਆਮ ਆਦਮੀ ਪਾਰਟੀ ਆਗੂਆਂ ਵੱਲੋਂ ਵਿਰੋਧ ਕੀਤਾ ਗਿਆ ਹੈ। ਇਸ ਦੌਰਾਨ ਖਰੜ ਤੋਂ ਆਪ ਵਿਧਾਇਕ ਅਨਮੋਲ ਗਗਨ ਮਾਨ ਤੇ ਜਲਾਲਾਬਾਦ ਤੋਂ 'ਆਪ' ਵਿਧਾਇਕ ਜਗਦੀਪ ਸਿੰਘ ਗੋਲਡੀ ਨੇ ਵੀ ਇਸ ਦਾ ਵਿਰੋਧ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸ਼ਹੀਦ ਭਗਤ ਸਿੰਘ ਜੀ ਦਾ ਨਾਂ ਕਰਨਾਟਕ ਦੇ ਸਕੂਲਾਂ ਦੀਆਂ ਕਿਤਾਬਾਂ ਵਿਚ ਹਟਾਉਣਾ ਭਾਜਪਾ ਦੀ ਮਾਨਸਿਕਤਾ ਦਰਸਾਉਂਦਾ ਹੈ। ਦੇਸ਼ ਵਿਚ ਕਦੇ ਵੀ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਅਪਮਾਨ ਸਹਿਣ ਨਹੀਂ ਕਰੇਗਾ। ਭਾਜਪਾ ਸਰਕਾਰ ਤੁਰਤ ਦੇਸ਼ ਵਿਰੋਧੀ ਫੈਸਲਾ ਵਾਪਸ ਲਵੇ।

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸਕੂਲ ਦੀ ਕਿਤਾਬ ਵਿਚੋਂ ਸ਼ਹੀਦੇ ਆਜ਼ਮ ਭਗਤ ਸਿੰਘ ਬਾਰੇ ਪਾਠ ਨੂੰ ਹਟਾਉਣ ਲਈ ਕਰਨਾਟਕ ਦੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਉਤੇ



ਹਮਲਾ ਬੋਲਿਆ ਹੈ। ਉਨ੍ਹਾਂ ਕਿਹਾ ਕਿ ਇਹ ਕਦਮ ਮਹਾਨ ਆਜ਼ਾਦੀ ਘੁਲਾਟੀਏ ਦੀ ਸ਼ਹਾਦਤ ਦਾ ਅਪਮਾਨ ਹੈ ਅਤੇ ਕਰਨਾਟਕ ਸਰਕਾਰ ਨੂੰ ਇਹ ਫੈਸਲਾ ਵਾਪਸ ਲੈਣਾ ਚਾਹੀਦਾ ਹੈ। ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਕੇਜਰੀਵਾਲ ਨੇ ਟਵੀਟ ਕੀਤਾ ਕਿ ਦੇਸ਼ ਆਪਣੇ ਸ਼ਹੀਦਾਂ ਦਾ ਇਸ ਤਰ੍ਹਾਂ ਦਾ ਅਪਮਾਨ ਬਰਦਾਸ਼ਤ ਨਹੀਂ ਕਰੇਗਾ।

ਉਨ੍ਹਾਂ ਭਾਜਪਾ ਨੂੰ ਸਵਾਲ ਕੀਤਾ ਕਿ ਉਸ ਦੇ ਲੋਕ ਭਗਤ ਸਿੰਘ ਨੂੰ ਇੰਨੀ ਨਫਰਤ ਕਿਉਂ ਕਰਦੇ ਹਨ। ਆਲ ਇੰਡੀਆ ਡੈਮੋਕ੍ਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ (ਏ.ਆਈ.ਡੀ.ਐਸ.ਓ.) ਅਤੇ ਆਲ ਇੰਡੀਆ ਸੇਵ ਐਜੂਕੇਸ਼ਨ ਕਮੇਟੀ (ਏ.ਆਈ.ਐਸ.ਈ.ਸੀ.) ਸਮੇਤ ਕੁਝ ਸੰਗਠਨਾਂ ਨੇ ਦਾਅਵਾ ਕੀਤਾ ਹੈ ਕਿ ਕਰਨਾਟਕ ਸਰਕਾਰ ਨੇ ਸਕੂਲ ਦੀ ਕਿਤਾਬ ਵਿਚੋਂ ਭਗਤ ਸਿੰਘ ਬਾਰੇ ਪਾਠ ਹਟਾ ਦਿੱਤਾ ਹੈ ਅਤੇ 10ਵੀਂ ਜਮਾਤ ਦੀ ਸੋਧੀ ਕੰਨੜ ਕਿਤਾਬ ਵਿਚ ਆਰ.ਐਸ.ਐਸ. ਸੰਸਥਾਪਕ ਕੇਸ਼ਵ ਬਲੀਰਾਮ ਹੇਡਗੇਵਾਰ ਦਾ ਭਾਸ਼ਨ ਸ਼ਾਮਲ ਕੀਤਾ ਹੈ।

## ਕੈਨੇਡਾ 'ਚ ਡੁੱਬਣ ਕਾਰਨ ਪੰਜਾਬੀ ਨੌਜਵਾਨ ਦੀ ਮੌਤ

**ਮੋਗਾ:** ਕੈਨੇਡਾ ਦੇ ਓਂਟਾਰੀਓ ਸੂਬੇ ਦੇ ਬਰੈਂਪਟਨ ਦੇ ਏਲਡਰੇਡੋ ਪਾਰਕ ਵਿਚ ਕ੍ਰੈਡਿਟ ਵੈਲੀ ਨਦੀ 'ਚ ਡੁੱਬਣ ਨਾਲ ਬੱਧਨੀ ਕਲਾਂ ਦੇ ਨੌਜਵਾਨ ਦੀ ਮੌਤ ਹੋ ਗਈ। ਨੌਜਵਾਨ ਦੇ ਪਿਤਾ ਬਲਦੇਵ ਸਿੰਘ ਅਤੇ ਤਾਇਆ ਨਿਰਮਲ ਸਿੰਘ ਹੈੱਡ ਗ੍ਰੰਥੀ ਨੇ ਦੱਸਿਆ ਕਿ ਤੜਕਸਾਰ ਦੁਖ ਭਰਿਆ ਸੁਨੇਹਾ ਆਇਆ।

ਉਨ੍ਹਾਂ ਦੱਸਿਆ ਕਿ ਨਵਕਿਰਨ ਸਿੰਘ (20) ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਪਿੰਡ ਮੱਦੋਕੇ ਦੇ ਸਕੂਲ ਅਤੇ ਬਾਰ੍ਹਵੀਂ ਦੀ ਪੜ੍ਹਾਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਤੋਂ ਕੀਤੀ। ਉਹ ਆਈਲੈਟਸ ਕਰਨ ਉਪਰੰਤ 3 ਸਤੰਬਰ 2021 ਨੂੰ ਹੈਲਥ ਕੇਅਰ ਦੀ ਪੜ੍ਹਾਈ ਕਰਨ ਕੈਨੇਡਾ ਚਲਾ ਗਿਆ ਸੀ। ਉਹ ਆਪਣੇ ਦੋਸਤਾਂ ਨਾਲ ਨਹਾਉਣ ਗਿਆ ਸੀ, ਜਿਸ ਦੌਰਾਨ ਉਸ ਦੀ ਪਾਣੀ 'ਚ ਡੁੱਬਣ ਕਾਰਨ ਮੌਤ ਹੋ ਗਈ। ਉਸ ਦੀ ਮ੍ਰਿਤਕ ਦੇਹ ਸਟੀਲਜ਼ ਕ੍ਰੈਡਿਟ ਵਿਊ ਲਾਗੇ ਏਲਡਰੇਡੋ ਪਾਰਕ 'ਚੋਂ ਬਰਾਮਦ ਹੋਈ ਹੈ। ਕੈਨੇਡਾ ਪੁਲਿਸ ਮਾਮਲੇ ਦੀ ਤਫ਼ਤੀਸ਼ ਕਰ ਰਹੀ ਹੈ ਕਿ ਹਾਦਸਾ ਕਿਵੇਂ ਵਾਪਰਿਆ।

## ਬੇਅਦਬੀ ਮਾਮਲਿਆਂ 'ਚ ਡੇਰਾ ਮੁਖੀ ਦੀ ਵੀਡੀਓ ਕਾਨਫਰੰਸ ਰਾਹੀਂ ਪੇਸ਼ੀ

**ਫਰੀਦਕੋਟ:** ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਪਿੰਡ ਬਰਗਾੜੀ ਵਿਖੇ 2015 ਵਿਚ ਵਾਪਰੇ ਬੇਅਦਬੀ ਦੇ ਤਿੰਨ ਮਾਮਲਿਆਂ 'ਚ ਡੇਰਾ ਸਿਰਸਾ ਮੁਖੀ ਮੁਖੀ ਗੁਰਮੀਤ ਰਾਮ ਰਹੀਮ ਸਥਾਨਕ ਚੀਫ ਜੁਡੀਸ਼ੀਅਲ ਮੈਜਿਸਟਰੇਟ ਮੋਨਿਕਾ ਲਾਂਬਾ ਦੀ ਅਦਾਲਤ ਵਿਚ ਦੂਜੀ ਵਾਰ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਏ। ਇਸ ਤੋਂ ਪਹਿਲਾਂ ਡੇਰਾ ਮੁਖੀ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਅਤੇ ਪਿੰਡ ਬਰਗਾੜੀ ਵਿਚ ਇਤਰਾਜ਼ਯੋਗ ਪੋਸਟਰ ਲਾਉਣ ਅਤੇ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿਲਾਰਨ ਸਬੰਧੀ ਦੋ ਮਾਮਲਿਆਂ ਵਿਚ 6 ਮਈ ਨੂੰ ਇਸੇ ਅਦਾਲਤ ਵਿਚ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਏ ਸਨ। ਇਨ੍ਹਾਂ ਦੋਵਾਂ ਮਾਮਲਿਆਂ ਤੋਂ ਇਲਾਵਾ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ ਸਾਹਿਬ ਵਿਚੋਂ 1 ਜੂਨ 2015 ਨੂੰ ਚੋਰੀ ਹੋਏ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਸਬੰਧੀ ਮਾਮਲੇ ਵਿਚ ਮੁਲਜ਼ਮ ਨਾਮਜ਼ਦ ਹੋਣ ਤੋਂ ਬਾਅਦ ਡੇਰਾ ਮੁਖੀ ਨੇ ਇੱਥੇ ਪੇਸ਼ੀ ਭੁਗਤੀ। ਜਾਂਚ ਟੀਮ ਇਨ੍ਹਾਂ ਤਿੰਨੇ ਮਾਮਲਿਆਂ ਵਿਚ ਚਲਾਨ ਅਦਾਲਤ ਸਾਹਮਣੇ ਪੇਸ਼ ਕਰ ਚੁੱਕੀ ਹੈ ਅਤੇ 6 ਮਈ ਨੂੰ ਤਿੰਨਾਂ ਕੇਸਾਂ ਦੇ ਚਲਾਨ ਦੀਆਂ ਨਕਲਾਂ ਡੇਰਾ ਮੁਖੀ ਦੇ ਵਕੀਲਾਂ ਨੂੰ ਅਦਾਲਤ ਨੇ ਸੌਂਪ ਦਿੱਤੀਆਂ ਗਈਆਂ ਸਨ।

## ਕੌਮਾਂਤਰੀ ਬਾਜ਼ਾਰ 'ਚ ਕਣਕ ਦੀਆਂ ਕੀਮਤਾਂ ਵਧਣ ਲੱਗੀਆਂ

**ਨਿਊ ਯਾਰਕ:** ਭਾਰਤ ਵੱਲੋਂ ਬਰਾਮਦ ਉਤੇ ਪਾਬੰਦੀ ਲਾਉਣ ਤੋਂ ਬਾਅਦ ਕਣਕ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਜਿਸ ਨਾਲ ਕੌਮਾਂਤਰੀ ਬਾਜ਼ਾਰਾਂ ਵਿਚ ਹਲਚਲ ਮੱਚ ਗਈ ਹੈ। ਯੂਕਰੇਨ ਉਤੇ ਰੂਸ ਦੇ ਹਮਲੇ ਤੋਂ ਕਾਰਨ ਇਸ ਸਾਲ ਕਣਕ ਦੀਆਂ ਕੀਮਤਾਂ ਵਿਚ 60 ਫੀਸਦੀ ਤੋਂ ਵੱਧ ਦਾ ਵਾਧਾ ਹੋਇਆ ਹੈ। ਇਹ ਦੋਵੇਂ ਯੂਰਪੀ ਮੁਲਕ ਦੁਨੀਆ ਦੀ ਕਣਕ ਦੀ ਬਰਾਮਦ ਦਾ ਤੀਜਾ ਬਰਾਮਦ ਕਰਦੇ ਹਨ। ਭਾਰਤ, ਚੀਨ ਤੋਂ ਬਾਅਦ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਕਣਕ ਉਤਪਾਦਕ ਮੁਲਕ ਹੈ।

ਇਸ ਦੌਰਾਨ ਅਮਰੀਕਾ ਨੇ ਉਮੀਦ ਜਤਾਈ ਹੈ ਕਿ ਭਾਰਤ ਕਣਕ ਦੇ ਬਰਾਮਦ ਉਤੇ ਪਾਬੰਦੀ ਲਗਾਉਣ ਦੇ ਆਪਣੇ ਫੈਸਲੇ ਉਤੇ ਮੁੜ ਵਿਚਾਰ ਕਰੇਗਾ। ਅਮਰੀਕਾ ਨੇ ਇਹ ਵੀ ਕਿਹਾ ਕਿ ਉਹ ਮੁਲਕਾਂ ਨੂੰ ਬਰਾਮਦ ਉਤੇ ਪਾਬੰਦੀ ਨਾ ਲਗਾਉਣ ਲਈ ਉਤਸ਼ਾਹਿਤ ਕਰੇਗਾ, ਕਿਉਂਕਿ ਇਹ ਯੂਕਰੇਨ ਉਤੇ ਰੂਸ ਦੇ ਹਮਲੇ ਕਾਰਨ ਅਜਿਹੀਆਂ ਪਾਬੰਦੀਆਂ ਦੁਨੀਆਂ 'ਚ ਖੁਰਾਕ ਸੰਕਟ ਪੈਦਾ ਕਰ ਦੇਣਗੀਆਂ।

## ਕਿਸਾਨਾਂ ਨੇ ਮੁੜ ਮੋਰਚੇ ਮੱਲੇ

*(ਪਹਿਲੇ ਸਫੇ ਦੀ ਬਾਕੀ)*

ਰਹੀਆਂ ਹਨ। ਦਿੱਲੀ ਵਿਚ ਮੋਰਚਾ ਲਾਉਣ ਦੇ ਅਮਲ ਨੂੰ ਫਿਲਹਾਲ ਟਾਲਣਾ ਕਿਸਾਨ ਜਥੇਬੰਦੀਆਂ ਦੀ ਰਣਨੀਤੀ ਹੈ। ਅਸਲ ਵਿਚ, ਜਥੇਬੰਦੀਆਂ ਪਿਛਲੇ ਅੰਦੋਲਨ ਤੋਂ ਸਬਕ ਲੈ ਚੁੱਕੀਆਂ ਹਨ ਕਿ ਕੇਂਦਰ ਵਿਚ ਬੈਠੀ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਸਿਰਫ 'ਸਿਆਸੀ ਚੋਟ' ਦੀ ਭਾਸ਼ਾ ਸਮਝਦੀ ਹੈ। ਉਤਰ ਪ੍ਰਦੇਸ਼ ਸਣੇ ਪੰਜ ਸੂਬਿਆਂ ਦੀਆਂ ਚੋਣਾਂ ਤੋਂ ਪਹਿਲਾਂ ਕਿਸਾਨਾਂ ਨਾਲ ਹੋਏ ਸਮਝੌਤੇ ਇਸ ਦੀ ਪ੍ਰਤੱਖ ਉਦਾਹਰਨ ਹਨ। ਇਸ ਲਈ ਜਥੇਬੰਦੀਆਂ ਨੇ ਇਸੇ ਵਰ੍ਹੇ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਚੋਣਾਂ ਤੋਂ ਪਹਿਲਾਂ ਹਲਚਲ ਸ਼ੁਰੂ ਕਰ ਦਿੱਤੀ ਹੈ। ਇਸ ਦੀ ਸ਼ੁਰੂਆਤ ਪਹਿਲਾਂ ਵਾਂਗ ਸੂਬਾ ਪੱਧਰ ਤੋਂ ਹੀ ਹੋਈ ਹੈ। ਇਹ ਸੰਘਰਸ਼ ਦਾ ਖਾਕਾ 2024 ਦੀਆਂ ਚੋਣਾਂ ਨੂੰ ਵਿਚਾਲੇ ਰੱਖ ਕੇ ਉਲੀਕਿਆ ਜਾ ਸਕਦਾ ਹੈ।


ਕਿਸਾਨ ਜਥੇਬੰਦੀਆਂ ਪਹਿਲਾਂ ਵਾਂਗ ਇਸ ਦੀ ਸ਼ੁਰੂਆਤ ਪੰਜਾਬ ਸਰਕਾਰ ਦੀ ਘੇਰੇਬੰਦੀ ਕਰਕੇ ਕਰਨ ਦੀ ਤਿਆਰੀ ਵਿਚ ਹਨ। ਇਸ ਦਾ ਮਕਸਦ ਕਿਸਾਨਾਂ ਵਿਚ ਜੋਸ਼ ਭਰਨਾ ਤੇ ਉਨ੍ਹਾਂ ਨੂੰ ਲੰਮੇ ਸੰਘਰਸ਼ ਲਈ ਤਿਆਰ ਕਰਨਾ ਹੈ।

## ਲਾਸ ਵੇਗਸ 'ਚ ਪਹਿਲੇ ਦਸਤਾਰਧਾਰੀ ਪੁਲਿਸ ਅਫਸਰ ਦੀ ਭਰਤੀ

**ਲਾਸ ਵੇਗਸ:** ਲਾਸ ਵੇਗਸ ਮੈਟਰੋਪਾਲਿਟਨ ਪੁਲਿਸ ਵਿਭਾਗ ਨੇ 46 ਨਵੇਂ ਪੁਲਿਸ ਅਫਸਰ ਭਰਤੀ ਕੀਤੇ ਹਨ ਜਿਨ੍ਹਾਂ ਵਿਚ ਦਸਤਾਰਧਾਰੀ ਸਿੱਖ ਨੌਜਵਾਨ ਕਬੀਰ ਸਿੰਘ ਕੰਬੋਜ ਵੀ ਸ਼ਾਮਿਲ ਹੈ। ਲਾਸ ਵੇਗਸ ਪੁਲਿਸ ਵਿਚ ਕਬੀਰ ਸਿੰਘ ਕੰਬੋਜ ਪਹਿਲਾ ਦਸਤਾਰਧਾਰੀ ਸਿੱਖ ਪੁਲਿਸ ਅਫਸਰ ਹੈ। ਇਥੋਂ ਦੇ ਓਰਲੀਨਜ਼ ਹੋਟਲ ਅਤੇ ਕੈਸੀਨੋ ਵਿਚ ਹੋਏ ਗਰੈਜੂਏਸ਼ਨ ਸਮਾਗਮ ਦੌਰਾਨ ਨਵੇਂ ਪੁਲਿਸ ਅਫਸਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ।

ਵਿਭਾਗ ਵੱਲੋਂ ਜਾਰੀ ਬਿਆਨ ਮੁਤਾਬਕ 46 ਵਿਚੋਂ 21 ਗਰੈਜੂਏਟ ਪੰਜਾਬੀ, ਸਪੈਨਿਸ਼, ਰੂਸੀ, ਬੁਲਗਾਰੀਅਨ, ਟੈਗਾਲੋਂਗ, ਕੈਂਟਨੀਜ਼, ਵੀਅਤਨਾਮੀ ਆਦਿ ਬੋਲੀਆਂ ਬੋਲ ਸਕਦੇ ਹਨ। ਇਨ੍ਹਾਂ ਵਿਚੋਂ 40 ਲੜਕੇ ਅਤੇ 6 ਲੜਕੀਆਂ ਹਨ।

ਕਬੀਰ ਸਿੰਘ ਕੰਬੋਜ ਲਾਸ ਵੇਗਸ ਆਉਣ ਤੋਂ ਪਹਿਲਾਂ ਦੱਖਣੀ ਕੈਲੀਫੋਰਨੀਆ ਦੀ ਔਰੇਂਜ ਕਾਊਂਟੀ ਦੇ ਸਕੂਲ ਤੇ ਕਾਲਜ ਵਿਚ ਪੜ੍ਹਿਆ। ਉਸ ਨੇ ਕਿਹਾ ਕਿ ਇਸ ਰੁਤਬੇ ਤੱਕ ਪੁੱਜਣ ਵਿਚ ਉਸ ਦੇ ਮਾਪਿਆਂ, ਮਿੱਤਰਾਂ-ਦੋਸਤਾਂ, ਖਾਸਕਰ ਪਤਨੀ ਅੰਜਲੀ ਦਾ ਵੱਡਾ ਯੋਗਦਾਨ ਹੈ। ਉਸ ਦੇ



ਦੇ ਪਿਤਾ ਹਰਜਿੰਦਰ ਸਿੰਘ ਕੰਬੋਜ ਨੇ ਕਿਹਾ ਕਿ ਉਸ ਨੂੰ ਪੁੱਤਰ ਦੀ ਪ੍ਰਾਪਤੀ 'ਤੇ ਮਾਣ ਹੈ। ਇਹ ਅਸਲ ਵਿਚ ਸਮੁੱਚੇ ਸਿੱਖ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ। ਇਸੇ ਦੌਰਾਨ ਭਾਈਚਾਰੇ ਦੇ ਆਗੂਆਂ ਨੇ ਕਬੀਰ ਸਿੰਘ ਕੰਬੋਜ ਨੂੰ ਗੁਰਦੁਆਰੇ ਸਨਮਾਨਤ ਕਰਨ ਦੀ ਮੰਗ ਰੱਖੀ ਹੈ।

## ਗ੍ਰੀਨ ਕਾਰਡ ਅਰਜ਼ੀਆਂ ਦਾ ਨਿਬੇੜਾ 6 ਮਹੀਨਿਆਂ 'ਚ ਕਰਨ ਦੀ ਸਿਫਾਰਸ਼

**ਵਾਸ਼ਿੰਗਟਨ:** ਅਮਰੀਕਾ ਵਿਚ ਰਾਸ਼ਟਰਪਤੀ ਸਲਾਹਕਾਰ ਕਮਿਸ਼ਨ ਨੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਗ੍ਰੀਨ ਕਾਰਡ ਜਾਂ ਸਥਾਈ ਨਿਵਾਸ ਲਈ ਸਾਰੀਆਂ ਅਰਜ਼ੀਆਂ ਦਾ ਛੇ ਮਹੀਨਿਆਂ ਵਿਚ ਨਿਪਟਾਰਾ ਕਰਨ ਦੀ ਸਿਫਾਰਸ਼ ਕਰਨ ਵਾਲੇ ਪ੍ਰਸਤਾਵ ਨੂੰ ਸਰਬਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ ਹੈ। ਜੇ ਵ੍ਹਾਈਟ ਹਾਊਸ ਵੱਲੋਂ ਏਸ਼ੀਅਨ ਅਮਰੀਕਨਾਂ, ਨੇਟਿਵ ਹਵਾਈਅਨ ਅਤੇ ਪੈਸੀਫਿਕ ਆਈਲੈਂਡਰਜ 'ਤੇ ਰਾਸ਼ਟਰਪਤੀ ਦੇ ਸਲਾਹਕਾਰ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ, ਤਾਂ ਇਹ ਸੈਂਕੜੇ ਭਾਰਤੀ-ਅਮਰੀਕੀਆਂ ਲਈ ਵੱਡੀ ਖਬਰ ਹੋਵੇਗੀ, ਜੋ ਗ੍ਰੀਨ ਕਾਰਡਾਂ ਦੀ ਲੰਬੇ ਸਮੇਂ ਤੋਂ ਉਡੀਕ ਕਰ ਰਹੇ ਹਨ।

## ਗਰਮੀ ਨੇ ਰਿਕਾਰਡ ਤੋੜੇ

**ਚੰਡੀਗੜ੍ਹ:** ਪੰਜਾਬ ਵਿਚ ਗਰਮੀ ਕਾਰਨ ਲੋਕ ਬੇਹਾਲ ਹਨ। ਗਰਮੀ ਨੇ ਪਿਛਲੇ ਅੱਠ ਸਾਲਾਂ ਦੇ ਰਿਕਾਰਡ ਤੋੜ ਦਿੱਤੇ ਹਨ। ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਵਿਚ ਗਰਮੀ ਦਾ ਕਹਿਰ ਹੈ। ਅੰਮ੍ਰਿਤਸਰ ਤੇ ਜਲੰਧਰ ਵਿਚ ਤਾਪਮਾਨ ਕ੍ਰਮਵਾਰ 46.1 ਤੇ 46.2 ਡਿਗਰੀ ਰਿਹਾ; ਲੁਧਿਆਣਾ ਵਿਚ ਤਾਪਮਾਨ 45.5 ਡਿਗਰੀ ਦਰਜ ਕੀਤਾ ਗਿਆ ਜੋ ਆਮ ਨਾਲੋਂ ਅੱਠ ਡਿਗਰੀ ਵੱਧ ਹੈ। ਮੌਸਮ ਵਿਭਾਗ ਅਨੁਸਾਰ 31 ਮਈ ਤੱਕ ਗਰਮੀ ਹੋਰ ਵਧੇਗੀ।

## ਅਮਰੀਕਾ: ਸੁਪਰਮਾਰਕਿਟ ਵਿਚ ਅੰਨ੍ਹੇਵਾਹ ਗੋਲੀਬਾਰੀ, 10 ਹਲਾਕ

**ਸਾਂ ਫਰਾਂਸਿਸਕੋ:** ਨਿਊ ਯਾਰਕ ਦੇ ਬਫਲੋ ਦੀ ਸੁਪਰ ਮਾਰਕਿਟ 'ਚ ਭਾਰੀ ਹਥਿਆਰਾਂ ਨਾਲ ਲੈਸ 18 ਵਰ੍ਹਿਆਂ ਦੇ ਬੰਦੂਕਧਾਰੀ ਨੇ ਅੰਨ੍ਹੇਵਾਹ ਗੋਲੀਬਾਰੀ ਕਰਕੇ 10 ਵਿਅਕਤੀਆਂ ਨੂੰ ਮਾਰ ਦਿੱਤਾ। ਹਮਲੇ 'ਚ ਤਿੰਨ ਹੋਰ ਵਿਅਕਤੀ ਜ਼ਖਮੀ ਹੋਏ ਹਨ। ਅਧਿਕਾਰੀਆਂ ਨੇ ਕਿਹਾ ਹੈ ਕਿ ਅਮਰੀਕੀ ਨਿਆਂ ਵਿਭਾਗ ਵੱਲੋਂ ਇਸ ਘਟਨਾ ਦੀ ਨਫਰਤੀ ਅਪਰਾਧ ਵਜੋਂ ਜਾਂਚ ਕੀਤੀ ਜਾ ਰਹੀ ਹੈ। ਖਬਰ ਏਜੰਸੀ ਸਿਨਹੂਆ ਨੇ ਬਫਲੋ ਦੇ ਪੁਲਿਸ ਕਮਿਸ਼ਨਰ ਜੋਸੇਫ ਗ੍ਰਾਮਾਗਿਲਾ ਦੇ ਹਵਾਲੇ ਨਾਲ ਕਿਹਾ ਕਿ ਗੋਰੇ ਨੌਜਵਾਨ ਨੇ ਫੌਜ ਵਰਗੀ ਵਰਦੀ ਪਹਿਨੀ ਹੋਈ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੁਨੀਲ ਜਾਖੜ ਨੇ ਕਾਂਗਰਸ ਨੂੰ ਅਲਵਿਦਾ ਆਖੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਪਾਰਟੀ ਨੂੰ ਅਲਵਿਦਾ ਆਖ ਦਿੱਤਾ ਹੈ। ਜਾਖੜ ਨੇ ਕਾਂਗਰਸ ਨੂੰ 'ਗੁੱਡ ਲੱਕ ਐਂਡ ਗੁੱਡ ਬਾਏ' ਆਖ ਕੇ ਆਪਣੇ ਫੇਸਬੁੱਕ ਪੇਜ 'ਤੇ ਦਿਲ ਦੀ ਗੱਲ ਰੱਖੀ। ਪੰਜਾਬ 'ਚ ਕਾਂਗਰਸ ਲਈ ਇਹ ਵੱਡਾ ਝਟਕਾ ਹੈ ਕਿਉਂਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਕਾਂਗਰਸ ਛੱਡ ਚੁੱਕੇ ਹਨ ਅਤੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਖਿਲਾਫ ਅਨੁਸ਼ਾਸਨੀ ਕਾਰਵਾਈ ਬਕਾਇਆ ਪਈ ਹੈ।

ਸ੍ਰੀ ਜਾਖੜ ਨੇ ਭਵਿੱਖ ਦੇ ਸਿਆਸੀ ਸਫ਼ਰ ਬਾਰੇ ਪੱਤੇ ਅਜੇ ਨਹੀਂ ਖੋਲ੍ਹੇ ਹਨ ਪਰ ਸਾਰੀਆਂ ਸਿਆਸੀ ਧਿਰਾਂ ਦੀਆਂ ਨਜ਼ਰਾਂ ਉਨ੍ਹਾਂ 'ਤੇ ਟਿਕ ਗਈਆਂ ਹਨ। ਪੰਜਾਬ ਦੇ ਸਿਆਸੀ ਪਿੜ ਵਿਚ ਸੁਨੀਲ ਜਾਖੜ ਦਾ ਅਕਸ ਸਾਫ-ਸੁਥਰਾ ਰਿਹਾ ਹੈ ਅਤੇ ਉਹ ਵੱਡੇ ਹਿੰਦੂ ਚਿਹਰੇ ਵਜੋਂ ਪਛਾਣੇ ਜਾਂਦੇ ਹਨ। ਕੁਝ ਦਿਨ ਪਹਿਲਾਂ ਕਾਂਗਰਸ ਹਾਈਕਮਾਨ ਨੇ ਉਨ੍ਹਾਂ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਸਾਰੇ ਅਹੁਦੇ ਵਾਪਸ ਲੈ ਲਏ ਸਨ। ਜਾਖੜ ਨੇ ਲਾਈਵ ਹੋ ਕੇ ਸੋਨੀਆ ਗਾਂਧੀ ਨੂੰ ਖਰੀਆਂ-ਖਰੀਆਂ ਸੁਣਾਈਆਂ ਅਤੇ ਅੰਬਿਕਾ ਸੋਨੀ ਖਿਲਾਫ ਵਿੰਨ੍ਹ-ਵਿੰਨ੍ਹ ਕੇ ਨਿਸ਼ਾਨੇ ਲਾਏ।

ਜਾਖੜ ਪਰਿਵਾਰ ਵੱਲੋਂ ਕਾਂਗਰਸ ਨੂੰ ਦਿੱਤੇ ਗਏ 50 ਵਰ੍ਹਿਆਂ ਦਾ ਉਨ੍ਹਾਂ ਜ਼ਿਕਰ ਕੀਤਾ। ਉਨ੍ਹਾਂ ਦੀਆਂ ਗੱਲਾਂ 'ਚ ਦਰਦ ਵੀ ਦਿਖਿਆ ਅਤੇ ਪਾਰਟੀ ਪ੍ਰਤੀ ਰੰਜ ਵੀ ਨਜ਼ਰ ਆਇਆ। ਜਦੋਂ ਅਮਰਿੰਦਰ ਸਿੰਘ ਤੋਂ ਅਸਤੀਫਾ ਲੈਣ ਮਗਰੋਂ ਸੁਨੀਲ ਜਾਖੜ ਨੂੰ ਮੁੱਖ ਮੰਤਰੀ ਬਣਾਏ ਜਾਣ ਦੀ ਗੱਲ ਤੁਰੀ ਸੀ ਤਾਂ ਉਦੋਂ ਅੰਬਿਕਾ ਸੋਨੀ ਨੇ ਬਿਆਨ ਦਾਗ ਦਿੱਤਾ ਸੀ ਕਿ ਪੰਜਾਬ ਦਾ ਮੁੱਖ ਮੰਤਰੀ ਸਿੱਖ ਚਿਹਰਾ ਹੋਣਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਕਿਹਾ,"ਪੂਰੇ ਮੁਲਕ ਵਿਚ ਸਿਆਸਤ ਕਰੋ ਪ੍ਰੰਤੂ ਪੰਜਾਬ ਨੂੰ ਬਖ਼ਸ਼ ਦਿਓ। ਪੰਜਾਬ ਦੇ ਬਹੁਤ ਬੁਰੇ ਹਾਲਾਤ ਦੇਖੇ ਹਨ ਅਤੇ ਪੰਜਾਬ ਨੂੰ ਧਰਮ ਦੇ ਨਜ਼ਰੀਏ ਤੋਂ ਨਹੀਂ ਦੇਖਿਆ ਜਾ ਸਕਦਾ ਹੈ।

ਸੂਬੇ ਵਿਚ ਸਭ ਇਕ ਹਨ।" ਉਨ੍ਹਾਂ ਕਿਹਾ ਕਿ ਅੰਬਿਕਾ ਸੋਨੀ ਨੇ ਹਿੰਦੂਆਂ ਨੂੰ ਬਦਨਾਮ ਕੀਤਾ ਕਿ ਜੇ ਹਿੰਦੂ ਮੁੱਖ ਮੰਤਰੀ ਬਣ ਗਿਆ ਤਾਂ ਪੰਜਾਬ ਵਿਚ ਅੱਗ ਲੱਗ ਜਾਵੇਗੀ ਜਦੋਂ ਕਿ ਇਹ ਕੰਮ ਤਾਂ ਅਤਿਵਾਦ ਦੇ ਦੌਰ ਵਿਚ ਏਕੇ-47 ਵੀ ਨਹੀਂ ਕਰ ਸਕੀ ਸੀ। ਜਾਖੜ ਨੇ ਕਿਹਾ ਕਿ ਦਿੱਲੀ ਵਿਚ ਬੈਠੇ ਆਗੂਆਂ ਨੇ ਪੰਜਾਬ 'ਚ ਕਾਂਗਰਸ ਦਾ ਬੁਰਾ ਹਾਲ ਕੀਤਾ ਅਤੇ ਸੂਬੇ ਨੂੰ ਅਪਮਾਨਿਤ ਕੀਤਾ।

ਅੰਬਿਕਾ ਸੋਨੀ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਤੱਕ ਅਜਿਹੇ ਨੇਤਾਵਾਂ ਨੂੰ ਹਟਾਇਆ ਨਹੀਂ ਜਾਂਦਾ, ਉਦੋਂ ਤੱਕ ਪੰਜਾਬ ਤਾਂ ਕੀ, ਦੂਸਰੇ ਸੂਬਿਆਂ ਵਿਚ ਵੀ ਕਾਂਗਰਸ ਦੀ ਸਥਿਤੀ ਸੁਧਰਨ ਵਾਲੀ ਨਹੀਂ ਹੈ। ਉਨ੍ਹਾਂ ਕਾਂਗਰਸ ਵੱਲੋਂ ਲਾਏ ਪੰਜਾਬ ਇੰਚਾਰਜਾਂ ਦੀ ਭੂਮਿਕਾ ਦੀ ਗੱਲ ਵੀ ਰੱਖੀ। ਜਾਖੜ ਨੇ ਕਿਹਾ ਕਿ ਕਾਂਗਰਸ ਚਾਪਲੂਸਾਂ ਵਿਚ ਘਿਰੀ ਹੋਈ ਹੈ।

ਜਾਖੜ ਨੇ ਸੋਨੀਆ ਗਾਂਧੀ ਨੂੰ ਕਿਹਾ 'ਤੁਸੀਂ ਸਬੰਧ ਨਹੀਂ ਤੋੜੇ, ਮੇਰਾ ਦਿਲ ਤੋੜਿਆ ਹੈ।' ਉਨ੍ਹਾਂ ਇਕ ਸ਼ੇਅਰ ਵੀ ਸੁਣਾਇਆ, 'ਦਿਲ ਭੀ ਤੋੜਾ ਤੋ ਸਲੀਕੇ ਸੇ ਨਾ ਤੋੜਾ ਤੁਮ ਨੇ, ਬੇਵਫਾਈ ਕੇ ਭੀ ਆਦਾਬ ਹੁਆ ਕਰਤੇ ਹੈਂ।' ਉਨ੍ਹਾਂ ਕਿਹਾ ਕਿ ਨੋਟਿਸ ਭੇਜਣ ਦੀ ਥਾਂ 'ਤੇ ਹਾਈਕਮਾਨ ਉਸ ਨਾਲ ਗੱਲ ਕਰ ਸਕਦੀ ਸੀ। 'ਉਸ ਤਾਰਿਕ ਅਨਵਰ ਨੇ ਮੇਰੇ ਖਿਲਾਫ ਅਨੁਸ਼ਾਸਨੀ ਕਾਰਵਾਈ ਦੀ ਸਿਫਾਰਸ਼ ਕੀਤੀ ਜਿਸ ਨੇ 20 ਸਾਲ ਪਹਿਲਾਂ ਇਹ ਆਖ ਕੇ ਕਾਂਗਰਸ ਛੱਡ ਦਿੱਤੀ ਸੀ ਕਿ ਉਸ ਨੂੰ ਵਿਦੇਸ਼ੀ ਮਹਿਲਾ ਦੀ ਪ੍ਰਧਾਨਗੀ ਕਬੂਲ ਨਹੀਂ ਹੈ।' ਉਨ੍ਹਾਂ ਕਿਹਾ ਕਿ ਅੰਬਿਕਾ ਸੋਨੀ ਨੇ ਵੀ ਔਖੇ ਵੇਲਿਆਂ ਵਿਚ ਕਾਂਗਰਸ ਦਾ ਸਾਥ ਛੱਡਿਆ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਨੂੰ ਪਾਰਟੀ ਦੀ ਕਮਾਨ ਸੰਭਾਲਣੀ ਚਾਹੀਦੀ ਹੈ ਅਤੇ ਚਿੰਤਨ ਸ਼ਿਵਿਰ ਵਿਚੋਂ ਕੁਝ ਵੀ ਨਹੀਂ ਨਿਕਲਣ ਵਾਲਾ ਹੈ।

## ਸੁਨੀਲ ਜਾਖੜ ਦਾ ਸਿਆਸੀ ਸਫ਼ਰ



ਸੀਨੀਅਰ ਕਾਂਗਰਸੀ ਆਗੂ ਸੁਨੀਲ ਜਾਖੜ ਦੇ ਪਿਤਾ ਬਲਰਾਮ ਜਾਖੜ ਦੋ ਵਾਰ ਲੋਕ ਸਭਾ ਦੇ ਸਪੀਕਰ ਅਤੇ ਕੇਂਦਰੀ ਖੇਤੀ ਮੰਤਰੀ ਰਹੇ। ਇਸ ਤੋਂ ਇਲਾਵਾ ਉਹ ਸਾਲ 2004 ਤੋਂ ਲੈ ਕੇ 2009 ਤੱਕ ਮੱਧ ਪ੍ਰਦੇਸ਼ ਦੇ ਰਾਜਪਾਲ ਵੀ ਰਹੇ। 1954 ਵਿਚ ਜੰਮੇ ਸੁਨੀਲ ਜਾਖੜ ਨੇ 2002 ਵਿਚ ਪੰਜਾਬ ਦੀ ਸਿਆਸਤ ਵਿਚ ਕਦਮ ਰੱਖਿਆ ਸੀ। ਉਹ ਲਗਾਤਾਰ 2002, 2007, 2012 ਵਿਚ ਅਬੋਹਰ ਹਲਕੇ ਤੋਂ ਵਿਧਾਇਕ ਬਣੇ। 2012 ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਉਹ ਵਿਰੋਧੀ ਧਿਰ ਦੇ ਨੇਤਾ ਚੁਣੇ ਗਏ ਸਨ। 2017 ਵਿਚ ਉਹ ਗੁਰਦਾਸਪੁਰ ਹਲਕੇ ਦੀ ਜ਼ਿਮਨੀ ਚੋਣ ਜਿੱਤ ਕੇ ਲੋਕ ਸਭਾ ਪਹੁੰਚੇ ਸਨ। ਉਹ ਪੰਜਾਬ ਕਾਂਗਰਸ ਦੇ ਪ੍ਰਧਾਨ ਵੀ ਰਹੇ।

## ਜਾਖੜ ਦੀ ਹਮਾਇਤ 'ਚ ਖੜ੍ਹੇ ਨਜਵੋਤ ਸਿੱਧੂ



ਸਾਬਕਾ ਪ੍ਰਧਾਨ ਨਜਵੋਤ ਸਿੱਧੂ ਸੁਨੀਲ ਜਾਖੜ ਦੀ ਹਮਾਇਤ 'ਤੇ ਖੜ੍ਹੇ ਨਜ਼ਰ ਆਏ। ਜਾਖੜ ਵੱਲੋਂ ਕਾਂਗਰਸ ਨੂੰ ਅਲਵਿਦਾ ਆਖਣ ਮਗਰੋਂ ਸਿੱਧੂ ਨੇ ਟਵੀਟ ਕਰਕੇ ਹਾਈਕਮਾਨ ਨੂੰ ਸੋਨੇ ਦੇ ਗਹਿਣੇ ਵਰਗੇ ਜਾਖੜ ਨੂੰ ਨਾ ਗੁਆਉਣ ਦੀ ਨਸੀਹਤ ਦਿੱਤੀ। ਉਨ੍ਹਾਂ ਟਵੀਟ ਕਰਕੇ ਕਿਹਾ ਕਿ ਹਰ ਮਸਲੇ ਦਾ ਹੱਲ ਗੱਲਬਾਤ ਜ਼ਰੀਏ ਨਿਕਲ ਸਕਦਾ ਹੈ, ਇਸ ਲਈ ਜਾਖੜ ਵਰਗੇ ਆਗੂ ਨੂੰ ਗੁਆਇਆ ਨਹੀਂ ਜਾਣਾ ਚਾਹੀਦਾ ਹੈ।

## ਵਿਵਾਦ ਵਾਲੀਆਂ ਪੁਸਤਕਾਂ ਦੇ ਮਾਮਲੇ 'ਚ ਤਿੰਨ ਲੇਖਕਾਂ ਖਿਲਾਫ ਕੇਸ

**ਮੁਹਾਲੀ:** ਪੰਜਾਬ ਪੁਲਿਸ ਦੇ ਸਟੇਟ ਕਰਾਈਮ ਥਾਣਾ ਫੇਜ਼-4, ਮੁਹਾਲੀ ਵਿਚ ਬਾਰ੍ਹਵੀਂ ਜਮਾਤ ਲਈ ਸਿੱਖਿਆ ਬੋਰਡ ਦੀਆਂ ਪਾਬੰਦੀਸ਼ੁਦਾ ਇਤਿਹਾਸ ਦੀਆਂ ਵਿਵਾਦਤ ਪੁਸਤਕਾਂ ਲਿਖਣ ਦੇ ਦੋਸ਼ ਹੇਠ ਤਿੰਨ ਲੇਖਕਾਂ ਖ਼ਿਲਾਫ ਅਪਰਾਧਕ ਕੇਸ ਦਰਜ ਕੀਤਾ ਗਿਆ ਹੈ। ਇਹ ਕਾਰਵਾਈ ਇਤਿਹਾਸ ਬਚਾਓ-ਸਿੱਖੀ ਬਚਾਓ ਮੋਰਚਾ ਤਹਿਤ ਸਿੱਖਿਆ ਬੋਰਡ ਦੇ ਬਾਹਰ ਪਿਛਲੇ 97ਵੇਂ ਦਿਨਾਂ ਤੋਂ ਲੜੀਵਾਰ ਧਰਨੇ 'ਤੇ ਬੈਠੇ ਭਾਰਤੀ ਕਿਸਾਨ ਯੂਨੀਅਨ (ਸਿਰਸਾ) ਦੇ ਪ੍ਰਧਾਨ ਅਤੇ ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਦੀ ਸ਼ਿਕਾਇਤ 'ਤੇ ਕੀਤੀ ਗਈ ਹੈ।

ਲੇਖਕਾਂ ਉੱਤੇ ਸਿੱਖ ਗੁਰੂਆਂ ਅਤੇ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਇਤਿਹਾਸ ਦੀਆਂ ਪੁਸਤਕਾਂ ਲਿਖਣ ਦਾ ਦੋਸ਼ ਹੈ। ਹਾਲਾਂਕਿ ਜਥੇਦਾਰ ਸਿਰਸਾ ਨੇ ਬੋਰਡ ਦੇ ਤਤਕਾਲੀ ਚੇਅਰਮੈਨ, ਵਾਈਸ ਚੇਅਰਮੈਨ ਸਣੇ ਪੁਸਤਕਾਂ ਲਿਖਣ ਦੀ ਪ੍ਰਵਾਨਗੀ ਦੇਣ ਬਾਰੇ ਅਧਿਕਾਰੀਆਂ ਤੇ ਪ੍ਰਿੰਟਿੰਗ ਪ੍ਰੈੱਸਾਂ ਖ਼ਿਲਾਫ਼ ਵੀ ਸ਼ਿਕਾਇਤ ਦਿੱਤੀ ਸੀ ਪਰ ਪੁਲਿਸ ਨੇ ਲੰਮੀ ਜਾਂਚ ਤੋਂ ਬਾਅਦ ਸਿਰਫ ਤਿੰਨ ਲੇਖਕਾਂ ਮਨਜੀਤ ਸਿੰਘ ਸੋਢੀ, ਮਹਿੰਦਰਪਾਲ ਕੌਰ ਅਤੇ ਐਮ.ਐਸ. ਮਾਨ ਵਿਰੁੱਧ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਸਿੱਖ ਆਗੂ ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਮੰਗ ਕੀਤੀ ਹੈ ਕਿ ਸਿਰਫ ਲੇਖਕਾਂ ਵਿਰੁੱਧ ਕੇਸ ਦਰਜ ਕਰਨ ਨਾਲ ਗੱਲ ਨਹੀਂ ਬਣਦੀ ਕਿਤਾਬਾਂ ਛਾਪਣ ਅਤੇ ਇਸ ਦੀ ਪ੍ਰਵਾਨਗੀ ਦੇਣ ਵਾਲੇ ਬੋਰਡ ਦੇ ਤਤਕਾਲੀ ਅਧਿਕਾਰੀਆਂ ਵਿਰੁੱਧ ਵੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਾਰੇ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕੇਸ ਦਰਜ ਨਹੀਂ ਕੀਤਾ ਜਾਂਦਾ, ਉਦੋਂ ਤੱਕ ਲੜੀਵਾਰ ਸ਼ਾਂਤਮਈ ਧਰਨਾ ਜਾਰੀ ਰਹੇਗਾ।

# ਬਿਜਲੀ ਸੰਕਟ ਲਈ ਪਿਛਲੀਆਂ ਸਰਕਾਰਾਂ ਜ਼ਿੰਮੇਵਾਰ: ਆਪ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਪੰਜਾਬ 'ਚ ਪੈਦਾ ਹੋਈ ਬਿਜਲੀ ਸੰਕਟ ਲਈ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ- ਭਾਜਪਾ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਾਰਟੀ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਆਪਣੇ ਨਿੱਜੀ ਫਾਇਦੇ ਲਈ ਸੂਬੇ ਦੇ ਬਿਜਲੀ ਪੈਦਾ ਕਰਨ ਵਾਲੇ ਸਾਧਨਾਂ ਦੀ ਦੁਰਵਰਤੋਂ ਕੀਤੀ ਅਤੇ ਥਰਮਲ ਪਾਵਰ ਪਲਾਂਟਾਂ ਦੀ ਹਾਲਤ ਬਦ ਤੋਂ ਬਦਤਰ ਕਰ ਦਿੱਤੀ।

ਇਸੇ ਕਾਰਨ ਪੰਜਾਬ 'ਚ ਬਿਜਲੀ ਸੰਕਟ ਪੈਦਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਗਰਮੀ ਨੇ ਕਰੀਬ ਸੌ ਸਾਲ ਦੇ ਰਿਕਾਰਡ ਤੋੜ ਦਿੱਤੇ ਹਨ। ਇਸ ਕਾਰਨ ਇਸ ਸਾਲ ਅਪਰੈਲ ਤੇ ਮਈ ਮਹੀਨਿਆਂ ਵਿਚ 40 ਤੋਂ 45 ਫ਼ੀਸਦੀ ਵਾਧੇ ਨਾਲ 10,900 ਮੈਗਾਵਾਟ ਬਿਜਲੀ ਦੀ ਮੰਗ ਵਧ ਗਈ ਹੈ। ਸ੍ਰੀ ਕੰਗ ਨੇ ਦੋਸ਼ ਲਾਇਆ ਕਿ ਪਿਛਲੀ ਕਾਂਗਰਸ ਸਰਕਾਰ ਨੇ ਬਠਿੰਡਾ ਥਰਮਲ ਦੇ ਚਾਰ ਯੂਨਿਟ ਅਤੇ ਰੋਪੜ ਥਰਮਲ ਦੇ ਦੋ ਯੂਨਿਟ ਬੰਦ ਕਰਵਾ ਕੇ ਬਿਜਲੀ ਪੈਦਾ ਕਰਨ ਦੇ ਸਾਧਨ ਖ਼ਤਮ ਕਰ ਦਿੱਤੇ ਸਨ। ਇਨ੍ਹਾਂ ਪਲਾਂਟਾਂ ਤੋਂ 800 ਮੈਗਾਵਾਟ ਬਿਜਲੀ ਪੈਦਾ ਹੁੰਦੀ ਸੀ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਮੁਦਰਾ ਥਰਮਲ ਪਲਾਂਟ ਨਾਲ ਪੰਜਾਬ ਸਣੇ ਪੰਜ ਰਾਜਾਂ ਨੂੰ ਬਿਜਲੀ ਮਿਲਦੀ ਸੀ, ਉਹ ਵੀ ਸਾਲ 2018 ਤੋਂ ਬੰਦ ਪਿਆ ਹੈ। ਇਸ ਥਰਮਲ ਪਲਾਂਟ ਨਾਲ ਪੰਜਾਬ ਨੂੰ 475 ਮੈਗਾਵਾਟ ਬਿਜਲੀ ਮਿਲਦੀ ਸੀ, ਜਿਸ ਨੂੰ ਚਾਲੂ ਕੀਤਾ ਜਾ ਰਿਹਾ ਹੈ।



## 'ਝੋਨੇ ਦੀ ਬਿਜਾਈ ਲਈ ਬਿਜਲੀ ਦੇ ਪੁਖਤਾ ਪ੍ਰਬੰਧ'

**ਚੰਡੀਗੜ੍ਹ:** ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਪੰਜਾਬ ਸਰਕਾਰ ਨੇ ਝੋਨੇ ਦੇ ਸੀਜ਼ਨ ਲਈ ਨਿਰਵਿਘਨ ਬਿਜਲੀ ਸਪਲਾਈ ਯਕੀਨੀ ਬਣਾਉਣ ਲਈ ਸਾਰੀ ਤਿਆਰੀ ਕੀਤੀ ਹੋਈ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਪੜਾਅਵਾਰ ਲਵਾਈ ਸਬੰਧੀ ਸੁਝਾਏ ਗਏ ਫਾਰਮੂਲੇ ਨੂੰ ਅਪਨਾਉਣ, ਤਾਂ ਜੋ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਦੇ ਨਾਲ-ਨਾਲ ਬਿਜਲੀ ਦੀ ਕਿੱਲਤ, ਮਜ਼ਦੂਰਾਂ ਅਤੇ ਖਾਦ ਦੀ ਘਾਟ ਵਰਗੇ ਹੋਰ ਸਾਰੇ ਮਸਲਿਆਂ ਦਾ ਹੱਲ ਨਿਕਲ ਸਕੇ। ਉਨ੍ਹਾਂ ਕਿਹਾ ਕਿ ਗਰਮੀ ਤੇਜ਼ੀ ਨਾਲ ਵਧਣ ਕਾਰਨ ਬਿਜਲੀ ਦੀ ਮੰਗ ਵੀ ਲਗਾਤਾਰ ਵਧੀ ਹੈ ਅਤੇ ਅਪਰੈਲ ਮਹੀਨੇ ਦੌਰਾਨ ਹੀ ਔਸਤ ਮੰਗ 6822 ਮੈਗਾਵਾਟ ਦੀ ਸਪਲਾਈ ਕੀਤੀ ਹੈ, ਜੋ ਪਿਛਲੇ ਸਾਲ ਨਾਲੋਂ 32 ਫੀਸਦੀ ਵੱਧ ਹੈ।

## ਗੰਗਾਨਗਰ 'ਚ ਸਿੱਖਾਂ ਖਿਲਾਫ ਦਰਜ ਕੇਸ ਰੱਦ ਕਰਨ ਦੀ ਮੰਗ

**ਅੰਮ੍ਰਿਤਸਰ:** ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖਾਲਸਾ ਨੇ ਰਾਜਸਥਾਨ ਦੇ ਗੰਗਾਨਗਰ ਵਿਚ ਨਗਰ ਕੀਰਤਨ ਦੌਰਾਨ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਤਸਵੀਰ ਸਬੰਧੀ ਸਿੱਖਾਂ ਖ਼ਿਲਾਫ਼ ਦਰਜ ਕੀਤੇ ਕੇਸ ਨੂੰ ਤੁਰਤ ਰੱਦ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਕਿਹਾ ਕਿ ਜੇ ਗੰਗਾਨਗਰ ਪ੍ਰਸ਼ਾਸਨ ਨੇ ਇਸ ਮਾਮਲੇ ਵੱਲ ਧਿਆਨ ਨਾ ਦਿੱਤਾ ਤਾਂ ਉਥੇ ਹਾਲਾਤ ਖ਼ਰਾਬ ਹੋ ਸਕਦੇ ਹਨ।

# ਖਹਿਰਾ ਵੱਲੋਂ 'ਆਪ' ਆਗੂ ਵਿਰੁੱਧ ਕਣਕ ਚੋਰੀ ਦੀ ਸ਼ਿਕਾਇਤ

**ਜਲੰਧਰ:** ਵਿਧਾਨ ਸਭਾ ਹਲਕਾ ਭੁਲੱਥ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਵਿਰੁੱਧ 'ਆਪ' ਦੀ ਟਿਕਟ 'ਤੇ ਚੋਣ ਲੜਨ ਵਾਲੇ ਰਣਜੀਤ ਸਿੰਘ ਰਾਣਾ ਖਿਲਾਫ ਕਣਕ ਚੋਰੀ ਦੀ ਸ਼ਿਕਾਇਤ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਜਾਰੀ ਕੀਤੇ ਗਏ ਐਂਟੀ ਕੁਰੱਪਸ਼ਨ ਹੈਲਪਲਾਈਨ ਨੰਬਰ 'ਤੇ ਕੀਤੀ ਹੈ। ਉਨ੍ਹਾਂ ਮੰਗ ਕੀਤੀ ਕਿ ਰਾਣਾ ਖਿਲਾਫ ਸਰਕਾਰੀ ਕਣਕ ਚੋਰੀ ਕਰਨ ਦਾ ਮੁਕੱਦਮਾ ਦਰਜ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇ।



ਜ਼ਿਕਰਯੋਗ ਹੈ ਕਿ ਲੰਮੇ ਸਮੇਂ ਤੋਂ ਭੁਲੱਥ ਇਲਾਕੇ ਦੀਆਂ ਮੰਡੀਆਂ ਦੀ ਕਣਕ ਦੀ ਢੋਆ-ਢੁਆਈ ਦਾ ਟੈਂਡਰ ਰਣਜੀਤ ਸਿੰਘ ਰਾਣਾ ਕੋਲ ਹੈ। ਪਿਛਲੇ ਦਿਨੀਂ ਰਾਣਾ ਦੇ ਟਰੱਕ ਵਿਚੋਂ ਸਰਕਾਰੀ ਕਣਕ ਚੋਰੀ ਕੀਤੇ ਜਾਣ ਦੀ ਵੀਡੀਓ ਵਾਇਰਲ ਹੋਈ ਸੀ ਤੇ ਇਹ ਵੀਡੀਓ ਖਹਿਰਾ ਨੇ ਸੋਸ਼ਲ ਮੀਡੀਆ 'ਤੇ ਸਾਂਝੀ ਕੀਤੀ ਸੀ। ਸ਼ਿਕਾਇਤ ਅਨੁਸਾਰ ਖਹਿਰਾ ਨੇ ਕਿਹਾ ਕਿ ਇਹ ਕੋਈ ਪਹਿਲਾਂ ਮੌਕਾ ਨਹੀਂ ਜਦੋਂ ਉਕਤ 'ਆਪ' ਆਗੂ ਵੱਲੋਂ ਅਜਿਹੀ ਗੈਰਕਾਨੂੰਨੀ ਗਤੀਵਿਧੀ ਕੀਤੀ ਗਈ ਹੋਵੇ। ਉਨ੍ਹਾਂ ਕਿਹਾ ਕਿ 2021 ਦੇ ਕਣਕ ਸੀਜ਼ਨ ਦੌਰਾਨ ਵੀ ਇਸ ਆਗੂ ਦੀ ਫਰਮ ਨੂੰ ਡੀ.ਐਫ.ਐਸ.ਸੀ. ਕਪੂਰਥਲਾ ਵੱਲੋਂ ਬਲੈਕ ਲਿਸਟ ਕੀਤਾ ਸੀ। ਸ੍ਰੀ ਖਹਿਰਾ ਨੇ ਕਿਹਾ ਕਿ ਇਕ ਪਾਸੇ 'ਆਪ' ਸਰਕਾਰ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ, ਦੂਜੇ ਪਾਸੇ ਉਨ੍ਹਾਂ ਦਾ ਆਪਣਾ ਆਗੂ ਸਰਕਾਰੀ ਕਣਕ ਦੀ ਚੋਰੀ ਕਰ ਰਿਹਾ ਹੈ।

ਸ੍ਰੀ ਖਹਿਰਾ ਨੇ ਕਿਹਾ ਕਿ ਜੇਕਰ ਉਹ ਕੋਈ ਕਾਰਵਾਈ ਨਹੀਂ ਕਰਦੇ ਤਾਂ ਭਗਵੰਤ ਮਾਨ ਵੱਲੋਂ ਪ੍ਰਚਾਰੇ ਗਏ ਬਦਲਾਅ ਦੇ ਨਾਅਰੇ ਦੀ ਮੁਕੰਮਲ ਫੂਕ ਨਿਕਲ ਜਾਵੇਗੀ ਤੇ ਸਾਬਤ ਹੋ ਜਾਵੇਗਾ ਕਿ ਇਹ ਸਰਕਾਰ ਪੁਰਾਣੀ ਰਵਾਇਤੀ ਪਾਰਟੀਆਂ ਨਾਲੋਂ ਵੀ ਇਕ ਕਦਮ ਅੱਗੇ ਵੱਧ ਕੇ ਭ੍ਰਿਸ਼ਟ ਆਗੂਆਂ ਦੀ ਹਿਫ਼ਾਜ਼ਤ ਕਰ ਰਹੀ ਹੈ। ਖਹਿਰਾ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਤਰ੍ਹਾਂ ਸਰਕਾਰੀ ਕਣਕ ਚੋਰੀ ਕਰਕੇ ਖ਼ਜ਼ਾਨੇ ਨੂੰ ਖੋਰਾ ਲਗਾਉਣ ਵਾਲੇ ਆਗੂਆਂ ਤੇ ਉਨ੍ਹਾਂ ਦੇ ਸਾਥੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਭਗਵੰਤ ਮਾਨ ਵੱਲੋਂ ਜੇਲ੍ਹਾਂ 'ਚ ਵੀ.ਆਈ.ਪੀ. ਕਲਚਰ ਖਤਮ ਕਰਨ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਜੇਲ੍ਹਾਂ ਵਿਚੋਂ ਵੀ.ਆਈ.ਪੀ. ਸੱਭਿਆਚਾਰ ਨੂੰ ਜੜ੍ਹੋਂ ਮਿਟਾਉਣ ਲਈ ਪੰਜਾਬ ਸਰਕਾਰ ਨੇ ਸਾਰੇ ਵੀ.ਆਈ.ਪੀ. ਸੈੱਲਾਂ ਨੂੰ ਖਤਮ ਕਰਨ ਅਤੇ ਇਨ੍ਹਾਂ ਨੂੰ ਪ੍ਰਬੰਧਕੀ ਬਲਾਕਾਂ ਵਿਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦੀਆਂ ਨੂੰ ਅਦਾਲਤਾਂ ਨੇ ਕਾਨੂੰਨ ਤੋੜਨ ਬਦਲੇ ਸਜ਼ਾਵਾਂ ਦਿੱਤੀਆਂ ਹਨ ਅਤੇ ਉਹ ਜੇਲ੍ਹਾਂ ਵਿਚ ਬੈਠੇ ਸਹੂਲਤਾਂ ਦਾ ਆਨੰਦ ਨਹੀਂ ਮਾਣ ਸਕਦੇ। ਭਗਵੰਤ ਮਾਨ ਨੇ ਕਿਹਾ ਕਿ ਜੇਲ੍ਹਾਂ ਨੂੰ ਹੁਣ ਅਸਲ ਵਿਚ ਸੁਧਾਰ ਘਰ ਬਣਾਇਆ ਜਾਵੇਗਾ, ਜਿਥੇ ਅਪਰਾਧੀਆਂ ਨੂੰ ਆਪਣੇ ਕੀਤੇ ਗੁਨਾਹਾਂ ਦੀ ਅਸਲ ਮਾਅਨਿਆਂ ਵਿਚ ਸਜ਼ਾ ਭੁਗਤਣੀ ਪਵੇਗੀ।

ਸੂਬੇ ਦੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਵੀ ਕਈ ਜੇਲ੍ਹਾਂ ਦੇ ਦੌਰੇ ਕੀਤੇ ਸਨ ਤੇ ਸਰਕਾਰ ਨੇ ਵਧੀਕ ਡੀ.ਜੀ.ਪੀ. ਜੇਲ੍ਹ ਵਜੋਂ ਵਰਿੰਦਰ ਕੁਮਾਰ ਨੂੰ ਤਾਇਨਾਤ ਕੀਤਾ ਸੀ। ਪੰਜਾਬ ਦੀਆਂ ਜੇਲ੍ਹਾਂ ਅਕਸਰ ਸੁਰਖੀਆਂ ਵਿਚ ਰਹੀਆਂ ਹਨ। ਜੇਲ੍ਹਾਂ ਵਿਚ ਨਸ਼ੇ ਅਤੇ ਮੋਬਾਈਲ ਫੋਨ ਪਹੁੰਚਣੇ ਹੀ ਬੁਝਾਰਤ ਨਹੀਂ ਬਣਿਆ ਰਹਿੰਦਾ, ਸਗੋਂ ਜੇਲ੍ਹਾਂ ਵਿਚੋਂ ਅਪਰਾਧੀਆਂ ਵੱਲੋਂ ਗੈਰ-ਕਾਨੂੰਨੀ ਗਤੀਵਿਧੀਆਂ ਚਲਾਉਣ ਦੇ ਦੋਸ਼ ਵੀ ਲੱਗਦੇ ਹਨ। ਪੰਜਾਬ ਸਰਕਾਰ ਨੇ ਜੇਲ੍ਹਾਂ ਵਿਚੋਂ ਗਤੀਵਿਧੀਆਂ ਚਲਾਉਂਦੇ ਗੈਂਗਸਟਰਾਂ ਤੇ ਅਪਰਾਧੀਆਂ ਦੇ ਗਠਜੋੜ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਜੇਲ੍ਹਾਂ ਵਿਚੋਂ 710 ਮੋਬਾਈਲ ਫੋਨ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ 16 ਮਾਰਚ ਤੋਂ 10 ਮਈ ਤੱਕ ਵਿਸ਼ੇਸ਼ ਮੁਹਿੰਮ ਚਲਾਈ ਗਈ।




ਇਸ ਤਹਿਤ ਕੈਦੀਆਂ ਤੋਂ 710 ਦੇ ਕਰੀਬ ਮੋਬਾਈਲ ਫੋਨ ਬਰਾਮਦ ਕੀਤੇ ਗਏ। ਉਨ੍ਹਾਂ ਦੱਸਿਆ ਕਿ 16 ਤੋਂ 31 ਮਾਰਚ ਤੱਕ 166 ਮੋਬਾਈਲ ਫੋਨ ਬਰਾਮਦ ਕੀਤੇ ਗਏ। ਪਹਿਲੀ ਤੋਂ 30 ਅਪਰੈਲ ਤੱਕ 354 ਮੋਬਾਈਲ ਬਰਾਮਦ ਹੋਏ। ਇਸ ਤੋਂ ਇਲਾਵਾ ਪਹਿਲੀ ਤੋਂ 10 ਮਈ ਤੱਕ 190 ਮੋਬਾਈਲ ਫੋਨ ਬਰਾਮਦ ਕੀਤੇ ਗਏ।

ਸ੍ਰੀ ਮਾਨ ਨੇ ਦੱਸਿਆ ਕਿ ਇਨ੍ਹਾਂ ਫੋਨਾਂ ਦੀ ਵਰਤੋਂ ਗੈਂਗਸਟਰ ਜਾਂ ਸਮੱਗਲਰ ਜੇਲ੍ਹਾਂ ਤੋਂ ਆਪਣੀਆਂ ਕਾਰਵਾਈਆਂ ਚਲਾਉਣ ਲਈ ਕਰਦੇ ਸਨ। ਮੁੱਖ ਮੰਤਰੀ ਨੇ ਦੱਸਿਆ ਕਿ ਜਿਨ੍ਹਾਂ ਦੇ ਨਾਂ ਉਤੇ ਇਹ ਫੋਨ ਨੰਬਰ ਚੱਲ ਰਹੇ ਹਨ, ਉਨ੍ਹਾਂ ਨੂੰ ਫੜਨ ਲਈ ਜਾਂਚ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਜੇਲ੍ਹਾਂ ਵਿਚੋਂ ਮੋਬਾਈਲ ਬਰਾਮਦ ਹੋਏ ਹਨ, ਉਨ੍ਹਾਂ ਦੇ ਅਧਿਕਾਰੀਆਂ ਤੇ ਸਟਾਫ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇਗੀ।

# ਦੋ ਮਹੀਨਿਆਂ ’ਚ ਹੀ ਕਰਜ਼ਾ ਚੁੱਕਣ ਦਾ ‘ਰਿਕਾਰਡ’ ਬਣਾਇਆ

**ਚੰਡੀਗੜ੍ਹ:** ਪੰਜਾਬ ਵਿਚਲੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਆਪਣੇ ਪਹਿਲੇ ਦੋ ਮਹੀਨਿਆਂ ਦੌਰਾਨ ਹੀ 8000 ਕਰੋੜ ਦਾ ਕਰਜ਼ਾ ਮਾਰਕੀਟ ਵਿਚੋਂ ਚੁੱਕ ਲਿਆ ਗਿਆ ਹੈ। ਜ਼ਿਕਰਯੋਗ ਹੈ ਕਿ ਮਗਰਲੇ ਵਿੱਤੀ ਸਾਲ ਦੌਰਾਨ ਤਤਕਾਲੀ ਸਰਕਾਰ ਨੇ 25872 ਕਰੋੜ ਦਾ ਕਰਜ਼ਾ ਚੁੱਕਿਆ ਸੀ, ਜੋ ਕਿ ਔਸਤਨ ਮਹੀਨੇ ਦਾ 2000 ਕਰੋੜ ਤੋਂ ਕੁਝ ਵੱਧ ਬਣਦਾ ਸੀ ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕਰਜ਼ਾ ਚੁੱਕਣ ਦੀ ਰਫਤਾਰ ਦੁੱਗਣੀ ਕਰ ਦਿੱਤੀ ਗਈ ਹੈ, ਕਿਉਂਕਿ ਸਰਕਾਰ ਵੱਲੋਂ ਆਪਣੇ ਪਹਿਲੇ ਦੋ ਮਹੀਨਿਆਂ ਵਿਚ ਹੀ ਔਸਤਨ ਪ੍ਰਤੀ ਮਹੀਨਾ 4 ਹਜ਼ਾਰ ਕਰੋੜ ਦਾ ਕਰਜ਼ਾ ਚੁੱਕਿਆ ਗਿਆ ਹੈ ਅਤੇ ਸਰਕਾਰ ਦੀ ਕਰਜ਼ਾ ਚੁੱਕਣ ਦੀ ਜੇ ਇਹੋ ਰਫਤਾਰ ਰਹੀ ਹੈ ਤਾਂ ਵਿੱਤੀ ਸਾਲ ਦੀ ਆਖਰੀ ਤਿਮਾਹੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਰਾਜ ਦੀ ਕਰਜ਼ਾ ਲੈਣ ਦੀ ਲਿਮਟ ਖਤਮ ਹੋ ਸਕਦੀ ਹੈ।



ਪ੍ਰਾਪਤ ਅੰਕੜਿਆਂ ਅਨੁਸਾਰ ‘ਆਪ’ ਸਰਕਾਰ ਵੱਲੋਂ 10 ਮਾਰਚ 2022 ਨੂੰ 1500 ਕਰੋੜ ਦੇ ਕਰਜ਼ੇ ਨਾਲ ਸ਼ੁਰੂਆਤ ਕੀਤੀ ਸੀ, 17 ਮਾਰਚ ਨੂੰ ਫਿਰ 1500 ਕਰੋੜ ਤੇ ਫਿਰ 24 ਮਾਰਚ ਨੂੰ 2500 ਕਰੋੜ ਦਾ ਕਰਜ਼ਾ ਚੁੱਕਿਆ ਗਿਆ। ਅਰਥਾਤ ਪਹਿਲੇ ਮਹੀਨੇ ਵਿਚ ਹੀ ਸਰਕਾਰ 5500 ਕਰੋੜ ਦਾ ਕਰਜ਼ਾ ਚੁੱਕ ਲਿਆ ਸੀ, ਇਸ ਤੋਂ ਬਾਅਦ 27 ਅਪ੍ਰੈਲ ਨੂੰ ਫਿਰ 1500 ਕਰੋੜ ਅਤੇ 4 ਮਈ ਨੂੰ 1000 ਕਰੋੜ ਕਰਜ਼ਾ ਚੁੱਕਿਆ ਗਿਆ ਹੈ। ਇਹ ਕਰਜ਼ਾ 7.84 ਦੀ ਸਾਲਾਨਾ ਵਿਆਜ ਦਰ ਉਤੇ ਲਿਆ ਗਿਆ ਹੈ। ਦੱਸ ਦਈਏ ਕਿ ਜੁਲਾਈ 2022 ਤੋਂ ਪੰਜਾਬ ਸਰਕਾਰ ਨੂੰ ਜੀ.ਐਸ.ਟੀ. ਦੀ ਭਰਪਾਈ ਵਜੋਂ ਹਰ ਮਹੀਨੇ ਕੇਂਦਰ ਤੋਂ ਮਿਲ ਰਹੀ 1800 ਕਰੋੜ ਰੁਪਏ ਦੀ ਰਾਹਤ ਵੀ ਬੰਦ ਹੋ ਰਹੀ ਹੈ, ਜਦੋਂਕਿ ਰਾਜ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਕੋਈ ਨਵਾਂ ਟੈਕਸ ਨਾ ਲਗਾਉਣ ਦਾ ਭਰੋਸਾ ਸੂਬਾ ਵਾਸੀਆਂ ਨੂੰ ਦੇ ਚੁੱਕੇ ਹਨ। ਹੁਣ ਇਹ ਦੇਖਣਾ ਹੋਵੇਗਾ ਕਿ ਰਾਜ ਸਰਕਾਰ ਜੀ.ਐਸ.ਟੀ. ਰਾਹਤ ਦੀ ਭਰਪਾਈ ਕਿਵੇਂ ਕਰੇਗੀ, ਜਦੋਂਕਿ ਸੂਬੇ ਉਤੇ ਬਿਜਲੀ ਸਬਸਿਡੀ ਦੀ ਪੰਡ ਵੀ ਦਿਨੋਂ-ਦਿਨ ਭਾਰੀ ਹੋ ਰਹੀ ਹੈ।

ਸਾਲ 2021-22 ਦੇ ਸੋਧੇ ਅਨੁਮਾਨਾਂ ਅਨੁਸਾਰ ਸੂਬੇ ਸਿਰ 2 ਲੱਖ 99 ਹਜ਼ਾਰ 575 ਕਰੋੜ ਦਾ ਕਰਜ਼ਾ ਹੈ, ਜਦੋਂਕਿ ਸਰਕਾਰੀ ਬੋਰਡਾਂ, ਕਾਰਪੋਰੇਸ਼ਨਾਂ ਆਦਿ ਦੇ ਕਰਜ਼ੇ ਇਸ ਤੋਂ ਵੱਖਰੇ ਹਨ। ਮਗਰਲੇ ਵਿੱਤੀ ਸਾਲ 2021-22 ਦੌਰਾਨ ਰਾਜ ਨੂੰ ਲਏ ਕਰਜ਼ੇ ਸਬੰਧੀ ਸਾਲ ਦੌਰਾਨ 17071.14 ਕਰੋੜ ਰੁਪਏ ਕੇਵਲ ਵਿਆਜ ਦੇ ਰੂਪ ਵਿਚ ਚੁਕਾਉਣੇ ਪਏ ਸਨ। ਤਤਕਾਲੀ ਸਰਕਾਰ ਨੇ ਮਗਰਲੇ ਵਿੱਤੀ ਸਾਲ ਵਿਚ ਜੋ 25872 ਕਰੋੜ ਦਾ ਕਰਜ਼ਾ ਚੁੱਕਿਆ ਸੀ, ਉਸ ਦਾ ਇਕ ਵੱਡਾ ਹਿੱਸਾ ਤਾਂ ਵਿਆਜ ਮੋੜਨ ਵਿਚ ਹੀ ਚਲਾ ਜਾਂਦਾ ਹੈ। ਵਿੱਤੀ ਮਾਹਰਾਂ ਅਨੁਸਾਰ ਇਸ ਵੇਲੇ ਰਾਜ ਦੀ ਆਪਣੀ ਆਮਦਨ ਦਾ ਕੋਈ 41 ਫੀਸਦੀ ਤਾਂ ਕਰਜ਼ੇ ਤੇ ਉਸ ਦੇ ਵਿਆਜ ਚੁਕਾਉਣ ਲਈ ਹੀ ਜਾ ਰਿਹਾ ਹੈ।

### ‘ਆਪ’ ਨੇ ਹੋਰ ਕਰਜ਼ਈ ਬਣਾਇਆ: ਹਰਸਿਮਰਤ

**ਬਠਿੰਡਾ:** ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮਾਨ ਸਰਕਾਰ ਨੇ ਪਿਛਲੇ ਦੋ ਮਹੀਨਿਆਂ ਵਿਚ 8 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲੈ ਲਿਆ ਹੈ। ਇਹ ਸਰਕਾਰ ਅਗਲੇ ਪੰਜ ਸਾਲਾਂ ਵਿਚ ਕਿੱਥੇ ਜਾਵੇਗੀ, ਇਸ ਦਾ ਅੰਦਾਜ਼ਾ ਸਹਿਜੇ ਲਾਇਆ ਜਾ ਸਕਦਾ ਹੈ। ਹਰਸਿਮਰਤ ਨੇ ਕਿਹਾ ਕਿ ਚੋਣਾਂ ਵੇਲੇ ਭਗਵੰਤ ਮਾਨ ਦਾਅਵੇ ਕਰ ਰਹੇ ਸਨ ਕਿ ਸੱਤਾ ਵਿਚ ਆਉਣ ਮਗਰੋਂ ਪੰਜਾਬ ਨੂੰ ਕਰਜ਼ਾ ਮੁਕਤ ਕਰਾਉਣਗੇ। ਉਨ੍ਹਾਂ ਕਿਹਾ ਕਿ ਸੂਬੇ ਉਤੇ ਹੋਰ 8 ਹਜ਼ਾਰ ਕਰੋੜ ਦਾ ਕਰਜ਼ਾ ਵਧਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਵੀ ਬਿਜਲੀ ਸੰਕਟ ’ਤੇ ਯੋਜਨਾਬੰਦੀ ਕਰਨ ਵਿਚ ਨਾਕਾਮ ਰਹੀ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਕਾਮੇਡੀਅਨ ਭਾਰਤੀ ਸਿੰਘ ਖਿਲਾਫ ਸ਼ਿਕਾਇਤ

**ਅੰਮ੍ਰਿਤਸਰ:** ਹਾਸਰਸ ਕਲਾਕਾਰ ਭਾਰਤੀ ਸਿੰਘ ਵੱਲੋਂ ਸਿੱਖਾਂ ਖਿਲਾਫ ਕੀਤੀ ਗਈ ਇਤਰਾਜ਼ਯੋਗ ਟਿੱਪਣੀ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਾਈ ਹੈ। ਇਹ ਸ਼ਿਕਾਇਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ ‘ਤੇ ਸੰਸਥਾ ਦੇ ਸਕੱਤਰ ਵੱਲੋਂ ਦਰਜ ਕਰਾਈ ਗਈ ਹੈ।

ਇਸ ਸਬੰਧੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਇਕ ਵਫ਼ਦ ਨੇ ਪੁਲਿਸ ਦੇ ਡਿਪਟੀ ਕਮਿਸ਼ਨਰ ਕੋਲ ਇਹ ਸ਼ਿਕਾਇਤ ਪੱਤਰ ਦਿੱਤਾ ਹੈ। ਸ਼ਿਕਾਇਤ ਪੱਤਰ ਵਿਚ ਅਦਾਕਾਰਾ ਭਾਰਤੀ ਸਿੰਘ ਵੱਲੋਂ ਕੀਤੀਆਂ ਗਈਆਂ ਇਤਰਾਜ਼ਯੋਗ ਟਿੱਪਣੀਆਂ ਦਾ ਹਵਾਲਾ ਦਿੰਦਿਆਂ ਉਸ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਭਾਰਤੀ ਸਿੰਘ ਵੱਲੋਂ ਸਿੱਖਾਂ ਦੀ ਦਾੜ੍ਹੀ ਅਤੇ ਮੁੱਛਾਂ ਨੂੰ ਲੈ ਕੇ ਇਤਰਾਜ਼ਯੋਗ ਟਿੱਪਣੀ ਕੀਤੀ ਗਈ ਸੀ। ਭਾਵੇਂ ਉਸ ਨੇ ਸੋਸ਼ਲ ਮੀਡੀਆ ‘ਤੇ ਜਨਤਕ ਤੌਰ ‘ਤੇ ਸਿੱਖ ਭਾਈਚਾਰੇ ਕੋਲੋਂ ਮੁਆਫੀ ਮੰਗ ਲਈ ਹੈ ਪਰ ਸਿੱਖ ਜਥੇਬੰਦੀਆਂ ਵੱਲੋਂ ਉਸ ਦੀ ਇਸ ਟਿੱਪਣੀ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸੇ ਮਾਮਲੇ ਨੂੰ ਲੈ ਕੇ ਇਸਤਰੀ ਅਕਾਲੀ ਦਲ ਵੱਲੋਂ ਭਾਰਤੀ ਸਿੰਘ ਦੇ ਅੰਮ੍ਰਿਤਸਰ ਸਥਿਤ ਘਰ ਦੇ ਬਾਹਰ ਰੋਸ ਵਿਖਾਵਾ ਵੀ ਕੀਤਾ ਗਿਆ।




### ਬੰਦੀ ਸਿੱਖਾਂ ਦੀ ਰਿਹਾਈ ਲਈ ਨੌਂ ਮੈਂਬਰੀ ਸਾਂਝੀ ਕਮੇਟੀ ਕਾਇਮ

**ਅੰਮ੍ਰਿਤਸਰ:** ਲੰਮੇ ਸਮੇਂ ਤੋਂ ਸਜਾ ਪੂਰੀ ਕਰਨ ਦੇ ਬਾਵਜੂਦ ਜੇਲ੍ਹਾਂ ਵਿਚ ਬੰਦ ਸਿੱਖਾਂ ਦੀ ਰਿਹਾਈ ਸਬੰਧੀ ਸਾਂਝੇ ਪੰਥਕ ਯਤਨਾਂ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਨੌਂ ਮੈਂਬਰੀ ਕਮੇਟੀ ਕਾਇਮ ਕੀਤੀ ਹੈ। ਬੰਦੀ ਸਿੱਖਾਂ ਦੀ ਰਿਹਾਈ ਲਈ ਸਾਂਝੇ ਤੌਰ ‘ਤੇ ਚਾਰਾਜੋਈ ਕਰਨ ਵਾਸਤੇ ਬਣਾਈ ਗਈ ਇਸ ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਣੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਸੰਤ ਸਮਾਜ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ, ਨਿਹੰਗ ਸਿੰਘ ਜਥੇਬੰਦੀਆਂ ਵਿੱਚੋਂ ਤਰਨਾ ਦਲ ਹਰੀਆਂ ਵੇਲਾਂ ਦੇ ਮੁਖੀ ਬਾਬਾ ਨਿਹਾਲ ਸਿੰਘ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਸ਼੍ਰੋਮਣੀ ਅਕਾਲੀ ਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਅਤੇ ਸਿੱਖ ਪ੍ਰਚਾਰਕ ਬਾਬਾ ਬਲਜੀਤ ਸਿੰਘ ਦਾਦੂਵਾਲ ਦੇ ਨਾਂ ਸ਼ਾਮਲ ਕੀਤੇ ਗਏ ਹਨ। ਸ੍ਰੀ ਧਾਮੀ ਨੇ ਦੱਸਿਆ ਕਿ ਇਹ ਕਮੇਟੀ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨਸ਼ੀਲ ਸੰਸਥਾਵਾਂ ਤੇ ਸ਼ਖ਼ਸੀਅਤਾਂ ਦੇ ਸਹਿਯੋਗ ਨਾਲ ਕੰਮ ਕਰੇਗੀ।

## ਪੰਜਾਬ ਨੂੰ ਭਾਖੜਾ ’ਚੋਂ ਮਿਲੇਗਾ ਆਪਣੇ ਹਿੱਸੇ ਦਾ 400 ਕਿਊਸਿਕ ਪਾਣੀ

**ਸਰਦੂਲਗੜ੍ਹ:** ਪੰਜਾਬ ਦੇ ਹਿੱਸੇ ਦਾ 400 ਕਿਊਸਿਕ ਪਾਣੀ ਸੂਬੇ ਨੂੰ ਮਹੱਈਆ ਕਰਵਾਉਣ ਲਈ ‘ਆਪ’ ਵਿਧਾਇਕ ਗੁਰਪ੍ਰੀਤ ਸਿੰਘ ਬਣਾਂਵਾਲੀ ਵੱਲੋਂ ਕੀਤੇ ਯਤਨਾਂ ਅਤੇ ਸਿੰਜਾਈ ਮੰਤਰੀ ਦੇ ਦਖਲ ਤੋਂ ਬਾਅਦ ਡਿਪਟੀ ਚੀਫ ਇੰਜੀਨੀਅਰ ਵਾਟਰ ਰੈਗੂਲੇਸ਼ਨ ਭਾਖੜਾ ਬੋਰਡ ਮੇਨ ਬਰਾਂਚ ਨੰਗਲ ਨੇ ਲਿਖਤੀ ਹੁਕਮ ਜਾਰੀ ਕਰ ਦਿੱਤਾ ਹੈ।

ਪੱਤਰ ਵਿਚ ਲਿਖਿਆ ਗਿਆ ਹੈ ਕਿ ਪੰਜਾਬ ਦੇ ਹਿੱਸੇ ਦਾ 400 ਕਿਊਸਿਕ ਪਾਣੀ ਲਗਾਤਾਰ ਪੰਜਾਬ ਨੂੰ ਮੁਹੱਈਆ ਕਰਵਾਇਆ ਜਾਵੇਗਾ। ਇਨ੍ਹਾਂ ਹੁਕਮਾਂ ਨਾਲ ਸਰਦੂਲਗੜ੍ਹ ਹਲਕੇ ਦੇ ਨਾਲ-ਨਾਲ ਤਲਵੰਡੀ ਸਾਬੋ ਹਲਕੇ ਦੇ ਕਿਸਾਨਾਂ ਵਿਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਤੇ ਉਨ੍ਹਾਂ ਨੇ ਹਲਕਾ ਵਿਧਾਇਕ ਬਣਾਂਵਾਲੀ ਅਤੇ ਸਿੰਜਾਈ ਮੰਤਰੀ ਦਾ ਧੰਨਵਾਦ ਕੀਤਾ ਹੈ। ਭਾਖੜਾ ਨਹਿਰ ਵਿਚ ਚਾਰ ਸੌ ਕਿਊਸਿਕ ਪਾਣੀ ਲਗਾਤਾਰ ਆਉਣ ਨਾਲ ਭਾਖੜਾ ਉੱਤੇ ਨਿਰਭਰ ਪਿੰਡਾਂ ਵਿਚ ਪੀਣ ਵਾਲੇ ਅਤੇ ਸਿੰਜਾਈ ਦੇ ਪਾਣੀ ਦੀ ਸਮੱਸਿਆ ਹੱਲ ਹੋਣ ਦੇ ਆਸਾਰ ਹਨ।ਜਾਣਕਾਰੀ ਮੁਤਾਬਕ ਭਾਖੜਾ ਨਹਿਰ ਦੀ ਬਾਰਬੰਦੀ ਹਰਿਆਣੇ ਕੋਲ ਹੋਣ ਕਾਰਨ ਭਾਖੜਾ ‘ਤੇ ਨਿਰਭਰ ਸਰਦੂਲਗੜ੍ਹ ਅਤੇ ਤਲਵੰਡੀ ਸਾਬੋ ਹਲਕੇ ਦੇ ਬਹੁਤੇ ਪਿੰਡਾਂ ਵਿਚ ਪੀਣ ਵਾਲੇ ਅਤੇ ਨਹਿਰੀ ਪਾਣੀ ਦੀ ਵੱਡੀ ਘਾਟ ਸੀ ਕਿਉਂਕਿ ਭਾਖੜਾ ਮੇਨ ਬਰਾਂਚ 16 ਦਿਨ ਚੱਲਣ ਮਗਰੋਂ ਸੌਲਾਂ ਦਿਨਾਂ ਲਈ ਬੰਦ ਹੋ ਜਾਂਦੀ ਸੀ। ਜ਼ਿਕਰਯੋਗ ਹੈ ਭਾਖੜਾ ਨਹਿਰ ਵਿਚ 2700 ਕਿਊਸਿਕ ਪਾਣੀ ਛੱਡਿਆ ਜਾਂਦਾ ਹੈ, ਜਿਸ ਵਿਚੋਂ 400 ਕਿਊਸਿਕ ਪਾਣੀ ‘ਤੇ ਪੰਜਾਬ ਦਾ ਹੱਕ ਹੈ ਪਰ ਜਦੋਂ ਸੌਲਾਂ ਦਿਨ ਭਾਖੜਾ ਬੰਦ ਰਹਿੰਦੀ ਸੀ ਤਾਂ ਪੰਜਾਬ ਦੇ ਹਿੱਸੇ ਦਾ ਚਾਰ ਸੌ ਕਿਊਸਿਕ ਪਾਣੀ ਵੀ ਬੰਦ ਕਰ ਦਿੱਤਾ ਜਾਂਦਾ ਸੀ ਤੇ ਇਹ ਪਾਣੀ ਹਰਿਆਣਾ ਨੂੰ ਚਲਾ ਜਾਂਦਾ ਸੀ।



# ਪੰਚਾਇਤੀ ਜ਼ਮੀਨਾਂ ‘ਤੇ ਕਬਜ਼ਿਆਂ ਖਿਲਾਫ ਮੁਹਿੰਮ ਹੋਰ ਤਿੱਖੀ ਕੀਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਾਉਣ ਦੀ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਣ ਲੱਗਾ ਹੈ। ਸਰਕਾਰ ਨੇ ਜਿਥੇ ਕਾਬਜ਼ਕਾਰਾਂ ਨੂੰ ਸਵੈ ਇੱਛਾ ਨਾਲ ਕਬਜ਼ਾ ਛੱਡਣ ਉਤੇ ਵਿਸ਼ੇਸ਼ ਤੋਹਫ਼ੇ ਦੇਣ ਦਾ ਐਲਾਨ ਕੀਤਾ ਹੈ, ਉਥੇ ਅਜਿਹਾ ਨਾ ਕਰਨ ਉਤੇ ਕਾਨੂੰਨੀ ਕਾਰਵਾਈ ਲਈ ਤਿਆਰ ਰਹਿਣ ਦੀ ਚਿਤਾਵਨੀ ਵੀ ਦਿੱਤੀ ਹੈ। ਪੰਜਾਬ ਦੇ ਜਿਨ੍ਹਾਂ ਪਿੰਡ ਵੱਲੋਂ ਪੰਚਾਇਤੀ ਜਮੀਨ ਤੋਂ ਨਾਜਾਇਜ਼ ਕਬਜ਼ੇ ਛੱਡੇ ਜਾਣਗੇ, ਉਨ੍ਹਾਂ ਪਿੰਡਾਂ ਨੂੰ ਵਿਸ਼ੇਸ਼ ਤੋਹਫ਼ਾ ਮਿਲੇਗਾ।

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸਖਤ ਲਹਿਜੇ ‘ਚ ਪੰਚਾਇਤੀ ਜ਼ਮੀਨਾਂ ‘ਤੇ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਨੂੰ ‘ਪਰਚੇ ਤੇ ਖਰਚੇ‘ ਦੀ ਚਿਤਾਵਨੀ ਦਿੱਤੀ ਹੈ। ਉਨ੍ਹਾਂ ਸਾਰੇ ਕਾਬਜ਼ਕਾਰਾਂ ਨੂੰ ਨਾਜਾਇਜ਼ ਕਬਜ਼ੇ ਛੱਡਣ ਲਈ 31 ਮਈ ਦਾ ਆਖਰੀ ਮੌਕਾ ਦਿੱਤਾ ਹੈ। ਜਿਹੜੇ ਨਾਜਾਇਜ਼ ਕਬਜਾਕਾਰ ਜ਼ਮੀਨਾਂ ਸਵੈ-ਇੱਛਾ ਨਾਲ ਪੰਚਾਇਤਾਂ ਨੂੰ ਨਹੀਂ ਸੌਂਪਣਗੇ, ਉਨ੍ਹਾਂ ਖ਼ਿਲਾਫ਼ 31 ਮਈ ਮਗਰੋਂ ਸਰਕਾਰ ਸਖਤੀ ਨਾਲ ਨਜਿੱਠੇਗੀ। ਮੁੱਖ ਮੰਤਰੀ ਨੇ ਕਿਹਾ ਹੈ ਕਿ ਪਹਿਲੀ ਜੂਨ ਤੋਂ ਨਾਜਾਇਜ਼ ਕਬਜਾਕਾਰਾਂ ਤੋਂ ਪੁਰਾਣੇ ਖ਼ਰਚੇ ਵੀ ਵਸੂਲੇ ਜਾਣਗੇ ਅਤੇ ਨਵੇਂ ਪਰਚੇ ਵੀ ਪਾਏ ਜਾਣਗੇ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਨਾਜਾਇਜ਼ ਕਬਜਾਕਾਰਾਂ, ਉਹ ਕੋਈ ਰਸੂਖਵਾਨ ਹੋਵੇ, ਅਫਸਰ ਹੋਵੇ ਤੇ ਭਾਵੇਂ ਸਿਆਸਤਦਾਨ, ਖ਼ਿਲਾਫ਼ ਕਾਨੂੰਨ ਅਨੁਸਾਰ ਕਾਰਵਾਈ ਹੋਵੇਗੀ।

ਉਧਰ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਚਾਇਤੀ ਜ਼ਮੀਨਾਂ ‘ਤੇ ਨਾਜਾਇਜ਼ ਤੌਰ ‘ਤੇ ਕਾਬਜ਼ ਹੋਏ ਲੋਕਾਂ ਵੱਲੋਂ ਹੁਣ ‘ਆਪ‘ ਸਰਕਾਰ ਨੂੰ ਜ਼ਮੀਨਾਂ ਛੱਡਣ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਨਾਜਾਇਜ਼ ਕਾਬਜਕਾਰਾਂ ਨੂੰ ਸਵੈ ਇੱਛਾ ਨਾਲ 31 ਮਈ ਤੱਕ ਜ਼ਮੀਨਾਂ ਛੱਡਣ ਦੀ ਮੋਹਲਤ ਦਿੱਤੀ ਹੈ।

ਉਸ ਮਗਰੋਂ ਨਾਜਾਇਜ਼ ਕਾਬਜਕਾਰਾਂ ਤੋਂ ਪੁਰਾਣੇ ਬਕਾਏ ਵੀ ਵਸੂਲੇ ਜਾਣਗੇ ਅਤੇ ਪੁਲਿਸ ਕੇਸ ਵੀ ਦਰਜ ਕਰਾਏ ਜਾਣਗੇ। ਫਤਹਿਗੜ੍ਹ ਸਾਹਿਬ ਜਿਲ੍ਹੇ ਦੇ ਪਿੰਡ ਛਲੇੜੀ ਕਲਾਂ ਵਿਚ ਲੋਕਾਂ ਨੇ ਸਵੈ ਇੱਛਾ ਨਾਲ 417 ਏਕੜ ਪੰਚਾਇਤੀ ਜਮੀਨ ਵਿਚੋਂ ਨਾਜਾਇਜ਼ ਕਬਜ਼ਾ ਛੱਡਿਆ ਹੈ। ਪੰਚਾਇਤ ਮੰਤਰੀ ਨੇ ਖ਼ੁਦ ਪਿੰਡ ਵਿਚ ਜਾ ਕੇ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ ਅਤੇ ਪਿੰਡ ਦੇ ਲੋਕਾਂ ਦੀ ਮੰਗ ਪੂਰੀ ਕਰਦਿਆਂ ਪਿੰਡ ਵਿਚ ਪਸ਼ੂ ਹਸਪਤਾਲ ਬਣਾਉਣ ਦਾ ਐਲਾਨ ਕੀਤਾ ਹੈ। ਪੰਚਾਇਤ ਮੰਤਰੀ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਨਾਜਾਇਜ਼ ਕਬਜਾਕਾਰ ਪਿੰਡ ਛਲੇੜੀ ਕਲਾਂ ਦੇ ਲੋਕਾਂ ਤੋਂ ਸੇਧ ਲੈਣ ਅਤੇ ਖ਼ੁਦ ਹੀ ਕਬਜ਼ੇ ਛੱਡਣ। ਪੰਚਾਇਤ ਮੰਤਰੀ ਨੇ ਕਿਹਾ ਕਿ ਜਿਸ ਪਿੰਡ ਵਿਚ ਲੋਕ ਵੱਡੇ ਰਕਬੇ ਤੋਂ ਨਾਜਾਇਜ਼ ਕਬਜ਼ੇ ਛੱਡਣਗੇ, ਉਸ ਪਿੰਡ ਨੂੰ ਸਰਕਾਰ ਤਰਫ਼ੋਂ ਵਿਸ਼ੇਸ਼ ਤੋਹਫ਼ੇ ਵਜੋਂ ਕੋਈ ਵਿਕਾਸ ਪ੍ਰੋਜੈਕਟ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਹੁਣ ਤੱਕ ਕਰੀਬ 1100 ਏਕੜ ਜਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਜਾ ਚੁੱਕੇ ਹਨ। ਜਾਣਕਾਰੀ ਮੁਤਾਬਕ ਸੰਸਦ ਮੈਂਬਰ ਹੰਸ ਰਾਜ ਹੰਸ ਦੇ ਪਰਿਵਾਰ ਵੱਲੋਂ ਜਿਲ੍ਹਾ ਜਲੰਧਰ ਦੇ ਪਿੰਡ ਸਫੀਪੁਰ ਵਿਚ 99 ਸਾਲਾਂ ਪਟੇ ‘ਤੇ ਲਈ 6.5 ਏਕੜ ਜਮੀਨ ਦਾ ਕੇਸ ਵੀ ਪੰਚਾਇਤ ਵਿਭਾਗ ਵਿਚਾਰਨ ਲੱਗਾ ਹੈ। ਪੰਚਾਇਤ ਅਧਿਕਾਰੀਆਂ ਵੱਲੋਂ ਪਿੰਡ ਸਫੀਪੁਰ ਜਾਣ ਦਾ ਪ੍ਰੋਗਰਾਮ ਵੀ ਉਲੀਕਿਆ ਜਾ ਰਿਹਾ ਹੈ। ਪਟਿਆਲਾ ਅਤੇ ਜਲੰਧਰ ਡਿਵੀਜ਼ਨ ਵਿਚ ਜ਼ਿਆਦਾ ਪੰਚਾਇਤੀ ਜਮੀਨ ਨਾਜਾਇਜ਼ ਕਬਜ਼ੇ ਹੇਠ ਹੈ। ਪੰਚਾਇਤ ਵਿਭਾਗ ਕੋਲ ਕੁੱਲ 1288 ਵਿਅਕਤੀਆਂ ਤੋਂ 5596 ਏਕੜ ਜਮੀਨ ਛੁਡਵਾਉਣ ਲਈ ਕਬਜ਼ਾ ਵਾਰੰਟ ਹਨ। ਪੰਚਾਇਤ ਵਿਭਾਗ ਵੱਲੋਂ 148 ਵਿਅਕਤੀਆਂ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਜਾ ਚੁੱਕੇ ਹਨ ਅਤੇ 1096 ਏਕੜ ਜਮੀਨ ਮੁੜ ਪੰਚਾਇਤਾਂ ਕੋਲ ਆ ਗਈ ਹੈ। ਦੱਸਣਯੋਗ ਹੈ ਕਿ ਸੂਬੇ ਵਿਚ ਕਰੀਬ ਕੁੱਲ 36 ਹਜ਼ਾਰ ਏਕੜ ਪੰਚਾਇਤੀ ਜਮੀਨ ਨੱਪੀ ਹੋਈ ਹੈ, ਜਿਸ ਦੀ ਮਾਰਕੀਟ ਕੀਮਤ ਕਰੀਬ ਅੱਠ ਹਜ਼ਾਰ ਕਰੋੜ ਬਣਦੀ ਹੈ। ਪੰਚਾਇਤਾਂ ਕੋਲ ਕੁੱਲ ਰਕਬਾ 6.68 ਲੱਖ ਏਕੜ ਹੈ, ਜਿਸ ਵਿਚੋਂ 1.70 ਲੱਖ ਏਕੜ ਰਕਬਾ ਵਾਹੀਯੋਗ ਜ਼ਮੀਨਾਂ ਦਾ ਹੈ।



### 1200 ਏਕੜ ਜ਼ਮੀਨ ਤੋਂ ਕਬਜ਼ੇ ਛੁਡਵਾਏ: ਧਾਲੀਵਾਲ

**ਅੰਮ੍ਰਿਤਸਰ:** ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਾਅਵਾ ਕੀਤਾ ਹੈ ਕਿ ਸਰਕਾਰ ਨੇ ਪਿਛਲੇ 10 ਦਿਨਾਂ ਵਿਚ ਪੰਚਾਇਤੀ ਰਾਜ ਦੀ ਲਗਭਗ 1200 ਏਕੜ ਜਮੀਨ ਤੋਂ ਨਾਜਾਇਜ਼ ਕਬਜ਼ੇ ਛੁਡਵਾਏ ਹਨ। ਆਉਂਦੇ ਕੁਝ ਹੀ ਦਿਨਾਂ ਵਿਚ ਬਾਕੀ ਪੰਚਾਇਤੀ ਜ਼ਮੀਨਾਂ ਵਿਚੋਂ ਵੀ ਕਬਜ਼ੇ ਛੁਡਵਾਏ ਜਾਣਗੇ। ਸ੍ਰੀ ਧਾਲੀਵਾਲ ਨੇ ਦਾਅਵਾ ਕੀਤਾ ਹੈ ਕਿ ਹੁਣ ਤੱਕ ਪੰਚਾਇਤਾਂ ਦੀ 1200 ਏਕੜ ਜ਼ਮੀਨ ਤੋਂ ਕਬਜ਼ੇ ਛੁਡਵਾਏ ਗਏ ਹਨ। ਸ਼ਹਿਰ ਵਿਚ ਆਉਂਦੀ ਰਿਹਾਇਸ਼ੀ ਕਲੋਨੀ ਅਲਫਾ ਸਿਟੀ ਦੀ ਹਦੂਦ ਵਿਚ ਪੈਂਦੇ ਗਰਾਮ ਪੰਚਾਇਤ ਭਗਤੂਪੁਰਾ ਦੇ ਸਰਕਾਰੀ ਰਸਤੇ ਅਤੇ ਖਾਲਾਂ ਦੀ ਜਮੀਨ ਨੂੰ ਸਸਤੇ ਭਾਅ ‘ਚ ਵੇਚਣ ਦੇ ਮਾਮਲੇ ਬਾਰੇ ਉਨ੍ਹਾਂ ਦੱਸਿਆ ਕਿ ਇਸ ਕੇਸ ਦੀ ਉਨ੍ਹਾਂ ਖੁਦ ਜਾਂਚ ਕੀਤੀ ਹੈ। ਇਸ ਸਬੰਧੀ ਸਾਰੀ ਕਾਰਵਾਈ ਪੁਰਾਣੀ ਸਰਕਾਰ ਵੱਲੋਂ ਹੋਈ ਸੀ।

### ਵੱਡੀਆਂ ਮੱਛੀਆਂ ਨੂੰ ਹੱਥ ਪਾਵੇ ਸਰਕਾਰ: ਰਾਜੇਵਾਲ

**ਖੰਨਾ:** ਭਾਰਤੀ ਕਿਸਾਨ ਯੂਨੀਅਨ (ਰਾਜੇਵਾਲ) ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਪੰਚਾਇਤੀ ਜ਼ਮੀਨਾਂ ਛੁਡਾਉਣ ਦੀ ਆੜ ਵਿਚ ਗਰੀਬ ਕਿਸਾਨਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ, ਜਦਕਿ ਸਭ ਜਾਣਦੇ ਹਨ ਕਿ ਚੰਡੀਗੜ੍ਹ, ਨਵਾਂ ਚੰਡੀਗੜ੍ਹ, ਮੁਹਾਲੀ, ਜੀਰਕਪੁਰ ਅਤੇ ਨਵਾਂ ਗਾਉਂ ਦੀਆਂ ਸਰਕਾਰੀ ਜ਼ਮੀਨਾਂ ਉਤੇ ਰਾਜ ਨੇਤਾਵਾਂ ਅਤੇ ਵੱਡੇ ਅਧਿਕਾਰੀਆਂ ਨੇ ਵੱਡੇ ਪੱਧਰ ਉਤੇ ਕਬਜ਼ੇ ਕੀਤੇ ਹੋਏ ਹਨ। ਇਸ ਸਬੰਧੀ ਜਸਟਿਸ ਕੁਲਦੀਪ ਸਿੰਘ ਕਮਿਸ਼ਨ ਅਤੇ ਸਾਬਕਾ ਡੀ.ਜੀ.ਪੀ. ਚੰਦਰ ਸ਼ੇਖਰ ਦੀਆਂ ਰਿਪੋਰਟਾਂ ਵਿਚ ਇਸ ਵੱਡੇ ਘਪਲੇ ਦਾ ਵਿਸਥਾਰਤ ਜ਼ਿਕਰ ਕੀਤਾ ਹੋਇਆ ਹੈ। ਲੱਗਦਾ ਹੈ ਕਿ ਮਾਨ ਸਰਕਾਰ ਵੀ ਇਨ੍ਹਾਂ ਮਹਾਂਰਥੀਆਂ ਨੂੰ ਹੱਥ ਪਾਉਣ ਤੋਂ ਝਿਜਕ ਰਹੀ ਹੈ।

# ਨਸ਼ਿਆਂ ਦਾ ਮੁੱਦਾ ਬਣਿਆ ਭਗਵੰਤ ਮਾਨ ਸਰਕਾਰ ਲਈ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਨਸ਼ਿਆਂ ਦਾ ਮੁੱਦਾ ਆਮ ਆਦਮੀ ਪਾਰਟੀ ਦੀ ਸਰਕਾਰ ਲਈ ਚੁਣੌਤੀ ਬਣਦਾ ਜਾਪ ਰਿਹਾ ਹੈ। ਭਗਵੰਤ ਮਾਨ ਸਰਕਾਰ ਦੀ ਸੱਤਾ ਦੇ ਦੋ ਮਹੀਨਿਆਂ ਬਾਅਦ ਸੂਬੇ ਵਿਚ ਨਸ਼ਿਆਂ ਦੀ ਵੱਧ ਮਾਤਰਾਂ ਲੈਣ ਨਾਲ ਮੌਤਾਂ ਵਿਚ ਇਕਦਮ ਵਾਧਾ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਵਿਰੋਧੀ ਧਿਰਾਂ ਆਪ ਸਰਕਾਰ ਨੂੰ ਇਸ ਮੁੱਦੇ ਉਤੇ ਘੇਰ ਰਹੀਆਂ ਹਨ। ਜਿਸ ਪਿੱਛੋਂ ਸਰਕਾਰ ਵੀ ਹਰਕਤ ਵਿਚ ਆਈ ਜਾਪ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਨਸ਼ਿਆਂ ਦੇ ਖਾਤਮੇ ਲਈ ਸੂਬੇ ਦੇ ਸਮੂਹ ਐੱਸ.ਐੱਸ.ਪੀਜ਼, ਡੀ.ਸੀਜ਼ ਤੇ ਪੁਲਿਸ ਕਮਿਸ਼ਨਰਾਂ ਨਾਲ ਮੀਟਿੰਗ ਕਰ ਕੇ ਡਰੱਗ ਮਾਫੀਆ ਚਲਾ ਰਹੀਆਂ ਵੱਡੀਆਂ ਮੱਛੀਆਂ ਨੂੰ ਕਾਬੂ ਕਰਨ ਲਈ ਸਾਂਝੀ ਕਾਰਵਾਈ ਵਿੱਢਣ ਅਤੇ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨਾਲ ਤਾਲਮੇਲ ਕਰਕੇ ਕੰਮ ਕਰਨ ਦੇ ਹੁਕਮ ਦਿੱਤੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਕਿਸੇ ਵੀ ਹਿੱਸੇ ਤੋਂ ਨਸ਼ਾ ਸਪਲਾਈ ਦੀ ਕੋਈ ਘਟਨਾ ਉਨ੍ਹਾਂ ਦੇ ਧਿਆਨ ਵਿਚ ਆਉਂਦੀ ਹੈ ਤਾਂ ਸਬੰਧਤ ਐਸ.ਐਸ.ਪੀ. ਜਾਂ ਹੋਰ ਪੁਲਿਸ ਅਧਿਕਾਰੀ ਦੀ ਜਵਾਬਦੇਹੀ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰੀ ਬਾਰੇ ਸ਼ਿਕਾਇਤ 'ਤੇ ਤੁਰਤ ਕਾਰਵਾਈ ਕੀਤੀ ਜਾਵੇ। ਮੁੱਖ ਮੰਤਰੀ ਨੇ ਸਾਫ ਕਰ ਦਿੱਤਾ ਕਿ ਨਸ਼ਿਆਂ ਦੇ ਖਾਤਮੇ ਲਈ ਢਿੱਲ-ਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ।



### ਇਹ ਸਮਾਂ ਦੂਸ਼ਣਬਾਜ਼ੀ ਦਾ ਨਹੀਂ: ਨਵਜੋਤ ਸਿੱਧੂ

**ਬਠਿੰਡਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਤਿੰਨ ਸਰਕਾਰਾਂ ਵੱਲੋਂ ਨਸ਼ਾ ਖਤਮ ਕਰਨ ਦੇ ਯਤਨਾਂ ਦੇ ਬਾਵਜੂਦ ਨਸ਼ੇ ਕਾਰਨ ਨੌਜਵਾਨ ਮਰ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਇਹ ਸਮਾਂ ਦੂਸ਼ਣਬਾਜ਼ੀ ਦਾ ਨਹੀਂ ਬਲਕਿ ਗੰਭੀਰਤਾ ਨਾਲ ਵਿਚਾਰ ਕਰਨ ਵਾਲਾ ਹੈ। ਉਨ੍ਹਾਂ ਕਿਹਾ ਕਿ ਆਈ.ਸੀ.ਐਮ.ਆਰ. ਅਤੇ ਏਮਜ਼ ਵੱਲੋਂ ਕਰਵਾਏ ਸਰਵੇਖਣ ਮੁਤਾਬਕ ਡਰੱਗ ਪੀੜਤਾਂ ਦੀ ਗਿਣਤੀ ਭਾਵੇਂ ਘੱਟ ਹੈ ਪਰ ਨਸ਼ਾ ਛੁਡਾਊ ਕੇਂਦਰਾਂ 'ਚ ਇਲਾਜ ਕਰਵਾ ਰਹੇ ਲੱਖਾਂ ਦੀ ਗਿਣਤੀ ਵਿਚ ਮਰੀਜ਼ ਸੂਬੇ ਦੇ ਅਸਲ ਹਾਲਾਤ ਬਿਆਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਪੀੜਤਾਂ ਵਿਚ ਵੀਹ ਤੋਂ ਪੱਚੀ ਸਾਲ ਦੇ ਨੌਜਵਾਨਾਂ ਦੀ ਗਿਣਤੀ 60 ਤੋਂ 70 ਫੀਸਦੀ ਹੈ ਤੇ ਬਾਕੀ ਨੌਜਵਾਨ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ।

### ਮਾਂ ਨੇ ਨਸ਼ੇੜੀ ਪੁੱਤਰ ਲਈ ਸਵੈਇੱਛੁਕ ਮੌਤ ਮੰਗੀ

**ਲੁਧਿਆਣਾ:** ਪੰਜਾਬ ਵਿਚ ਨਸ਼ੇ ਨੂੰ ਖਤਮ ਕਰਨ ਲਈ ਭਾਵੇਂ ਮੌਜੂਦਾ ਸਰਕਾਰ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਪਰ ਜ਼ਮੀਨੀ ਹਕੀਕਤ ਇਸ ਤੋਂ ਉਲਟ ਹੈ। ਲੁਧਿਆਣਾ ਵਿਚ ਅਜਿਹਾ ਮਾਮਲੇ ਦੇਖਣ ਨੂੰ ਮਿਲਿਆ, ਜਿਥੇ ਇਕ ਔਰਤ ਨੇ 'ਆਪ' ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਨੂੰ ਅਪੀਲ ਕੀਤੀ ਕਿ ਉਹ ਉਸ ਦੇ ਪੁੱਤ ਲਈ ਰਾਸ਼ਟਰਪਤੀ ਤੋਂ ਸਵੈਇੱਛੁਕ ਮੌਤ ਦੀ ਮਨਜ਼ੂਰੀ ਲੈ ਕੇ ਦੇਣ। ਇਸ ਤੋਂ ਬਾਅਦ ਵਿਧਾਇਕ ਨੇ ਉਸ ਦੇ ਲੜਕੇ ਨੂੰ ਸਿਵਲ ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ 'ਚ ਭਰਤੀ ਕਰਵਾ ਦਿੱਤਾ ਹੈ। ਔਰਤ ਨੇ ਦੱਸਿਆ ਕਿ ਨਸ਼ੇ ਤੋਂ ਛੁਟਕਾਰਾ ਪਾਉਣ ਲਈ ਪੁੱਤ ਦਾ ਵਿਆਹ ਕੀਤਾ ਸੀ ਪਰ ਹੁਣ ਉਸ ਦੀ ਨੂੰਹ ਵੀ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜਬੂਰ ਹੈ।

ਸ੍ਰੀ ਮਾਨ ਨੇ ਕਿਹਾ ਕਿ ਨਿਰਧਾਰਿਤ ਸਮੇਂ ਦੌਰਾਨ ਖਾਸ ਕਰਕੇ ਵਪਾਰਕ ਵਸੂਲੀ ਦੇ ਮਾਮਲਿਆਂ ਵਿਚ ਚਲਾਨ ਪੇਸ਼ ਨਾ ਹੋਣ ਕਾਰਨ ਜ਼ਮਾਨਤ ਹੋ ਜਾਣ ਦੀ ਸੂਰਤ ਵਿਚ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਨਸ਼ਾ ਤਸਕਰਾਂ ਦੀ ਪੁਸ਼ਤਪਨਾਹੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਸਜ਼ਾ ਦੇਣ ਲਈ ਕਾਰਗਰ ਵਿਧੀ ਤਿਆਰ ਕਰਨ 'ਤੇ ਜੋਰ ਦਿੱਤਾ। ਉਨ੍ਹਾਂ ਡੀ.ਜੀ.ਪੀ. ਨੂੰ ਬਰਾਮਦਗੀ ਦੌਰਾਨ ਜ਼ਬਤ ਕੀਤੇ ਗਏ ਨਸ਼ਿਆਂ ਦੀ ਕੌਮਾਂਤਰੀ ਬਾਜ਼ਾਰ ਵਿਚਲੀ ਕੀਮਤ ਨਸ਼ਰ ਨਾ ਕਰਨ ਦੇ ਨਿਰਦੇਸ਼ ਦਿੱਤੇ, ਕਿਉਂਕਿ ਇਸ ਨਾਲ ਨੌਜਵਾਨ ਛੇਤੀ ਪੈਸਾ ਕਮਾਉਣ ਵੱਲ ਆਕਰਸ਼ਿਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਜ਼ਬਤ ਕੀਤੀ ਗਈ ਮਾਤਰਾ, ਬਰਾਮਦਗੀ ਵਾਲੀ ਥਾਂ ਅਤੇ ਮੁਲਜ਼ਮਾਂ ਦੇ ਵੇਰਵਿਆਂ ਸਬੰਧੀ ਬਾਕੀ ਜਾਣਕਾਰੀ ਜਨਤਕ ਕੀਤੀ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਸਿਹਤ ਅਤੇ ਪੁਲਿਸ ਵਿਭਾਗ ਮਾਮੂਲੀ ਅਪਰਾਧੀਆਂ ਪ੍ਰਤੀ ਸੁਧਾਰਵਾਦੀ ਪਹੁੰਚ ਅਪਣਾਉਣ 'ਤੇ ਧਿਆਨ ਕੇਂਦਰਿਤ ਕਰੇ। ਨਸ਼ੇ ਵਿਚ ਗ੍ਰਸਤ ਲੋਕਾਂ ਨੂੰ ਉਨ੍ਹਾਂ ਦੀ ਰਿਹਾਇਸ਼ ਤੋਂ 5 ਤੋਂ 6 ਕਿਲੋਮੀਟਰ ਦੇ ਦਾਇਰੇ ਵਿਚ ਇਲਾਜ ਲਈ ਸੁਖਾਲੀ ਪਹੁੰਚ ਪ੍ਰਾਪਤ ਕਰਨ ਲਈ ਓਟ ਕਲੀਨਿਕਾਂ ਦੀ ਗਿਣਤੀ 208 ਤੋਂ ਵਧਾ ਕੇ ਤੁਰੰਤ 500 ਕੀਤੀ ਜਾਵੇਗੀ। ਉਨ੍ਹਾਂ ਡੀ.ਜੀ.ਪੀ. ਨੂੰ ਨਸ਼ਾ ਤਸਕਰੀ ਦੇ ਕਾਰੋਬਾਰ ਵਿਚ ਸ਼ਾਮਲ ਲੋਕਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦੇ ਅਮਲ ਵਿਚ ਤੇਜ਼ੀ ਲਿਆਉਣ 'ਤੇ ਜ਼ੋਰ ਦਿੱਤਾ। ਜਦੋਂ ਕਿ ਇਸ ਪੂਰੇ ਅਮਲ ਦੀ ਨਿਗਰਾਨੀ ਮੁੱਖ ਮੰਤਰੀ ਖੁਦ ਕਰਨਗੇ।

ਮੁੱਖ ਮੰਤਰੀ ਨੇ ਪੰਜਾਬੀ ਗਾਇਕਾਂ ਨੂੰ ਬੰਦੂਕ ਸੱਭਿਆਚਾਰ, ਗੈਂਗਸਟਰਵਾਦ, ਹਿੰਸਾ, ਨਫਰਤ ਅਤੇ ਦੁਸ਼ਮਣੀ ਨੂੰ ਭੜਕਾਉਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਗਾਇਕਾਂ ਨੂੰ ਸੱਦਾ ਦਿੱਤਾ ਕਿ ਉਹ ਅਜਿਹੇ ਗੀਤਾਂ ਰਾਹੀਂ ਸਮਾਜ ਵਿਰੋਧੀ ਗਤੀਵਿਧੀਆਂ ਨੂੰ ਤੂਲ ਦੇਣ ਦੀ ਬਜਾਏ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਕਦਰਾਂ-ਕੀਮਤਾਂ 'ਤੇ ਚੱਲਦਿਆਂ ਭਾਈਚਾਰਕ ਸਾਂਝ, ਸ਼ਾਂਤੀ ਅਤੇ ਸਦਭਾਵਨਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਲਈ ਯੋਗਦਾਨ ਪਾਉਣ।

ਸਰਕਾਰ ਨੇ ਨਸ਼ਾ ਛੁਡਾਉਣ ਲਈ ਬਣਾਏ 208 ਓਟ ਕੇਂਦਰਾਂ ਦੀ ਗਿਣਤੀ ਵਧਾ ਕੇ ਤੁਰਤ ਪੰਜ ਸੌ ਅਤੇ ਬਾਅਦ ਵਿਚ ਇਕ ਹਜ਼ਾਰ ਕਰਨ ਦਾ ਫੈਸਲਾ ਕੀਤਾ ਹੈ। ਇਹ ਉਹ ਕੇਂਦਰ ਹਨ ਜਿਥੇ ਨਸ਼ਾ ਕਰਨ ਦੇ ਆਦੀ ਡਾਕਟਰਾਂ ਦੀ ਮੌਜੂਦਗੀ ਵਿਚ ਜਾਬਤਾਬੱਧ ਦਵਾਈ ਲੈ ਸਕਦੇ ਹਨ ਅਤੇ ਹੌਲੀ ਹੌਲੀ ਨਸ਼ਾ ਛੁਡਾਉਣ ਵੱਲ ਪ੍ਰੇਰਿਤ ਕੀਤੇ ਜਾਂਦੇ ਹਨ। ਇਕ ਅਨੁਮਾਨ ਅਨੁਸਾਰ ਪੰਜ ਲੱਖ ਤੋਂ ਵੱਧ ਨੌਜਵਾਨ ਓਟ ਅਤੇ ਹੋਰ ਨਸ਼ਾ ਛੁਡਾਊ ਕੇਂਦਰਾਂ ਤੋਂ ਦਵਾਈ ਲੈ ਰਹੇ ਹਨ।

## ਪੰਜਾਬ ਸਰਕਾਰ ਨੇ ਹੋਰ ਤਿੱਖੀ ਕੀਤੀ ਕਿਫਾਇਤੀ ਮੁਹਿੰਮ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਕਿਫਾਇਤੀ ਮੁਹਿੰਮ ਆਰੰਭੀ ਹੈ ਜਿਸ ਤਹਿਤ ਖਰਚੇ ਘਟਾਏ ਜਾ ਰਹੇ ਹਨ। ਸਰਕਾਰ ਨੇ ਵਿਧਾਇਕਾਂ ਤੇ ਵਜ਼ੀਰਾਂ ਦੇ ਸੁਰੱਖਿਆ ਵਾਹਨਾਂ ਦੇ ਤੇਲ ਖਰਚੇ ਦੀ ਘੋਖ ਸ਼ੁਰੂ ਕਰ ਦਿੱਤੀ ਹੈ। ਸੰਸਦੀ ਕਾਜ ਸ਼ਾਖਾ ਨੇ ਇਸ ਬਾਬਤ ਵੇਰਵੇ ਇਕੱਠੇ ਕਰਨੇ ਆਰੰਭ ਦਿੱਤੇ ਹਨ। ਕਿਆਸ ਲਗਾਏ ਜਾ ਰਹੇ ਹਨ ਕਿ ਸਰਕਾਰ ਉਕਤ ਵਾਹਨਾਂ 'ਤੇ ਹੋਣ ਵਾਲਾ ਤੇਲ ਖਰਚਾ ਵਧਾ ਵੀ ਸਕਦੀ ਹੈ ਤੇ ਮੌਜੂਦਾ ਵਿੱਤੀ ਸਥਿਤੀ ਦੇ ਮੱਦੇਨਜ਼ਰ ਇਸ ਖਰਚੇ ਵਿਚ ਹੋਰ ਕਟੌਤੀ ਵੀ ਕੀਤੀ ਜਾ ਸਕਦੀ ਹੈ।

ਵਿਧਾਇਕਾਂ ਨੂੰ ਪ੍ਰਤੀ ਮਹੀਨਾ ਪਹਿਲਾਂ 500 ਲਿਟਰ ਤੇਲ ਮਿਲਦਾ ਸੀ ਜਿਸ ਵਿਚ ਮਗਰੋਂ ਕਟੌਤੀ ਕਰ ਦਿੱਤੀ ਗਈ ਸੀ। ਸੂਤਰ ਦੱਸਦੇ ਹਨ ਕਿ ਕਈ ਵਿਧਾਇਕਾਂ ਨੇ ਤੇਲ ਖਰਚੇ ਵਿਚ ਵਾਧੇ ਦੀ ਮੰਗ ਕੀਤੀ ਹੈ ਜਿਸ ਮਗਰੋਂ ਵਿਧਾਇਕਾਂ ਦੇ ਨਿੱਜੀ ਸੁਰੱਖਿਆ ਵਾਹਨਾਂ ਦੀ ਮੁਰੰਮਤ ਤੇ ਤੇਲ ਖਰਚੇ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਹ ਅੰਕੜੇ ਹਾਸਲ ਕਰਨ ਮਗਰੋਂ ਸਾਲਾਨਾ ਬਜਟ ਦੇ ਮੱਦੇਨਜ਼ਰ ਪਹਿਲਾਂ ਕੁਲ ਖਰਚੇ ਦੀ ਨਜ਼ਰਸਾਨੀ ਹੋਵੇਗੀ। ਸੰਸਦੀ ਕਾਜ ਵਿਭਾਗ ਨੇ ਪਹਿਲਾਂ 19 ਅਪਰੈਲ ਤੇ ਹੁਣ 12 ਮਈ ਨੂੰ ਮੁੜ ਪੱਤਰ ਜਾਰੀ ਕਰਕੇ ਵਿਧਾਇਕਾਂ ਤੇ ਵਜ਼ੀਰਾਂ ਦੇ ਨਿੱਜੀ ਸੁਰੱਖਿਆ ਵਾਹਨਾਂ ਦੇ ਖਰਚ ਵੇਰਵੇ ਮੰਗੇ ਹਨ।

ਪੰਜਾਬ ਸਰਕਾਰ ਨੇ ਇਹ ਖੁੱਲ੍ਹ ਦਿੱਤੀ ਹੋਈ ਹੈ ਕਿ ਜੇ ਕੋਈ ਵਿਧਾਇਕ ਜਾਂ ਮੰਤਰੀ ਆਪਣਾ ਨਿੱਜੀ ਵਾਹਨ ਵਰਤਣਾ ਚਾਹੁੰਦਾ ਹੈ ਤਾਂ ਉਸ ਨੂੰ 15 ਰੁਪਏ ਪ੍ਰਤੀ ਕਿਲੋਮੀਟਰ ਦਿੱਤਾ ਜਾਂਦਾ ਹੈ। ਕਾਂਗਰਸ ਸਰਕਾਰ ਵੇਲੇ ਤਤਕਾਲੀ ਵਜ਼ੀਰ ਆਪਣੀਆਂ ਗੱਡੀਆਂ ਦੀ ਹੀ ਵਰਤੋਂ ਕਰਦੇ ਸਨ।

ਬਹੁਤੇ ਵਿਧਾਇਕਾਂ ਦਾ ਗਿਲਾ ਹੈ ਕਿ ਉਨ੍ਹਾਂ ਨੂੰ ਪੁਰਾਣੇ ਵਾਹਨ ਦਿੱਤੇ ਹਨ ਪਰ ਸਰਕਾਰ ਹਾਲ ਦੀ ਘੜੀ ਨਵੇਂ ਵਾਹਨ ਨਹੀਂ ਖਰੀਦ ਰਹੀ। ਮੁੱਖ ਮੰਤਰੀ ਭਗਵੰਤ ਮਾਨ ਨੇ ਬੇਲੋੜੀ ਸੁਰੱਖਿਆ ਵਾਪਸ ਲੈਣੀ ਆਰੰਭ ਦਿੱਤੀ ਹੈ, ਜਿਸ ਤਹਿਤ ਵੱਡੀ ਗਿਣਤੀ ਸੁਰੱਖਿਆ ਵਾਹਨ ਵੀ ਵਾਪਸ ਲਏ ਗਏ ਹਨ। ਪਤਾ ਲੱਗਾ ਹੈ ਕਿ ਤੇਲ ਦੀਆਂ ਕੀਮਤਾਂ ਵਿਚ ਵਾਧੇ ਮਗਰੋਂ ਪੰਜਾਬ ਸਰਕਾਰ ਦੇ ਤੇਲ ਖਰਚੇ ਕਾਫੀ ਵਧ ਗਏ ਹਨ। ਪੁਰਾਣੇ ਵਾਹਨਾਂ ਦਾ ਮੁਰੰਮਤ ਖਰਚਾ ਵੀ ਸਿਖਰ ਵੱਲ ਹੋਇਆ ਹੈ।

## ਪੰਜਾਬ 'ਚ ਹੁਣ 31 ਮਈ ਤੱਕ ਕਣਕ ਦੀ ਖਰੀਦ

**ਚੰਡੀਗੜ੍ਹ:** ਸਰਕਾਰ ਨੇ ਸੂਬੇ ਦੀਆਂ 232 ਮੰਡੀਆਂ ਵਿਚ ਕਣਕ ਦੀ ਖਰੀਦ 31 ਮਈ ਤੱਕ ਕਰਨ ਦਾ ਫੈਸਲਾ ਕੀਤਾ ਹੈ। ਕੇਂਦਰ ਸਰਕਾਰ ਵੱਲੋਂ ਕਣਕ ਦੀ ਬਰਾਮਦ 'ਤੇ ਰੋਕ ਲਗਾਏ ਜਾਣ ਮਗਰੋਂ 'ਆਪ' ਸਰਕਾਰ ਨੇ ਇਹ ਫੈਸਲਾ ਕੀਤਾ ਹੈ। ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ 232 ਮੰਡੀਆਂ ਵਿਚ ਕਣਕ ਦੀ ਖਰੀਦ ਦਾ ਕਾਰਜ 31 ਮਈ ਤੱਕ ਜਾਰੀ ਰੱਖਣ ਦੇ ਹੁਕਮ ਦਿੱਤੇ ਹਨ।



ਉਨ੍ਹਾਂ ਕਿਹਾ ਕਿ ਕਣਕ ਦੀ ਬਰਾਮਦ 'ਤੇ ਰੋਕ ਦੇ ਨਤੀਜੇ ਵਜੋਂ ਘਰੇਲੂ ਮੰਡੀ ਵਿਚ ਕਣਕ ਦੀਆਂ ਕੀਮਤਾਂ ਵਿਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਕੁਝ ਕਿਸਾਨਾਂ, ਜਿਨ੍ਹਾਂ ਬਾਅਦ ਵਿਚ ਚੰਗੇ ਭਾਅ ਮਿਲਣ ਦੀ ਉਮੀਦ ਵਿਚ ਕਣਕ ਦੀ ਫਸਲ ਭੰਡਾਰ ਕੀਤੀ ਸੀ, ਨੂੰ ਸ਼ਾਇਦ ਹੁਣ ਮੁੜ ਸੋਚ-ਵਿਚਾਰ ਕੇ ਆਪਣੀ ਫਸਲ ਵੇਚਣੀ ਪਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮੌਜੂਦਾ ਹਾੜ੍ਹੀ ਸੀਜ਼ਨ ਦੌਰਾਨ ਸੂਬੇ 'ਚ 2292 ਮੰਡੀਆਂ ਨੂੰ ਚਾਲੂ ਕੀਤਾ ਸੀ, ਪਰ ਸੂਬੇ ਦੇ ਕੁਝ ਹਿੱਸਿਆਂ 'ਚ ਕਣਕ ਦੀ ਆਮਦ ਵਿਚ ਆਈ ਭਾਰੀ ਕਮੀ ਦੇ ਮੱਦੇਨਜ਼ਰ ਹਾਲ ਹੀ ਦੇ ਦਿਨਾਂ ਵਿਚ 2060 ਮੰਡੀਆਂ ਨੂੰ ਯੋਜਨਾਬੱਧ ਅਤੇ ਪੜਾਅ ਵਾਰ ਤਰੀਕੇ ਨਾਲ ਬੰਦ ਕਰ ਦਿੱਤਾ ਗਿਆ ਹੈ।

ਇਸ ਸਮੇਂ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿਚ 232 ਮੰਡੀਆਂ ਚਾਲੂ ਹਨ। ਮੰਤਰੀ ਨੇ ਕਿਹਾ ਕਿ ਭਾਵੇਂ ਖਰੀਦ ਬੰਦ ਕਰਨ ਦੀ ਅਧਿਸੂਚਿਤ ਮਿਤੀ 31 ਮਈ ਸੀ, ਪਰ ਪਿਛਲੇ ਦਿਨਾਂ ਵਿਚ ਕਣਕ ਦੀ ਆਮਦ ਦੀ ਮੱਠੀ ਰਫਤਾਰ ਨੂੰ ਦੇਖਦੇ ਹੋਏ 12 ਮਈ ਨੂੰ ਭਾਰਤ ਸਰਕਾਰ ਦੇ ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੂੰ ਬੇਨਤੀ ਕੀਤੀ ਸੀ ਕਿ ਮੰਡੀਆਂ ਨੂੰ ਸਮੇਂ ਤੋਂ ਪਹਿਲਾਂ 17 ਮਈ ਤੋਂ ਬੰਦ ਕਰਨ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ ਹੁਣ ਰਸਮੀ ਤੌਰ 'ਤੇ ਇਹ ਬੇਨਤੀ ਵਾਪਸ ਲੈ ਲਈ ਹੈ। ਕਿਸਾਨਾਂ ਦੇ ਹਿਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਹ 232 ਮੰਡੀਆਂ 31 ਮਈ ਤੱਕ ਸਾਰੇ ਜ਼ਿਲ੍ਹਿਆਂ ਵਿਚ ਚਾਲੂ ਰਹਿਣਗੀਆਂ।

## ਫਸਲੀ ਵੰਨ-ਸਵੰਨਤਾ ਦੇ ਨਾਅਰੇ ਨੂੰ ਮਿਲਣ ਲੱਗਾ ਹੁੰਗਾਰਾ

**ਚੰਡੀਗੜ੍ਹ:** ਪੰਜਾਬ ਵਿਚ ਐਤਕੀਂ ਮੂੰਗੀ ਦੀ ਕਾਸ਼ਤ ਹੇਠ ਰਕਬਾ ਦੁੱਗਣਾ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਫਸਲੀ ਵੰਨ-ਸਵੰਨਤਾ ਲਈ 17 ਅਪਰੈਲ ਨੂੰ ਕਿਸਾਨ ਧਿਰਾਂ ਨਾਲ ਮੀਟਿੰਗ ਦੌਰਾਨ ਮੂੰਗੀ ਦੀ ਫਸਲ 'ਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇਣ ਦਾ ਐਲਾਨ ਕੀਤਾ ਸੀ। ਮੂੰਗੀ ਦੀ ਖਰੀਦ ਲਈ ਆਉਂਦੇ ਦਿਨਾਂ 'ਚ ਮਾਰਕਫੈੱਡ ਨੂੰ ਨੋਡਲ ਏਜੰਸੀ ਐਲਾਨਿਆ ਜਾਣਾ ਹੈ। ਪੰਜਾਬ ਵਿਚ ਐਤਕੀਂ 97,250 ਏਕੜ ਰਕਬੇ ਵਿਚ ਮੂੰਗੀ ਦੀ ਕਾਸ਼ਤ ਹੋਈ ਹੈ ਜਦੋਂ ਕਿ ਪਿਛਲੇ ਸਾਲ ਇਹ ਰਕਬਾ ਕਰੀਬ 50 ਹਜ਼ਾਰ ਏਕੜ ਸੀ।



ਪੰਜਾਬ ਵਿਚੋਂ ਮਾਲਵਾ ਖਿੱਤੇ 'ਚ ਮੂੰਗੀ ਦੀ ਕਾਸ਼ਤ ਜ਼ਿਆਦਾ ਹੋਈ ਹੈ। ਖਾਸ ਕਰਕੇ ਆਲੂ ਵਾਲੀਆਂ ਜ਼ਮੀਨਾਂ ਵਿਚ ਮੂੰਗੀ ਦੀ ਕਾਸ਼ਤ ਨੂੰ ਤਰਜੀਹ ਦਿੱਤੀ ਗਈ ਹੈ। ਕਿਸਾਨਾਂ ਵਿਚ ਐਤਕੀਂ ਮੂੰਗੀ ਦੀ ਕਾਸ਼ਤ ਨੂੰ ਲੈ ਕੇ ਕਾਫੀ ਉਤਸ਼ਾਹ ਹੈ ਅਤੇ ਮੂੰਗੀ ਦੇ ਬੀਜ ਦੀ ਵਿਕਰੀ ਵੀ ਦੁੱਗਣੀ ਰਹੀ ਹੈ। ਐਤਕੀਂ ਮੂੰਗੀ ਦੀ ਵੇਚ ਵੱਟਤ ਠੀਕ ਰਹੀ ਤਾਂ ਅਗਲੇ ਵਰ੍ਹੇ ਰਕਬੇ ਵਿਚ ਹੋਰ ਵਾਧਾ ਹੋਵੇਗਾ। ਵੇਰਵਿਆਂ ਅਨੁਸਾਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਸੇਲਬਰਾਹ 'ਚ ਸੈਂਕੜੇ ਰਕਬੇ ਵਿਚ ਮੂੰਗੀ ਦੀ ਕਾਸ਼ਤ ਹੋਈ ਹੈ। ਸਰਕਾਰ ਨੇ ਮੂੰਗੀ ਲਈ ਐਮ.ਐਸ.ਪੀ. 7275 ਰੁਪਏ ਪ੍ਰਤੀ ਕੁਇੰਟਲ ਐਲਾਨਿਆ ਹੈ। ਮੁੱਖ ਮੰਤਰੀ ਦੇ ਐਮ.ਐਸ.ਪੀ. ਦੇ ਐਲਾਨ ਮਗਰੋਂ ਤਕਰੀਬਨ ਪਿੰਡਾਂ ਵਿਚ ਸੌ ਤੋਂ ਡੇਢ ਸੌ ਏਕੜ ਰਕਬੇ ਵਿਚ ਮੂੰਗੀ ਦੀ ਕਾਸ਼ਤ ਹੋਈ ਹੈ।

ਮੂੰਗੀ ਦੀ ਬਿਜਾਈ ਨੂੰ ਲੈ ਕੇ ਪੰਜਾਬ 'ਚੋਂ ਮਾਨਸਾ ਜ਼ਿਲ੍ਹਾ ਅੱਵਲ ਰਿਹਾ ਹੈ। ਮਾਨਸਾ ਜ਼ਿਲ੍ਹੇ ਵਿਚ 25,000 ਏਕੜ ਰਕਬੇ ਵਿਚ ਮੂੰਗੀ ਦੀ ਬਿਜਾਈ ਹੋਈ, ਜੋ ਕਿ ਸੂਬੇ ਦੀ ਕੁੱਲ ਕਾਸ਼ਤ ਦਾ ਕਰੀਬ 25 ਫ਼ੀਸਦੀ ਬਣਦਾ ਹੈ। ਇਸੇ ਤਰ੍ਹਾਂ ਮੋਗਾ ਵਿਚ 12,750 ਏਕੜ (5100 ਹੈਕਟੇਅਰ) ਅਤੇ ਲੁਧਿਆਣਾ ਵਿਚ 10,750 ਏਕੜ (4300 ਹੈਕਟੇਅਰ) ਰਕਬਾ ਇਸ ਫਸਲ ਦੀ ਕਾਸ਼ਤ ਹੇਠ ਹੈ। ਬਠਿੰਡਾ ਜ਼ਿਲ੍ਹੇ ਵਿਚ 9500 ਏਕੜ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿਚ 8750 ਏਕੜ ਰਕਬੇ ਵਿਚ ਮੂੰਗੀ ਦੀ ਕਾਸ਼ਤ ਹੋਈ ਹੈ। ਮੂੰਗੀ ਦਾ ਬੀਜ ਐਤਕੀਂ 100 ਤੋਂ 150 ਰੁਪਏ ਪ੍ਰਤੀ ਕਿਲੋ ਤੱਕ ਵਿਕਿਆ ਹੈ। ਇਸ ਵਾਰ ਮੂੰਗੀ ਨੂੰ ਪਈ ਸੁੰਡੀ ਦੀ ਮਾਰ ਵੀ ਕੰਟਰੋਲ ਹੇਠ ਹੈ ਅਤੇ ਮੀਂਹ ਨਾ ਪੈਣ ਕਰ ਕੇ ਮੂੰਗੀ ਕਾਸ਼ਤਕਾਰ ਤਸੱਲੀ ਵਿਚ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਮੂੰਗੀ ਦੀ ਕਾਸ਼ਤ ਵਾਲੀ ਜ਼ਮੀਨ ਦੀ ਉਪਜਾਊ ਤਾਕਤ ਵਧਦੀ ਹੈ। ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਗੁਰਵਿੰਦਰ ਸਿੰਘ ਮੁਤਾਬਕ ਦਾਲ ਦੀ ਫਸਲ ਦੀਆਂ ਜੜ੍ਹਾਂ ਵਿਚ ਨਾਈਟਰੋਜਨ ਫਿਕਸਿੰਗ ਨੋਡਿਊਲ ਹੁੰਦੇ ਹਨ, ਜੋ ਜ਼ਮੀਨ ਵਿਚ ਨਾਈਟਰੋਜਨ ਫਿਕਸ ਕਰਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਂਦੇ ਹਨ। ਜੇਕਰ ਮੂੰਗੀ ਦੀ ਫਸਲ ਦਾ ਝਾੜ ਘੱਟ ਵੀ ਜਾਵੇ ਤਾਂ ਵੀ ਨਾਈਟਰੋਜਨ ਫਿਕਸਿੰਗ ਦਾ ਲਾਭ ਅਗਲੀ ਫਸਲ ਨੂੰ ਮਿਲਦਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਮੂੰਗੀ ਦੀ ਫਸਲ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ, ਪਰ ਇਸ ਲਈ ਸ਼ਰਤ ਹੋਵੇਗੀ ਕਿ ਕਿਸਾਨਾਂ ਨੂੰ ਮੂੰਗੀ ਵੱਢਣ ਤੋਂ ਬਾਅਦ ਉਸੇ ਖੇਤ ਵਿਚ ਝੋਨੇ ਦੀ 126 ਕਿਸਮ ਜਾਂ ਬਾਸਮਤੀ ਦੀ ਬਿਜਾਈ ਕਰਨੀ ਪਵੇਗੀ ਕਿਉਂਕਿ ਇਹ ਦੋਵੇਂ ਫਸਲਾਂ ਪੱਕਣ ਲਈ ਬਹੁਤ ਘੱਟ ਸਮਾਂ ਲੈਂਦੀਆਂ ਹਨ। ਝੋਨੇ ਦੀਆਂ ਹੋਰਨਾਂ ਕਿਸਮਾਂ ਦੇ ਮੁਕਾਬਲੇ ਇਨ੍ਹਾਂ ਨੂੰ ਬਹੁਤ ਘੱਟ ਪਾਣੀ ਦੀ ਲੋੜ ਹੁੰਦੀ ਹੈ।

## ਕਰਹਾਲੀ ਸਾਹਿਬ ਵਿਚ ਗੁਟਕੇ ਤੇ ਕਕਾਰਾਂ ਦੀ ਬੇਅਦਬੀ

**ਡਕਾਲਾ:** ਇਲਾਕੇ ਦੇ ਪਿੰਡ ਕਰਹਾਲੀ ਸਾਹਿਬ ਵਿਚ ਗੁਟਕੇ ਤੇ ਧਾਰਮਿਕ ਕਕਾਰਾਂ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਸੂਏ ਦੇ ਪੁਲ ਹੇਠੋਂ ਗੁਰਬਾਣੀ ਦੇ ਦੋ ਗੁਟਕਿਆਂ ਦੀਆਂ ਜਿਲਦਾਂ ਤੇ ਅੱਧੀ ਦਰਜਨ ਤੋਂ ਵੱਧ ਅੰਗ ਖਿਲਰੇ ਹੋਏ ਮਿਲੇ ਹਨ।

ਇਸ ਦੇ ਨਾਲ ਹੀ ਕਕਾਰਾਂ ਵਜੋਂ ਦੋ ਕੜੇ ਤੇ ਸ੍ਰੀ ਸਾਹਿਬ ਸਣੇ ਗਾਤਰਾ ਵੀ ਲਾਵਾਰਿਸ ਹਾਲਤ 'ਚ ਪਏ ਹੋਏ ਮਿਲੇ। ਉੱਚ ਪੁਲਿਸ ਅਧਿਕਾਰੀਆਂ ਨੇ ਸੂਚਨਾ ਮਿਲਣ 'ਤੇ ਤੁਰਤ ਮੌਕੇ ਦਾ ਜਾਇਜ਼ਾ ਲਿਆ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਮਨਰੇਗਾ ਮਜ਼ਦੂਰ ਕਰਹਾਲੀ ਸਾਹਿਬ ਤੋਂ ਨਨਾਨਸੂ ਦੇ ਰਾਹ 'ਤੇ ਪੈਂਦੇ ਨਹਿਰੀ ਸੂਏ ਦੀ ਸਫਾਈ ਕਰ ਰਹੇ ਸਨ, ਜਦੋਂ ਉਨ੍ਹਾਂ ਨੂੰ ਗੁਟਕੇ ਦੇ ਅੰਗ ਤੇ ਕਕਾਰ ਪਏ ਦਿਖੇ। ਇਸ ਮੌਕੇ ਇਲਾਕੇ ਦੇ ਵੱਡੀ ਗਿਣਤੀ ਮੁਹਤਬਰ ਇਕੱਤਰ ਹੋ ਗਏ।

# ਮੁਹਾਲੀ ਹਮਲਾ: ਬੱਬਰ ਖਾਲਸਾ ਤੇ ਗੈਂਗਸਟਰਾਂ ਦਾ ਹੱਥ ਹੋਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਇੰਟੈਲੀਜੈਂਸ ਵਿੰਗ ਦੀ ਇਮਾਰਤ 'ਤੇ ਹੋਏ ਰਾਕੇਟ ਲਾਂਚਰ ਹਮਲੇ ਦੀ ਗੁੱਥੀ ਸੁਲਝਾਉਣ ਦਾ ਦਾਅਵਾ ਕੀਤਾ ਹੈ। ਸੂਬੇ ਦੇ ਡੀ.ਜੀ.ਪੀ. ਵੀਰੇਸ਼ ਕੁਮਾਰ ਭਾਵੜਾ ਨੇ 9 ਮਈ ਨੂੰ ਵਾਪਰੀ ਇਸ ਵੱਡੀ ਘਟਨਾ ਨੂੰ ਪੁਲਿਸ ਲਈ ਵੱਡੀ ਚੁਣੌਤੀ ਕਰਾਰ ਦਿੰਦਿਆਂ ਕਿਹਾ ਕਿ ਇਸ ਘਟਨਾ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸਬੰਧਤ ਦਹਿਸ਼ਤਗਰਦਾਂ ਅਤੇ ਸੂਬੇ ਵਿਚ ਸਰਗਰਮ ਗੈਂਗਸਟਰਾਂ ਦੇ ਗੱਠਜੋੜ ਨੇ ਅੰਜਾਮ ਦਿੱਤਾ ਹੈ।

ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿਚ ਪੁਲਿਸ ਵੱਲੋਂ 6 ਵਿਅਕਤੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਨ੍ਹਾਂ ਵਿਚ ਇਕ ਮਹਿਲਾ ਵੀ ਸ਼ਾਮਲ ਹੈ। ਨੋਇਡਾ ਨਾਲ ਸਬੰਧਤ ਦੋ ਵਿਅਕਤੀਆਂ ਨੂੰ ਪੁੱਛ-ਪੜਤਾਲ ਲਈ ਹਿਰਾਸਤ ਵਿਚ ਲਿਆ ਗਿਆ ਹੈ ਜਦਕਿ ਰਾਕੇਟ ਲਾਂਚਰ ਨਾਲ ਇੰਟੈਲੀਜੈਂਸ ਵਿੰਗ ਦੀ ਇਮਾਰਤ 'ਤੇ ਗ੍ਰਨੇਡ ਦਾਗਣ ਵਾਲੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਨਾ ਬਾਕੀ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਕੈਨੇਡਾ ਸਥਿਤ ਗੈਂਗਸਟਰ ਲਖਬੀਰ ਸਿੰਘ ਉਰਫ ਲੰਡਾ ਦਾ ਨਾਮ ਇਸ ਘਟਨਾ ਦੇ ਮੁੱਖ ਹੈਂਡਲਰ ਵਜੋਂ ਸਾਹਮਣੇ ਆਇਆ ਹੈ।

ਉਨ੍ਹਾਂ ਕਿਹਾ ਕਿ ਇਸ ਵਿਅਕਤੀ ਨੇ ਆਰ.ਪੀ.ਜੀ, ਏਕੇ-47 ਅਤੇ ਅਪਰਾਧੀਆਂ ਦੇ ਸਥਾਨਕ ਨੈੱਟਵਰਕ ਨੂੰ ਸਾਜੋ ਸਾਮਾਨ ਮੁਹੱਈਆ ਕਰਵਾਇਆ ਸੀ। ਉਨ੍ਹਾਂ ਦੱਸਿਆ ਕਿ ਲੰਡਾ (33) ਜੋ ਕਿ ਤਰਨ ਤਾਰਨ ਦਾ ਵਸਨੀਕ ਹੈ ਅਤੇ 2017 ਵਿਚ ਕੈਨੇਡਾ ਭੱਜ ਗਿਆ ਸੀ, ਪਾਕਿਸਤਾਨ ਅਧਾਰਤ ਲੋੜੀਂਦੇ ਗੈਂਗਸਟਰ ਹਰਵਿੰਦਰ ਸਿੰਘ ਉਰਫ ਰਿੰਦਾ ਦਾ ਨਜਦੀਕੀ ਸਾਥੀ ਹੈ ਅਤੇ ਉਸ ਨੇ ਬੱਬਰ ਖਾਲਸਾ ਇੰਟਰਨੈਸ਼ਨਲ (ਬੀ.ਕੇ.ਆਈ.) ਨਾਲ ਹੱਥ ਮਿਲਾਇਆ ਸੀ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਨ੍ਹਾਂ ਵਿਚ ਨਿਸ਼ਾਨ ਸਿੰਘ ਵਾਸੀ ਪਿੰਡ ਕੁੱਲਾ ਭਿੱਖੀਵਿੰਡ, ਮੁਹਾਲੀ ਦੇ ਸੈਕਟਰ 85 ਵਿਚ ਵੇਵ ਅਸਟੇਟ ਦਾ ਵਾਸੀ ਜਗਦੀਪ ਸਿੰਘ ਕੰਗ, ਅੰਮ੍ਰਿਤਸਰ ਦੇ ਗੁਮਟਾਲਾ ਦਾ ਕੰਵਰਜੀਤ ਸਿੰਘ ਉਰਫ ਕੰਵਰ ਬਾਠ (40), ਬਲਜਿੰਦਰ ਸਿੰਘ ਉਰਫ ਰੈਂਬੋ (41) ਵਾਸੀ ਪੱਟੀ, ਬਲਜੀਤ ਕੌਰ ਉਰਫ ਸੁੱਖੀ (50) ਵਾਸੀ ਕੋਟ ਖਾਲਸਾ, ਅੰਮ੍ਰਿਤਸਰ ਅਤੇ ਅਨੰਤ ਦੀਪ ਸਿੰਘ ਉਰਫ ਸੋਨੂੰ (32) ਗੁਰੂ ਨਾਨਕ ਕਲੋਨੀ, ਅੰਮ੍ਰਿਤਸਰ ਸ਼ਾਮਲ ਹਨ। ਇਨ੍ਹਾਂ ਕੋਲੋਂ ਦੋ ਕਾਰਾਂ ਐਸ.ਯੂ.ਵੀ. ਟੋਇਟਾ ਫਾਰਚੂਨਰ ਤੇ ਮਾਰੂਤੀ ਸਵਿਫਟ ਵੀ ਬਰਾਮਦ ਕੀਤੀਆਂ ਗਈਆਂ ਹਨ।



ਸ੍ਰੀ ਭਾਵੜਾ ਨੇ ਦੱਸਿਆ ਕਿ ਨਿਸ਼ਾਨ ਨੂੰ ਫਰੀਦਕੋਟ ਪੁਲਿਸ ਨੇ 11 ਮਈ 2022 ਨੂੰ ਆਰਮਜ ਐਕਟ ਦੇ ਕੇਸ ਵਿਚ ਗ੍ਰਿਫਤਾਰ ਕੀਤਾ ਸੀ ਅਤੇ ਉਹ 16 ਮਈ 2022 ਤੱਕ ਪੁਲਿਸ ਰਿਮਾਂਡ 'ਤੇ ਹੈ। ਡੀ.ਜੀ.ਪੀ. ਨੇ ਦੱਸਿਆ ਕਿ ਲੰਡਾ ਨੇ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਹਮਲਾ ਕਰਨ ਲਈ ਨਿਸ਼ਾਨ ਸਿੰਘ ਤੇ ਹੋਰਨਾਂ ਦੀ ਚੜ੍ਹਤ ਸਿੰਘ ਵਾਸੀ ਖੇਮਕਰਨ ਨਾਲ ਜਾਣ ਪਛਾਣ ਕਰਾਈ ਸੀ। ਮੁਹਾਲੀ ਦੇ ਰਹਿਣ ਵਾਲੇ ਵਿਅਕਤੀ ਦੀ ਭੂਮਿਕਾ ਸਬੰਧੀ ਪੁਲਿਸ ਮੁਖੀ ਨੇ ਦਾਅਵਾ ਕੀਤਾ ਕਿ ਜਗਦੀਪ ਸਿੰਘ ਨਾਮ ਦੇ ਵਿਅਕਤੀ ਨੇ ਘਟਨਾ ਵਾਲੇ ਦਿਨ ਸਵੇਰੇ ਖੁਫੀਆ ਵਿੰਗ ਦੇ ਦਫਤਰ ਦੀ ਪੂਰੀ ਰੇਕੀ ਕਰਨ ਵਿਚ ਚੜ੍ਹਤ ਸਿੰਘ ਅਤੇ ਹੋਰਨਾਂ ਦੀ ਮਦਦ ਕੀਤੀ। ਉਨ੍ਹਾਂ ਦੱਸਿਆ ਕਿ ਜਗਦੀਪ ਸਿੰਘ ਵੱਲੋਂ ਦਿੱਤੀ ਸੂਚਨਾ ਤੋਂ ਬਾਅਦ ਚੜ੍ਹਤ ਸਿੰਘ ਅਤੇ ਉਸ ਦੇ ਦੋ ਸਹਿਯੋਗੀਆਂ ਜਿਨ੍ਹਾਂ ਦੀ ਅਜੇ ਪਛਾਣ ਨਹੀਂ ਹੋ ਸਕੀ, ਨੇ ਸ਼ਾਮ ਦੇ ਸਮੇਂ ਲਗਭਗ 7.42 ਵਜੇ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਹਮਲਾ ਕੀਤਾ ਸੀ। ਇਸ ਘਟਨਾ ਨਾਲ ਜੁੜੇ ਵਿਅਕਤੀਆਂ ਦੇ ਪਿਛੋਕੜ ਤੇ ਸਬੰਧਾਂ ਬਾਰੇ ਸ੍ਰੀ ਡੀ.ਜੀ.ਪੀ. ਭਾਵੜਾ ਨੇ ਦੱਸਿਆ ਕਿ ਪਹਿਲਾਂ ਚੜ੍ਹਤ ਸਿੰਘ ਨੇ ਦੋਵਾਂ ਹਮਲਾਵਰਾਂ ਨੂੰ ਛੁਪਣਗਾਹਾਂ ਮੁਹੱਈਆ ਕਰਵਾਈਆਂ ਸਨ ਅਤੇ ਬਾਅਦ ਵਿਚ ਉਨ੍ਹਾਂ ਨੂੰ ਨਿਸ਼ਾਨ ਦੇ ਹਵਾਲੇ ਕਰ ਦਿੱਤਾ ਸੀ, ਜਿਸ ਨੇ 27 ਅਪਰੈਲ ਤੋਂ 7 ਮਈ ਤੱਕ ਅੰਮ੍ਰਿਤਸਰ ਸਥਿਤ ਕੰਵਰਜੀਤ ਬਾਠ ਅਤੇ ਬਲਜੀਤ ਕੌਰ ਦੇ ਘਰ ਠਹਿਰਨ ਦਾ ਪ੍ਰਬੰਧ ਕੀਤਾ ਸੀ।

ਨਿਸ਼ਾਨ ਨੇ ਲੰਡਾ ਦੀਆਂ ਹਦਾਇਤਾਂ 'ਤੇ ਕੁੱਲਾ-ਪੱਟੀ ਰੋਡ 'ਤੇ ਨਿਰਧਾਰਤ ਸਥਾਨ ਤੋਂ ਰਾਕੇਟ ਲਾਂਚਰ (ਆਰ.ਪੀ.ਜੀ.) ਵੀ ਪ੍ਰਾਪਤ ਕੀਤਾ ਸੀ। ਉਨ੍ਹਾਂ ਦੱਸਿਆ ਕਿ ਬਲਜਿੰਦਰ ਰੈਂਬੋ ਨੇ ਨਿਸ਼ਾਨ ਦੇ ਨਿਰਦੇਸ਼ਾਂ 'ਤੇ ਚੜ੍ਹਤ ਸਿੰਘ ਅਤੇ ਉਸ ਦੇ ਦੋ ਸਾਥੀਆਂ ਨੂੰ ਏਕੇ-47 ਰਾਈਫਲ ਪਹੁੰਚਾਈ ਸੀ। ਪੁਲਿਸ ਮੁਖੀ ਨੇ ਕਿਹਾ ਕਿ ਅਨੰਤਦੀਪ, ਨਿਸ਼ਾਨ ਦਾ ਜੀਜਾ ਹੈ ਅਤੇ ਉਹ ਹੋਰ ਸਾਮਾਨ ਮੁਹੱਈਆ ਕਰਨ ਵਿਚ ਮਦਦ ਕਰਦਾ ਸੀ।


## ਨਿਸ਼ਾਨ ਸਿੰਘ ਦੇ ਮਾਪਿਆਂ ਨੇ ਪੁੱਤਰ ਨੂੰ ਦੱਸਿਆ ਬੇਕਸੂਰ

**ਪੱਟੀ:** ਪੁਲਿਸ ਇੰਟੈਲੀਜੈਂਸ ਵਿੰਗ ਦੇ ਮੁਹਾਲੀ ਸਥਿਤ ਮੁੱਖ ਦਫਤਰ 'ਤੇ ਰਾਕੇਟ ਲਾਂਚਰ ਨਾਲ ਕੀਤੇ ਗਏ ਹਮਲੇ ਦੇ ਸਬੰਧ ਵਿਚ ਤਰਨ ਤਾਰਨ ਜਿਲ੍ਹੇ ਦੇ ਪੱਟੀ ਨੇੜਲੇ ਪਿੰਡ ਕੁੱਲਾ ਦੇ ਫੜੇ ਗਏ ਨੌਜਵਾਨ ਨਿਸ਼ਾਨ ਸਿੰਘ ਦੇ ਮਾਪਿਆਂ ਨੇ ਕਿਹਾ ਹੈ ਕਿ ਉਹ ਬੇਕਸੂਰ ਹੈ। ਉਹ ਵਿਆਹ ਮਗਰੋਂ ਅੰਮ੍ਰਿਤਸਰ 'ਚ ਰਹਿ ਰਿਹਾ ਸੀ। ਉਸ ਖਿਲਾਫ ਪਹਿਲਾਂ ਹੀ ਐਨ.ਡੀ.ਪੀ.ਐਸ. ਐਕਟ ਸਮੇਤ ਹੋਰ ਕਈ ਕੇਸ ਦਰਜ ਹਨ। ਨਿਸ਼ਾਨ ਸਿੰਘ ਦੇ ਪਿਤਾ ਪਰਗਟ ਸਿੰਘ ਅਤੇ ਮਾਤਾ ਮਨਜੀਤ ਕੌਰ ਨੇ ਆਪਣੇ ਪੁੱਤਰ ਨੂੰ ਬੇਕਸੂਰ ਦੱਸਿਆ ਹੈ। ਨਿਸ਼ਾਨ ਸਿੰਘ ਦੇ ਮਾਪਿਆਂ ਨੇ ਦੱਸਿਆ ਕਿ ਨਿਸ਼ਾਨ ਸਿੰਘ ਚਾਰ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਡੇਢ ਮਹੀਨਾ ਪਹਿਲਾਂ ਹੀ ਪਰਤਿਆ ਹੈ।

# ਬੀ.ਕੇ.ਯੂ. 'ਚ ਟਿਕੈਤ ਭਰਾਵਾਂ ਖਿਲਾਫ 'ਬਗਾਵਤ'

**ਲਖਨਊ:** ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਵਿਚ ਫੁੱਟ ਪੈ ਗਈ ਹੈ ਤੇ ਰਾਜੇਸ਼ ਚੌਹਾਨ ਨੂੰ ਨਵੇਂ ਧੜੇ ਦਾ ਪ੍ਰਧਾਨ ਥਾਪ ਦਿੱਤਾ ਗਿਆ ਹੈ। ਚੌਹਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਧੜਾ ਬੀ.ਕੇ.ਯੂ. (ਅਰਾਜਨੀਤਕ) ਹੀ 'ਅਸਲੀ' ਸੰਗਠਨ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਰੇਸ਼ ਟਿਕੈਤ ਨੂੰ ਪ੍ਰਧਾਨ ਦੇ ਅਹੁਦੇ ਤੋਂ ਅਤੇ ਰਾਕੇਸ਼ ਟਿਕੈਤ ਨੂੰ ਜਥੇਬੰਦੀ ਦੇ ਮੁੱਖ ਬੁਲਾਰੇ ਵਜੋਂ ਲਾਂਭੇ ਕਰ ਦਿੱਤਾ ਹੈ।

ਇਹ ਫੁੱਟ ਲਖਨਊ ਵਿਚ ਬੀ.ਕੇ.ਯੂ. ਦੇ ਸੰਸਥਾਪਕ ਮਹਿੰਦਰ ਸਿੰਘ ਟਿਕੈਤ ਦੀ ਬਰਸੀ ਮੌਕੇ ਪਈ। ਰਾਜੇਸ਼ ਚੌਹਾਨ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਟਿਕੈਤ ਭਰਾ ਸੰਗਠਨ ਦਾ ਸਿਆਸੀਕਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਕਿਸਾਨਾਂ ਨੂੰ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ, 'ਅਸੀਂ ਗੈਰ-ਸਿਆਸੀ ਸੰਗਠਨ ਹਾਂ ਅਤੇ ਰਹਾਂਗੇ।' ਚੌਹਾਨ ਨੇ ਕਿਹਾ ਕਿ ਜਥੇਬੰਦੀ ਵੱਲੋਂ ਨਿਰਾਦਰ ਕੀਤੇ ਜਾਣ ਮਗਰੋਂ ਉਨ੍ਹਾਂ ਬੀ.ਕੇ.ਯੂ. ਨਾਲੋਂ ਵੱਖ ਹੋ ਕੇ ਨਵਾਂ ਧੜਾ ਬਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਦੀਆਂ ਯੂਪੀ ਚੋਣਾਂ ਵਿਚ ਜਥੇਬੰਦੀ ਨੇ ਕਥਿਤ ਸਿਆਸੀ ਪਾਰਟੀਆਂ ਦਾ ਸਾਥ ਦਿੱਤਾ ਸੀ। ਉਨ੍ਹਾਂ ਕਿਹਾ ਕਿ ਨਵੀਂ ਜਥੇਬੰਦੀ ਦਾ ਨਾਮ ਭਾਰਤੀ ਕਿਸਾਨ ਯੂਨੀਅਨ (ਅਰਾਜਨੀਤਕ) ਹੋਵੇਗਾ। ਅਰਾਜਨੀਤਕ ਦਾ ਮਤਲਬ 'ਗੈਰਸਿਆਸੀ' ਹੁੰਦਾ ਹੈ। ਨਵੀਂ ਜਥੇਬੰਦੀ ਦੇ ਸੀਨੀਅਰ ਅਹੁਦੇਦਾਰ ਹਰਿਨਾਮ ਸਿੰਘ ਨੇ ਕਿਹਾ ਕਿ ਰਾਜੇਸ਼ ਚੌਹਾਨ ਬੀ.ਕੇ.ਯੂ. (ਏ) ਦੀ ਅਗਵਾਈ ਕਰਨਗੇ।



ਇਥੇ ਬਰਸੀ ਸਮਾਗਮ ਦੌਰਾਨ ਚੌਹਾਨ ਨੇ ਕਿਹਾ ਕਿ ਉਨ੍ਹਾਂ ਕਈ ਮੌਕਿਆਂ 'ਤੇ ਆਪਣੀ ਗੱਲ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਹਰ ਵਾਰ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ। ਚੌਹਾਨ ਨੇ ਕਿਹਾ ਕਿ ਸੀਨੀਅਰ ਬੀ.ਕੇ.ਯੂ. ਆਗੂ ਨਰੇਸ਼ ਟਿਕੈਤ ਤੇ ਰਾਕੇਸ਼ ਟਿਕੈਤ ਕਥਿਤ 'ਨਾ ਵਰਕਰਾਂ ਦੀ ਸੁਣਦੇ ਹਨ ਤੇ ਨਾ ਹੀ ਕਿਸਾਨਾਂ ਦੀਆਂ ਮੁਸ਼ਕਲਾਂ ਵੱਲ ਕੋਈ ਧਿਆਨ ਦਿੰਦੇ ਹਨ। ਉਹ ਮਾੜੀ ਸੰਗਤ ਵਿਚ ਪੈ ਕੇ ਆਨੇ-ਬਹਾਨੇ ਸਾਡਾ ਨਿਰਾਦਰ ਕਰਦੇ ਰਹੇ ਹਨ। ਮੈਂ ਖੁੱਲ੍ਹ ਕੇ ਨਰੇਸ਼ ਟਿਕੈਤ ਤੇ ਰਾਕੇਸ਼ ਟਿਕੈਤ ਦੀ ਹਮਾਇਤ ਕੀਤੀ, ਪਰ ਜਦੋਂ ਚੋਣਾਂ ਆਈਆਂ, ਉਹ ਮਹਿੰਦਰ ਸਿੰਘ ਟਿਕੈਤ ਦੇ ਆਦਰਸ਼ਾਂ ਤੋਂ ਥਿੜਕ ਗਏ। ਉਨ੍ਹਾਂ ਜਥੇਬੰਦੀ ਨੂੰ ਸਿਆਸੀ ਪਾਰਟੀਆਂ ਦੀ ਕਠਪੁਤਲੀ ਬਣਾ ਛੱਡਿਆ। ਮੈਨੂੰ ਇਸ ਨਾਲ ਵੱਡਾ ਦੁੱਖ ਤੇ ਪੀੜ ਹੋਈ।" ਚੌਹਾਨ ਨੇ ਕਿਹਾ, "ਰਾਕੇਸ਼ ਟਿਕੈਤ, ਸਿਆਸੀ ਪਾਰਟੀਆਂ ਦੇ ਦਬਾਅ ਹੇਠ ਸਨ। ਉਨ੍ਹਾਂ ਇਕ ਪਾਰਟੀ ਲਈ ਪ੍ਰਚਾਰ ਜਦੋਂਕਿ ਦੂਜੀ ਪਾਰਟੀ ਦਾ ਵਿਰੋਧ ਕੀਤਾ।" ਚੌਹਾਨ ਨੇ ਹਾਲਾਂਕਿ ਕਿਸੇ ਸਿਆਸੀ ਪਾਰਟੀ ਦਾ ਨਾਂ ਨਹੀਂ ਲਿਆ। ਚੌਹਾਨ ਨੇ ਦਾਅਵਾ ਕੀਤਾ ਕਿ ਉਹ ਨਰੇਸ਼ ਟਿਕੈਤ ਤੇ ਰਾਕੇਸ਼ ਟਿਕੈਤ ਨਾਲੋਂ ਬੀ.ਕੇ.ਯੂ. ਦੇ 'ਸੀਨੀਅਰ ਸਿਪਾਹੀ' ਹਨ। ਉਨ੍ਹਾਂ ਕਿਹਾ, "ਟਿਕੈਤ ਭਰਾਵਾਂ ਦਾ ਸਬੰਧ ਬੀ.ਕੇ.ਯੂ. ਨਾਲ ਹੈ ਜਦੋਂਕਿ ਮੇਰੀ ਜਥੇਬੰਦੀ ਬੀ.ਕੇ.ਯੂ. (ਏ) ਹੈ। ਇਹ ਨਵੀਂ ਜਥੇਬੰਦੀ ਹੈ ਤੇ ਅਸੀਂ ਕੋਈ ਵਿਵਾਦ ਨਹੀਂ ਚਾਹੁੰਦੇ।"

# ਕੈਨੇਡਾ-ਅੰਮ੍ਰਿਤਸਰ ਸਿੱਧੀਆਂ ਉਡਾਣਾਂ ਦੀ ਆਸ ਬੱਝੀ



**ਅੰਮ੍ਰਿਤਸਰ:** ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਜਥੇਬੰਦੀ ਨੇ ਕੈਨੇਡਾ ਦੇ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਵੱਲੋਂ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨਾਲ ਹੋਈ ਦੁਵੱਲੀ ਗੱਲਬਾਤ ਦੌਰਾਨ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦਾ ਮੁੱਦਾ ਉਠਾਉਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਕੈਨੇਡਾ ਤੋਂ ਸਾਂਝੇ ਬਿਆਨ ਵਿਚ ਜਥੇਬੰਦੀ ਦੇ ਉੱਤਰੀ ਅਮਰੀਕਾ ਤੋਂ ਕਨਵੀਨਰ ਅਨੰਤਦੀਪ ਸਿੰਘ ਢਿੱਲੋਂ, ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ (ਅਮਰੀਕਾ) ਤੇ ਬੁਲਾਰੇ ਮੋਹਿਤ ਧੰਜੂ (ਕੈਨੇਡਾ) ਨੇ ਬਰੈਂਪਟਨ ਉੱਤਰੀ ਦੀ ਨੁਮਾਇੰਦਗੀ ਕਰਦੀ ਸੰਸਦ ਮੈਂਬਰ ਰੂਬੀ ਸਹੋਤਾ ਵੱਲੋਂ ਕੈਨੇਡਾ ਦੀ ਸੰਸਦ ਵਿਚ ਅੰਮ੍ਰਿਤਸਰ ਲਈ ਸਿੱਧੀਆਂ ਉਡਾਣਾਂ ਦਾ ਮੁੱਦਾ ਉਠਾਉਣ ਦਾ ਸਵਾਗਤ ਕੀਤਾ ਹੈ। ਉਨ੍ਹਾਂ ਸੰਸਦ ਵਿਚ ਆਪਣੀ ਪਾਰਟੀ ਦੀ ਸਰਕਾਰ ਦੇ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਨੂੰ ਉਡਾਣਾਂ ਦੇ ਮੁੱਦੇ 'ਤੇ ਸਰਕਾਰ ਦੀ ਸਥਿਤੀ ਸਪੱਸ਼ਟ ਕਰਨ ਦੀ ਅਪੀਲ ਕੀਤੀ। ਇਸ ਮੌਕੇ ਮੰਤਰੀ ਅਲਘਬਰਾ ਨੇ ਕਿਹਾ ਕਿ ਉਨ੍ਹਾਂ ਵੱਲੋਂ ਭਾਰਤ ਦੇ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਹੋਈ ਮੀਟਿੰਗ ਦੌਰਾਨ ਵੀ ਇਸ ਬਾਬਤ ਚਰਚਾ ਕੀਤੀ ਗਈ ਹੈ।

ਇਸ ਮਗਰੋਂ ਐੱਮ.ਪੀ. ਸਹੋਤਾ ਨੇ ਏਅਰ ਕੈਨੇਡਾ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਹੈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਕੈਨੇਡਾ ਦੀ ਸੰਸਦ ਅਤੇ ਭਾਰਤ-ਕੈਨੇਡਾ ਦੇ ਮੰਤਰੀਆਂ ਦੀ ਦੁਵੱਲੀ ਗੱਲਬਾਤ ਵਿਚ ਇਸ ਮੁੱਦੇ 'ਤੇ ਗੱਲਬਾਤ ਹੋਣ ਨਾਲ ਲੰਮੇ ਸਮੇਂ ਤੋਂ ਰੱਖੀ ਜਾ ਰਹੀ ਇਹ ਮੰਗ ਪੂਰੀ ਹੋਣ ਦੀ ਉਮੀਦ ਜਾਗੀ ਹੈ।

## ਦਿੱਲੀ ਤੋਂ ਚੱਲ ਰਹੀ ਹੈ ਪੰਜਾਬ ਸਰਕਾਰ: ਨੱਢਾ

**ਲੁਧਿਆਣਾ:** ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਢਾ ਇਥੇ ਵਰਕਰਾਂ ਦੇ ਵਿਸ਼ੇਸ਼ ਸਮਾਗਮ 'ਚ ਪਹੁੰਚੇ। ਇਸ ਮੌਕੇ ਉਨ੍ਹਾਂ ਕਿਹਾ ਕਿ ਦਿੱਲੀ ਦੇ ਰਿਮੋਟ ਕੰਟਰੋਲ ਦੇ ਨਾਲ ਪੰਜਾਬ ਵਿਚ ਭਗਵੰਤ ਮਾਨ ਦੀ ਸਰਕਾਰ ਚੱਲ ਰਹੀ ਹੈ, ਭਗਵੰਤ ਮਾਨ ਨੇ ਮੁੱਖ ਮੰਤਰੀ ਬਣਨ ਖਾਤਰ ਅਰਵਿੰਦ ਕੇਜਰੀਵਾਲ ਸਾਹਮਣੇ ਪੰਜਾਬ ਨੂੰ ਗਹਿਣੇ ਰੱਖ ਦਿੱਤਾ। ਅਰਵਿੰਦ ਕੇਜਰੀਵਾਲ ਸਵੇਰੇ ਜਿਵੇਂ ਹੁਕਮ ਦਿੰਦੇ ਹਨ, ਭਗਵੰਤ ਮਾਨ ਸਾਰਾ ਦਿਨ ਪੰਜਾਬ ਵਿਚ ਉਸੇ ਹੁਕਮਾਂ ਦੀ ਪਾਲਣਾ ਕਰਵਾਉਂਦਾ ਹੈ। ਇਸ ਦੌਰਾਨ ਜੇਪੀ ਨੱਢਾ ਨੇ ਦਾਅਵਾ ਕੀਤਾ ਕਿ ਅਗਲੀ ਵਾਰ ਪੰਜਾਬ ਵਿਚ ਭਾਜਪਾ ਦੀ ਸਰਕਾਰ ਬਣੇਗੀ। ਗਲਾਡਾ ਮੈਦਾਨ ਵਿਚ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਕੌਮੀ ਪ੍ਰਧਾਨ ਜੇਪੀ ਨੱਢਾ ਨੇ ਕਿਹਾ ਕਿ ਅਜਿਹਾ ਇਤਿਹਾਸ ਵਿਚ ਪਹਿਲੀ ਵਾਰ ਹੈ ਕਿ ਪੰਜਾਬ ਦੇ ਲੋਕ 50 ਦਿਨਾਂ ਵਿਚ ਹੀ 'ਆਪ' ਦੀ ਸਰਕਾਰ ਨੂੰ ਬਹੁਮਤ ਦੇ ਕੇ ਪਛਤਾਉਣ ਲੱਗੇ ਹਨ। ਪੰਜਾਬ ਵਿਚ ਲਗਾਤਾਰ ਕਾਨੂੰਨ ਵਿਵਸਥਾ ਵਿਗੜ ਰਹੀ ਹੈ, ਬੰਬ ਧਮਾਕੇ ਹੋ ਰਹੇ ਹਨ ਤੇ ਸਰਹੱਦ ਦੇ ਪਾਰੋਂ ਹਥਿਆਰ ਆ ਰਹੇ ਹਨ ਤੇ ਭਗਵੰਤ ਮਾਨ ਇਸ 'ਤੇ ਝੂਠ ਬੋਲ ਰਹੇ ਹਨ।

ਭਾਜਪਾ ਦੇ ਪ੍ਰਧਾਨ ਜੇਪੀ ਨੱਢਾ ਸਨਅਤੀ ਸ਼ਹਿਰ ਦੇ ਨੌਘਰਾ ਮੁਹੱਲੇ ਸਥਿਤ ਸ਼ਹੀਦ ਸੁਖਦੇਵ ਥਾਪਰ ਦੇ ਘਰ ਵਿਚ ਸ਼ਰਧਾਂਜਲੀ ਦੇਣ ਲਈ ਈ-ਰਿਕਸ਼ਾ 'ਚ ਸਵਾਰ ਹੋ ਕੇ ਪਹੁੰਚੇ। ਸ਼ਰਧਾਂਜਲੀ ਦੇਣ ਮਗਰੋਂ ਉਨ੍ਹਾਂ ਐਲਾਨ ਕੀਤਾ ਕਿ ਉਹ ਸ਼ਹੀਦ ਥਾਪਰ ਦੇ ਘਰ ਦੇ ਸੁੰਦਰੀਕਰਨ ਕਾਰਜਾਂ ਵਿਚ ਤੇਜ਼ੀ ਲਿਆਉਣਗੇ।

# ਪਟਿਆਲਾ ਹਿੰਸਾ: ਜਮਹੂਰੀ ਅਧਿਕਾਰ ਸਭਾ ਵੱਲੋਂ ਰਿਪੋਰਟ ਜਾਰੀ

**ਪਟਿਆਲਾ:** ਪਟਿਆਲਾ ਸ਼ਹਿਰ ਵਿਚ 29 ਅਪਰੈਲ ਨੂੰ ਵਾਪਰੀ ਹਿੰਸਕ ਘਟਨਾ ਸਬੰਧੀ ਜਮਹੂਰੀ ਅਧਿਕਾਰ ਸਭਾ ਵੱਲੋਂ ਆਪਣੀ ਤੱਥ ਖੋਜ ਰਿਪੋਰਟ ਜਾਰੀ ਕੀਤੀ ਗਈ ਹੈ। ਇਸ ਮੁਤਾਬਕ ਘਟਨਾ ਦਾ ਮੁੱਖ ਕਾਰਨ ਬਣੇ ਖਾਲਿਸਤਾਨ ਵਿਰੋਧੀ ਮਾਰਚ ਦਾ ਪ੍ਰਾਚੀਨ ਕਾਲੀ ਮਾਤਾ ਮੰਦਿਰ ਨਾਲ ਕੋਈ ਸਬੰਧ ਨਹੀਂ ਸੀ ਤੇ ਮੰਦਿਰ ਦੇ ਨੇੜੇ ਝੜਪ ਤੇ ਪਥਰਾਅ ਦੀ ਘਟਨਾ ਯੋਜਨਾ ਤਹਿਤ ਨਹੀਂ ਸਗੋਂ ਅਚਾਨਕ ਵਾਪਰੀ ਸੀ।

ਇਹ ਰਿਪੋਰਟ ਇਥੇ ਸਭਾ ਦੇ ਪ੍ਰਧਾਨ ਪ੍ਰੋ. ਰਣਜੀਤ ਸਿੰਘ ਘੁੰਮਣ, ਸਕੱਤਰ ਵਿਧੂ ਸ਼ੇਖਰ ਭਾਰਦਵਾਜ ਨੇ ਜਾਰੀ ਕੀਤੀ। ਰਿਪੋਰਟ ਅਨੁਸਾਰ ਭਾਵੇਂ ਮੰਦਿਰ 'ਤੇ ਪਥਰਾਅ ਹੋਇਆ ਸੀ, ਪਰ ਕੋਈ ਵੀ ਪ੍ਰਦਰਸ਼ਨਕਾਰੀ ਮੰਦਿਰ ਦੇ ਅੰਦਰ ਨਹੀਂ ਵੜਿਆ। ਇਹ ਟਕਰਾਅ ਮੰਦਿਰ ਦੇ ਬਾਹਰ ਦੁਕਾਨਾਂ ਤੱਕ ਹੀ ਸੀਮਤ ਰਿਹਾ। ਪ੍ਰਦਰਸ਼ਨਕਾਰੀ ਸਿੱਖ ਕਾਰਕੁਨਾਂ ਵਿੱਚੋਂ ਬਹੁਤੇ ਬਾਹਰਲੇ ਜ਼ਿਲ੍ਹਿਆਂ ਤੋਂ ਸਨ। ਰਿਪੋਰਟ ਵਿਚ ਇਸ ਟਕਰਾਅ ਲਈ ਬਲਜਿੰਦਰ ਸਿੰਘ ਪਰਵਾਨਾ ਤੇ ਹਰੀਸ਼ ਸਿੰਗਲਾ ਨੂੰ ਮੁੱਖ ਜਿੰਮੇਵਾਰ ਠਹਿਰਾਇਆ ਗਿਆ ਹੈ, ਉੱਥੇ ਹੀ ਸਥਾਨਕ ਪ੍ਰਸ਼ਾਸਨ ਤੇ ਪੁਲਿਸ ਵਿਭਾਗ ਨੂੰ ਜਿੰਮੇਵਾਰੀ ਨਿਭਾਉਣ ਵਿਚ ਫੇਲ੍ਹ ਵੀ ਗਰਦਾਨਿਆ ਹੈ। ਘਟਨਾ ਮਗਰੋਂ ਕੁਝ ਧਿਰਾਂ ਵੱਲੋਂ ਭਾਵੇਂ ਕਿ ਵਿਵਾਦ ਨੂੰ ਤੂਲ ਦੇਣ ਦੀ ਕੋਸ਼ਿਸ਼ ਵੀ ਕੀਤੀ ਗਈ, ਪਰ ਇਸ ਦੇ ਬਾਵਜੂਦ ਅਜਿਹੀਆਂ ਸ਼ਕਤੀਆਂ ਦੇ ਮਨਸੂਬੇ ਕਾਮਯਾਬ ਨਾ ਹੋ ਸਕੇ। ਉਨ੍ਹਾਂ ਅਨੁਸਾਰ ਸਥਾਨਕ ਪੱਧਰ 'ਤੇ ਹਿੰਦੂ ਅਤੇ ਸਿੱਖ ਸੰਗਠਨਾਂ ਦੇ ਆਗੂਆਂ ਦੀ ਭੂਮਿਕਾ ਉਸਾਰੂ ਸੀ। ਇੱਕ ਹੋਰ ਤੱਥ ਇਹ ਵੀ ਸਾਹਮਣੇ ਆਇਆ ਹੈ ਕਿ ਮੰਦਿਰ ਦੇ ਸਾਹਮਣਿਓਂ ਲੰਘ ਰਹੇ ਦਸ ਕੁ ਸਿੱਖ ਕਾਰਕੁਨਾਂ ਨੇ ਖਾਲਿਸਤਾਨ ਜ਼ਿੰਦਾਬਾਦ ਦਾ ਨਾਅਰਾ ਲਾ ਕੇ ਪਹਿਲਕਦਮੀ ਕੀਤੀ ਸੀ, ਪਰ ਪਥਰਾਅ ਦੀ ਪਹਿਲਕਦਮੀ ਮੰਦਿਰ ਵਾਲੇ ਪਾਸਿਓਂ ਹੋਈ ਸੀ। ਸਭਾ ਵੱਲੋਂ ਜੁਟਾਏ ਗਏ ਤੱਥਾਂ ਅਨੁਸਾਰ ਜ਼ਖਮੀ ਹੋਏ ਬਲਵਿੰਦਰ ਸਿੰਘ ਅਜਨਾਲੀ ਨਾਂ ਦੇ ਸਿੱਖ ਕਾਰਕੁਨ ਨੂੰ ਲੱਗੀ ਗੋਲੀ ਮੰਦਰ ਵੱਲੋਂ ਆਈ ਦੱਸੀ ਗਈ ਹੈ। ਦੂਜੇ ਪਾਸੇ ਤੇਜ਼ਧਾਰ ਹਥਿਆਰ ਨਾਲ ਜ਼ਖਮੀ ਹੋਏ ਇਕ ਹਿੰਦੂ ਸੰਗਠਨ ਦੇ ਪ੍ਰਮੁੱਖ ਆਗੂ ਆਸ਼ੂਤੋਸ਼ ਗੌਤਮ 'ਤੇ ਹਮਲਾ ਮੰਦਿਰ ਦੇ ਬਾਹਰ ਹੀ ਹੋਇਆ ਸੀ। ਇਕ ਹੋਰ ਤੱਥ ਮੁਤਾਬਕ ਸ਼ਿਵ ਸੈਨਾ ਆਗੂ ਵੱਲੋਂ ਮਾਰਚ ਦਾ ਪ੍ਰੋਗਰਾਮ ਆਰੀਆ ਸਮਾਜ ਚੌਕ 'ਚ ਉਲੀਕਿਆ ਗਿਆ ਸੀ, ਜੋ ਮੰਦਿਰ ਤੋਂ ਕਾਫੀ ਫਰਕ 'ਤੇ ਸਥਿਤ ਹੈ। ਭਾਵ ਮਾਰਚ ਦਾ ਮੰਦਿਰ ਨਾਲ ਕੋਈ ਸਬੰਧ ਨਹੀਂ ਸੀ, ਪਰ ਕਈ ਦਿਨਾਂ ਤੋਂ ਕੀਤੇ ਐਲਾਨ ਮੁਤਾਬਕ ਪੁਲਿਸ ਨਾ ਤਾਂ ਸ਼ਿਵ ਸੈਨਾ ਆਗੂ ਵੱਲੋਂ ਉਲੀਕਿਆ ਮਾਰਚ ਹੀ ਰੋਕ ਸਕੀ ਤੇ ਨਾ ਹੀ ਸਿੱਖ ਕਾਰਕੁਨਾਂ ਦੀ ਇਕੱਤਰਤਾ ਨੂੰ ਟਾਲ ਸਕੀ।



# ਭਾਰਤ ਸਰਕਾਰ ਨੇ ਕਣਕ ਦੀ ਬਰਾਮਦ ’ਤੇ ਪਾਬੰਦੀ ਲਾਈ



**ਨਵੀਂ ਦਿੱਲੀ:** ਭਾਰਤ ਨੇ ਕਣਕ ਬਰਾਮਦ ਕਰਨ ‘ਤੇ ਤੁਰਤ ਪ੍ਰਭਾਵ ਨਾਲ ਰੋਕ ਲਾ ਦਿੱਤੀ ਹੈ। ਸਰਕਾਰ ਮੁਤਾਬਕ ਇਹ ਫੈਸਲਾ ਵਧ ਰਹੀਆਂ ਘਰੇਲੂ ਕੀਮਤਾਂ ‘ਤੇ ਕਾਬੂ ਰੱਖਣ ਲਈ ਕੀਤਾ ਗਿਆ ਹੈ। ਵਿਦੇਸ਼ ਵਪਾਰ ਡਾਇਰੈਕਟਰ ਜਨਰਲ (ਡੀ.ਜੀ.ਐਫ.ਟੀ.) ਨੇ ਦੱਸਿਆ ਕਿ ਬਰਾਮਦ ਦੇ ਜਿਨ੍ਹਾਂ ਸੌਦਿਆਂ ਲਈ 13 ਮਈ ਤੋਂ ਪਹਿਲਾਂ ‘ਲੈਟਰ ਆਫ ਕਰੈਡਿਟ‘ (ਐਲ.ਓ.ਸੀ.) ਜਾਰੀ ਹੋ ਚੁੱਕਾ ਹੈ, ਉਨ੍ਹਾਂ ਨੂੰ ਬਰਾਮਦ ਕਰਨ ਦੀ ਮਨਜ਼ੂਰੀ ਹੋਵੇਗੀ।

ਸਰਕਾਰ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ ਦੂਜੇ ਮੁਲਕਾਂ ਨੂੰ ਕਣਕ ਦੀ ਬਰਾਮਦ ਭਾਰਤ ਸਰਕਾਰ ਵੱਲੋਂ ਇਜਾਜ਼ਤ ਦੇਣ ਉਤੇ ਨਿਰਭਰ ਕਰੇਗੀ। ਦੂਜੇ ਮੁਲਕਾਂ ਨੂੰ ਕਣਕ ਦੀ ਬਰਾਮਦ ਉਨ੍ਹਾਂ ਦੀਆਂ ਖੁਰਾਕੀ ਲੋੜਾਂ ਮੁਤਾਬਕ ਤੇ ਉਨ੍ਹਾਂ ਵੱਲੋਂ ਕੀਤੀ ਬੇਨਤੀ ਉਤੇ ਹੋਵੇਗੀ। ਇਕ ਹੋਰ ਨੋਟੀਫਿਕੇਸ਼ਨ ਵਿਚ ਡੀ.ਜੀ.ਐਫ.ਟੀ. ਨੇ ਪਿਆਜ ਦੇ ਬੀਜਾਂ ਲਈ ਬਰਾਮਦ ਦੀਆਂ ਸ਼ਰਤਾਂ ਨੂੰ ਸੁਖਾਲਾ ਕੀਤਾ ਹੈ ਜਦਕਿ ਪਹਿਲਾਂ ਇਨ੍ਹਾਂ ਨੂੰ ਬਰਾਮਦ ਕਰਨ ‘ਤੇ ਪੂਰਨ ਪਾਬੰਦੀ ਲੱਗੀ ਹੋਈ ਸੀ।

ਜ਼ਿਕਰਯੋਗ ਹੈ ਕਿ ਇਸੇ ਹਫਤੇ ਰਿਲੀਜ ਸਰਕਾਰੀ ਅੰਕੜਿਆਂ ਵਿਚ ਖੁਲਾਸਾ ਹੋਇਆ ਸੀ ਕਿ ਮਹਿੰਗਾਈ ਅਪਰੈਲ ਵਿਚ ਅੱਠ ਸਾਲਾਂ ਦੇ ਸਭ ਤੋਂ ਉੱਚੇ ਪੱਧਰ ਉਤੇ ਪਹੁੰਚ ਗਈ ਹੈ। ਇਸ ਦਾ ਕਾਰਨ ਤੇਲ ਤੇ ਖੁਰਾਕੀ ਵਸਤਾਂ ਦਾ ਮਹਿੰਗਾ ਹੋਣਾ ਹੈ। ਦੱਸਣਯੋਗ ਹੈ ਕਿ ਰੂਸ ਤੇ ਯੂਕਰੇਨ ਵੀ ਸੰਸਾਰ ਦੇ ਵੱਡੇ ਅਨਾਜ ਬਰਾਮਦਕਾਰ ਹਨ। ਦੋਵਾਂ ਮੁਲਕਾਂ ਵਿਚਾਲੇ ਲੱਗੀ ਜੰਗ ਕਾਰਨ ਆਲਮੀ ਪੱਧਰ ‘ਤੇ ਕਣਕ ਦੀ ਸਪਲਾਈ ਵਿਚ ਅੜਿੱਕਾ ਪਿਆ ਹੈ। ਮਜ਼ਬੂਤ ਮੰਗ ਕਾਰਨ 2021-22 ਵਿਚ ਭਾਰਤ ਨੇ 2.05 ਅਰਬ ਡਾਲਰ ਦੀ 70 ਲੱਖ ਟਨ ਕਣਕ ਬਰਾਮਦ ਕੀਤੀ ਸੀ।

ਅੰਕੜਿਆਂ ਮੁਤਾਬਕ 50 ਪ੍ਰਤੀਸ਼ਤ ਕਣਕ ਸਿਰਫ ਬੰਗਲਾਦੇਸ਼ ਭੇਜੀ ਗਈ ਹੈ। ਭਾਰਤ ਨੇ ਪਿਛਲੇ ਸਾਲ ਇਸੇ ਵਕਫ਼ੇ ਦੌਰਾਨ 1,30,000 ਟਨ ਕਣਕ ਬਰਾਮਦ ਕੀਤੀ ਸੀ। ਜਦਕਿ ਇਸ ਵਾਰ 9,63,000 ਟਨ ਕਣਕ ਭੇਜੀ ਜਾ ਚੁੱਕੀ ਹੈ। ਭਾਰਤ 2022-23 ਵਿਚ 1 ਕਰੋੜ ਟਨ ਕਣਕ ਬਰਾਮਦ ਕਰਨ ਦੀ ਯੋਜਨਾ ਬਣਾ ਰਿਹਾ ਸੀ। ਵਣਜ ਮੰਤਰਾਲੇ ਨੇ ਹਾਲ ਹੀ ਵਿਚ ਦੱਸਿਆ ਸੀ ਕਿ ਭਾਰਤ ਨੌਂ ਮੁਲਕਾਂ ਵਿਚ ਵਪਾਰਕ ਵਫ਼ਦ ਭੇਜ ਰਿਹਾ ਹੈ ਤਾਂ ਕਿ ਕਣਕ ਦੀ ਬਰਾਮਦ ਵਧਾਈ ਜਾ ਸਕੇ। ਦੱਸਣਯੋਗ ਹੈ ਕਿ ਭਾਰਤ ਵਿਚ ਕਣਕ ਦੀ ਸਰਕਾਰੀ ਖਰੀਦ ਵੀ ਘਟੀ ਹੈ। ਪਹਿਲੀ ਮਈ ਤੱਕ ਇਹ 44 ਪ੍ਰਤੀਸ਼ਤ ਘੱਟ ਕੇ ਕਰੀਬ ਇਕ ਕਰੋੜ 60 ਲੱਖ ਟਨ ਸੀ।

ਇਸ ਦਾ ਕਾਰਨ ਵਰਤਮਾਨ ਹਾੜ੍ਹੀ ਦੇ ਮੰਡੀਕਰਨ ਸੀਜ਼ਨ ਵਿਚ ਪ੍ਰਾਈਵੇਟ ਵਪਾਰੀਆਂ ਵੱਲੋਂ ਜ਼ਿਆਦਾ ਲਿਫਟਿੰਗ ਕਰਨਾ ਤੇ ਪੰਜਾਬ-ਹਰਿਆਣਾ ਦੀਆਂ ਮੰਡੀਆਂ ‘ਚ ਘੱਟ ਕਣਕ ਪਹੁੰਚਣਾ ਹੈ। ਸਰਕਾਰ ਨੇ ਇਕ ਸਾਲ ਪਹਿਲਾਂ ਇਸੇ ਵਕਫ਼ੇ ‘ਚ 2 ਕਰੋੜ 80 ਲੱਖ ਟਨ ਤੋਂ ਵੱਧ ਕਣਕ ਖਰੀਦੀ ਸੀ। ਸੂਤਰਾਂ ਦਾ ਕਹਿਣਾ ਹੈ ਕਿ ਕਣਕ ਦੀ ਬਰਾਮਦ ਉਤੇ ਪਾਬੰਦੀ ਦੇ ਸਰਕਾਰ ਦੇ ਫੈਸਲੇ ਨਾਲ ਕੁਝ ਵਿਦੇਸ਼ੀ ਵਪਾਰਕ ਅਦਾਰਿਆਂ ਵੱਲੋਂ ਭਾਰਤੀ ਕਣਕ ਦੀ ਜਮ੍ਹਾਂਖੋਰੀ ਦੇ ਕੀਤੇ ਜਾ ਰਹੇ ਯਤਨਾਂ ਉਤੇ ਰੋਕ ਲੱਗੇਗੀ।

ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਭਾਰਤ ਆਪਣੇ ਕਣਕ ਦੇ ਭੰਡਾਰ ਦੀ ਸਹੀ ਤੇ ਢੁਕਵੀਂ ਵਰਤੋਂ ਯਕੀਨੀ ਬਣਾਉਣਾ ਚਾਹੁੰਦਾ ਹੈ ਤਾਂਕਿ ਆਲਮੀ ਲੋੜਾਂ, ਖਾਸ ਕਰ ਕੇ ਜ਼ਿਆਦਾ ਲੋੜਵੰਦ ਮੁਲਕਾਂ ਦਾ ਖਿਆਲ ਰੱਖਿਆ ਜਾ ਸਕੇ।

## ਬਰਾਮਦ ’ਤੇ ਪਾਬੰਦੀ ਕਿਸਾਨ ਵਿਰੋਧੀ ਕਦਮ: ਕਾਂਗਰਸ

**ਉਦੈਪੁਰ:** ਕਣਕ ਦੇ ਨਿਰਯਾਤ ਉਤੇ ਪਾਬੰਦੀ ਲਗਾਉਣ ਦੇ ਸਰਕਾਰ ਦੇ ਕਦਮ ਨੂੰ ‘ਕਿਸਾਨ ਵਿਰੋਧੀ’ ਕਰਾਰ ਦਿੰਦੇ ਹੋਏ ਕਾਂਗਰਸ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਲੋੜੀਂਦੀ ਕਣਕ ਦੀ ਖਰੀਦ ਨਹੀਂ ਕੀਤੀ, ਜਿਸ ਕਾਰਨ ਉਸ ਨੂੰ ਬਰਾਮਦ ਉਤੇ ਪਾਬੰਦੀ ਲਗਾਉਣੀ ਪਈ। ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਵਿੱਤ ਮੰਤਰੀ ਪੀ ਚਿਦੰਬਰਮ ਨੇ ਕਿਹਾ, ‘ਮੇਰਾ ਮੰਨਣਾ ਹੈ ਕਿ ਕੇਂਦਰ ਸਰਕਾਰ ਲੋੜੀਂਦੀ ਕਣਕ ਦੀ ਖਰੀਦ ਕਰਨ ਵਿਚ ਅਸਫਲ ਰਹੀ ਹੈ। ਅਜਿਹਾ ਨਹੀਂ ਹੈ ਕਿ ਕਣਕ ਦਾ ਝਾੜ ਘਟਿਆ ਹੈ। ਕੁੱਲ ਮਿਲਾ ਕੇ ਇਹ ਪਹਿਲਾਂ ਵਾਂਗ ਹੀ ਹੈ। ਹੋ ਸਕਦਾ ਹੈ ਕਿ ਪਹਿਲਾਂ ਨਾਲੋਂ ਥੋੜ੍ਹਾ ਜਿਹਾ ਵੱਧ ਝਾੜ ਨਿਕਲਿਆ ਹੋਵੇ।’ ਉਨ੍ਹਾਂ ਕਿਹਾ, ‘ਇਹ ਕਿਸਾਨ ਵਿਰੋਧੀ ਕਦਮ ਹੈ। ਮੈਨੂੰ ਕੋਈ ਹੈਰਾਨੀ ਨਹੀਂ, ਕਿਉਂਕਿ ਇਹ ਸਰਕਾਰ ਕਦੇ ਵੀ ਕਿਸਾਨ ਹਿਤੈਸ਼ੀ ਨਹੀਂ ਰਹੀ।’

## ਗੁਆਂਢੀ ਮੁਲਕਾਂ ਖਾਤਰ ਲਿਆ ਫੈਸਲਾ: ਕੇਂਦਰ

**ਨਵੀਂ ਦਿੱਲੀ:** ਕੇਂਦਰੀ ਵਣਜ ਸਕੱਤਰ ਬੀ.ਵੀ.ਆਰ. ਸੁਬਰਾਮਣੀਅਮ ਨੇ ਕਿਹਾ ਕਿ ਕਣਕ ਦੀ ਬਰਾਮਦ ਰੋਕਣ ਦਾ ਫੈਸਲਾ ਘਰੇਲੂ ਕੀਮਤਾਂ ਉਤੇ ਕਾਬੂ ਰੱਖਣ ਵਿਚ ਮਦਦ ਕਰੇਗਾ। ਇਸ ਨਾਲ ਭਾਰਤ ਦੇ ਗੁਆਂਢੀ ਮੁਲਕਾਂ ਤੇ ਲੋੜਵੰਦ ਦੇਸ਼ਾਂ ਦੀਆਂ ਜਰੂਰਤਾਂ ਵੀ ਪੂਰੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਫੈਸਲਾ ਸਹੀ ਸਮੇਂ ਉਤੇ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਪੈਦਾਵਾਰ ਵਿਚ ਕੋਈ ਵੱਡੀ ਕਮੀ ਨਹੀਂ ਹੈ, ਨਾ ਹੀ ਕੋਈ ਹੋਰ ਵੱਡਾ ਸੰਕਟ ਹੈ। ਸਰਕਾਰੀ ਗੁਦਾਮਾਂ ਵਿਚ ਲੋੜੀਂਦਾ ਸਟਾਕ ਪਿਆ ਹੈ। ਸਕੱਤਰ ਨੇ ਕਿਹਾ ਕਿ ਮੁੱਖ ਟੀਚਾ ‘ਕੀਮਤਾਂ ਵਧਣ ਤੋਂ ਰੋਕਣਾ ਹੈ।’

# ਕੇਂਦਰ ਵੱਲੋਂ ਪੰਜਾਬ ਤੇ ਹਰਿਆਣੇ ਨੂੰ ਕਣਕ ਦੇ ਮਾਪਦੰਡਾਂ ’ਚ ਛੋਟ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਪੰਜਾਬ ਅਤੇ ਹਰਿਆਣਾ ‘ਚੋਂ ਖਰੀਦੀ ਗਈ ਕਣਕ ਦੀ ਫਸਲ ਦੇ ਮਿਆਰ ਨੂੰ ਨਿਸ਼ਚਿਤ ਮਾਪਦੰਡਾਂ ਤੋਂ ਛੋਟ ਦੇ ਦਿੱਤੀ ਹੈ। ਪੰਜਾਬ ਦੀ ‘ਆਪ‘ ਸਰਕਾਰ ਲਈ ਇਹ ਰਾਹਤ ਭਰੀ ਖ਼ਬਰ ਹੈ ਅਤੇ ਕੇਂਦਰੀ ਪੂਲ ਲਈ ਹੁਣ ਸੂਬੇ ‘ਚੋਂ ਖਰੀਦੀ ਗਈ ਕਣਕ ਦੀ ਫਸਲ ਪ੍ਰਵਾਨਯੋਗ ਹੋ ਗਈ ਹੈ। ਚੇਤੇ ਰਹੇ ਕਿ ਐਤਕੀਂ ਮਾਰਚ ‘ਚ ਤਪਸ਼ ਵਧਣ ਕਰਕੇ ਕਣਕ ਦਾ ਦਾਣਾ ਛੇ ਫੀਸਦੀ ਤੋਂ ਜ਼ਿਆਦਾ ਸੁੰਗੜ ਗਿਆ ਸੀ। ਕੇਂਦਰੀ ਮਾਪਦੰਡਾਂ ਅਨੁਸਾਰ ਕਣਕ ਦੇ ਦਾਣੇ ਦਾ ਮਿਆਰ 6 ਫੀਸਦੀ ਤੱਕ ਹੀ ਸਵੀਕਾਰਨਯੋਗ ਹੁੰਦਾ ਹੈ ਪ੍ਰੰਤੂ ਗਰਮੀ ਕਰਕੇ ਕਣਕ ਦੇ ਸੁੰਗੜੇ ਦਾਣੇ ਦੀ ਦਰ 22 ਫੀਸਦੀ ਤੱਕ ਪੁੱਜ ਗਈ ਸੀ। ਭਾਰਤੀ ਖੁਰਾਕ ਨਿਗਮ ਨੇ ਨਿਰਧਾਰਿਤ ਮਾਪਦੰਡਾਂ ਦੇ ਦਾਇਰੇ ‘ਚੋਂ ਬਾਹਰ ਵਾਲੀ ਫਸਲ ਨੂੰ ਲੈਣਾ ਬੰਦ ਕਰ ਦਿੱਤਾ ਸੀ।

ਕੇਂਦਰੀ ਖੁਰਾਕ ਮੰਤਰਾਲੇ ਨੇ ਪੰਜਾਬ ਅਤੇ ਹਰਿਆਣਾ ਸਰਕਾਰ ਨੂੰ ਪੱਤਰ ਜਾਰੀ ਕਰਕੇ ਸੂਚਿਤ ਕੀਤਾ ਹੈ ਕਿ ਦੋਵੇਂ ਸੂਬਿਆਂ ‘ਚੋਂ ਬਿਨਾਂ ਕਿਸੇ ਕੱਟ ਦੇ 18 ਫੀਸਦੀ ਤੱਕ ਕਣਕ ਦੇ ਸੁੰਗੜੇ ਦਾਣੇ ਅਤੇ ਟੁੱਟ ‘ਚ ਛੋਟ ਦੇ ਦਿੱਤੀ ਗਈ ਹੈ।

ਕੇਂਦਰੀ ਖੁਰਾਕ ਮੰਤਰਾਲੇ ਨੇ ਕਿਹਾ ਹੈ ਕਿ ਕਿਸਾਨਾਂ ਦੀਆਂ ਤਕਲੀਫਾਂ ਘਟਾਉਣ ਅਤੇ ਕਣਕ ਘੱਟ ਭਾਅ ‘ਤੇ ਵਿਕਣ ਦੀ ਸੰਭਾਵਨਾ ਨੂੰ ਦਰਕਿਨਾਰ ਕਰਨ ਲਈ 2022-23 ਦੇ ਸੀਜ਼ਨ ਵਿਚ ਕੇਂਦਰੀ ਪੂਲ ਲਈ ਖਰੀਦ ਕੀਤੀ ਕਣਕ ਦੇ ਤੈਅ ਮਾਪਦੰਡਾਂ ਵਿਚ ਛੋਟ ਦੇਣ ਦਾ ਫੈਸਲਾ ਕੀਤਾ ਹੈ। ਕੇਂਦਰ ਨੇ ਇਹ ਸ਼ਰਤ ਵੀ ਲਗਾ ਦਿੱਤੀ ਹੈ ਕਿ ਨਿਸ਼ਚਿਤ ਮਿਆਰਾਂ ਵਿਚ ਦਿੱਤੀ ਛੋਟ ਵਾਲੀ ਕਣਕ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ ਦੀ ਹੋਵੇਗੀ। ਜੇਕਰ ਇਹ ਕਣਕ ਖਰਾਬ ਹੁੰਦੀ ਹੈ ਤਾਂ ਰਾਜ ਸਰਕਾਰਾਂ ਦੀ ਜ਼ਿੰਮੇਵਾਰੀ ਤੈਅ ਹੋਵੇਗੀ। ਕੁਝ ਵੀ ਹੋਵੇ, ਪੰਜਾਬ ਸਰਕਾਰ ਸਿਰ ਲਟਕ ਰਹੀ ਤਲਵਾਰ ਇਸ ਕੇਂਦਰੀ ਫੈਸਲੇ ਨਾਲ ਹਟ ਗਈ ਹੈ। ਨੁਕਸਾਨੀ ਫਸਲ ਨੂੰ ਵੱਖਰਾ ਰੱਖਣ ਲਈ ਵੀ ਕਿਹਾ ਗਿਆ ਹੈ।

ਚਰਚੇ ਸਨ ਕਿ ਕੇਂਦਰ ਸਰਕਾਰ ਨੇ ਜੇਕਰ ਕੋਈ ਵਫ਼ਦਲਊ ਕੱਟ ਲਾ ਦਿੱਤਾ ਤਾਂ ਕਰੋੜਾਂ ਰੁਪਏ ਦੀ ਭਰਪਾਈ ਪੰਜਾਬ ਸਰਕਾਰ ਨੂੰ ਕਰਨੀ ਪੈਣੀ ਸੀ। ਹੁਣ ਮਾਪਦੰਡਾਂ ਵਿਚ ਛੋਟ ਦਿੱਤੇ ਜਾਣ ਨਾਲ ਪੰਜਾਬ ‘ਤੇ ਨਵਾਂ ਵਿੱਤੀ ਬੋਝ ਪੈਣ ਤੋਂ ਬਚਾਅ ਹੋ ਗਿਆ ਹੈ। ਪੰਜਾਬ ਸਰਕਾਰ ਨੇ 11 ਅਪਰੈਲ ਨੂੰ ਕੇਂਦਰ ਨੂੰ ਪੱਤਰ ਲਿਖ ਕੇ ਸੁੰਗੜੇ ਦਾਣੇ ਦੇ ਮਸਲੇ ਤੋਂ ਜਾਣੂ ਕਰਾਇਆ ਸੀ। ਉਸ ਮਗਰੋਂ ਹਰਿਆਣਾ ਸਰਕਾਰ ਨੇ ਵੀ 15 ਅਪਰੈਲ ਨੂੰ ਕੇਂਦਰ ਨੂੰ ਇਸ ਬਾਰੇ ਚਿੱਠੀ ਲਿਖੀ ਸੀ। ਕੇਂਦਰ ਸਰਕਾਰ ਨੇ ਦੋ ਵਾਰ ਆਪਣੀਆਂ ਟੀਮਾਂ ਪੰਜਾਬ ਵਿਚ ਭੇਜ ਕੇ ਨੁਕਸਾਨੀ ਫਸਲ ਦੇ ਨਮੂਨੇ ਭਰੇ ਸਨ। ਕੇਂਦਰੀ ਫੈਸਲੇ ਨਾਲ ਹੁਣ ਪੰਜਾਬ ‘ਚੋਂ ਕਣਕ ਦੀ ਢੁਆਈ ਲਈ ਰਾਹ ਪੱਧਰਾ ਹੋ ਗਿਆ ਹੈ। ਪਿਛਲੇ ਦਿਨਾਂ ਤੋਂ ਸੂਬੇ ‘ਚੋਂ ਕਣਕ ਦੀ ਢੋਆ-ਢੁਆਈ ਨੂੰ ਬਰੇਕ ਲੱਗ ਗਈ ਸੀ ਕਿਉਂਕਿ ਭਾਰਤੀ ਖੁਰਾਕ ਨਿਗਮ ਖਰੀਦੀ ਫਸਲ ਨੂੰ ਚੁੱਕਣ ਲਈ ਰਜ਼ਾਮੰਦ ਨਹੀਂ ਸੀ। ਪਿਛਲੇ ਦਿਨਾਂ ਵਿਚ ਸਿਰਫ ਪੁਰਾਣੀ ਕਣਕ ਦੀ ਹੀ ਢੁਆਈ ਹੋਈ ਸੀ। ਦੇਖਿਆ ਜਾਵੇ ਤਾਂ ਕੇਂਦਰ ਸਰਕਾਰ ਦੀ ਐਤਕੀਂ ਕੇਂਦਰੀ ਪੂਲ ਦੀ ਕਣਕ ਦੇ ਮਾਪਦੰਡਾਂ ਵਿਚ ਛੋਟ ਦੇਣਾ ਮਜਬੂਰੀ ਵੀ ਸੀ ਕਿਉਂਕਿ ਦੇਸ ਵਿਚ ਕਣਕ ਦੀ ਪੈਦਾਵਾਰ ਵਿਚ ਕਟੌਤੀ ਹੋਈ ਸੀ। ਕੇਂਦਰ ਨੇ ਇਸੇ ਕਰਕੇ ਹਾਲ ਹੀ ਵਿਚ ਕਣਕ ਦੀ ਬਰਾਮਦ ਨੂੰ ਠੱਲ੍ਹਣ ਲਈ ਬਰਾਮਦਗੀ ਟੈਕਸ ਲਾਇਆ ਹੈ।

ਪੰਜਾਬ ਵਿਚ ਹੁਣ ਤੱਕ 102.42 ਲੱਖ ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ ਜਦੋਂ ਕਿ ਟੀਚਾ 132 ਲੱਖ ਮੀਟਰਿਕ ਟਨ ਦਾ ਮਿਥਿਆ ਗਿਆ ਸੀ। ਭਾਰਤੀ ਖੁਰਾਕ ਨਿਗਮ ਨੇ ਪੰਜਾਬ ‘ਚੋਂ ਸਿਰਫ 6.20 ਲੱਖ ਮੀਟਰਿਕ ਟਨ ਜਦੋਂ ਕਿ ਪ੍ਰਾਈਵੇਟ ਨੇ 6.29 ਲੱਖ ਮੀਟਰਿਕ ਟਨ ਕਣਕ ਦੀ ਖਰੀਦ ਕੀਤੀ ਹੈ। ਭਾਵੇਂ ਕੇਂਦਰ ਨੇ ਸੂਬਾ ਸਰਕਾਰ ਨੂੰ ਰਾਹਤ ਦੇ ਦਿੱਤੀ ਹੈ ਪਰ ਕਣਕ ਦੇ ਘਟੇ ਝਾੜ ਕਰਕੇ ਕਿਸਾਨਾਂ ਨੂੰ ਕਰੀਬ ਛੇ ਹਜ਼ਾਰ ਕਰੋੜ ਰੁਪਏ ਦਾ ਵਿੱਤੀ ਨੁਕਸਾਨ ਜਰੂਰ ਹੋ ਗਿਆ ਹੈ।

## ਖਜ਼ਾਨਾ ਭਰਨ ਮਗਰੋਂ ਹੀ ਔਰਤਾਂ ਨੂੰ ਹਜ਼ਾਰ ਰੁਪਏ ਦੇਵੇਗੀ ਮਾਨ ਸਰਕਾਰ

**ਅੰਮ੍ਰਿਤਸਰ:** ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਮ ਆਦਮੀ ਪਾਰਟੀ ਵੱਲੋਂ ਔਰਤਾਂ ਨੂੰ ਇਕ-ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਗਾਰੰਟੀ ਨੂੰ ਤੁਰਤ ਲਾਗੂ ਕਰਨ ਤੋਂ ਫਿਲਹਾਲ ਅਸਮਰੱਥਾ ਪ੍ਰਗਟਾਈ ਹੈ।ਉਨ੍ਹਾਂ ਆਖਿਆ ਕਿ ਖ਼ਜ਼ਾਨੇ ਵਿਚ ਕੁਝ ਆਉਣ ਤੋਂ ਬਾਅਦ ਹੀ ਇਹ ਸਹੂਲਤ ਲਾਗੂ ਹੋਵੇਗੀ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਸੂਬੇ ਦਾ ਖ਼ਜ਼ਾਨਾ ਖਾਲੀ ਕਰ ਗਈ ਸੀ। ਉਨ੍ਹਾਂ ਕਿਹਾ ਕਿ 75 ਸਾਲਾਂ ਦੀਆਂ ਉਲਝੀਆਂ ਤੰਦਾਂ ਨੂੰ ਸੁਲਝਾਉਣ ਲਈ ਸਮਾਂ ਲੱਗੇਗਾ ਅਤੇ ਫਿਰ ਪੰਜਾਬ ਖੁਸ਼ਹਾਲ ਹੋਵੇਗਾ। ਨਸ਼ਿਆਂ ਦੇ ਮਾਮਲੇ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਅਤੇ ਸਮਾਜ ਦੋਵਾਂ ਨੂੰ ਇਕੱਠੇ ਕੰਮ ਕਰਨ ਦੀ ਲੋੜ ਹੈ।

# ਮਹਿੰਗਾਈ 8 ਸਾਲਾਂ ਦੇ ਸਿਖਰਲੇ ਪੱਧਰ ’ਤੇ ਪਹੁੰਚੀ

**ਨਵੀਂ ਦਿੱਲੀ:** ਖੁਰਾਕੀ ਵਸਤਾਂ ਤੇ ਈਂਧਣ ਕੀਮਤਾਂ ਵਿਚ ਉਛਾਲ ਨਾਲ ਪ੍ਰਚੂਨ ਮਹਿੰਗਾਈ ਅਪਰੈਲ ਵਿਚ 7.79 ਫੀਸਦ ਦੇ ਅੰਕੜੇ ਨਾਲ ਪਿਛਲੇ ਅੱਠ ਸਾਲਾਂ ਵਿਚ ਸਿਖਰਲੇ ਪੱਧਰ ‘ਤੇ ਪੁੱਜ ਗਈ ਹੈ। ਇਹੀ ਵਜ੍ਹਾ ਹੈ ਕਿ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੂੰ ਅਗਲੇ ਮਹੀਨੇ ਹੋਣ ਵਾਲੀ ਆਪਣੀ ਸਮੀਖਿਆ ਮੀਟਿੰਗ ਦੌਰਾਨ ਨੀਤੀਗਤ ਵਿਆਜ ਦਰਾਂ ਨੂੰ ਇਕ ਵਾਰ ਫਿਰ ਵਧਾਉਣਾ ਪੈ ਸਕਦਾ ਹੈ। ਵਧਦੀ ਮਹਿੰਗਾਈ ਕਰਕੇ ਆਰ.ਬੀ.ਆਈ. ਨੇ ਪਿਛਲੇ ਹਫਤੇ ਰੈਪੋ ਦਰਾਂ ਵਿਚ 40 ਆਧਾਰ ਅੰਕਾਂ ਦਾ ਵਾਧਾ ਕਰਕੇ ਇਸ ਨੂੰ 4 ਤੋਂ 4.40 ਫੀਸਦ ਕਰ ਦਿੱਤਾ ਸੀ।

ਇਸ ਦੌਰਾਨ ਕੇਂਦਰੀ ਵਿੱਤ ਮੰਤਰਾਲਾ ਆਸਵੰਦ ਹੈ ਕਿ ਆਰ.ਬੀ.ਆਈ. ਤੇ ਸਰਕਾਰ ਵੱਲੋਂ ਕੀਤੇ ਉਪਰਾਲਿਆਂ ਨਾਲ ਵਧਦੀ ਮਹਿੰਗਾਈ ਨੂੰ ਠੱਲ੍ਹ ਪਾਉਣ ਤੇ ਕਾਬੂ ਵਿਚ ਰੱਖਣ ‘ਚ ਮਦਦ ਮਿਲੇਗੀ। ਮੰਤਰਾਲੇ ਦਾ ਮੰਨਣਾ ਹੈ ਕਿ ਮੰਗ ਵਿਚ ਹੌਲੀ-ਹੌਲੀ ਸੁਧਾਰ ਆਉਣ ਲੱਗਾ ਹੈ ਤੇ ਮਹਿੰਗਾਈ ਦੇ ਲਗਾਤਾਰ ਸਿਖਰਲੇ ਪੱਧਰ ‘ਤੇ ਬਣੇ ਰਹਿਣ ਦਾ ਜੋਖਮ ਬਹੁਤ ਘੱਟ ਹੈ। ਰੂਸ-ਯੂਕਰੇਨ ਜੰਗ ਕਰਕੇ ਪਿਛਲੇ ਚਾਰ ਮਹੀਨਿਆਂ ਤੋਂ ਮਹਿੰਗਾਈ 6 ਫੀਸਦ ਤੋਂ ਵੱਧ ਹੈ, ਜਿਸ ਨੂੰ ਆਰ.ਬੀ.ਆਈ. ਲਈ ਸੁਖਾਵੀਂ ਸਥਿਤੀ ਨਹੀਂ ਮੰਨਿਆ ਜਾ ਸਕਦਾ।

ਇਸ ਤੋਂ ਪਹਿਲਾਂ ਖਪਤਕਾਰ ਕੀਮਤ ਸੂਚਕ ਅੰਕ (ਸੀ.ਪੀ.ਆਈ.) ਆਧਾਰਿਤ ਪ੍ਰਚੂਨ ਮਹਿੰਗਾਈ ਦਰ ਮਈ 2014 ਵਿਚ ਰਿਕਾਰਡ 8.33 ਫੀਸਦ ਦਰਜ ਕੀਤੀ ਗਈ ਸੀ। ਇਸ ਸਾਲ ਮਾਰਚ ਵਿਚ ਸੀ.ਪੀ.ਆਈ. ਮਹਿੰਗਾਈ 6.95 ਫੀਸਦ ਸੀ ਜਦੋਂਕਿ ਪਿਛਲੇ ਸਾਲ ਅਪਰੈਲ ‘ਚ ਇਹ ਅੰਕੜਾ 4.23 ਫੀਸਦ ਸੀ।



ਕੌਮੀ ਅੰਕੜਾ ਦਫਤਰ ਵੱਲੋਂ ਜਾਰੀ ਡੇਟਾ ਮੁਤਾਬਕ ਖੁਰਾਕੀ ਵਸਤਾਂ ਦੀ ਮਹਿੰਗਾਈ ਦਾ ਮਾਰਚ ਵਿਚ ਜਿਹੜਾ ਅੰਕੜਾ 7.68 ਫੀਸਦ ਸੀ, ਉਹ ਅਪਰੈਲ ਵਿਚ ਵਧ ਕੇ 8.38 ਹੋ ਗਿਆ। ਹਾਲਾਂਕਿ ਪਿਛਲੇ ਸਾਲ ਮਾਰਚ ਵਿਚ ਖੁਰਾਕੀ (ਵਸਤਾਂ ਦੀ) ਮਹਿੰਗਾਈ 1.96 ਫੀਸਦ ਸੀ। ਸਬਜ਼ੀਆਂ ਦੀ ਮਹਿੰਗਾਈ ਦਰ ਮਾਰਚ ਵਿਚ 11.64 ਫੀਸਦ ਸੀ ਜੋ ਅਪਰੈਲ ਵਿਚ ਵਧ ਕੇ 15.41 ਫੀਸਦ ਹੋ ਗਈ। ਖਾਣ ਵਾਲੇ ਤੇਲਾਂ ਤੇ ਬਨਸਪਤੀ ਘਿਓ ਦੀ ਮਹਿੰਗਾਈ 17.28 ਫੀਸਦ ਰਹੀ। ਇਸ ਸਾਲ ਜਨਵਰੀ ਤੋਂ ਪ੍ਰਚੂਨ ਮਹਿੰਗਾਈ 6 ਫੀਸਦ ਤੋਂ ਉਪਰ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਨਅਤੀ ਉਤਪਾਦਨ ਮਾਰਚ ਵਿਚ 1.9 ਫੀਸਦ ਅਤੇ ਵਿੱਤੀ ਸਾਲ 2021-22 ਵਿਚ 11.3 ਫੀਸਦ ਵਧਿਆ। ਆਰ.ਬੀ.ਆਈ. ਨੇ ਪਹਿਲਾਂ ਵਿੱਤੀ ਸਾਲ 2022-23 ਵਿਚ ਮਹਿੰਗਾਈ ਦਰ 4.5 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਸੀ, ਪਰ ਰੂਸ-ਯੂਕਰੇਨ ਵਿਵਾਦ ਕਰਕੇ ਮਗਰੋਂ ਇਨ੍ਹਾਂ ਅਨੁਮਾਨਾਂ ਨੂੰ ਸੁਧਾਰ ਕੇ 5.7 ਫੀਸਦ ਕਰ ਦਿੱਤਾ।

ਇਸ ਦੌਰਾਨ ਸਰਕਾਰ ਨੇ ਆਰ.ਬੀ.ਆਈ. ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਮਹਿੰਗਾਈ ਦਰ ਚਾਰ ਫੀਸਦ ਦੇ ਪੱਧਰ ‘ਤੇ ਰਹੇ, ਜਿਸ ਵਿਚ ਉਪਰ ਹੇਠਾਂ ਦੋ ਫੀਸਦ ਦੀ ਗੁੰਜਾਇਸ਼ ਹੋ ਸਕਦੀ ਹੈ। ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਮੌਜੂਦਾ ਭੂ-ਸਿਆਸੀ ਹਾਲਾਤ ਕਰਕੇ ਖੁਰਾਕੀ ਕੀਮਤਾਂ ਦੀਆਂ ਵਸਤਾਂ ਵਿਚ ਵਾਧੇ ਦਾ ਉਲਟ ਅਸਰ ਘਰੇਲੂ ਬਾਜ਼ਾਰ ‘ਤੇ ਵੀ ਨਜ਼ਰ ਆਉਣ ਲੱਗਾ ਹੈ ਅਤੇ ਅੱਗੋਂ ਵੀ ਮਹਿੰਗਾਈ ਦਾ ਦਬਾਅ ਜਾਰੀ ਰਹਿਣ ਦੀ ਸੰਭਾਵਨਾ ਹੈ।

# ਝੋਨਾ ਲੁਆਈ: ਕਿਸਾਨ ਜਥੇਬੰਦੀਆਂ ਮਾਨ ਸਰਕਾਰ ਦੇ ਫੈਸਲਿਆਂ ਤੋਂ ਔਖੀਆਂ

**ਚੰਡੀਗੜ੍ਹ:** ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਨੇ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਲਵਾਈ ਸਬੰਧੀ ਲਏ ਜਾ ਰਹੇ ਫੈਸਲਿਆਂ ਨੂੰ ਇੱਕਤਰਫਾ ਤੇ ਕਿਸਾਨ ਵਿਰੋਧੀ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਹੇਠਾਂ ਡਿੱਗਣ ਦੇ ਦੋਸ਼ ਸਿਰਫ ਕਿਸਾਨਾਂ ਸਿਰ ਮੜ੍ਹਨਾ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਯੂਨੀਅਨ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਹੋਰ ਆਗੂਆਂ ਸੁਖਦੇਵ ਸਿੰਘ ਕੋਕਰੀ ਕਲਾਂ, ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ, ਸ਼ਿੰਗਾਰਾ ਸਿੰਘ ਮਾਨ ਅਤੇ ਰੂਪ ਸਿੰਘ ਛੰਨਾਂ ਨੇ ਕਿਹਾ ਕਿ ਬੇਸ਼ੱਕ ਬਿਜਲੀ ਦੀ ਕਿੱਲਤ ਨੂੰ ਧਿਆਨ ‘ਚ ਰੱਖਦਿਆਂ ਝੋਨੇ ਦੀ ਬਿਜਾਈ ਦੀ ਸ਼ੁਰੂਆਤ ਲਈ ਪੰਜਾਬ ਨੂੰ ਚਾਰ ਜੋਨਾਂ ਵਿਚ ਵੰਡਣ ਦਾ ਕਦਮ ਗਲਤ ਨਹੀਂ ਸੀ ਪਰ ਸਰਕਾਰ ਨੇ ਕਿਸਾਨ ਜਥੇਬੰਦੀਆਂ ਨਾਲ ਮਿਲ ਬੈਠ ਕੇ ਤਸੱਲੀਬਖ਼ਸ਼ ਹੱਲ ਕੱਢਣ ਦੀ ਥਾਂ ਇੱਕਤਰਫਾ ਫੈਸਲੇ ਲਾਗੂ ਕਰਨੇ ਸ਼ੁਰੂ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇੱਕਤਰਫ਼ਾ ਫੈਸਲਿਆਂ ਦੇ ਸਿੱਟੇ ਵਜੋਂ ਸਮੱਸਿਆ ਉਲਝ ਗਈ ਹੈ। ਉਨ੍ਹਾਂ ਕਿਹਾ ਕਿ ਬਿਜਾਈ ਲਈ 1500 ਰੁਪਏ ਰਿਸਕ ਭੱਤਾ ਕਾਫੀ ਨਹੀਂ ਹੈ, ਜੇਕਰ ਇਹ 10,000 ਰੁਪਏ ਪ੍ਰਤੀ ਏਕੜ ਹੁੰਦਾ ਤਾਂ ਕਿਸਾਨਾਂ ਦੇ ਕਾਫੀ ਵੱਡੇ ਹਿੱਸੇ ਨੇ ਸਿੱਧੀ ਬਿਜਾਈ ਲਈ ਸਹਿਮਤ ਹੋ ਜਾਣਾ ਸੀ। ਕਿਸਾਨ ਆਗੂਆਂ ਨੇ ਕਿਹਾ ਕਿ ਸਰਕਾਰ ਨੇ ਮੂੰਗੀ, ਬਾਸਮਤੀ ਤੇ ਮੱਕੀ ਦੀ ਸਰਕਾਰੀ ਖਰੀਦ ਦੀ ਗਾਰੰਟੀ ਨਹੀਂ ਦਿੱਤੀ। ਇਸੇ ਤਰ੍ਹਾਂ ਪਛੇਤੇ ਜੋਨਾਂ ਵਾਲੇ ਕਿਸਾਨਾਂ ਨੂੰ ਬਣਦਾ ਉਤਸ਼ਾਹੀ ਭੱਤਾ ਨਹੀਂ ਦਿੱਤਾ ਗਿਆ।

ਕਿਸਾਨ ਆਗੂਆਂ ਨੇ ਕਿਹਾ ਕਿ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਡਿੱਗ ਰਹੇ ਪੱਧਰ ਦਾ ਸਾਰਾ ਦੋਸ਼ ਕਿਸਾਨਾਂ ਸਿਰ ਲਾਉਣਾ ਸਰਾਸਰ ਬੇਇਨਸਾਫੀ ਹੈ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਭੂ-ਜਲ-ਭੰਡਾਰ ਦੀ ਮੁੜ ਭਲਾਈ ਲਈ ਬਰਸਾਤੀ ਪਾਣੀ ਅਤੇ ਸਮੁੰਦਰ ਵੱਲ ਜਾ ਰਹੇ ਅਣਵਰਤੇ ਦਰਿਆਈ ਪਾਣੀਆਂ ਨੂੰ ਵਰਤੋਂ ਵਿਚ ਲਿਆਉਣ ਅਤੇ ਹੋਰ ਵਿਗਿਆਨਕ ਢੰਗ ਤਰੀਕੇ ਅਪਣਾਉਣ ਲਈ ਪੰਜਾਬ ਸਰਕਾਰ ਵੱਲੋਂ ਢਾਂਚਾ ਉਸਾਰੀ ਕੀਤੀ ਜਾਵੇ ਅਤੇ ਇਸ ਖਾਤਰ ਲੋੜੀਂਦੇ ਬਜਟ ਲਈ ਧਨ-ਜੁਟਾਈ ਕੀਤੀ ਜਾਵੇ।

ਪੰਜਾਬ ਟਾਈਮਜ਼

ਸਨਿਚਰਵਾਰ, 21 ਮਈ 2022

# ਅੰਨ ਸੁਰੱਖਿਆ ਦਾ ਮਸਲਾ

ਐਤਕੀਂ ਤਿੱਖੀ ਗਰਮੀ ਦੀ ਅਗੇਤੀ ਆਮਦ ਕਾਰਨ ਪੰਜਾਬ ਹੀ ਨਹੀਂ, ਹੋਰ ਕਈ ਸੂਬਿਆਂ ਅੰਦਰ ਕਣਕ ਦੇ ਝਾੜ ਵਿਚ ਕਮੀ ਆਈ ਹੈ। ਸਰਕਾਰੀ ਖਰੀਦ ਏਜੰਸੀਆਂ ਨੇ ਕਣਕ ਖਰੀਦਣ ਦਾ ਜੋ ਟੀਚਾ ਰੱਖਿਆ ਸੀ, ਉਹ ਅਜੇ ਤੱਕ ਪੂਰਾ ਨਹੀਂ ਹੋ ਸਕਿਆ ਹੈ। ਇਸ ਵਾਰ ਭਾਰਤੀ ਖੁਰਾਕ ਨਿਗਮ (ਐਫ.ਸੀ.ਆਈ.) ਦਾ ਟੀਚਾ 132 ਲੱਖ ਟਨ ਕਣਕ ਖਰੀਦਣ ਦਾ ਸੀ ਪਰ ਇਸ ਦੀ ਖਰੀਦ 100 ਲੱਖ ਟਨ ਦੇ ਨੇੜੇ-ਤੇੜੇ ਮਸਾਂ ਪਹੁੰਚੀ ਹੈ। ਇਸੇ ਕਰਕੇ ਭਾਰਤ ਹੀ ਨਹੀਂ, ਸੰਸਾਰ ਦੇ ਕਈ ਹੋਰ ਮੁਲਕਾਂ ਵਿਚ ਵੀ ਅੰਨ ਭੰਡਾਰਾਂ ਬਾਰੇ ਚਿੰਤਾ ਵਧ ਗਈ ਹੈ। ਇਹੀ ਨਹੀਂ, ਰੂਸ ਅਤੇ ਯੂਕਰੇਨ ਦੀ ਲੜਾਈ ਜੋ ਅਜੇ ਤੱਕ ਕਿਸੇ ਤਣ-ਪੱਤਣ ਲੱਗਦੀ ਨਜ਼ਰ ਨਹੀਂ ਆ ਰਹੀ, ਕਾਰਨ ਦੁਨੀਆ ਭਰ ਵਿਚ ਕਣਕ ਦੀ ਮੰਗ ਵਧ ਗਈ ਹੈ ਅਤੇ ਸਿੱਟੇ ਵਜੋਂ ਕਣਕ ਦੇ ਭਾਅ ਅਸਮਾਨੀਂ ਚੜ੍ਹ ਗਏ ਹਨ। ਉਂਝ, ਇਸ ਦੇ ਨਾਲ ਹੀ ਕਣਕ ਦੀ ਬਰਾਮਦ ਦੀਆਂ ਸੰਭਾਵਨਾਵਾਂ ਵੀ ਵਧ ਗਈਆਂ ਸਨ ਪਰ ਭਾਰਤ ਦੀ ਮੋਦੀ ਸਰਕਾਰ ਨੇ ਕਣਕ ਦੀ ਬਰਾਮਦ ਉੱਤੇ ਰੋਕ ਲਾ ਦਿੱਤੀ ਹੈ। ਇਸੇ ਦੌਰਾਨ ਸਰਕਾਰ ਨੇ ਮੰਡੀਆਂ ਵਿਚ ਖਰੀਦ 31 ਮਈ ਤੱਕ ਵਧਾ ਦਿੱਤੀ ਹੈ। ਅਸਲ ਵਿਚ ਸਰਕਾਰ ਚਾਹੁੰਦੀ ਹੈ ਕਿ ਜਿਨ੍ਹਾਂ ਕੁਝ ਕਿਸਾਨਾਂ ਨੇ ਕਣਕ ਮੰਡੀ ਵਿਚ ਨਹੀਂ ਲਿਆਂਦੀ, ਉਹ ਵੀ ਮੰਡੀ ਵਿਚ ਲੈ ਆਉਣ। ਕੁਝ ਖਾਂਦੇ-ਪੀਂਦੇ ਕਿਸਾਨਾਂ ਨੇ ਅਜੇ ਆਪਣੀ ਕਣਕ ਮੰਡੀਆਂ ਵਿਚ ਨਹੀਂ ਲਿਆਂਦੀ ਹੈ। ਇਹ ਧਨਾਢ ਕਿਸਾਨ ਹਰ ਸਾਲ ਇਸੇ ਤਰ੍ਹਾਂ ਕਰਦੇ ਹਨ ਅਤੇ ਜਦੋਂ ਆਮ ਮੰਡੀਆਂ ਤੋਂ ਬਾਅਦ ਕਣਕ ਦੇ ਭਾਅ ਵਿਚ ਤੇਜ਼ੀ ਆਉਂਦੀ ਹੈ ਤਾਂ ਇਹ ਕਿਸਾਨ ਆਪਣੀ ਕਣਕ ਵੇਚ ਕੇ ਆਮ ਕਿਸਾਨਾਂ ਨਾਲੋਂ ਵਾਧੂ ਕਮਾਈ ਕਰਦੇ ਹਨ। ਯਾਦ ਰਹੇ ਕਿ ਕਿ ਸੰਸਾਰ ਵਿਚ ਮੌਸਮ ਵਿਚ ਤਿੱਖੀਆਂ ਤਬਦੀਲੀਆਂ ਹੋ ਰਹੀਆਂ ਹਨ ਅਤੇ ਇਸ ਦਾ ਅਸਰ ਹੁਣ ਵੱਖ-ਵੱਖ ਮੁਲਕਾਂ ਦੀ ਖੇਤੀ ਪੈਦਾਵਾਰ ਉਤੇ ਪੈਣਾ ਸ਼ੁਰੂ ਹੋ ਗਿਆ ਹੈ। ਪੰਜਾਬ ਅਤੇ ਹੋਰ ਥਾਈਂ ਮੌਸਮ ਵਿਚ ਜਿਹੜੇ ਵਿਗਾੜ ਆਏ ਹਨ, ਉਨ੍ਹਾਂ ਕਾਰਨ ਹੀ ਐਤਕੀਂ ਕਣਕ ਦੀ ਪੈਦਾਵਾਰ ਘਟੀ ਹੈ।

ਹੁਣ ਮੋਦੀ ਸਰਕਾਰ ਨੇ ਕਣਕ ਉਤੇ ਇਹ ਕਹਿ ਕੇ ਪਾਬੰਦੀ ਲਾਈ ਹੈ ਕਿ ਮੁਲਕ ਵਿਚ ਕਣਕ ਦੀਆਂ ਕੀਮਤਾਂ ਬਹੁਤ ਤੇਜ਼ੀ ਨਾਲ ਵਧ ਰਹੀਆਂ ਹਨ, ਇਸ ਲਈ ਇਨ੍ਹਾਂ ਕੀਮਤਾਂ ਨੂੰ ਕੰਟਰੋਲ ਕਰਨ ਲਈ ਕਣਕ ਦੀ ਬਰਾਮਦ ਉਤੇ ਰੋਕ ਲਾਉਣੀ ਪਈ ਹੈ। ਉਂਝ, ਅਸਲ ਮਸਲਾ ਇਹ ਹੈ ਕਿ ਭਾਰਤ ਸਰਕਾਰ ਨੇ ਅਜਿਹੀ ਕੋਈ ਖੇਤੀ ਨੀਤੀ ਨਹੀਂ ਬਣਾਈ ਹੈ ਜਿਸ ਨਾਲ ਵੱਖ-ਵੱਖ ਖੇਤੀ ਪੈਦਾਵਾਰ ਅਤੇ ਇਸ ਦੀ ਖਰੀਦ ਯਕੀਨੀ ਬਣਾਉਣ ਦੇ ਨਾਲ-ਨਾਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਮਦਨ ਦੀ ਕੋਈ ਗਰੰਟੀ ਹੋਵੇ। ਕੇਂਦਰ ਸਰਕਾਰ ਹਰ ਸਾਲ 23 ਫਸਲਾਂ ਉਤੇ ਘੱਟੋ-ਘੱਟ ਸਮਰਥਨ ਮੁੱਲ ਦਾ ਐਲਾਨ ਕਰਦੀ ਹੈ ਪਰ ਇਨ੍ਹਾਂ ਵਿਚੋਂ ਸਿਰਫ ਦੋ ਜਿਣਸਾਂ- ਕਣਕ ਤੇ ਝੋਨੇ, ਦੀ ਹੀ ਸਰਕਾਰੀ ਮੰਡੀਆਂ ਵਿਚ ਖਰੀਦ ਹੁੰਦੀ ਹੈ। ਬਾਕੀ ਇੱਕੀ ਫਸਲਾਂ 'ਤੇ ਕਿਸਾਨਾਂ ਨੂੰ ਪੂਰਾ ਭਾਅ ਹੀ ਨਹੀਂ ਮਿਲਦਾ ਹੈ। ਪਿਛਲੀ ਵਾਰ ਪੰਜਾਬ ਵਿਚ ਮੱਕੀ ਦੀ ਫਸਲ ਮੰਡੀਆਂ ਵਿਚ ਸਿਰਫ 900-950 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਵਿਕੀ ਸੀ ਜਦਕਿ ਮੱਕੀ ਦਾ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਨੇ 1850 ਰੁਪਏ ਐਲਾਨਿਆ ਹੋਇਆ ਹੈ। ਇਹੀ ਮੰਗ ਕਿਸਾਨ ਜਥੇਬੰਦੀਆਂ ਚਿਰਾਂ ਤੋਂ ਕਰ ਰਹੀਆਂ ਹਨ ਕਿ ਸਰਕਾਰ ਸਾਰੀਆਂ ਫਸਲਾਂ ਦੀ ਖਰੀਦ ਘੱਟੋ-ਘੱਟ ਸਮਰਥਨ ਮੁੱਲ ਦੇ ਹਿਸਾਬ ਨਾਲ ਕਰਨ ਦੀ ਗਰੰਟੀ ਦੇਵੇ। ਪਿੱਛੇ ਜਿਹੇ ਜਦੋਂ ਕਿਸਾਨਾਂ ਨੇ ਮੋਦੀ ਸਰਕਾਰ ਨੂੰ ਤਿੰਨ ਖੇਤੀ ਕਾਨੂੰਨ ਰੱਦ ਕਰਨ ਲਈ ਮਜਬੂਰ ਕੀਤਾ ਸੀ ਤਾਂ ਇਹ ਸ਼ਰਤ ਬਾਕਾਇਦਾ ਰੱਖੀ ਗਈ ਸੀ ਕਿ ਜਿਨ੍ਹਾਂ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਐਲਾਨਿਆ ਜਾਂਦਾ ਹੈ, ਉਨ੍ਹਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਦਿੱਤੀ ਜਾਵੇ। ਉਸ ਵਕਤ ਸਰਕਾਰ ਨੇ ਇਸ ਮਸਲੇ 'ਤੇ ਵਿਚਾਰ ਲਈ ਕਮੇਟੀ ਬਣਾ ਕੇ ਅਗਾਂਹ ਵਧਣ ਦਾ ਭਰੋਸਾ ਦਿੱਤਾ ਸੀ ਪਰ ਪੰਜਾਬ ਅਤੇ ਉਤਰ ਪ੍ਰਦੇਸ਼ ਸਮੇਤ ਪੰਜ ਸੂਬਿਆਂ ਅੰਦਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਸਰਕਾਰ ਨੇ ਇਸ ਪਾਸੇ ਕੋਈ ਕਦਮ ਅਜੇ ਤੱਕ ਅੱਗੇ ਨਹੀਂ ਵਧਾਇਆ ਹੈ। ਅਸਲ ਵਿਚ ਮੋਦੀ ਸਰਕਾਰ ਦੀ ਅਗਵਾਈ ਕਰ ਰਹੀ ਭਾਰਤੀ ਜਨਤਾ ਪਾਰਟੀ ਦਾ ਉਸ ਵਕਤ ਨਿਸ਼ਾਨਾ ਚੋਣਾਂ, ਖਾਸ ਕਰਕੇ ਉਤਰ ਪ੍ਰਦੇਸ਼ ਦੀਆਂ ਚੋਣਾਂ ਜਿੱਤਣਾ ਸੀ। ਖੇਤੀ ਕਾਨੂੰਨ ਵੀ ਇਨ੍ਹਾਂ ਚੋਣਾਂ ਕਰਕੇ ਹੀ ਰੱਦ ਕਰਨ ਬਾਰੇ ਐਲਾਨ ਕੀਤਾ ਗਿਆ ਤਾਂ ਕਿ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੂੰ ਬਹੁਤਾ ਨੁਕਸਾਨ ਨਾ ਹੋਵੇ ਕਿਉਂਕਿ ਮੀਡੀਆਂ ਅਤੇ ਭਾਰਤੀ ਜਨਤਾ ਪਾਰਟੀ ਦੇ ਆਪਣੇ ਸਰਵੇਖਣਾਂ ਵਿਚ ਇਹ ਤੱਥ ਉਭਰ ਕੇ ਸਾਹਮਣੇ ਆ ਗਿਆ ਸੀ ਕਿ ਕਿਸਾਨ ਅੰਦੋਲਨ ਕਾਰਨ ਪਾਰਟੀ ਨੂੰ ਪਛਾੜ ਲੱਗ ਸਕਦੀ ਹੈ।

ਸੰਯੁਕਤ ਰਾਸ਼ਟਰ ਦੀ ਖੁਰਾਕ ਬਾਰੇ ਜਿਹੜੀ ਰਿਪੋਰਟ ਪਿਛਲੇ ਦਿਨੀਂ ਸਾਹਮਣੇ ਆਈ ਹੈ, ਉਸ ਵਿਚ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ 2021 ਦੌਰਾਨ 19 ਕਰੋੜ ਤੋਂ ਵੱਧ ਲੋਕਾਂ ਨੂੰ ਪੂਰਾ ਭੋਜਨ ਨਹੀਂ ਮਿਲਿਆ। ਇਸ ਸੰਕਟ ਵਿਚ ਕਰੋਨਾ ਵਾਲਾ ਸੰਕਟ ਵੀ ਭਾਵੇਂ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਿਲ ਹੋਵੇਗਾ ਪਰ ਮਸਲਾ ਇਹ ਹੈ ਕਿ ਇਹ ਸੰਕਟ ਹੱਲ ਕਿਵੇਂ ਹੋਵੇ ਅਤੇ ਇਸ ਸੰਕਟ ਦੇ ਹੱਲ ਲਈ ਖੇਤੀ ਅਤੇ ਕਿਸਾਨੀ ਦੇ ਖੇਤਰ ਲਈ ਕੀ ਕੀਤਾ ਜਾਵੇ। ਖੇਤੀ ਮਾਹਿਰ ਦੱਸਦੇ ਹਨ ਕਿ ਇਸ ਦਾ ਇਕੋ-ਇਕ ਹੱਲ ਖੇਤੀ ਖੇਤਰ ਵਿਚ ਨਿਵੇਸ਼ ਹੈ ਪਰ ਭਾਰਤ ਸਰਕਾਰ ਅਜੇ ਤੱਕ ਇਸ ਬਾਰੇ ਸੋਚ ਤੱਕ ਨਹੀਂ ਰਹੀ। ਜ਼ਾਹਿਰ ਹੈ ਕਿ ਜਿੰਨੀ ਦੇਰ ਤੱਕ ਸਰਕਾਰ ਭੋਜਨ ਸੁਰੱਖਿਆ ਲਾਈ ਕੋਈ ਨੀਤੀ ਅਖਤਿਆਰ ਨਹੀਂ ਕਰਦੀ ਅਤੇ ਖੇਤੀ ਖੇਤਰ ਵਿਚ ਨਿਵੇਸ਼ ਨਹੀਂ ਕਰਦੀ, ਓਨੀ ਦੇਰ ਤੱਕ ਅੰਨ ਸੰਕਟ ਕੋਈ ਨਾ ਕੋਈ ਰੂਪ ਧਾਰ ਕੇ ਆਉਂਦਾ ਰਹੇਗਾ। ਇਸ ਲਈ ਬਰਾਮਦਾਂ ਉਤੇ ਰੋਕ ਇਸ ਦਾ ਸਹੀ ਹੱਲ ਨਹੀਂ, ਸਰਕਾਰ ਨੂੰ ਖੇਤੀ ਖੇਤਰ ਅਤੇ ਕਿਸਾਨਾਂ ਦੀ ਬਾਂਹ ਫੜਨੀ ਚਾਹੀਦੀ ਹੈ ਤਾਂ ਕਿ ਅੰਨ ਸੁਰੱਖਿਆ ਦਾ ਘੇਰਾ ਹੋਰ ਵਿਸ਼ਾਲ ਹੋ ਸਕੇ ਅਤੇ ਸਾਧਾਰਨ ਆਮਦਨ ਵਾਲਿਆਂ ਨੂੰ ਵੀ ਦੋ ਵਕਤ ਦੀ ਰੋਟੀ ਦੀ ਚਿੰਤਾ ਨਾ ਸਤਾਵੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼


### ਬੱਬਾ ਬਨਾਮ ਬੇਜ਼ਤੀ !

ਇਕ 'ਬੱਬਾ' ਬੁਰਜ ਜਵਾਹਰ ਸਿੰਘ ਵਾਲ਼ਾ, ਜਿੱਥੇ ਚੋਰੀ ਕੀਤਾ ਕਿਸੇ ਪਾਪੀ ਗੁਰੂ ਹੈ ਜੋ ਜੱਗ ਦਾ।
'ਬੱਬਾ' ਬਰਗਾੜੀ ਵਿਚ ਅੰਗ ਸੀ ਖਿਲਾਰ ਦਿੱਤੇ, ਅਮਨੋ-ਅਮਾਨ 'ਚ ਪਲੀਤਾ ਲਾਇਆ ਅੱਗ ਦਾ।
ਤੀਜਾ 'ਬੱਬਾ' ਬਾਦਲਾਂ ਨੇ ਵੋਟ-ਭੁੱਖ ਕਾਰਨ ਹੀ, ਮਾਫੀ ਦੇ ਕੇ ਕੀਤਾ ਸੀ ਬਚਾਅ 'ਬਾਬੇ' ਠੱਗ ਦਾ।
ਚੌਥਾ 'ਬੱਬਾ' ਬਹਿਬਲ ਕਲਾਂ ਤੇ ਸੀ ਕਪੂਰਾਕੋਟ, ਕੀਤਾ ਸੀ ਕਤਲ ਦੋਂਹ ਸਿੱਖਾਂ ਦੀ ਸ਼ਾਹ-ਰਗ ਦਾ।
'ਬੱਬਾ' ਪੈਂਦਾ ਸ਼ਬਦ 'ਬਿਅਦਬੀ' ਲਿਖਣ ਵੇਲੇ, ਜਿਹਨੂੰ ਚੇਤੇ ਕਰ ਦਿਲ ਕੋਲੇ ਵਾਂਗੂੰ ਦਗਦਾ।
ਹੁਣ ਬੰਦੀ ਸਿੰਘਾਂ ਦੀ ਰਿਹਾਈ ਦੇ 'ਬਹਾਨੇ' ਹੇਠ, ਬਾਦਲਾਂ ਨੇ 'ਬੇਜ਼ਤੀ' ਕਰਾਉਣੀ ਫੇਰ ਲੱਗਦਾ!

# ਕਿਸਾਨ ਇਕ ਵਾਰ ਫਿਰ ਮਾਰਨਗੇ ਹੱਲਾ

***ਮੋਦੀ ਸਰਕਾਰ ਵੱਲੋਂ ਕਣਕ ਦੀ ਬਰਾਮਦ 'ਤੇ ਲਾਈ ਰੋਕ ਨੇ ਕਈ ਤਰ੍ਹਾਂ ਦੀ ਚਰਚਾ ਛੇੜੀ ਹੈ। ਇਸ ਦਾ ਸਿੱਧਾ ਸਬੰਧ ਕਿਸਾਨਾਂ ਨਾਲ ਹੈ ਜੋ ਇਕ ਲੰਮੇ ਘੋਲ ਦੌਰਾਨ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਤੋਂ ਬਾਅਦ ਘੱਟੋ-ਘੱਟ ਸਮਰਥਨ ਮੁੱਲ ਲਈ ਸਰਕਾਰ ਉਤੇ ਨਵੇਂ ਸਿਰਿਓਂ ਦਬਾਅ ਬਣਾਉਣ ਦੀਆਂ ਵਿਉਂਤਾਂ ਬਣਾ ਰਹੇ ਹਨ। ਕਾਨੂੰਨ ਰੱਦ ਕਰਨ ਵੇਲੇ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ ਬਾਰੇ ਕੋਈ ਨਿਬੇੜਾ ਕਰਨ ਦੀ ਗੱਲ ਕੀਤੀ ਸੀ ਪਰ ਅਜੇ ਤੱਕ ਇਸ ਪਾਸੇ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਪੱਖ ਤੋਂ ਹੁਣ ਸਾਰੇ ਵਰਗ ਕਿਸਾਨ ਜਥੇਬੰਦੀਆਂ ਵੱਲ ਦੇਖ ਰਹੇ ਹਨ।***

14 ਮਈ ਦਾ ਦਿਨ ਆਪਣੇ ਆਪ 'ਚ ਮਹੱਤਵਪੂਰਨ ਸਾਬਤ ਹੋਇਆ ਹੈ। ਇਸ ਦਿਨ ਕੇਂਦਰ ਸਰਕਾਰ ਨੇ ਵਿਸ਼ਵ ਵਪਾਰ ਸੰਗਠਨ 'ਚ ਐਲਾਨ ਕੀਤਾ ਕਿ ਉਹ ਕਣਕ ਦੀ ਬਰਾਮਦ ਤੁਰੰਤ ਰੋਕ ਰਹੀ ਹੈ। ਇਹ ਦੇਖ ਕੇ ਹੈਰਾਨੀ ਹੁੰਦੀ ਹੈ ਕਿ ਇਸੇ ਦਿਨ ਸ਼ਾਮ ਨੂੰ ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਗਾਂਧੀ ਸ਼ਾਂਤੀ ਸੰਸਥਾ ਦੇ ਆਡੀਟੋਰੀਅਮ 'ਚ ਹੋਏ ਪ੍ਰੋਗਰਾਮ 'ਚ ਐਲਾਨ ਕੀਤਾ ਕਿ ਨਵੇਂ ਕਿਸਾਨ ਅੰਦੋਲਨ ਦੀ ਤਿਆਰੀ ਚੱਲ ਰਹੀ ਹੈ। ਗਰਮੀ ਦਾ ਮੌਸਮ ਨਿਕਲ ਜਾਣ ਦਿਓ, ਫਿਰ ਬਰਸਾਤ ਵੀ ਖਤਮ ਹੋ ਜਾਣ ਦਿਓ, ਇਸ ਤੋਂ ਬਾਅਦ ਇਕ ਵਾਰ ਫਿਰ ਲੰਮਾ ਕਿਸਾਨ ਅੰਦੋਲਨ ਕੀਤਾ ਜਾਵੇਗਾ। ਕਹਿਣਾ ਹੋਵੇਗਾ ਕਿ ਇਹ ਦੋਵੇਂ ਗੱਲਾਂ ਇਕ-ਦੂਜੇ ਨਾਲ ਜੁੜੀਆਂ ਹੋਈਆਂ ਹਨ। ਸਰਕਾਰ ਵਲੋਂ ਕਣਕ



**ਅਭੈ ਕੁਮਾਰ ਦੂਬੇ**

ਦੀ ਬਰਾਮਦ ਰੋਕਣ ਦਾ ਫੈਸਲਾ ਇਸ ਦੇਸ਼ ਦੇ ਕਣਕ ਪੈਦਾ ਕਰਨ ਵਾਲੇ ਕਿਸਾਨਾਂ ਦੀ ਆਮਦਨ 'ਤੇ ਉਲਟਾ ਪ੍ਰਭਾਵ ਪਾਵੇਗਾ।

ਸਰਕਾਰ ਦਾ ਤਰਕ ਹੈ ਕਿ ਉਸ ਦਾ ਕੰਮ ਮਹਿੰਗਾਈ ਰੋਕਣਾ ਹੈ। ਇਸ ਲਈ ਉਸ ਨੂੰ ਕਣਕ ਵਰਗੇ ਬੁਨਿਆਦੀ ਅਨਾਜ ਦੇ ਭਾਅ ਇਕ ਹੱਦ ਤੱਕ ਵਧਣ ਨਹੀਂ ਦੇਣੇ ਚਾਹੀਦੇ। ਇਸ 'ਤੇ ਕਿਸਾਨਾਂ ਦੀ ਪ੍ਰਤੀਕਿਰਿਆ ਇਹ ਹੋ ਸਕਦੀ ਹੈ ਕਿ ਮਹਿੰਗਾਈ ਕੋਈ ਉਨ੍ਹਾਂ ਵਲੋਂ ਵਧਾਈ ਗਈ ਘਟਨਾ ਤਾਂ ਨਹੀਂ ਹੈ।

ਜੇਕਰ ਕਣਕ ਦੀ ਬਰਾਮਦ ਜਾਰੀ ਰਹਿੰਦੀ ਤਾਂ ਬਾਜ਼ਾਰ 'ਚ ਉਨ੍ਹਾਂ ਨੂੰ ਇਸ ਬੁਨਿਆਦੀ ਅਨਾਜ ਦੀ ਬਿਹਤਰ ਕੀਮਤ ਮਿਲ ਸਕਦੀ ਸੀ ਪਰ ਸਰਕਾਰ ਦੇ ਫੈਸਲੇ ਦੇ ਪ੍ਰਭਾਵ 'ਚ ਕਣਕ ਦੀ ਖਰੀਦ ਫੌਰਨ ਨਰਮ ਪੈਣ ਲੱਗੀ। ਇਸ ਤੋਂ ਪਹਿਲਾਂ ਇਕ ਅਰਥਸ਼ਾਸਤਰੀ ਨੇ ਟਿੱਪਣੀ ਕਰ ਦਿੱਤੀ ਸੀ ਕਿ ਇਸ ਮਹਿੰਗਾਈ ਦਾ ਲਾਭ ਕਿਸਾਨਾਂ ਨੂੰ ਮਿਲਣ ਦੇਣਾ ਚਾਹੀਦਾ ਹੈ ਪਰ ਸਰਕਾਰ ਅਜਿਹਾ ਕਰਨ ਲਈ ਤਿਆਰ ਨਹੀਂ ਹੋਈ। ਇਸ ਦੇ ਕੁਝ ਹੋਰ ਵੀ ਕਾਰਨ ਹੋ ਸਕਦੇ ਹਨ। ਕੇਂਦਰ ਸਰਕਾਰ ਅਤੇ ਕੁਝ ਸੂਬਾ ਸਰਕਾਰਾਂ ਵੀ ਮੁਫਤ ਅਨਾਜ ਵੰਡ ਯੋਜਨਾਵਾਂ ਚਲਾ ਰਹੀਆਂ ਹਨ। ਜੇਕਰ ਬਰਾਮਦ ਅਤੇ ਮਹਿੰਗਾਈ ਦੇ ਮਿਲੇ-ਜੁਲੇ ਪ੍ਰਭਾਵ 'ਚ ਇਹ ਅਨਾਜ ਮਹਿੰਗਾ ਹੋਇਆ, ਤਾਂ ਸਰਕਾਰਾਂ ਨੂੰ ਮੁਫਤ ਅਨਾਜ ਦੀ ਵੰਡ 'ਤੇ ਹੋਰ ਵੀ ਜ਼ਿਆਦਾ ਪੈਸੇ ਖਰਚ ਕਰਨੇ ਪੈ ਸਕਦੇ ਹਨ।

ਮੇਰੀ ਮਾਨਤਾ ਹੈ ਕਿ ਇਸ ਸਮੇਂ ਦੇਸ਼ 'ਚ ਜਿਸ ਪੱਧਰ ਦੀ ਮਹਿੰਗਾਈ ਹੈ, ਉਹ ਇਕ ਵੱਡੇ ਅਤੇ ਪ੍ਰਭਾਵੀ ਜਨ ਅੰਦੋਲਨ ਲਈ ਉਪਜਾਊ ਜ਼ਮੀਨ ਮੁਹੱਈਆ ਕਰਵਾ ਸਕਦੀ ਹੈ। ਇਹ ਮਹਿੰਗਾਈ ਇਕ-ਦੋ ਮਹੀਨੇ ਜਾਂ ਛੇ-ਸੱਤ ਮਹੀਨਿਆਂ 'ਚ ਨਹੀਂ ਜਾਣ ਵਾਲੀ। ਅਜੇ ਹਾਲ ਹੀ 'ਚ ਮੈਂ ਇਕ ਬਹਿਸ ਸੁਣ ਰਿਹਾ ਸੀ ਜੋ ਅਰਥਸ਼ਾਸਤਰੀਆਂ ਵਿਚਾਲੇ ਚੱਲ ਰਹੀ ਸੀ। ਜਨਤਾ ਦੇ ਹਿਤ 'ਚ ਸੋਚਣ ਵਾਲੇ ਅਰਥਸ਼ਾਸਤਰੀ ਅਰੁਣ ਕੁਮਾਰ ਵੀ ਉਸ ਬਹਿਸ 'ਚ ਸ਼ਾਮਿਲ ਸਨ। ਬਾਕੀ ਅਰਥਸ਼ਾਸਤਰੀ ਬਾਜ਼ਾਰਵਾਦੀ ਹੋਣ ਦੇ ਬਾਵਜੂਦ ਅਰੁਣ ਕੁਮਾਰ ਦੇ ਇਸ ਵਿਸ਼ਲੇਸ਼ਣ ਨਾਲ ਸਹਿਮਤ ਸਨ ਕਿ ਮਹਿੰਗਾਈ (ਸਾਢੇ ਸੱਤ ਫੀਸਦੀ ਤੋਂ ਜ਼ਿਆਦਾ) 'ਚ ਹੋਇਆ ਇਹ ਵਾਧਾ ਇਕਪਾਸੜ ਨਹੀਂ ਹੈ; ਭਾਵ, ਇਹ ਕੇਵਲ ਤੇਲ ਦੇ ਭਾਅ ਵਧਣ ਨਾਲ ਜਾਂ ਕਿਸੇ ਇਕ ਜਾਂ ਦੋ ਜਿਨਸਾਂ ਦੇ ਭਾਅ ਵਧਣ ਜਾਂ ਮੌਸਮ ਦੀਆਂ ਗੜਬੜੀਆਂ ਦਾ ਨਤੀਜਾ ਨਹੀਂ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਦਾ ਕਿਰਦਾਰ ਵਿਸ਼ਵ



ਵਿਆਪੀ ਹੈ। ਵੱਖ-ਵੱਖ ਦੇਸ਼ਾਂ 'ਚ ਇਹ ਵੱਖੋ-ਵੱਖਰੇ ਕਾਰਨਾਂ ਨਾਲ ਆਈ ਹੈ; ਭਾਵ, ਅਮਰੀਕਾ 'ਚ ਸੱਤ ਫੀਸਦੀ ਤੋਂ ਜ਼ਿਆਦਾ ਦੀ ਮਹਿੰਗਾਈ ਦੇ ਪਿੱਛੇ ਉੱਥੋਂ ਦੀ ਵਧੀ ਹੋਈ ਮੰਗ ਹੈ। ਜੋ ਯੂਰਪੀ ਦੇਸ਼ ਹਨ, ਉੱਥੇ ਯੂਕਰੇਨ ਜੰਗ ਦੇ ਕਾਰਨ ਪੈਦਾ ਹੋਇਆ ਤੇਲ ਦਾ ਸੰਕਟ ਹੈ ਪਰ ਭਾਰਤ 'ਚ ਇਹ ਕਿਸੇ ਇਕ ਕਾਰਨ ਨਾਲ ਨਾ ਹੋ ਕੇ 'ਬਰਾਂਡ ਬੇਸਡ', ਭਾਵ ਵਿਆਪਕ ਕਿਸਮ ਦੀ ਅਤੇ ਬਹੁ-ਖੇਤਰੀ ਹੈ। ਦੂਜਾ, ਇਹ ਲੰਮੇ ਅਰਸੇ ਤੱਕ ਟਿਕੇਗੀ। ਭਾਰਤੀ ਅਰਥਵਿਵਸਥਾ ਆਉਣ ਵਾਲੇ ਸਮੇਂ 'ਚ ਇਸ ਮਹਿੰਗਈ ਨਾਲ ਪ੍ਰਭਾਵਿਤ ਹੁੰਦੀ ਰਹੇਗੀ। ਇਹ ਸਮਝਣਾ ਸੌਖਾ ਹੈ ਕਿ ਇਸ ਦਾ ਰਾਜਨੀਤਕ ਨਤੀਜਾ ਆਮ ਲੋਕਾਂ ਦੇ ਗ਼ੁੱਸੇ 'ਚ ਵਾਧੇ ਦੇ ਰੂਪ ਵਿਚ ਨਿਕਲੇਗਾ।

ਸਾਨੂੰ ਪਤਾ ਹੈ ਕਿ ਬਾਜ਼ਾਰ 'ਚ ਜਦੋਂ ਜ਼ਰੂਰੀ ਚੀਜ਼ਾਂ ਦੇ ਭਾਅ ਵਧਦੇ ਹਨ ਤਾਂ ਉਸ ਦਾ ਅਸਰ ਲੋਕਾਂ ਦੀ ਆਮਦਨੀ ਦੇ ਹਿਸਾਬ ਨਾਲ ਪੈਂਦਾ ਹੈ ਜਿਸ ਦੀ ਜੇਬ 'ਚ ਜਿੰਨੇ ਜ਼ਿਆਦਾ ਰੁਪਏ ਹੁੰਦੇ ਹਨ, ਉਹ ਉਸ ਤੋਂ ਓਨਾ ਹੀ ਘੱਟ ਪ੍ਰਭਾਵਿਤ ਹੁੰਦਾ ਹੈ। ਜੋ ਜਿੰਨਾ ਗਰੀਬ ਹੁੰਦਾ ਹੈ, ਉਸ ਨੂੰ ਓਨੀਆਂ ਹੀ ਜ਼ਿਆਦਾ ਮੁਸ਼ਕਿਲਾਂ ਝੱਲਣੀਆਂ ਪੈਂਦੀਆਂ ਹਨ। ਜੋ ਬੇਰੁਜ਼ਗਾਰ ਹੈ, ਉਸ ਲਈ ਮਹਿੰਗਾਈ ਆਸਮਾਨੀ ਕਹਿਰ ਤੋਂ ਘੱਟ ਨਹੀਂ ਹੁੰਦੀ। ਗਰੀਬਾਂ ਦੀ ਨਾਰਾਜ਼ਗੀ ਰੋਕਣ ਲਈ ਸਰਕਾਰ ਨੂੰ ਉਨ੍ਹਾਂ ਲਈ ਫੌਰੀ ਰਾਹਤ ਦਾ ਬੰਦੋਬਸਤ ਕਰਨਾ ਪੈਂਦਾ ਹੈ। ਇਸ 'ਚ ਵੱਡੇ ਪੱਧਰ 'ਤੇ ਧਨ ਖਰਚ ਹੁੰਦਾ ਹੈ ਅਤੇ ਅਰਥਵਿਵਸਥਾ 'ਤੇ ਪੈਣ ਵਾਲਾ ਉਲਟਾ ਅਸਰ ਵਧਦਾ ਜਾਂਦਾ ਹੈ। ਇਹ ਇਕ ਅਜਿਹਾ ਦੁਸ਼ਟ ਚੱਕਰ ਹੈ, ਜਿਸ 'ਚ ਕੋਈ ਸਰਕਾਰ ਫਸਣਾ ਨਹੀਂ ਚਾਹੁੰਦੀ। ਰਾਕੇਸ਼ ਟਿਕੈਤ ਦੇ ਐਲਾਨ ਨਾਲ ਜੋ ਸੰਭਾਵਿਤ ਨਜ਼ਾਰਾ ਬਣਦਾ ਹੈ, ਉਹ ਸਰਕਾਰ ਨੂੰ ਪ੍ਰੇਸ਼ਾਨ ਕਰ ਦੇਣ ਵਾਲਾ ਹੈ। ਉਸ ਦੇ ਲਈ ਇਹ ਸਮਝਣਾ ਸੌਖਾ ਹੈ ਕਿ ਜੇਕਰ ਕਿਸਾਨਾਂ ਨੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇ ਲਈ ਅੰਦੋਲਨ ਕਰਨਾ ਸ਼ੁਰੂ ਕਰ ਦਿੱਤਾ ਅਤੇ ਉਹੋ ਜਿਹੀ ਨਾਕੇਬੰਦੀ ਫਿਰ ਤੋਂ ਹੋਣ ਲੱਗੀ ਜਿਹੋ ਜਿਹੀ ਤੇਰਾ ਮਹੀਨਿਆਂ ਤੱਕ ਹੁੰਦੀ ਰਹੀ ਸੀ, ਤਾਂ ਇਸ ਵਾਰ ਇਹ ਅੰਦੋਲਨਕਾਰੀ ਸਰਗਰਮੀ ਸਿਰਫ ਕਿਸਾਨਾਂ ਤੱਕ ਹੀ ਸੀਮਤ ਨਹੀਂ ਰਹੇਗੀ।

ਇਸ ਨਵੇਂ ਸਿਰੇ ਤੋਂ ਚੱਲਣ ਵਾਲੇ ਕਿਸਾਨ ਅੰਦੋਲਨ ਨਾਲ, ਮਹਿੰਗਾਈ ਕਾਰਨ ਲਗਾਤਾਰ ਨਾਰਾਜ਼ ਹੁੰਦੇ ਜਾ ਰਹੇ ਹੇਠਲੇ ਵਰਗ, ਹੇਠਲੇ ਮੱਧਵਰਗ ਅਤੇ ਮੱਧ ਵਰਗ ਦੇ ਲੋਕ ਵੀ ਜੁੜ ਸਕਦੇ ਹਨ। ਬੇਰੁਜ਼ਗਾਰੀ ਘਟਣ ਦੀ ਬਜਾਇ ਲਗਾਤਾਰ ਵਧਦੀ ਜਾ ਰਹੀ ਹੈ। ਜੇਕਰ ਬੇਰੁਜ਼ਗਾਰਾਂ ਦਾ ਕੋਈ ਅੰਦੋਲਨ ਬਣਿਆ ਅਤੇ ਕਿਸਾਨ ਅੰਦੋਲਨ ਨਾਲ ਉਸ ਦਾ ਤਾਲਮੇਲ ਸਥਾਪਤ ਹੋ ਗਿਆ ਤਾਂ ਵਿਰੋਧ ਦੀ ਐਨੀ ਜ਼ਬਰਦਸਤ ਰਾਜਨੀਤਕ ਤਾਕਤ ਬਣੇਗੀ ਕਿ ਸਰਕਾਰ ਨੂੰ ਲੈਣੇ ਦੇ ਦੇਣੇ ਪੈ ਜਾਣਗੇ। ਰਾਕੇਸ਼ ਟਿਕੈਤ ਦੇ ਐਲਾਨ ਕੁਝ ਇਸੇ ਨਾਲ ਮਿਲਦੀ-ਜੁਲਦੀ ਗੱਲ ਵੱਲ ਇਸ਼ਾਰਾ ਕਰਦੇ ਹਨ। ਉਨ੍ਹਾਂ ਨੇ ਸਾਫ ਤੌਰ 'ਤੇ ਕਿਹਾ ਕਿ ਇਸ ਵਾਰ ਕਿਸਾਨ ਅੰਦੋਲਨ ਬੇਰੁਜ਼ਗਾਰਾਂ ਦੇ ਅੰਦੋਲਨ ਨੂੰ ਵੀ ਆਪਣੇ ਵੱਲ ਖਿੱਚੇਗਾ। ਉਨ੍ਹਾਂ ਨੇ ਤੇਰਾਂ ਮਹੀਨਿਆਂ ਤੱਕ ਚੱਲੇ ਕਿਸਾਨ ਅੰਦੋਲਨ ਦੇ ਭਾਈਚਾਰਕ ਪੱਖ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਦਿਨਾਂ ਨੂੰ ਯਾਦ ਕੀਤਾ, ਜਦੋਂ ਸਿੱਖ ਗੁਰੂਆਂ ਨਾਲ ਜਾਟ ਭਾਈਚਾਰੇ ਦੀਆਂ ਖਾਪਾਂ ਜੁੜ ਗਈਆਂ ਸਨ। ਰਾਕੇਸ਼ ਟਿਕੈਤ ਉਮੀਦ ਕਰ ਰਹੇ ਹਨ ਕਿ ਇਸ ਵਾਰ ਉਨ੍ਹਾਂ ਦਾ ਅੰਦੋਲਨ ਦੋ ਨਾਲ-ਨਾਲ ਚੱਲ ਰਹੀਆਂ ਸਰਗਰਮੀਆਂ ਦੇ ਹਿਸਾਬ ਨਾਲ ਵਿਕਸਿਤ ਹੋਵੇਗਾ। ਇਕ ਪਾਸੇ ਜਾਟ ਖਾਪਾਂ ਅਤੇ ਸਿੱਖ ਭਾਈਚਾਰੇ ਦੀ ਟਿਕਾਊ ਸ਼ਕਤੀ ਦੇ ਆਧਾਰ 'ਤੇ ਅੰਦੋਲਨ ਆਪਣੀ ਲੰਬੀ ਉਮਰ ਪ੍ਰਾਪਤ ਕਰੇਗਾ ਅਤੇ ਦੂਜੇ ਪਾਸੇ ਬੇਰੁਜ਼ਗਾਰ ਵਿਦਿਆਰਥੀਆਂ-ਨੌਜਵਾਨਾਂ ਦਾ ਸਮਰਥਨ ਮਿਲਣ ਨਾਲ ਸਮਾਜ ਦੇ ਗੈਰ-ਕਿਸਾਨ ਤਬਕੇ ਨਾਲ ਉਸ ਦੇ ਸੰਬੰਧ ਗੂੜ੍ਹੇ ਹੋਣਗੇ; ਭਾਵ, ਉਹ ਪਹਿਲਾਂ ਦੇ ਮੁਕਾਬਲੇ ਜ਼ਿਆਦਾ ਪ੍ਰਭਾਵੀ ਹੋਵੇਗਾ।

ਜੇਕਰ 2022 ਦੀਆਂ ਸਰਦੀਆਂ 'ਚ ਅਜਿਹਾ ਅੰਦੋਲਨ ਸ਼ੁਰੂ ਹੁੰਦਾ ਹੈ ਅਤੇ ਟਿਕੈਤ ਦੀ ਯੋਜਨਾ ਅਨੁਸਾਰ ਹੀ ਉਸ ਦੀ ਸਮਾਜਕ-ਰਾਜਨੀਤਕ ਗਤੀ ਰਹਿੰਦੀ ਹੈ ਤਾਂ 2023 'ਚ ਭਾਵ, 2024 ਦੇ ਚੋਣਾਵੀ ਸਾਲ ਤੋਂ ਠੀਕ ਪਹਿਲਾਂ ਅੰਦੋਲਨ ਦੀ ਧਮਕ ਕਈ ਤਰ੍ਹਾਂ ਦੀਆਂ ਰਾਜਨੀਤਕ ਬੇਚੈਨੀਆਂ ਪੈਦਾ ਕਰੇਗੀ। ਇਨ੍ਹਾਂ ਬੇਚੈਨੀਆਂ ਦੀ ਬਣਤਰ ਕੀ ਹੋਵੇਗੀ, ਇਸ ਦੀ ਭਵਿੱਖਵਾਣੀ ਅਜੇ ਨਹੀਂ ਕੀਤੀ ਜਾ ਸਕਦੀ। ਕੀ ਇਹ ਬੇਚੈਨੀਆਂ ਚੁਣਾਵੀ ਗੋਲਬੰਦੀ ਨੂੰ ਵੀ ਪ੍ਰਭਾਵਿਤ ਕਰਨਗੀਆਂ? ਇਸ ਸਵਾਲ ਦਾ ਜਵਾਬ ਵੀ ਅਜੇ ਨਹੀਂ ਦਿੱਤਾ ਜਾ ਸਕਦਾ। ਐਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਹ ਵਿਰੋਧੀ ਧਿਰ ਦੀ ਰਾਜਨੀਤੀ ਨੂੰ ਹਵਾ ਦੇਵੇਗਾ। ਦੇਸ਼ ਦੀ ਵਿਰੋਧੀ ਧਿਰ ਇਕ ਵੱਡੇ ਰਾਜਨੀਤਕ ਅੰਦੋਲਨ ਨੂੰ ਛੇੜਨ ਦੀ ਆਪਣੀ ਅਸਮਰੱਥਾ ਵਾਰ-ਵਾਰ ਦਰਸਾਉਂਦੀ ਰਹੀ ਹੈ। ਉਸ ਨੂੰ ਗ਼ੈਰ-ਪਾਰਟੀ ਤਾਕਤਾਂ ਵਲੋਂ ਕੀਤੇ ਜਾਣ ਵਾਲੇ ਅੰਦੋਲਨ ਦੀ ਉਡੀਕ ਹੈ। ਉਸ ਨੂੰ ਇਕ ਅਜਿਹਾ ਵਾਹਨ ਚਾਹੀਦਾ ਹੈ ਜਿਸ ਨੂੰ ਬਣਾਉਣ ਦੀ ਉਸ ਨੂੰ ਖੁਦ ਜ਼ਰੂਰਤ ਨਾ ਪਵੇ। ਇਸ ਲਈ ਜੇਕਰ ਕਿਸਾਨ ਅੰਦੋਲਨ ਅਤੇ ਬੇਰੁਜ਼ਗਾਰੀ-ਮਹਿੰਗਾਈ ਦੀ ਸਮੱਸਿਆ ਨਾਲ ਪੈਦਾ ਹੋਇਆ ਅਸੰਤੋਖ ਆਪਸ 'ਚ ਜੁੜ ਗਿਆ ਤਾਂ ਵਿਰੋਧੀ ਧਿਰ ਨੂੰ ਮਨ ਮੰਗੀ ਮੁਰਾਦ ਮਿਲ ਜਾਵੇਗੀ। ਇਹ ਹਾਲਾਤ ਮੋਦੀ ਸਰਕਾਰ ਦੇ ਲਈ ਮੁਸ਼ਕਿਲ ਸਾਬਤ ਹੋਣ ਵਾਲੇ ਹਨ। ਕੀ ਮੋਦੀ ਸਰਕਾਰ ਦੇ ਕੋਲ ਇਸ ਸਮੱਸਿਆ ਨਾਲ ਨਜਿੱਠਣ ਦੀ ਕੋਈ ਤਰਕੀਬ ਹੈ? ਜਾਂ ਉਸ ਵਲੋਂ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਲੈਣ ਦੀ ਤਰਜ਼ 'ਤੇ ਹੀ ਐਮ.ਐਸ.ਪੀ. ਨੂੰ ਕਾਨੂੰਨੀ ਦਰਜਾ ਦੇਣ ਦੀ ਮੰਗ ਮੰਨਣ ਦੀ ਮਜਬੂਰੀ ਵੀ ਦਿਖਾਉਣੀ ਪਵੇਗੀ?

# ਰਾਜਧ੍ਰੋਹ ਕਾਨੂੰਨ ਅਤੇ ਸੁਪਰੀਮ ਕੋਰਟ ਦਾ ਆਦੇਸ਼

***ਬਸਤੀਵਾਦੀ ਰਾਜ ਦੌਰਾਨ ਅੰਗਰੇਜ਼ ਹਕੂਮਤ ਭਾਰਤੀ ਲੋਕਾਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਰਾਜਧ੍ਰੋਹ ਦਾ ਕਾਨੂੰਨੀ ਹਥਿਆਰ ਵਰਤਦੀ ਸੀ ਪਰ ਆਜ਼ਾਦੀ ਤੋਂ ਬਾਅਦ ਭਾਰਤ ਦੇ ਦੇਸੀ ਹੁਕਮਰਾਨਾਂ ਨੇ ਵੀ ਇਸ ਕਾਨੂੰਨ ਨੂੰ ਲੋਕਾਂ ਨੂੰ ਦਬਾਉਣ ਦਾ ਹਥਿਆਰ ਬਣਾ ਲਿਆ। ਸੱਤਾ ਵਿਚ ਆਈ ਕਿਸੇ ਵੀ ਪਾਰਟੀ ਨੇ ਇਸ ਬਸਤੀਵਾਦੀ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਨਹੀਂ ਕੀਤੀ। ਹੁਣ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਸ ਕਾਨੂੰਨ ਦੀ ਰੱਜ ਕੇ ਦੁਰਵਰਤੋਂ ਕਰ ਰਹੀ ਹੈ। ਸਾਡੇ ਕਾਲਮਨਵੀਸ ਨੇ ਇਸ ਸਮੁੱਚੇ ਹਾਲਾਤ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਭਾਰਤ ਦੀ ਸੁਪਰੀਮ ਕੋਰਟ ਵੱਲੋਂ ਰਾਜਧ੍ਰੋਹ ਕਾਨੂੰਨ ਮੁਅੱਤਲ ਰੱਖਣ ਦਾ ਅੰਤ੍ਰਿਮ ਆਦੇਸ਼ ਦੇਣਾ ਚੰਗੀ ਖਬਰ ਹੈ। ਜਮਹੂਰੀ ਹੱਕਾਂ ਬਾਰੇ ਜਾਗਰੂਕ ਲੋਕ ਲੰਮੇ ਸਮੇਂ ਤੋਂ ਮੰਗ ਕਰ ਰਹੇ ਸਨ ਕਿ ਪ੍ਰਗਟਾਵੇ ਦੀ ਆਜ਼ਾਦੀ ਦਾ ਘਾਣ ਕਰਨ ਵਾਲੇ ਰਾਜਧ੍ਰੋਹ ਕਾਨੂੰਨ ਨੂੰ ਖਤਮ ਕੀਤਾ ਜਾਵੇ। ਸੁਪਰੀਮ ਕੋਰਟ ਨੇ ਆਪਣੇ 11 ਮਈ ਦੇ ਆਦੇਸ਼ ਵਿਚ ਕਿਹਾ ਕਿ ਜਦੋਂ ਤੱਕ ਕੇਂਦਰ ਸਰਕਾਰ ਰਾਜਧ੍ਰੋਹ ਕਾਨੂੰਨ (ਇੰਡੀਅਨ ਪੀਨਲ ਕੋਡ ਦੀ ਧਾਰਾ 124ਏ) ਉੱਪਰ ਮੁੜ-ਵਿਚਾਰ ਨਹੀਂ ਕਰ ਲੈਂਦੀ, ਉਦੋਂ ਤੱਕ ਕੇਂਦਰ ਅਤੇ ਰਾਜ ਸਰਕਾਰਾਂ ਇਸ ਕਾਨੂੰਨ ਦੀ ਵਰਤੋਂ ਨਾ ਕਰਨ। ਇਸ ਕਾਨੂੰਨ ਤਹਿਤ ਕੋਈ ਐਫ.ਆਈ.ਆਰ. ਦਰਜ ਕਰਨ, ਦਰਜ ਕੇਸਾਂ ਦੀ ਜਾਂਚ ਕਰਨ ਅਤੇ ਸਖਤ ਕਦਮ ਚੁੱਕਣ ਤੋਂ ਪਰਹੇਜ਼ ਕੀਤਾ ਜਾਵੇ। ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਜਿਨ੍ਹਾਂ ਲੋਕਾਂ ਵਿਰੁੱਧ ਧਾਰਾ 124ਏ ਤਹਿਤ ਮੁਕੱਦਮੇ ਦਰਜ ਹਨ ਅਤੇ ਜੋ ਜੇਲ੍ਹ ਵਿਚ ਬੰਦ ਹਨ, ਉਹ ਜ਼ਮਾਨਤ ਲੈਣ ਲਈ ਸਬੰਧਤ ਅਦਾਲਤਾਂ ਤੱਕ ਪਹੁੰਚ ਕਰ ਸਕਦੇ ਹਨ। ਇਸ ਮਾਮਲੇ ਦੀ ਸੁਣਵਾਈ ਜੁਲਾਈ ਦੇ ਤੀਜੇ ਹਫਤੇ 'ਚ ਹੋਵੇਗੀ। ਉਦੋਂ ਤੱਕ ਕੇਂਦਰ ਸਰਕਾਰ ਨੂੰ ਇਸ ਕਾਨੂੰਨ ਉੱਪਰ ਮੁੜ-ਵਿਚਾਰ ਕਰਨ ਲਈ ਕਿਹਾ ਗਿਆ ਹੈ।

ਬਸਤੀਵਾਦੀ ਹਕੂਮਤ ਨੇ ਹਜ਼ਾਰਾਂ ਇਨਕਲਾਬੀ ਦੇਸ਼ਭਗਤਾਂ ਤੋਂ ਇਲਾਵਾ ਬਾਲ ਗੰਗਾਧਰ ਤਿਲਕ ਅਤੇ ਮਹਾਤਮਾ ਗਾਂਧੀ ਵਰਗੇ 'ਸੱਤਿਆਗ੍ਰਹੀਆਂ' ਵਿਰੁੱਧ ਵੀ ਰਾਜਧ੍ਰੋਹ ਦੇ ਮੁਕੱਦਮੇ ਚਲਾ ਕੇ ਸਜ਼ਾਵਾਂ ਦਿੱਤੀਆਂ। ਤ੍ਰਾਸਦੀ ਇਹ ਹੈ ਕਿ 152 ਸਾਲ ਪਹਿਲਾਂ ਬਣਾਏ ਬਸਤੀਵਾਦੀ ਕਾਨੂੰਨ ਉੱਪਰ ਮੁੜ-ਵਿਚਾਰ ਕਰਨ ਦੀ ਗੱਲ ਹੁਣ 75 ਸਾਲ ਬਾਅਦ ਹੋ ਰਹੀ ਹੈ ਜਿਸ ਨੂੰ 1947 'ਚ ਹੀ ਖਤਮ ਕਰ ਦਿੱਤਾ ਜਾਣਾ ਚਾਹੀਦਾ ਸੀ। ਇਸ ਕਾਨੂੰਨ ਨੂੰ ਖਤਮ ਕਰਨ ਦੀ ਬਜਾਇ ਦਹਿ ਹਜ਼ਾਰਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅੰਕੜਿਆਂ ਅਨੁਸਾਰ 2010-2021 ਦੌਰਾਨ 13306 ਲੋਕਾਂ ਨੂੰ 867 ਕੇਸਾਂ 'ਚ ਮੁਲਜ਼ਮ ਬਣਾਇਆ ਗਿਆ। 13000 ਲੋਕ ਅਜੇ ਵੀ ਜੇਲ੍ਹਾਂ 'ਚ ਬੰਦ ਹਨ। ਦਿਲਚਸਪ ਪੱਖ ਇਹ ਵੀ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਕਹਾਉਣ ਵਾਲੇ ਭਾਰਤ ਨੇ ਪਿਛਲੇ ਸਾਢੇ ਸੱਤ ਦਹਾਕਿਆਂ 'ਚ ਬਸਤੀਵਾਦੀ ਕਾਨੂੰਨ ਦੀ ਸਮੀਖਿਆ ਕਰਕੇ ਰੱਦ ਕਰਨ ਦੀ ਕਦੇ ਜ਼ਰੂਰਤ ਹੀ ਨਹੀਂ ਸਮਝੀ।

ਜਦੋਂ ਬਸਤੀਵਾਦੀ ਰਾਜ 'ਚ ਅੰਗਰੇਜ਼ ਹਕੂਮਤ ਭਾਰਤੀ ਲੋਕਾਂ ਦੀ ਆਜ਼ਾਦੀ ਦੀ ਰੀਝ ਨੂੰ ਕੁਚਲਣ ਲਈ ਰਾਜਧ੍ਰੋਹ ਦਾ ਕਾਨੂੰਨੀ ਹਥਿਆਰ ਵਰਤਦੀ ਸੀ ਤਾਂ ਕਾਂਗਰਸ ਦੇ ਆਗੂ ਇਸ ਦੀ ਵਰਤੋਂ ਉੱਪਰ ਸਵਾਲ ਉਠਾਉਂਦੇ ਸਨ। ਰਾਜ-ਭਾਗ ਉੱਪਰ ਕਾਬਜ਼ ਹੋ ਕੇ ਇਹੀ ਬਸਤੀਵਾਦੀ ਕਾਨੂੰਨ ਦੇਸੀ ਹੁਕਮਰਾਨਾਂ ਨੇ ਲੋਕਾਂ ਨੂੰ ਦਬਾਉਣ ਦਾ ਹਥਿਆਰ ਬਣਾ ਲਿਆ। ਸੱਤਾ 'ਚ ਆਈ ਕਿਸੇ ਵੀ ਪਾਰਟੀ ਨੇ ਇਸ ਬਸਤੀਵਾਦੀ ਕਾਨੂੰਨ ਨੂੰ ਰੱਦ ਕਰਨ ਦੀ ਗੱਲ ਨਹੀਂ ਕੀਤੀ। ਸਭ ਤੋਂ ਵਧੇਰੇ ਸਮਾਂ ਰਾਜ ਕਰਨ ਵਾਲੀ ਕਾਂਗਰਸ ਨੇ ਇਸ ਦੀ ਵਰਤੋਂ ਕਰਨ 'ਚ ਕੋਈ ਕਸਰ ਨਹੀਂ ਛੱਡੀ। ਪ੍ਰਸਿੱਧ ਲੇਖਕਾ ਅਰੁੰਧਤੀ ਰਾਏ ਅਤੇ ਮਰਹੂਮ ਕਸ਼ਮੀਰੀ ਆਗੂ ਸਈਦ ਅਲੀ ਸ਼ਾਹ ਗਿਲਾਨੀ ਵਿਰੁੱਧ ਇਕ ਸੈਮੀਨਾਰ 'ਚ ਭਾਰਤ ਵਿਰੋਧੀ ਭਾਸ਼ਣ ਦੇਣ 'ਤੇ ਰਾਜਧ੍ਰੋਹ ਦੇ ਕੇਸ ਕਾਂਗਰਸ ਸਰਕਾਰ ਸਮੇਂ ਦਰਜ ਕੀਤੇ ਗਏ। ਰਾਜਨੀਤਕ ਕਾਰਨਾਂ ਕਰਕੇ ਕਾਂਗਰਸ ਨੇ ਰਾਜਧ੍ਰੋਹ ਖਤਮ ਕਰਨ ਦਾ ਮੁੱਦਾ ਪਹਿਲੀ ਵਾਰ 2019 ਦੀਆਂ ਲੋਕ ਸਭਾ ਚੋਣਾਂ ਦੇ ਮੈਨੀਫੈਸਟੋ 'ਚ ਸ਼ਾਮਿਲ ਕੀਤਾ। ਆਰ.ਐਸ.ਐਸ.-ਭਾਜਪਾ ਦੇ ਸੱਤਾ 'ਚ ਆਉਣ ਨਾਲ ਇਸ ਦੀ ਵਰਤੋਂ ਵਿਆਪਕ ਹੋ ਗਈ। ਸਰਕਾਰ ਦੀ ਆਲੋਚਨਾ, ਇੱਥੋਂ ਤੱਕ ਕਿ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਦੀ ਆਲੋਚਨਾ ਨੂੰ ਵੀ ਰਾਜਧ੍ਰੋਹ ਮੰਨ ਲਿਆ ਗਿਆ ਹੈ। ਇਸ ਦੇ ਮੱਦੇਨਜ਼ਰ ਸੁਪਰੀਮ ਕੋਰਟ ਨੇ ਪਿਛਲੇ ਸਾਲ ਜੁਲਾਈ 'ਚ ਕੇਂਦਰ ਸਰਕਾਰ ਨੂੰ ਸਵਾਲ ਕੀਤਾ ਸੀ ਕਿ ਸੁਤੰਤਰਤਾ ਸੰਗਰਾਮ ਨੂੰ ਦਬਾਉਣ ਲਈ ਅੰਗਰੇਜ਼ਾਂ ਵੱਲੋਂ ਬਣਾਏ ਕਾਨੂੰਨ ਨੂੰ ਸਰਕਾਰ ਖਤਮ ਕਿਉਂ ਨਹੀਂ ਕਰ ਰਹੀ?

ਭਾਰਤ ਦੀਆਂ ਸਮੂਹ ਜਮਹੂਰੀ ਤਾਕਤਾਂ ਅਤੇ ਬੁੱਧੀਜੀਵੀ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ ਕਿ ਇਹ ਜਾਬਰ ਬਸਤੀਵਾਦੀ ਕਾਨੂੰਨ ਖਤਮ ਕੀਤਾ ਜਾਵੇ ਜੋ ਆਜ਼ਾਦੀ ਲਈ ਸੰਘਰਸ਼ ਨੂੰ ਦਬਾਉਣ ਲਈ ਈਜ਼ਾਦ ਕੀਤਾ ਗਿਆ ਸੀ। ਬਸਤੀਵਾਦੀ ਕਾਨੂੰਨ ਨੂੰ ਸੱਤ ਦਹਾਕੇ ਬਾਅਦ ਵੀ ਆਜ਼ਾਦ ਕਹਾਉਂਦੇ ਮੁਲਕ ਵੱਲੋਂ ਜਾਰੀ ਰੱਖਣ ਪਿੱਛੇ ਭਾਰਤੀ ਹੁਕਮਰਾਨ ਜਮਾਤ ਦੇ ਖੋਟੇ ਮਨਸ਼ੇ ਕੰਮ ਕਰਦੇ ਹਨ। ਇਕ ਪਾਸੇ ਸੰਵਿਧਾਨ ਵਿਚ ਭਾਸ਼ਣ ਅਤੇ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਣ ਦੇ ਦਾਅਵੇ ਕੀਤੇ ਜਾ ਰਹੇ ਹਨ; ਦੂਜੇ ਪਾਸੇ ਸੰਵਿਧਾਨ ਵਿਚ ਰਾਜਧ੍ਰੋਹ ਦੀ ਬਸਤੀਵਾਦੀ ਵਿਵਸਥਾ ਨੂੰ ਬਰਕਰਾਰ ਰੱਖਿਆ ਗਿਆ ਜੋ ਹੁਕਮਰਾਨਾਂ ਦੇ ਹੱਥ 'ਚ ਆਲੋਚਕ ਆਵਾਜ਼ਾਂ ਦੀ ਸੰਘੀ ਘੁੱਟਣ ਦਾ ਕਾਰਗਰ ਹਥਿਆਰ ਹੈ। ਹੁਕਮਰਾਨ ਜਿਸ ਨੂੰ ਵੀ ਚਾਹੁਣ, ਰਾਜਧ੍ਰੋਹ ਦੇ ਝੂਠੇ ਕੇਸ 'ਚ ਫਸਾ ਕੇ ਜੇਲ੍ਹ 'ਚ ਡੱਕ ਸਕਦੇ ਹਨ। ਗੈਰ-ਜ਼ਮਾਨਤੀ ਵਿਵਸਥਾ ਵਾਲੇ ਇਸ ਕਾਨੂੰਨ ਤਹਿਤ ਐਸਾ ਕੋਈ ਭਾਸ਼ਣ ਜਾਂ ਪ੍ਰਗਟਾਵਾ ਜੋ ਭਾਰਤ ਵਿਚ 'ਕਾਨੂੰਨ ਦੁਆਰਾ ਸਥਾਪਿਤ ਸਰਕਾਰ ਦੇ ਪ੍ਰਤੀ ਘ੍ਰਿਣਾ ਜਾਂ ਹੱਤਕ ਜਾਂ ਅਸੰਤੋਖ ਵਧਾਉਂਦਾ ਜਾਂ ਵਧਾਉਣ ਦੀ ਕੋਸ਼ਿਸ਼ ਕਰਦਾ' ਹੋਵੇ, ਉਹ ਸਜ਼ਾਯੋਗ ਜੁਰਮ ਹੈ ਜਿਸ ਵਿਚ ਉਮਰ ਕੈਦ ਤੱਕ ਦੀ ਵੱਧ ਤੋਂ ਵੱਧ ਸਜ਼ਾ ਦੇਣ ਦੀ ਵਿਵਸਥਾ ਹੈ।




ਪੁਲਿਸ ਦੀ ਮਾਨਸਿਕਤਾ ਇਹ ਹੈ ਕਿ ਰਾਜਧ੍ਰੋਹ ਬਾਰੇ ਕੇਦਾਰਨਾਥ ਸਿੰਘ ਬਨਾਮ ਬਿਹਾਰ ਰਾਜ ਕੇਸ ਦਾ ਫੈਸਲਾ (1962) ਵੀ ਅਧਿਕਾਰੀਆਂ ਲਈ ਕੋਈ ਮਾਇਨੇ ਨਹੀਂ ਰੱਖਦਾ। ਇਸ ਵਿਚ ਸੁਪਰੀਮ ਕੋਰਟ ਦੇ ਪੰਜ ਮੈਂਬਰੀ ਬੈਂਚ ਨੇ ਆਈ.ਪੀ.ਸੀ. ਦੀ ਧਾਰਾ 124ਏ ਤਹਿਤ ਰਾਜਧ੍ਰੋਹ ਦੇ ਜੁਰਮ ਦੇ ਦਾਇਰੇ ਨੂੰ ਪਰਿਭਾਸ਼ਿਤ ਕਰਦਿਆਂ ਕਿਹਾ ਸੀ ਕਿ 'ਕਥਿਤ ਰਾਜਧ੍ਰੋਹੀ ਭਾਸ਼ਣ ਅਤੇ ਪ੍ਰਗਟਾਵੇ ਦੇ ਲਈ ਵਿਅਕਤੀ ਨੂੰ ਫਿਰ ਹੀ ਸਜ਼ਾ ਦਿੱਤੀ ਜਾ ਸਕਦੀ ਹੈ ਜਦੋਂ ਉਹ ਭਾਸ਼ਣ ਹਿੰਸਾ ਲਈ ਉਕਸਾਉਣ ਵਾਲਾ ਜਾਂ ਜਨਤਕ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਵਾਲਾ ਹੋਵੇ। ਇਸ ਦੀ ਰੋਸ਼ਨੀ 'ਚ ਸ਼ਿਕਾਇਤ 'ਚ ਲਾਏ ਦੋਸ਼ਾਂ ਦੀ ਸਚਾਈ ਪਰਖਣ ਅਤੇ ਸ਼ਿਕਾਇਤ ਦੇ ਤੱਥਾਂ ਦੀ ਨਿਰਪੱਖ ਛਾਣਬੀਣ ਕਰਨ ਦੀ ਬਜਾਇ ਪੁਲਿਸ ਇਸ ਸੋਚ ਨਾਲ ਕੇਸ ਦਰਜ ਕਰ ਲੈਂਦੀ ਹੈ ਕਿ ਗੁਨਾਹ ਜਾਂ ਬੇਗੁਨਾਹ ਦਾ ਨਿਤਾਰਾ ਅਦਾਲਤ 'ਚ ਹੁੰਦਾ ਰਹੇਗਾ; ਸਾਡਾ ਕੰਮ ਤਾਂ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕਰਨਾ ਹੈ। ਜੇ.ਐਨ.ਯੂ. ਉੱਪਰ ਭਗਵੇਂ ਹਮਲੇ ਸਮੇਂ ਵਿਦਿਆਰਥੀ ਆਗੂਆਂ ਕਨੱਈਆ ਕੁਮਾਰ, ਉਮਰ ਖਾਲਿਦ ਵਿਰੁੱਧ ਅਤੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਅੰਦੋਲਨ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਾਰਕੁਨਾਂ ਅਤੇ ਵਿਦਿਆਰਥਣਾਂ ਵਿਰੁੱਧ ਇਸੇ ਤਰ੍ਹਾਂ ਝੂਠੇ ਕੇਸ ਦਰਜ ਕੀਤੇ ਗਏ। ਇਸ ਦੇ ਉਲਟ, ਭਗਵੇਂ ਆਗੂਆਂ ਦੇ ਹਿੰਸਾ ਤੇ ਨਫਰਤ ਭੜਕਾਊ ਭਾਸ਼ਣਾਂ ਅਤੇ ਬਿਆਨਾਂ ਨੂੰ ਪੁਲਿਸ ਅਧਿਕਾਰੀ ਸੁਣ ਕੇ ਵੀ ਅਣਸੁਣਿਆ ਕਰ ਦਿੰਦੇ ਹਨ ਅਤੇ ਵਾਜਬ ਸ਼ਿਕਾਇਤਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕਰਦੇ।

2014 ਤੋਂ ਬਾਅਦ ਹਾਲ ਇਹ ਹੈ ਕਿ ਮੋਦੀ ਜਾਂ ਸੰਘ ਭਗਤਾਂ ਵੱਲੋਂ ਕੀਤੀ ਕੋਈ ਵੀ ਬੇਹੂਦਾ ਜਨੂਨੀ, ਬਦਲਾਲਊ ਜਾਂ ਸ਼ਰਾਰਤੀ ਸ਼ਿਕਾਇਤ ਰਾਜਧ੍ਰੋਹ ਦੇ ਕੇਸ ਦਾ ਆਧਾਰ ਬਣ ਸਕਦੀ ਹੈ। ਹੁਕਮਰਾਨ ਧਿਰ ਦੀ ਸੋਚ ਤੋਂ ਹਟਵਾਂ ਕੋਈ ਵੀ ਪ੍ਰਤੀਕਰਮ ਜਾਂ ਇਜ਼ਹਾਰ ਰਾਜਧ੍ਰੋਹ ਤਹਿਤ ਗ੍ਰਿਫਤਾਰੀ ਤੇ ਜੇਲ੍ਹਬੰਦੀ ਨੂੰ ਸੱਦਾ ਦੇ ਸਕਦਾ ਹੈ। ਭਾਰਤ ਅਤੇ ਪਾਕਿਸਤਾਨ ਦਰਮਿਆਨ ਕ੍ਰਿਕਟ ਮੈਚ ਸਮੇਂ ਕਿਸੇ ਨਾਗਰਿਕ ਦਾ ਪਾਕਿਸਤਾਨ ਦੀ ਟੀਮ ਦੀ ਜਿੱਤ 'ਤੇ ਖੁਸ਼ ਹੋਣਾ ਜਾਂ ਕਿਸੇ ਪ੍ਰਸੰਗ 'ਚ ਪਾਕਿਸਤਾਨ ਦੇ ਤਾਰੀਫ ਦੇ ਸ਼ਬਦ ਬੋਲਣਾ ਵੀ ਭਗਵੇਂ ਹੁਕਮਰਾਨਾਂ ਅਨੁਸਾਰ ਰਾਜਧ੍ਰੋਹ ਹੈ। 2014, 2017 ਅਤੇ 2021 'ਚ ਏਸ਼ੀਆ ਕੱਪ, ਆਈ.ਸੀ.ਸੀ. ਚੈਂਪੀਅਨਜ਼ ਟਰਾਫੀ ਅਤੇ ਟਵੰਟੀ-20 ਵਰਲਡ ਕੱਪ 'ਚ ਭਾਰਤ ਦੀ ਹਾਰ ਉੱਪਰ ਕਥਿਤ 'ਜਸ਼ਨ ਮਨਾਉਣ' ਦੇ ਆਧਾਰ 'ਤੇ ਰਾਜਧ੍ਰੋਹ ਦੇ ਕੇਸ ਦਰਜ ਕਰ ਲਏ ਗਏ। ਮਹੰਤ ਅਦਿੱਤਿਆਨਾਥ ਨੇ ਤਾਂ ਸ਼ਰੇਆਮ ਐਲਾਨ ਕਰ ਦਿੱਤਾ ਕਿ ਜਿਹੜਾ ਵੀ ਪਾਕਿਸਤਾਨ ਦੀ ਜਿੱਤ ਦੀ ਖੁਸ਼ੀ ਮਨਾਏਗਾ, ਉਸ ਵਿਰੁੱਧ ਰਾਜਧ੍ਰੋਹ ਦਾ ਕੇਸ ਦਰਜ ਕਰ ਲਿਆ ਜਾਵੇਗਾ।

ਰਾਜਧ੍ਰੋਹ ਕਾਨੂੰਨ ਦੀ ਵਰਤੋਂ ਇੰਨੀ ਬੇਫਿਕਰ ਹੈ ਕਿ ਸੁਪਰੀਮ ਕੋਰਟ ਨੂੰ ਵੀ ਹੁਣ ਇਸ ਨੂੰ ਖਤਮ ਕਰਨ ਲਈ ਕਹਿਣਾ ਪੈ ਗਿਆ ਹੈ ਪਰ ਕੇਂਦਰ ਸਰਕਾਰ ਅਜੇ ਵੀ ਬਜ਼ਿਦ ਹੈ ਕਿ ਇਹ ਕਾਨੂੰਨ ਦੀ ਕਿਤਾਬ ਵਿਚ ਰੱਖਣ ਦੇ ਯੋਗ ਹੈ। 5 ਮਈ 2022 ਨੂੰ ਸਰਕਾਰ ਵੱਲੋਂ ਪੇਸ਼ ਅਟਾਰਨੀ ਜਨਰਲ ਨੇ ਕੇਦਾਰ ਨਾਥ ਸਿੰਘ ਬਨਾਮ ਬਿਹਾਰ ਰਾਜ (1962) ਨੂੰ ਆਧਾਰ ਬਣਾ ਕੇ ਅਦਾਲਤ 'ਚ ਕਿਹਾ ਕਿ ਇਹ ਚੰਗਾ ਕਾਨੂੰਨ ਹੈ ਅਤੇ ਇਸ ਨੂੰ ਕਾਨੂੰਨ ਦੀ ਕਿਤਾਬ ਵਿਚ ਰੱਖਿਆ ਜਾ ਸਕਦਾ ਹੈ, ਦੁਰਵਰਤੋਂ ਨੂੰ ਰੋਕਣ ਲਈ ਦਿਸ਼ਾ-ਨਿਰਦੇਸ਼ ਦਿੱਤੇ ਜਾ ਸਕਦੇ ਹਨ। 7 ਮਈ 2022 ਨੂੰ ਸਾਲਿਸਟਰ ਜਨਰਲ ਨੇ ਸੁਪਰੀਮ ਕੋਰਟ ਵਿਚ ਭਾਵੇਂ ਇਹ ਗੱਲ ਮੰਨੀ ਕਿ ਬਸਤੀਵਾਦੀ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਪਰ ਅਦਾਲਤ ਨੂੰ ਇਸ ਉੱਪਰ ਮੁੜ-ਵਿਚਾਰ ਨਾ ਕਰਨ ਲਈ ਇਹ ਦਲੀਲ ਦਿੱਤੀ ਕਿ ਜਦੋਂ ਛੇ ਦਹਾਕਿਆਂ ਤੋਂ ਕੇਦਾਰ ਨਾਥ ਸਿੰਘ ਫੈਸਲਾ ਚਲਿਆ ਆ ਰਿਹਾ ਹੈ ਤਾਂ ਦੁਰਵਰਤੋਂ ਦੀਆਂ ਮਿਸਾਲਾਂ ਕਾਨੂੰਨ ਨੂੰ ਰੱਦ ਕਰਨ ਦਾ ਆਧਾਰ ਨਹੀਂ ਹੋ ਸਕਦੀਆਂ। ਕਾਨੂੰਨ ਬਰਕਰਾਰ ਰੱਖਣ ਲਈ ਸਰਕਾਰ ਇਹ ਤਜਵੀਜ਼ ਲਿਆਈ ਹੈ ਕਿ ਕਥਿਤ ਦੁਰਵਰਤੋਂ ਰੋਕਣ ਲਈ ਰਾਜਧ੍ਰੋਹ ਦੀ ਐਫ.ਆਈ.ਆਰ. ਉੱਪਰ ਐਸ.ਪੀ. ਪੱਧਰ ਦੇ ਪੁਲਿਸ ਅਧਿਕਾਰੀ ਦੇ ਦਸਤਖਤ ਲਾਜ਼ਮੀ ਕੀਤੇ ਜਾਣ ਦੀ ਵਿਵਸਥਾ ਕੀਤੀ ਜਾ ਸਕਦੀ ਹੈ ਅਤੇ ਉਸ ਦੀ ਸੰਤੁਸ਼ਟੀ ਅਦਾਲਤੀ ਸਮੀਖਿਆ ਦੇ ਅਧੀਨ ਹੈ।

ਜ਼ਾਹਿਰ ਹੈ ਕਿ ਕੇਂਦਰ ਸਰਕਾਰ ਸੁਪਰੀਮ ਕੋਰਟ ਦੀ ਸਲਾਹ ਦੇ ਬਾਵਜੂਦ ਇਹ ਕਾਨੂੰਨ ਖਤਮ ਨਹੀਂ ਕਰਨਾ ਚਾਹੁੰਦੀ ਕਿਉਂਕਿ ਇਹ ਹਕੂਮਤ ਦੇ ਹੱਥ ਵਿਚ ਆਲੋਚਕਾਂ ਅਤੇ ਵਿਰੋਧੀਆਂ ਦੀ ਜ਼ਬਾਨਬੰਦੀ ਦਾ ਕਾਰਗਰ ਹਥਿਆਰ ਹੈ। ਦਰਅਸਲ, ਇਹ ਦੁਰਵਰਤੋਂ ਦਾ ਮਸਲਾ ਨਹੀਂ ਹੈ, ਇਸ ਕਾਨੂੰਨ ਦਾ ਮਨੋਰਥ ਅਤੇ ਵਰਤੋਂ ਹੀ ਵਿਚਾਰ ਪ੍ਰਗਟਾਵੇ ਦੀ ਆਜ਼ਾਦੀ ਦੇ ਖਿਲਾਫ ਹੈ। ਸਾਲਿਸਿਟਰ ਜਨਰਲ ਨੇ ਤਾਂ ਸੁਪਰੀਮ ਕੋਰਟ ਵਿਚ ਇਹ ਝੂਠ ਵੀ ਬੋਲਿਆ ਕਿ ਰਾਜਧ੍ਰੋਹ ਦੇ ਕੇਸਾਂ ਵਿਚ 'ਐਫ.ਆਈ.ਆਰ. ਦਰਜ ਕਰਨ ਅਤੇ ਜਾਂਚ ਦਾ ਕੰਮ ਰਾਜ ਸਰਕਾਰਾਂ ਕਰਦੀਆਂ ਹਨ, ਇਹ ਕੇਂਦਰ ਨਹੀਂ ਕਰਦਾ।' ਉਸ ਨੇ ਇਸ ਤੱਥ ਨੂੰ ਲੁਕੋਣ ਦੀ ਚਲਾਕੀ ਕੀਤੀ ਕਿ ਦਿੱਲੀ ਪੁਲਿਸ ਤਾਂ ਸਿੱਧੇ ਤੌਰ 'ਤੇ ਕੇਂਦਰੀ ਗ੍ਰਹਿ ਮੰਤਰਾਲੇ ਦੇ ਅਧੀਨ ਹੈ ਜਿਸ ਵੱਲੋਂ ਪਿਛਲੇ ਸਾਲਾਂ 'ਚ ਮੋਦੀ ਵਜ਼ਾਰਤ ਦੇ ਇਸ਼ਾਰੇ 'ਤੇ ਬਹੁਤ ਸਾਰੇ ਉੱਘੇ ਪੱਤਰਕਾਰਾਂ ਜਿਵੇਂ ਮ੍ਰਿਣਾਲ ਪਾਂਡੇ, ਰਾਜਦੀਪ ਸਰਦੇਸਾਈ, ਜ਼ਫਰ ਆਗਾ, ਵਿਨੋਦ ਜੋਸ, ਅਨੰਤ ਨਾਥ ਅਤੇ ਸਿਆਸੀ ਵਿਰੋਧੀ ਸ਼ਸ਼ੀ ਥਰੂਰ ਵਿਰੁੱਧ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਉਨ੍ਹਾਂ ਦਾ 'ਜੁਰਮ' ਸਿਰਫ ਉਨ੍ਹਾਂ ਵੱਲੋਂ ਕੀਤਾ ਇਹ ਦਾਅਵਾ ਸੀ ਕਿ 26 ਜਨਵਰੀ 2021 ਨੂੰ ਦਿੱਲੀ ਅੰਦੋਲਨ ਦੌਰਾਨ ਜੋ ਕਿਸਾਨ ਮਾਰਿਆ ਗਿਆ, ਉਸ ਨੂੰ ਗੋਲੀ ਮਾਰੀ ਗਈ ਸੀ। ਇਸੇ ਤਰ੍ਹਾਂ ਸੀਨੀਅਰ ਪੱਤਰਕਾਰ ਵਿਨੋਦ ਦੂਆ ਨੇ ਕਰੋਨਾ ਸੰਕਟ ਨਾਲ ਨਜਿੱਠਣ ਸਮੇਂ ਸਰਕਾਰ ਦੀ ਨਖਿੱਧ ਕਾਰਗੁਜ਼ਾਰੀ ਬਾਬਤ ਆਪਣੇ ਯੂਟਿਊਬ ਪ੍ਰੋਗਰਾਮ 'ਚ ਮਾਮੂਲੀ ਟਿੱਪਣੀ ਕੀਤੀ ਸੀ ਜਿਸ ਦੇ ਆਧਾਰ 'ਤੇ ਉਸ ਉੱਪਰ ਰਾਜਧ੍ਰੋਹ ਦਾ ਕੇਸ ਦਰਜ ਕਰ ਲਿਆ ਸੀ।

9 ਮਈ 2022 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਦੇ ਵਧੀਕ ਸੈਕਟਰੀ ਨੇ ਸੁਪਰੀਮ ਕੋਰਟ ਵਿਚ ਹਲਫਨਾਮਾ ਦੇ ਕੇ ਕਿਹਾ ਕਿ 'ਮਾਣਯੋਗ ਪ੍ਰਧਾਨ ਮੰਤਰੀ ਦਾ ਵਿਸ਼ਵਾਸ ਹੈ ਕਿ ਜਿਸ ਵਕਤ ਸਾਡਾ ਰਾਸ਼ਟਰ 'ਆਜ਼ਾਦੀ ਕਾ ਅੰਮ੍ਰਿਤ ਮਹਾਉਤਸਵ' (ਆਜ਼ਾਦੀ ਦੇ 75 ਸਾਲ) ਮਨਾ ਰਿਹਾ ਹੈ ਤਾਂ ਸਾਨੂੰ ਰਾਸ਼ਟਰ ਦੇ ਰੂਪ 'ਚ ਬਸਤੀਵਾਦੀ ਬੋਝ ਨੂੰ ਲਾਹੁਣ ਲਈ, ਜਿਸ ਵਿਚ ਪੁਰਾਣੇ ਬਸਤੀਵਾਦੀ ਕਾਨੂੰਨ ਤੇ ਦਸਤੂਰ ਸ਼ਾਮਿਲ ਹਨ, ਹੋਰ ਵੀ ਸਖਤ ਮਿਹਨਤ ਕਰਨ ਦੀ ਜ਼ਰੂਰਤ ਹੈ ਜਿਸ ਦੀ ਉਪਯੋਗਤਾ ਬੀਤੇ ਦੀ ਗੱਲ ਹੈ।' ਪ੍ਰਧਾਨ ਮੰਤਰੀ ਦਾ ਵਾਸਤਾ ਪਾ ਕੇ ਸੁਪਰੀਮ ਕੋਰਟ ਨੂੰ ਸਲਾਹ ਦਿੱਤੀ ਗਈ ਕਿ ਅਦਾਲਤ ਇਸ ਕਾਨੂੰਨ ਉੱਪਰ ਬਹਿਸ ਕਰਕੇ ਆਪਣਾ ਵਕਤ ਜ਼ਾਇਆ ਨਾ ਕਰੇ, ਇਸ ਨੂੰ 'ਢੁੱਕਵੇਂ ਮੰਚ' ਉਪਰ ਵਿਚਾਰਨ ਲਈ ਛੱਡ ਦਿੱਤਾ ਜਾਵੇ। ਫਿਰ ਵੀ ਜਦੋਂ ਸੁਪਰੀਮ ਕੋਰਟ ਨੇ ਸਰਕਾਰ ਤੋਂ ਇਸ ਕਾਨੂੰਨ ਤਹਿਤ ਐਫ.ਆਈ.ਆਰ. ਦਰਜ ਨਾ ਕਰਨ ਦੀ ਉਮੀਦ ਅਤੇ ਵਿਸ਼ਵਾਸ ਕਰਦੇ ਹੋਏ ਅੰਤ੍ਰਿਮ ਆਦੇਸ਼ ਦੇ ਦਿੱਤਾ ਤਾਂ ਤਾਨਾਸ਼ਾਹ ਹਕੂਮਤ ਉਸ ਨੂੰ ਵੀ ਬੇਅਸਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਕਾਨੂੰਨ ਮੰਤਰੀ ਕਿਰਨ ਰਿਜਿਜੂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਸਰਕਾਰ ਅਦਾਲਤ ਦਾ ਸਤਿਕਾਰ ਕਰਦੀ ਹੈ; ਅਦਾਲਤ ਨੂੰ ਵੀ ਸਰਕਾਰ, ਵਿਧਾਨਘੜਨੀ ਸਭਾ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਕਿਸੇ ਨੂੰ ਵੀ 'ਲਛਮਣ ਰੇਖਾ' ਪਾਰ ਨਹੀਂ ਕਰਨੀ ਚਾਹੀਦੀ।

ਇਹ ਤੈਅ ਹੈ ਕਿ ਸਿਰਫ ਸੁਪਰੀਮ ਕੋਰਟ ਦੇ ਆਦੇਸ਼ ਨਾਲ ਹੀ ਹਕੂਮਤ ਇਸ ਜਾਬਰ ਕਾਨੂੰਨ ਦੀ ਵਰਤੋਂ ਬੰਦ ਨਹੀਂ ਕਰੇਗੀ, ਵਾਪਸ ਲੈਣਾ ਤਾਂ ਬਹੁਤ ਦੂਰ ਦੀ ਗੱਲ ਹੈ। ਇਨਫਰਮੇਸ਼ਨ ਟੈਕਨਾਲੋਜੀ ਐਕਟ-2000 ਦਾ ਸੈਕਸ਼ਨ 66ਏ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ ਜਿਸ ਨੂੰ ਭਾਵੇਂ ਸੁਪਰੀਮ ਕੋਰਟ ਨੇ ਪੂਰੀ ਤਰ੍ਹਾਂ ਰੱਦ ਕਰ ਦਿੱਤਾ, ਫਿਰ ਵੀ ਉਸ ਸੈਕਸ਼ਨ ਤਹਿਤ ਕੇਸ ਦਰਜ ਕੀਤੇ ਜਾ ਰਹੇ ਹਨ।

ਦਰਅਸਲ, ਮੁੱਦਾ ਸਿਰਫ ਇਸ ਬਸਤੀਵਾਦੀ ਕਾਨੂੰਨ ਦਾ ਨਹੀਂ ਹੈ ਸਗੋਂ ਅਫਸਪਾ, ਯੂ.ਏ.ਪੀ.ਏ. ਪਬਲਿਕ ਸਕਿਉਰਿਟੀ ਐਕਟ, ਨੈਸ਼ਨਲ ਸਕਿਉਰਿਟੀ ਐਕਟ ਆਦਿ ਉਨ੍ਹਾਂ ਸਾਰੇ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਦਾ ਹੈ ਜਿਨ੍ਹਾਂ ਨੂੰ ਹਕੂਮਤਾਂ ਨੇ ਆਲੋਚਕਾਂ ਦੀ ਜ਼ਬਾਨਬੰਦੀ ਕਰਨ ਅਤੇ ਨਾਗਰਿਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਣ ਲਈ ਈਜ਼ਾਦ ਕੀਤਾ ਹੋਇਆ ਹੈ। ਯੂ.ਏ.ਪੀ.ਏ. ਇਨ੍ਹਾਂ ਵਿਚੋਂ ਸਭ ਤੋਂ ਜਾਬਰ ਕਾਨੂੰਨ ਹੈ। ਇਹ ਕਾਲੇ ਕਾਨੂੰਨ ਲੋਕਾਂ ਨੂੰ ਅਨਿਆਂਕਾਰੀ ਰਾਜ ਦੇ ਬੇਜ਼ਬਾਨ ਗੁਲਾਮ ਬਣਾ ਕੇ ਦਾਬੇ ਹੇਠ ਰੱਖਣ ਅਤੇ ਇਸ ਆਦਮਖੋਰ ਰਾਜ ਦੀ ਸਲਾਮਤੀ ਲਈ ਬਣਾਏ ਗਏ ਹਨ।

## 2014 ਤੋਂ ਬਾਅਦ ਝੁੱਲਿਆ ਅੰਤਾਂ ਦਾ ਕਹਿਰ...

*ਇਕ ਅਧਿਐਨ ਅਨੁਸਾਰ 2010 ਅਤੇ 2021 ਦਰਮਿਆਨ ਭਾਰਤ ਵਿਚ 13306 ਲੋਕਾਂ ਵਿਰੁੱਧ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਇਨ੍ਹਾਂ ਵਿਚੋਂ ਲੱਗਭੱਗ 70% ਕੇਸ 2014 ਤੋਂ ਬਾਅਦ ਦਰਜ ਹੋਏ। ਕੌਮੀ ਜੁਰਮ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ 2016 ਤੋਂ 2019 ਦਰਮਿਆਨ ਰਾਜਧ੍ਰੋਹ ਦੇ ਕੇਸਾਂ ਦੀ ਗਿਣਤੀ 'ਚ 160% ਇਜ਼ਾਫਾ ਹੋਇਆ ਜਦਕਿ ਦੋਸ਼ੀ ਠਹਿਰਾਉਣ ਦੀ ਦਰ 33.3% ਤੋਂ ਘਟ ਕੇ ਸਿਰਫ 3.3% ਰਹਿ ਗਈ। 2014-2019 ਦਰਮਿਆਨ ਰਾਜਧ੍ਰੋਹ ਦੇ 326 ਕੇਸ ਦਰਜ ਕੀਤੇ ਗਏ ਅਤੇ ਚਾਰਜਸ਼ੀਟ ਸਿਰਫ 141 ਕੇਸਾਂ ਵਿਚ ਪੇਸ਼ ਕੀਤੀ ਗਈ ਜਿਨ੍ਹਾਂ ਵਿਚੋਂ ਸਿਰਫ ਛੇ ਜਣਿਆਂ ਨੂੰ ਦੋਸ਼ੀ ਠਹਿਰਾਇਆ ਗਿਆ। 326 ਵਿਚੋਂ 54 ਕੇਸ ਇਕੱਲੇ ਅਸਾਮ ਵਿਚ ਦਰਜ ਕੀਤੇ ਗਏ। 2010-2021 ਦੇ ਅਰਸੇ ਦੌਰਾਨ ਰਾਜ ਨੇਤਾਵਾਂ ਅਤੇ ਹਕੂਮਤ ਦੀ ਆਲੋਚਨਾ ਕਰਨ 'ਤੇ 405 ਭਾਰਤੀਆਂ ਵਿਰੁੱਧ ਜੋ ਕੇਸ ਦਰਜ ਕੀਤੇ ਗਏ, ਉਨ੍ਹਾਂ ਵਿਚੋਂ 96% 2014 'ਚ ਭਾਜਪਾ ਦੇ ਸੱਤਾ ਵਿਚ ਆਉਣ ਤੋਂ ਬਾਅਦ ਦਰਜ ਕੀਤੇ ਗਏ। ਮੁਸਲਿਮ ਘੱਟਗਿਣਤੀ ਅਤੇ ਸਰਕਾਰ ਦੇ ਆਲੋਚਕ ਖਾਸ ਨਿਸ਼ਾਨੇ 'ਤੇ ਹਨ। 149 ਵਿਅਕਤੀਆਂ ਉੱਪਰ ਨਰਿੰਦਰ ਮੋਦੀ ਵਿਰੁੱਧ ਜਦਕਿ 144 ਵਿਅਕਤੀਆਂ ਉੱਪਰ ਯੋਗੀ ਅਦਿੱਤਿਆਨਾਥ ਵਿਰੁੱਧ ਆਲੋਚਨਾਤਮਕ ਜਾਂ 'ਅਪਮਾਨਜਨਕ' ਟਿੱਪਣੀਆਂ ਕਰਨ ਲਈ ਰਾਜਧ੍ਰੋਹ ਦੇ ਕੇਸ ਦਰਜ ਕੀਤੇ ਗਏ। ਕਰਨਾਟਕ ਪੁਲਿਸ ਨੇ ਇਕ ਦਹਾਕੇ 'ਚ 204 ਵਿਅਕਤੀਆਂ ਵਿਰੁੱਧ 53 ਕੇਸ ਦਰਜ ਕੀਤੇ ਜਿਨ੍ਹਾਂ ਵਿਚੋਂ ਸੋਸ਼ਲ ਮੀਡੀਆ ਪੋਸਟਾਂ ਦੇ ਆਧਾਰ 'ਤੇ 46 ਵਿਰੁੱਧ ਰਾਜਧ੍ਰੋਹ ਦੇ ਕੇਸ ਸਨ। ਇਨ੍ਹਾਂ 'ਚ ਅਨਪੜ੍ਹ ਚਰਵਾਹੇ ਅਤੇ ਦੁਕਾਨਦਾਰ ਵਗੈਰਾ ਸਿੱਧੇ ਸਾਦੇ ਲੋਕ ਸਨ ਜਿਨ੍ਹਾਂ ਨੂੰ ਸਮਾਰਟ ਫੋਨ ਵਰਤਣਾ ਨਹੀਂ ਆਉਂਦਾ ਸੀ ਅਤੇ ਜਿਨ੍ਹਾਂ ਨੇ ਪਾਕਿਸਤਾਨੀ ਫੌਜੀਆਂ ਦੀਆਂ ਤਸਵੀਰਾਂ ਜਾਂ ਇਸ ਤਰ੍ਹਾਂ ਦੀਆਂ ਕੋਈ ਹੋਰ ਪੋਸਟਾਂ ਅਣਜਾਣੇ ਹੀ ਸ਼ੇਅਰ ਕਰ ਦਿੱਤੀਆਂ ਸਨ। ਦੂਜੇ ਨੰਬਰ 'ਤੇ ਉੱਤਰ ਪ੍ਰਦੇਸ਼ ਹੈ ਜਿੱਥੇ 40 ਵਿਅਕਤੀਆਂ ਵਿਰੁੱਧ 32 ਕੇਸ ਦਰਜ ਕੀਤੇ ਗਏ। ਉਨ੍ਹਾਂ ਬੇਗੁਨਾਹਾਂ ਨੂੰ ਉਪਰੋਕਤ 'ਰਾਜਧ੍ਰੋਹ' ਦੀ ਸਜ਼ਾ ਬੇਬੁਨਿਆਦ ਕੇਸਾਂ, ਕਈ ਮਹੀਨੇ ਅਦਾਲਤੀ ਖੱਜਲ ਖੁਆਰੀ ਅਤੇ ਜੇਲ੍ਹਬੰਦੀ ਦੇ ਰੂਪ 'ਚ ਭੁਗਤਣੀ ਪਈ। 2014 'ਚ ਭਗਵੀਂ ਸਰਕਾਰ ਬਣਨ ਨਾਲ ਔਰਤਾਂ ਵਿਰੁੱਧ ਰਾਜਧ੍ਰੋਹ ਦੇ ਕੇਸਾਂ 'ਚ 190% ਵਾਧਾ ਹੋਇਆ ਜਿਨ੍ਹਾਂ ਵਿਚ ਕਲਾਕਾਰ, ਫਿਲਮਸਾਜ਼, ਵਿਦਵਾਨ, ਆਦਿਵਾਸੀ, ਕਾਰਕੁਨ, ਵਿਦਿਆਰਥੀ, ਘਰੇਲੂ ਔਰਤਾਂ ਅਤੇ ਸਿਆਸਤਦਾਨ ਔਰਤਾਂ ਸ਼ਾਮਿਲ ਹਨ। ਵਾਤਾਵਰਨ ਪ੍ਰੇਮੀ ਦਿਸ਼ਾ ਰਵੀ ਦਾ ਕੇਸ ਆਲਮੀ ਪੱਧਰ 'ਤੇ ਚਰਚਾ ਦਾ ਵਿਸ਼ਾ ਬਣਿਆ ਜਿਸ ਨੂੰ ਦਿੱਲੀ ਪੁਲਿਸ ਨੇ ਕਿਸਾਨ ਅੰਦੋਲਨ ਸਬੰਧੀ ਸਵੀਡਿਸ਼ ਕਾਰਕੁਨ ਗਰੇਟਾ ਥਨਬਰਗ ਦੀ 'ਟੂਲਕਿੱਟ' ਵਿਚ ਮਹਿਜ਼ ਦੋ ਲਾਈਨਾਂ ਜੋੜਨ ਨੂੰ ਬਹਾਨਾ ਬਣਾ ਕੇ ਰਾਜਧ੍ਰੋਹ ਦੀ ਸੰਗੀਨ ਸਾਜ਼ਿਸ਼ ਦਾ ਦੋਸ਼ ਲਾ ਕੇ ਗ੍ਰਿਫਤਾਰ ਕਰ ਲਿਆ ਸੀ।*

# ਭ੍ਰਿਸ਼ਟਾਚਾਰ: ਨਵੇਂ ਮੁੱਖ ਮੰਤਰੀ ਲਈ ਹਾਲਾਤ ਸੁਖਾਵੇਂ ਨਹੀਂ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਜਦੋਂ ਨਵੀਂ ਸਰਕਾਰ ਬਣੀ ਤਾਂ ਇਹ ਗੱਲ ਆਮ ਪੁੱਛੀ ਜਾਣ ਲੱਗ ਪਈ ਸੀ ਕਿ ਪੰਜਾਬ ਵਿਚ ਭ੍ਰਿਸ਼ਟਾਚਾਰ ਦਾ ਖਾਤਮਾ ਅਤੇ ਕਾਨੂੰਨ ਦਾ ਰਾਜ ਕਦੋਂ ਤੱਕ ਸਥਾਪਤ ਹੋ ਸਕੇਗਾ? ਭਗਵੰਤ ਮਾਨ ਜਦੋਂ ਕਾਮੇਡੀ ਕਰਦਾ ਹੁੰਦਾ ਸੀ ਅਤੇ ਉਸ ਬਾਰੇ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਕਦੀ ਰਾਜਨੀਤੀ ਦੇ ਰਾਹ ਪੈਣ ਬਾਰੇ ਸੋਚੇਗਾ, ਓਦੋਂ ਉਸ ਨੇ ਇੱਕ ਵਾਰੀ ਇਹ ਗੱਲ ਕਹੀ ਸੀ ਕਿ ਧਰਮਰਾਜ ਕਹਿੰਦਾ ਹੈ ਕਿ ਜਦੋਂ ਤੱਕ ਮੈਂ ਜ਼ਿੰਦਾ ਹਾਂ, ਭਾਰਤ ਵਿਚ ਭ੍ਰਿਸ਼ਟਾਚਾਰ ਓਦੋਂ ਤੱਕ ਖਤਮ ਨਹੀਂ ਹੋ ਸਕਣਾ। ਅੱਜ ਭਗਵੰਤ ਮਾਨ ਦੇ ਮੁੱਖ ਮੰਤਰੀ ਬਣ ਜਾਣ ਨਾਲ ਏਨੇ ਹਾਲਾਤ ਨਹੀਂ ਬਦਲ ਗਏ ਕਿ ਰਾਤੋ-ਰਾਤ ਭ੍ਰਿਸ਼ਟਾਚਾਰ ਨੂੰ ਵੀ ਨੱਥ ਪੈ ਜਾਵੇਗੀ ਤੇ ਸਿਸਟਮ ਵਿਚ ਆਏ ਵਿਗਾੜਾਂ ਦਾ ਸੁਧਾਰ ਵੀ ਹਫਤਿਆਂ ਜਾਂ ਮਹੀਨਿਆਂ ਵਿਚ ਹੋ ਜਾਵੇਗਾ। ਇਹ ਕੰਮ ਏਨਾ ਸੌਖਾ ਨਹੀਂ। ਭਾਰਤ ਦੀ ਗੱਲ ਛੱਡੋ, ਪੰਜਾਬ ਦੀ ਹਰ ਗੁੱਠ ਵਿਚ ਏਨਾ ਭ੍ਰਿਸ਼ਟਾਚਾਰ ਫੈਲਿਆ ਪਿਆ ਹੈ ਕਿ ਪਿਛਲੀਆਂ ਧਾਰਨਾਵਾਂ ਬਦਲਣੀਆਂ ਪੈਣਗੀਆਂ। ਪਹਿਲਾਂ ਕਿਹਾ ਜਾਂਦਾ ਸੀ ਕਿ ਭ੍ਰਿਸ਼ਟਾਚਾਰ ਏਨਾ ਕੁ ਵੱਧ ਹੋ ਗਿਆ ਹੈ ਕਿ ਇੱਟ ਪੁੱਟਿਆਂ ਚੋਰ ਨਿਕਲਦਾ ਹੈ, ਪਰ ਕੁਝ ਚਿਰ ਪਿੱਛੋਂ ਸੁਣਿਆ ਜਾਣ ਲੱਗਾ ਕਿ ਇੱਟ ਪੁੱਟਣ ਦੀ ਵੀ ਲੋੜ ਨਹੀਂ, ਬਿਨਾਂ ਪੁੱਟੇ ਹੀ ਹਰ ਪਾਸੇ ਚੋਰ ਮਿਲ ਜਾਂਦੇ ਹਨ।

ਅਸੀਂ ਪਿਛਲੇ ਦਿਨਾਂ ਵਿਚ ਪੰਜਾਬ ਸਰਕਾਰ ਨਾਲ ਜੁੜੇ ਤੇ ਕੁਝ ਕੇਂਦਰ ਸਰਕਾਰ ਨਾਲ ਜੁੜੇ ਵਿਭਾਗਾਂ ਵਿਚ ਹੁੰਦੇ ਭ੍ਰਿਸ਼ਟਾਚਾਰ ਦੀਆਂ ਉਹ ਕਹਾਣੀਆਂ ਸੁਣੀਆਂ, ਜਿਹੜੀਆਂ ਦੱਸਦੀਆਂ ਹਨ ਕਿ ਏਥੇ ਦਾਲ ਵਿਚ ਕਾਲਾ ਨਹੀਂ, ਸਾਰੀ ਦਲ ਹੀ ਕਾਲੀ ਹੈ। ਕੋਈ ਪਾਸਾ ਬਚਿਆ ਹੀ ਨਹੀਂ ਤਾਂ ਗੱਲ ਸ਼ੁਰੂ ਕਿੱਥੋਂ ਕੀਤੀ ਜਾਵੇ, ਇਹੋ ਵੱਡਾ ਮਸਲਾ ਹੈ। ਛੋਟੇ ਬੱਚਿਆਂ ਨੂੰ ਨੇਕੀ ਦਾ ਰਾਹ ਦੱਸਣ ਲਈ ਜਿਹੜੇ ਅਧਿਆਪਕ ਵਰਗ ਦੇ ਸਿਰ ਜ਼ਿੰਮੇਵਾਰੀ ਹੁੰਦੀ ਹੈ, ਉਹ ਖੁਦ ਭ੍ਰਿਸ਼ਟਾਚਾਰ ਦੀ ਚੱਕੀ ਦੇ ਪੁੜਾਂ ਵਿਚ ਪਿਸ ਰਿਹਾ ਹੈ ਅਤੇ ਚੋਣਵੇਂ ਬੇਈਮਾਨ ਇਸ ਦਾ ਲਾਭ ਉਠਾ ਕੇ ਸਮੁੱਚੇ ਭਾਈਚਾਰੇ ਦੀ ਭੰਡੀ ਕਰਾਉਣ ਦਾ ਕਾਰਨ ਬਣਦੇ ਹਨ। ਚੰਡੀਗੜ੍ਹ ਤੋਂ ਚੱਲਦੀ ਪੰਜਾਬ ਯੂਨੀਵਰਸਿਟੀ ਦਾ ਕਿਸੇ ਸਮੇਂ ਬੜਾ ਵੱਡਾ ਨਾਂਅ ਹੁੰਦਾ ਸੀ, ਇਸ ਵੇਲੇ ਦੇ ਵਾਈਸ ਚਾਂਸਲਰ ਦੀ ਅਗਵਾਈ ਹੇਠ ਬਦਨਾਮੀ ਦਾ ਗੜ੍ਹ ਬਣੀ ਜਾ ਰਹੀ ਹੈ। ਜਿਹੜੇ ਬੰਦੇ ਸਹਾਇਕ ਪ੍ਰੋਫੈਸਰ ਲੱਗਣ ਦੇ ਲਾਇਕ ਅਜੇ ਨਹੀਂ ਸਨ ਹੋਏ, ਉਨ੍ਹਾਂ ਨੂੰ ਪ੍ਰੋਫੈਸਰ ਦਾ ਝੂਠਾ ਰੁਤਬਾ ਦੇ ਕੇ ਕਾਲਜਾਂ ਦੇ ਪ੍ਰਿੰਸੀਪਲ ਬਣਾ ਕੇ ਉਸ ਰਾਜ ਦੀ ਸਰਕਾਰ ਦੀਆਂ



ਗਰਾਂਟਾਂ ਚੱਬਣ ਦਾ ਮੌਕਾ ਦਿੱਤਾ ਜਾ ਰਿਹਾ ਹੈ, ਜਿਸ ਦਾ ਮੁੱਖ ਮੰਤਰੀ ਭਗਵੰਤ ਮਾਨ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਨੂੰ ਰੋਕਿਆ ਜਾਵੇਗਾ। ਇੱਕ ਏਦਾਂ ਦੇ ਹੇਰਾ-ਫਰੀ ਨਾਲ ਬਣੇ ਪ੍ਰਿੰਸੀਪਲ ਦੀ ਸ਼ਿਕਾਇਤ ਹੋਈ ਤਾਂ ਉਸ ਦੀ ਤਨਖਾਹ ਰੋਕੀ ਗਈ, ਪਰ ਘਰ ਨੂੰ ਨਹੀਂ ਭੇਜਿਆ, ਕਿਉਂਕਿ ਇਹੋ ਜਿਹੀ ਕਾਰਵਾਈ ਪੰਜਾਬ ਸਰਕਾਰ ਕਰਨ ਜੋਗੀ ਨਹੀਂ, ਯੂਨੀਵਰਸਿਟੀ ਨੇ ਕਰਨੀ ਹੈ ਤੇ ਓਥੇ ਵਾਈਸ ਚਾਂਸਲਰ ਖੁਦ ਇਸ ਚੱਕਰ ਦਾ ਹਿੱਸਾ ਬਣਿਆ ਪਿਆ ਹੈ।

ਮਾਲਵੇ ਦੇ ਇੱਕ ਕਾਲਜ ਦੀ ਪ੍ਰਿੰਸੀਪਲ ਬੀਬੀ ਬਾਰੇ ਸੁਣਿਆ ਹੈ ਕਿ ਉਸ ਨੇ ਆਪਣੀ ਯੋਗਤਾ ਵਿਖਾਉਣ ਲਈ ਕੁਝ ਕਿਤਾਬਾਂ ਆਪਣੇ ਨਾਂਅ ਨਾਲ ਛਪੀਆਂ ਪੇਸ਼ ਕੀਤੀਆਂ ਤਾਂ ਪਤਾ ਲੱਗਾ ਕਿ ਸਾਰੀਆਂ ਉਸ ਦੀਆਂ ਲਿਖੀਆਂ ਨਹੀਂ, ਬਿਗਾਨੀਆਂ ਆਪਣੇ ਨਾਂਅ ਛਪਵਾ ਕੇ ਫਰਾਡ ਕੀਤਾ ਹੈ। ਇਹੋ ਜਿਹੇ ਪ੍ਰਿੰਸੀਪਲ ਬੱਚਿਆਂ ਨੂੰ ਕੀ ਪੜ੍ਹਾਉਣਗੇ, ਇਸ ਬਾਰੇ ਕੋਈ ਓਦੋਂ ਸੋਚੇਗਾ, ਜਦੋਂ ਫਰਾਡ ਫੜਨੇ ਹੋਣ, ਜਦੋਂ ਫਰਾਡ ਯੂਨੀਵਰਸਿਟੀਆਂ ਵਿਚੋਂ ਹੁੰਦੇ ਪਏ ਹਨ ਤਾਂ ਕਿਸੇ ਨੇ ਰੋਕਣ ਲਈ ਕੁਝ ਕਰਨਾ ਹੀ ਨਹੀਂ। ਇੱਕ ਯੂਨੀਵਰਸਿਟੀ ਦੇ ਯੋਗ ਵਾਈਸ ਚਾਂਸਲਰ ਨੇ ਆਪਣੇ ਹੇਠ ਚੱਲਦੇ ਕਾਲਜਾਂ ਦੀ ਪੜਤਾਲ ਕਰਾਈ ਤਾਂ ਪਤਾ ਲੱਗਾ ਕਿ ਕੁਝ ਕਾਲਜਾਂ ਵਿਚ ਨਾ ਪੂਰੇ ਅਧਿਆਪਕ ਤੇ ਨਾ ਪੂਰੇ ਵਿਦਿਆਰਥੀ ਹਨ। ਇੱਕ ਕਾਲਜ ਤਾਂ ਦੱਸੀ ਬਿਲਡਿੰਗ ਦੀ ਥਾਂ ਕਿਸੇ ਹੋਰ ਕਾਲਜ ਦੀ ਬਿਲਡਿੰਗ ਦੇ ਇੱਕ ਕਮਰੇ ਤੋਂ ਚੱਲੀ ਜਾ ਰਿਹਾ ਹੈ ਤੇ ਖੇਡਾਂ ਵਾਸਤੇ ਬਣਾਏ ਇੱਕ ਸਪੋਰਟਸ ਕਾਲਜ ਦੇ ਟਰੈਕ ਉੱਤੇ ਝਾੜੀਆਂ ਉੱਗ ਚੁੱਕੀਆਂ ਹਨ। ਕਾਨੂੰਨ ਪੜ੍ਹਾਉਣ ਵਾਲੇ ਇੱਕ ਕਾਲਜ ਨੇ ਹੋਰ ਕਮਾਲ ਕਰ ਦਿੱਤੀ ਕਿ ਲਾਅ ਦੀਆਂ ਕਲਾਸਾਂ ਨੂੰ ਉਹ ਨੌਜਵਾਨ ਪੜ੍ਹਾ ਰਿਹਾ ਸੀ, ਜਿਹੜਾ ਖੁਦ ਆਪਣੀ ਪੜ੍ਹਾਈ ਅਜੇ ਕਰਦਾ ਸੀ ਤੇ ਲਾਅ ਨਾਲ ਉਸ ਮੁੰਡੇ ਦਾ ਕੋਈ ਵਾਸਤਾ ਹੀ ਨਹੀਂ ਸੀ ਜਾਪਦਾ। ਇੱਕ ਹੋਰ ਕਾਲਜ ਵਿਚ ਕੁੜੀਆਂ ਦਾ ਹੋਸਟਲ ਬਣਾ ਕੇ ਬਾਹਰਲੇ ਮੁੰਡਿਆਂ ਲਈ ਕਿਰਾਏ ਦਾ ਹੋਸਟਲ ਚਲਾਇਆ ਜਾ ਰਿਹਾ ਸੀ। ਏਡੇ ਵੱਡੇ ਫਰਾਡ ਹੋਈ ਜਾ ਰਹੇ ਹਨ ਪੰਜਾਬ ਵਿਚ।

ਪਟਿਆਲੇ ਵਿਚ ਰਹਿੰਦੇ ਸਾਬਕਾ ਫੌਜੀ ਅਫਸਰ ਕੈਪਟਨ ਮਾਟਾ ਨੇ ਐਕਸਾਈਜ਼ ਵਿਭਾਗ ਦਾ ਇੱਕ ਸਕੈਂਡਲ ਫੜ ਲਿਆ। ਉਹ ਇਹ ਕਹਿੰਦੇ ਹਨ ਕਿ ਸਕੈਂਡਲ ਇਕਤਾਲੀ ਹਜ਼ਾਰ ਕਰੋੜ ਰੁਪਏ ਬਣਦਾ ਹੈ। ਇਸ ਦੀ ਕੋਈ ਚਰਚਾ ਨਹੀਂ ਚੱਲਦੀ ਤੇ ਜਿਹੜੇ ਅਫਸਰ ਪੰਜਾਬ ਸਰਕਾਰ ਵਿਰੁੱਧ ਇਕਤਾਲੀ ਹਜ਼ਾਰ ਕਰੋੜ ਰੁਪਏ ਵਰਗਾ ਸਕੈਂਡਲ ਕਰਨ ਦੇ ਦੋਸ਼ੀ ਸਮਝੇ ਜਾਂਦੇ ਹਨ, ਪਿਛਲੀਆਂ ਦੋ ਸਰਕਾਰਾਂ ਦੇ ਵਕਤ ਵੀ ਪਹਿਲੀ ਪਾਲ ਦੇ ਜੀਅ-ਹਜ਼ੂਰੀਆਂ ਵਿਚ ਹੁੰਦੇ ਸਨ ਅਤੇ ਅੱਜ ਵਾਲੀ ਸਰਕਾਰ ਦੇ ਜੀਅ-ਹਜ਼ੂਰੀਆਂ ਵਿਚ ਨਾ ਸਹੀ, ਵੱਡੀਆਂ ਕੁਰਸੀਆਂ ਉੱਤੇ ਕਾਇਮ ਹਨ। ਕਾਰਨ ਇਹ ਹੈ ਕਿ ਉਨ੍ਹਾਂ ਵਿਰੁੱਧ ਕੇਸ ਜਦ ਤੱਕ ਕਿਸੇ ਪਾਸੇ ਨਹੀਂ ਲੱਗਦਾ, ਕੋਈ ਵੀ ਸਰਕਾਰ ਉਨ੍ਹਾਂ ਨੂੰ ਖੂੰਜੇ ਨਹੀਂ ਲਾ ਸਕਦੀ ਤੇ ਅਫਸਰ ਹੋਣ ਕਰਕੇ ਕਿਸੇ ਨਾ ਕਿਸੇ ਸੀਟ ਲਈ ਉਨ੍ਹਾਂ ਦੀ ਨਿਯੁਕਤੀ ਨਿਯਮਾਂ ਅਨੁਸਾਰ ਕਰਨੀ ਹੀ ਪੈਣੀ ਹੈ। ਏਦਾਂ ਦੇ ਅਫਸਰ ਆਪੋ ਵਿਚ ਅੱਖ ਮਿਲੀ ਹੋਣ ਕਾਰਨ ਇੱਕ ਦੂਸਰੇ ਦੀ ਢਾਲ ਵੀ ਬਣਦੇ ਹਨ, ਕੋਈ ਪੜਤਾਲ ਚੱਲਣ ਲੱਗੇ ਤਾਂ ਅਗੇਤੇ ਸੁਨੇਹੇ ਵੀ ਭੇਜਦੇ ਹਨ ਅਤੇ ਨਾਲ ਇਹ ਵੀ ਦੱਸਣ ਤੋਂ ਨਹੀਂ ਰਹਿੰਦੇ ਕਿ ਫਲਾਣਾ ਬੰਦਾ ਆਪਣਾ ਹੈ ਅਤੇ ਜਾਂਚ ਦੌਰਾਨ ਤੁਹਾਡੀ ਹਰ ਤਰ੍ਹਾਂ ਦੀ ਮਦਦ ਕਰਨ ਵਿਚ ਉਸ ਨੂੰ ਖੁਸ਼ੀ ਹੋਵੇਗੀ। ਇਹ ਵੀ ਇੱਕ ਦੂਸਰੇ ਦੀ ਸਾਂਝ ਦਾ ਸ਼ਗਨ ਹੁੰਦਾ ਹੈ।

ਸਾਡੇ ਕੋਲ ਇੱਕ ਕੇਸ ਆਇਆ ਹੈ, ਜਿਸ ਵਿਚ ਸੰਬੰਧਤ ਵਿਅਕਤੀ ਦੱਸਦਾ ਹੈ ਕਿ ਉਸ ਨੇ ਰੇਤ ਦੀ ਨਾਜਾਇਜ਼ ਖੁਦਾਈ ਦੀ ਸ਼ਿਕਾਇਤ ਕੀਤੀ ਤਾਂ ਇਹ ਮੁੱਦਾ ਉਸ ਜ਼ਿਲ੍ਹੇ ਦੇ ਦੋ ਵੱਡੇ ਅਫਸਰ ਕੋਲ ਭੇਜ ਦਿੱਤਾ ਗਿਆ। ਅਫਸਰ ਬਹੁਤ ਚੰਗੇ ਸਮਝੇ ਜਾਂਦੇ ਹਨ, ਪਰ ਉਸ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਨਾਜਾਇਜ਼ ਮਾਈਨਿੰਗ ਕਰਨ ਵਾਲੇ ਦੋਸ਼ੀ ਤਾਂ ਓਥੇ ਬੈਠੇ ਹੋਏ ਮੁੱਛਾਂ ਨੂੰ ਤਾਅ ਦੇਈ ਜਾਂਦੇ ਸਨ ਅਤੇ ਉਸ ਵਿਚਾਰੇ ਨੂੰ ਦੋਵੇਂ ਵੱਡੇ ਅਫਸਰ ਪੁਆੜੇ ਦੀ ਜੜ੍ਹ ਦੱਸ ਕੇ ਧਮਕੀ ਦੇਣ ਲੱਗੇ ਰਹੇ ਸਨ ਕਿ 'ਬੰਦਾ ਬਣ ਕੇ ਦਿਨ ਕੱਟ, ਵਰਨਾ ਉਹ ਹਾਲ ਕਰਾਂਗੇ ਕਿ ਯਾਦ ਰੱਖੇਂਗਾ।' ਵਿਚਾਰਾ ਕਈ ਪੱਧਰਾਂ ਤੱਕ ਪਹੁੰਚ ਕਰ ਚੁੱਕਾ ਹੈ, ਮੁੱਖ ਮੰਤਰੀ ਕੋਲ ਵੀ ਚਲਾ ਜਾਵੇ ਤਾਂ ਮੁੱਖ ਮੰਤਰੀ ਹਰ ਕੰਮ ਵਿਚ ਖੁਦ ਦਖਲ ਦੇਣ ਵਾਸਤੇ ਨਹੀਂ ਜਾ ਸਕਦਾ, ਅਕਸਰ ਤਾਂ ਅਫਸਰਾਂ ਕੋਲੋਂ ਕੰਮ ਕਰਾਵੇਗਾ ਤੇ ਅਫਸਰਾਂ ਦਾ ਇਹ ਹਾਲ ਹੈ। ਫਿਰ ਪੰਜਾਬ ਅੰਦਰ ਹਰ ਖੂੰਜੇ ਵਿਚ ਪਿਆ ਗੰਦ ਸਾਫ ਕਿਵੇਂ ਹੋ ਸਕੇਗਾ, ਇਹ ਸਵਾਲ ਅਕਸਰ ਪੁੱਛਿਆ ਜਾਂਦਾ ਹੈ। ਇਸ ਹਫਤੇ ਸਾਨੂੰ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਦੇ ਚਾਰ ਸਬ ਇੰਸਪੈਕਟਰ ਫਿਰੌਤੀ ਲਈ ਬੰਦਾ ਅਗਵਾ ਕਰਨ ਦੇ ਦੋਸ਼ ਵਿਚ ਫੜੇ ਜਾਣ ਦੀ ਖਬਰ ਮਿਲੀ ਹੈ ਅਤੇ ਇਹ ਸਭ ਕੁਝ ਚੰਡੀਗੜ੍ਹ ਵਿਚ ਵਾਪਰਿਆ ਹੈ। ਜਾਂਚ ਏਜੰਸੀ ਸੀ ਬੀ ਆਈ ਭ੍ਰਿਸ਼ਟਾਚਾਰ ਦੇ ਵਿਰੁੱਧ ਕਾਰਵਾਈ ਲਈ ਭਾਰਤ ਦੀ ਸਭ ਤੋਂ ਵੱਡੀ ਏਜੰਸੀ ਮੰਨੀ ਜਾਂਦੀ ਹੈ, ਪਰ ਉਸ ਦੇ ਚਾਰ ਅਫਸਰ ਫਿਰੌਤੀਆਂ ਲਈ ਅਗਵਾ ਦੇ ਕੇਸ ਵਿਚ ਫਸ ਜਾਣ ਤਾਂ ਹਰ ਕੋਈ ਹੈਰਾਨ ਹੋਵੇਗਾ। ਹਿੰਦੀ ਦੇ ਵਿਅੰਗ ਕਵੀ ਸੁਰਿੰਦਰ ਸ਼ਰਮਾ ਨੇ ਇੱਕ ਵਾਰ ਵਿਅੰਗ ਕੀਤਾ ਸੀ ਕਿ ਕੀੜੇ ਮਾਰਨ ਦੀ ਦਵਾਈ ਲਿਆਂਦੀ ਸੀ, ਉਸ ਵਿਚ ਵੀ ਕੀੜੇ ਪੈ ਗਏ ਤੇ ਚੰਡੀਗੜ੍ਹ ਵਿਚ ਇਹੋ ਜਿਹੇ ਚਾਰ ਅਫਸਰ, ਜਿਨ੍ਹਾਂ ਨੇ ਅਪਰਾਧ ਰੋਕਣੇ ਸਨ, ਫੜੇ ਜਾਣ ਵਾਲੀ ਗੱਲ ਸੁਣ ਕੇ ਸਾਨੂੰ ਇਹ ਮੰਨਣਾ ਪੈ ਗਿਆ ਕਿ ਕੀੜਿਆਂ ਨੂੰ ਮਾਰਨ ਵਾਲੀ ਦਵਾਈ ਵਿਚ ਵੀ ਕੀੜੇ ਪੈ ਸਕਦੇ ਹਨ। ਇਹ ਹਾਲਤ ਸਿਰਫ ਇੱਕ ਏਜੰਸੀ, ਇੱਕ ਯੂਨੀਵਰਸਿਟੀ ਜਾਂ ਇੱਕ ਵਿਭਾਗ ਦੀ ਨਹੀਂ, ਭਾਰਤ ਤੇ ਪੰਜਾਬ ਦੀ ਹਰ ਗਲੀ ਵਿਚ ਚੋਰ ਫਿਰਦੇ ਮਿਲ ਜਾਣਗੇ। ਚੋਰਾਂ ਦੀ ਆਪਸੀ ਸਾਂਝ ਹਰ ਥਾਂ ਇੱਕੋ ਜਿਹੀ ਹੈ ਤੇ ਇੱਕ ਦੂਸਰੇ ਨੂੰ ਬਚਾਉਣ ਲਈ ਮੌਕੇ ਦੇ ਮੁੱਖ ਮੰਤਰੀ ਤੱਕ ਨੂੰ ਠਿੱਬੀ ਲਾਉਣ ਵਿਚ ਵੀ ਗੁਰੇਜ਼ ਨਹੀਂ ਕਰਨਗੇ, ਇਸ ਲਈ ਨਵੇਂ ਮੁੱਖ ਮੰਤਰੀ ਭਗਵੰਤ ਮਾਨ ਲਈ ਵੀ ਹਾਲਾਤ ਸੁਖਾਵੇਂ ਨਹੀਂ।

ਇਸ ਹਾਲਤ ਵਿਚ ਕੀਤਾ ਕੀ ਜਾਵੇ? ਇਹੋ ਕਿ ਜਿਨ੍ਹਾਂ ਕੋਲ ਸਿਰੜ੍ਹ ਵੀ ਹੈ, ਸਬਰ ਵੀ ਅਤੇ ਕੁਝ ਕਰਨ ਦੀ ਨੇਕ ਭਾਵਨਾ ਵੀ, ਉਹ ਹੱਠ ਨਾ ਛੱਡਣ ਅਤੇ ਉਸ ਕੰਮ ਵਿਚ ਲੱਗੇ ਰਹਿਣ, ਜਿਸ ਨੂੰ ਮਨ ਠੀਕ ਮੰਨਦਾ ਹੈ।

# ਜੋ ਗੱਲ ਸਮਝ ਨਾ ਆਵੇ ਜ਼ਿੰਦਾਬਾਦ-ਮੁਰਦਾਬਾਦ ਨਾਲ ਮੁੱਕ ਜਾਵੇ

ਦਲੀਪ ਸਿੰਘ ਵਾਸਨ
ਫੋਨ: 0175-5191856

ਇਹ ਇਕ ਸਚੀ ਘਟਨਾ ਹੈ। ਕਰੀਬ ਪੰਜਾਹ ਸਾਲ ਪਹਿਲਾਂ ਮੈਂ ਲੁਧਿਆਣਾ ਵਿਖੇ ਸੇਵਾ ਕਰਦਾ ਸਾਂ। ਮੈਂ ਕਿਸੇ ਕੰਮ ਘਰੋਂ ਬਾਹਰ ਸਾਂ ਅਤੇ ਜਿਸ ਰਸਤੇ ਮੈਂ ਲੰਘਦਾ ਸੀ, ਉਥੋਂ ਇਕ ਵਡਾ ਜਲੂਸ ਜਾ ਰਿਹਾ ਸੀ। ਮੈਂ ਸੜਕ ਕਿਨਾਰੇ ਖਲੋਅ ਗਿਆ। ਨਾਅਰੇ ਲੱਗ ਰਹੇ ਸਨ, 'ਜ਼ਿੰਦਾਬਾਦ, ਮੁਰਦਾਬਾਦ', ਬਸ ਹੋਰ ਮੇਰੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਮੈਂ ਐਵੇਂ ਹੀ ਇਕ ਨੌਜਵਾਨ ਨੂੰ ਪੁੱਛ ਬੈਠਾ, 'ਭਾਈ ਸਾਹਿਬ ਇਹ ਨਾਅਰੇ ਕਾਸ ਲਈ ਲਗਾ ਰਹੇ ਹੋ?' ਉਹ ਹਾਲੇ ਵੀ ਨਾਅਰੇ ਲਗਾ ਰਿਹਾ ਸੀ ਅਤੇ ਬਸ ਇਤਨਾ ਹੀ ਆਖ ਸਕਿਆ, 'ਉਹ ਜਿਹੜੇ ਸਭ ਤੋਂ ਅੱਗੇ ਚਾਰ ਪੰਜ ਆਦਮੀ ਹਨ, ਅਸਾਂ ਤਾਂ ਉਨ੍ਹਾਂ ਦੇ ਦਿਹਾੜੀਦਾਰ ਹਾਂ, ਉਨ੍ਹਾਂ ਪਾਸੋਂ ਪੁੱਛੋ ਇਹ ਨਾਅਰੇ ਕਾਸ ਲਈ ਲਗਵਾ ਰਹੇ ਹਨ।' ਉਦੋਂ ਤਾਂ ਮੈਂ ਗੁੱਸਾ ਕੀਤਾ ਸੀ ਕਿ ਇਤਨਾ ਰੌਲਾ ਪਾਈ ਜਾ ਰਿਹਾ ਹੈ, ਪਰ ਦਸ ਨਹੀਂ ਪਾਇਆ ਕਾਸ ਲਈ ਪਾ ਰਿਹਾ ਹੈ, ਪਰ ਅੱਜ ਇਹ ਗੱਲ ਮੇਰੀ ਸਮਝ ਵਿਚ ਆ ਗਈ ਹੈ ਕਿ ਸਾਡੇ ਮੁਲਕ ਵਿਚ ਇਹ ਜ਼ਿੰਦਾਬਾਦ ਅਤੇ ਮੁਰਦਾਬਾਦ ਦੇ ਨਾਅਰੇ ਜਾਂ ਤਾਂ ਕਿਰਾਏ ਦੇ ਦਿਹਾੜੀਦਾਰ ਲਗਾ ਕੇ ਲਗਵਾਏ ਜਾਂਦੇ ਹਨ ਜਾਂ ਜਿਹੜੇ ਲੋਕਾਂ ਨੇ ਰਾਜਸੀ ਖੇਤਰ ਵਿਚ ਦਾਖਲਾ ਲੈਣਾ ਹੈ, ਇਹ ਪਹਿਲੀ ਜਮਾਤ ਦਾ ਕਾਇਦਾ ਹੈ ਅਤੇ ਬਸ ਆਖੀ ਜਾਣਾ ਹੁੰਦਾ ਹੈ, ਜ਼ਿੰਦਾਬਾਦ ਮੁਰਦਾਬਾਦ। ਨਾ ਪੁੱਛਣਾ ਹੈ ਕੌਣ ਜ਼ਿੰਦਾਬਾਦ ਅਤੇ ਨਾ ਪੁੱਛਣਾ ਹੈ ਇਹ ਮੁਰਦਾਬਾਦ ਕੀ ਹੁੰਦਾ ਹੈ।

ਸਾਡੇ ਮੁਲਕ ਵਿਚ ਇਕੱਠ ਕਰਨਾ, ਜਲਸੇ ਜਲੂਸ ਕੱਢਣਾ ਅਤੇ ਭਾਸ਼ਣ ਦੇਣ ਦਾ ਸਿਲਸਿਲਾ ਰਾਜਸੀ ਲੋਕਾਂ ਨੇ ਚਲਾਇਆ ਹੈ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਰਾਜਸੀ ਲੋਕਾਂ ਪਾਸ ਕੁਝ ਐਸਾ ਚੰਗਾ-ਮੰਦਾ ਹੁੰਦਾ ਤਾਂ ਹੈ ਨਹੀਂ ਜਿਹੜਾ ਲੋਕਾਂ ਨਾਲ ਸਾਂਝਾ ਕੀਤਾ ਜਾ ਸਕੇ, ਇਸ ਲਈ ਬਹੁਤ ਸਾਰੇ ਐਸੇ ਬੰਦੇ ਵੀ ਦਿਹਾੜੀਆਂ ਉਤੇ ਰੱਖ ਕੇ ਲਿਆਂਦੇ ਜਾਂਦੇ ਹਨ, ਜਿਹੜੇ ਕਦੀ ਕਦੀ ਅਚਾਨਕ ਹੀ ਨਾਅਰੇ ਲਗਾਉਣ ਲੱਗ ਜਾਂਦੇ ਹਨ ਅਤੇ ਹੋਰ ਕੁਝ ਵੀ ਅਗਰ ਬੋਲਣ ਲਈ ਨਹੀਂ ਹੈ ਤਾਂ ਜ਼ਿੰਦਾਬਾਦ ਮੁਰਦਾਬਾਦ ਤਾਂ ਹਨ ਹੀ। ਮਸਾਂ ਮਸਾਂ ਚੁਪ ਕਰਵਾ ਕੇ ਭਾਸ਼ਣ ਦੇਣ ਵਾਲਾ ਅੱਗੇ ਤੁਰਦਾ ਹੈ। ਬਹੁਤ ਨਾਅਰੇ ਬੇਮਤਲਬ ਦੇ ਹੁੰਦੇ ਹਨ ਅਤੇ ਮੌਕਾ ਵੀ ਕੋਈ ਨਹੀਂ ਹੁੰਦਾ, ਪਰ ਇਹ ਜ਼ਿੰਦਾਬਾਦ, ਮੁਰਦਾਬਾਦ ਸਭ ਤੋਂ ਜ਼ਿਆਦਾ ਲੱਗਣ ਵਾਲੇ ਨਾਅਰੇ ਹੁੰਦੇ ਹਨ।

ਅਸੀਂ ਇਹ ਨਾਅਰੇ ਬਣਾ ਹੀ ਬੈਠੇ ਹਾਂ, 'ਭਾਰਤ ਜ਼ਿੰਦਾਬਾਦ, ਪਾਕਿਸਤਾਨ ਮੁਰਦਾਬਾਦ', 'ਹਿੰਦੂ ਰਾਸ਼ਟਰ ਜ਼ਿੰਦਾਬਾਦ', 'ਇਨਕਲਾਬ ਜ਼ਿੰਦਾਬਾਦ'। ਇਹ ਨਾਅਰੇ ਲਗਾਉਣ ਵਾਲੇ ਅੱਜ ਤਕ ਕਿਸੇ ਦੀ ਸਮਝ ਵਿਚ ਇਹ ਨਹੀਂ ਪਾ ਸਕੇ ਕਿ ਹਿੰਦੂ ਰਾਸ਼ਟਰ ਹੈ ਕੀ ਅਤੇ ਅੱਜ ਤਕ ਕਿਸੇ ਨੇ ਇਹ ਨਹੀਂ ਦੱਸਿਆ ਕਿ ਪਾਕਿਸਤਾਨ ਮੁਰਦਾਬਾਦ ਅਤੇ ਭਾਰਤ ਜ਼ਿੰਦਾਬਾਦ ਦੇ ਮਾਅਨੇ ਕੀ ਹੁਦੇ ਹਨ। ਇਹ ਖੱਬੀਆਂ ਪਾਰਟੀਆਂ ਵੀ ਅੱਜ ਤਕ ਲੋਕਾਂ ਨੂੰ ਇਹ ਨਹੀਂ ਸਮਝਾ ਸਕੀਆਂ ਕਿ ਇਨਕਲਾਬ ਹੁੰਦਾ ਕੀ ਹੈ ਅਤੇ ਜਦ ਇਨਕਲਾਬ ਆ ਜਾਵੇਗਾ ਤਾਂ ਲੋਕਾਂ ਦਾ ਕੀ ਬਣ ਜਾਵੇਗਾ। ਇਸੇ ਤਰ੍ਹਾਂ ਹਿੰਦੂ ਰਾਸ਼ਟਰ ਵਾਲੇ ਵੀ ਅਜ ਤਕ ਲੋਕਾਂ ਨੂੰ ਨਹੀਂ ਸਮਝਾ ਸਕੇ ਕਿ ਅਗਰ ਹਿੰਦੂ ਰਾਸ਼ਟਰ ਬਣ ਜਾਵੇਗਾ ਤਾਂ ਬਾਕੀ ਲੋਕ ਜੋ ਸਿੱਖ, ਮੁਸਲਮਾਨ, ਇਸਾਈ ਜਾਂ ਬਾਕੀ ਪਛੜੀਆਂ ਜਾਤੀਆਂ ਦੇ ਹਨ, ਇਹ ਕਿਧਰ ਜਾਣਗੇ ਅਤੇ ਕੀ ਇਹ ਸਾਰੇ ਵੀ ਜਬਰਨ ਹਿੰਦੂ ਬਣਾ ਦਿੱਤੇ ਜਾਣਗੇ? ਇਹ ਵੀ ਕਿਸੇ ਨੇ ਨਹੀਂ ਦੱਸਿਆ ਕਿ ਕੀ ਹੋਰ ਪਾਕਿਸਤਾਨ ਅਤੇ ਖਾਲਿਸਤਾਨ ਬਣਾ ਦਿੱਤੇ ਜਾਣਗੇ।

ਇਹ ਖਾਲਿਸਤਾਨ ਦਾ ਨਵਾਂ ਮੁੱਦਾ ਆ ਗਿਆ ਹੈ ਅਤੇ ਇਹ ਮੁੱਦਾ ਵੀ ਰਾਜਸੀ ਲੋਕਾਂ ਦਾ ਛੇੜਿਆ ਪਿਆ ਹੈ। ਆਜ਼ਾਦੀ ਵੇਲੇ ਖਾਲਿਸਤਾਨ ਦੀ ਗੱਲ ਤੁਰੀ ਸੀ, ਪਰ ਉਸ ਵਕਤ ਜਵਾਹਰ ਲਾਲ ਨਹਿਰੂ ਵਰਗੀਆਂ ਹਸਤੀਆਂ ਨੇ ਉਸ ਵਕਤ ਦੇ ਸਿਆਣੇ ਸਿੱਖ ਲੀਡਰਾਂ ਨੂੰ ਇਹ ਮਨਾ ਲਿਆ ਸੀ ਕਿ ਸਿੱਖ




ਖਾਲਿਸਤਾਨ ਨਹੀਂ ਚਾਹੁਦੇ, ਬਲਕਿ ਉਹ ਹਿੰਦੁਤਾਨ ਨਾਲ ਰਹਿਣਗੇ ਅਤੇ ਇਹ ਫੈਸਲਾ ਬਹੁਤ ਹੀ ਸੋਚ ਵਿਚਾਰ ਕੇ ਲਿਆ ਗਿਆ ਸੀ। ਇਹ ਗੱਲਾਂ ਧਿਆਨ ਵਿਚ ਰੱਖੀਆਂ ਗਈਆਂ ਸਨ ਕਿ ਸਿੱਖ ਭਾਈਚਾਰਾ ਗਤੀਸ਼ੀਲ ਹੈ ਅਤੇ ਪ੍ਰਗਤੀਸ਼ੀਲ ਹੈ ਅਤੇ ਦੁਨੀਆ ਦੇ ਕੋਨੇ ਕੋਨੇ ਵਿਚ ਜਾ ਵਸਿਆ ਹੈ ਅਤੇ ਜਿੱਥੇ ਕਿਧਰੇ ਵੀ ਗਿਆ ਹੈ, ਹੁਣ ਵਾਪਸ ਆਉਣ ਦੀ ਮਨਸ਼ਾ ਨਹੀਂ ਰੱਖਦਾ ਅਤੇ ਇਹ ਸਿੱਖਾਂ ਨੂੰ ਕਿਸੇ ਛੋਟੇ ਜਿਹੇ ਦੇਸ਼ ਵਿਚ ਇਕੱਠਾ ਨਹੀਂ ਕੀਤਾ ਜਾ ਸਕਦਾ। ਇਹ ਗੱਲਾਂ ਵੀ ਧਿਆਨ ਵਿਚ ਸਨ ਕਿ ਸਿੱਖਾਂ ਅਤੇ ਹਿੰਦੂਆਂ ਵਿਚ ਆਪਸੀ ਰਿਸ਼ਤੇਦਾਰੀਆਂ ਵੀ ਬਣੀਆਂ ਪਈਆਂ ਹਨ ਅਤੇ ਵੱਡੀ ਗਿਣਤੀ ਸਹਿਜਧਾਰੀ ਸਿੱਖਾਂ ਦੀ ਬਣ ਆਈ ਹੈ। ਹਿੰਦੂਆਂ, ਸਿੱਖਾਂ ਦੀਆਂ ਸਮਾਜੀ ਸਾਂਝਾਂ ਵੀ ਸਨ ਅਤੇ ਇਸ ਕਰਕੇ ਇਹ ਫੈਸਲਾ ਕੀਤਾ ਗਿਆ ਸੀ ਕਿ ਸਿੱਖ ਭਾਰਤ ਨਾਲ ਰਹਿਣਗੇ। ਅਸਾਂ ਦੇਖਿਆ ਕਿ ਜਿਹੜੇ ਸਿੱਖ ਪਾਕਿਸਤਾਨ ਤੋਂ ਉੱਜੜ ਕੇ ਆਏ ਸਨ ਉਹ ਭਾਰਤ ਦੇ ਕੋਨੇ ਕੋਨੇ ਵਿਚ ਜਾ ਵਸੇ ਸਨ ਅਤੇ ਜਿੱਥੇ ਵੀ ਗਏ ਸਨ ਉਥੇ ਦੇ ਹੀ ਬਣ ਕੇ ਰਹਿ ਗਏ ਸਨ। ਮੁਲਕ ਦੇ ਹਰ ਖੇਤਰ ਵਿਚ ਸਿੱਖਾਂ ਦਾ ਸ਼ਾਨਦਾਰ ਕਬਜ਼ਾ ਬਣ ਆਇਆ ਸੀ ਅਤੇ ਸਿੱਖਾਂ ਦੀ ਹਰ ਪਾਸੇ ਇੱਜ਼ਤ ਸੀ। ਖੇਤੀਬਾੜੀ, ਉਦਯੋਗ, ਪ੍ਰਸ਼ਾਸਨ, ਮਿਲਟਰੀ, ਪੁਲਿਸ, ਜੁਡੀਸ਼ਰੀ, ਉਦਯੋਗ, ਵਪਾਰ ਅਤੇ ਰਾਜਸੀ ਖੇਤਰ ਵਿਚ ਵੀ ਉਚੇ ਅਹੁਦਿਆਂ ਤਕ ਜਾ ਬੈਠੇ ਸਨ।

ਅਸਾਂ ਇਹ ਵੀ ਦੇਖਿਆ ਹੈ ਕਿ ਖਾਲਿਸਤਾਨੀ ਲਹਿਰਾਂ ਦਾ ਜਨਮ ਵੀ ਹੋਇਆ, ਅਤਿਵਾਦ ਵੀ ਆਇਆ, ਨੀਲਾ ਤਾਰਾ ਕਾਰਵਾਈ ਵੀ ਹੋਈ, ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਗਿਆ ਅਤੇ ਸਿੱਖ ਵਿਰੋਧੀ ਦੰਗਿਆਂ ਵਿਚ ਸਿੱਖਾਂ ਦਾ ਰੱਜ ਕੇ ਕਤਲੇਆਮ ਵੀ ਹੋਇਆ, ਪਰ ਸਿੱਖ ਭਾਈਚਾਰਾ ਜਿਥੇ ਕਿਧਰੇ ਵੀ ਬੈਠਾ ਸੀ, ਬੈਠਾ ਹੀ ਰਿਹਾ। ਸਿੱਖ ਭਾਈਚਾਰੇ ਦੇ ਲੋਕ ਆਪਣੀ ਥਾਂ 'ਤੇ ਕਾਇਮ ਰਹੇ ਅਤੇ ਜਿਹੜੇ ਵੀ ਮੁਲਕ ਅਤੇ ਲੋਕਾਂ ਦੀ ਸੇਵਾ ਕਰ ਰਹੇ ਸਨ, ਬੜੀ ਸ਼ਰਧਾ, ਦੇਸ਼ ਪਿਆਰ ਨਾਲ ਕਰਦੇ ਰਹੇ ਹਨ। ਕਈ ਮਾੜੀਆਂ ਘਟਨਾਵਾਂ ਵੀ ਵਾਪਰੀਆਂ ਪਰ ਸਿੱਖ ਭਾਈਚਾਰਾ ਅੱਜ ਵੀ ਭਾਰਤ ਦਾ ਨੰਬਰ ਇਕ ਨਾਗਰਿਕ ਹੈ ਅਤੇ ਸਾਰਾ ਭਾਰਤ ਦੇਸ਼ ਇਹ ਗੱਲ ਸਵੀਕਾਰ ਕਰਦਾ ਹੈ। ਸਾਡੇ ਪ੍ਰਧਾਨ ਮੰਤਰੀ ਵੀ ਸਿੱਖਾਂ ਦਾ ਇਤਿਹਾਸ ਜਾਣਦੇ ਹਨ ਅਤੇ ਉਹ ਵੀ ਇਹੀ ਆਖੀ ਜਾ ਰਹੇ ਹਨ, 'ਹਮੇਂ ਸਿੱਖ ਭਾਈਚਰੇ ਪਰ ਨਾਜ਼ ਹੈ'। ਸੋ ਜੇ ਕੋਈ ਇਹ ਆਖੀ ਜਾ ਰਿਹਾ ਹੈ ਕਿ ਖਾਲਿਸਤਾਨ ਜ਼ਿੰਦਾਬਾਦ, ਖਾਲਿਸਤਾਨ ਮੁਰਦਾਬਾਦ ਤਾਂ ਇਹ ਗੱਲਾਂ ਸਿੱਖ ਭਾਈਚਾਰੇ ਲਈ ਕੋਈ ਮਾਅਨੇ ਨਹੀਂ ਰੱਖਦੀਆਂ ਅਤੇ ਜੇ ਕੋਈ ਇਹ ਆਖੀ ਜਾਵੇ ਕਿ ਖਾਲਿਸਤਾਨ ਮੁਰਦਾਬਾਦ ਤਾਂ ਵੀ ਸਿੱਖਾਂ ਦਾ ਕੋਈ ਨੁਕਸਾਨ ਨਹੀਂ ਹੈ। ਨਾਅਰਿਆਂ ਦਾ ਕੀ ਹੈ।

ਇਸ ਮੁਲਕ ਵਿਚ ਇਕ ਗੁਰਮਤਿ ਮਹਾਂ ਸਮਾਗਮ ਕੀਤਾ ਗਿਆ ਸੀ ਅਤੇ ਅਸਾਂ ਉਦੋਂ ਇਹ ਨਾਅਰੇ ਲੱਗਦੇ ਵੀ ਦੇਖੇ ਸਨ 'ਧੋਤੀ ਟੋਪੀ ਜਮਨਾ ਪਾਰ' ਅਤੇ ਹਿੰਦੂਆਂ ਵਲੋਂ ਜਵਾਬ ਆਇਆ ਸੀ, 'ਕੜਾ ਕਛਾ ਤੇ ਕਿਰਪਾਨ ਇਨ੍ਹਾਂ ਨੂੰ ਭੇਜੋ ਪਾਕਿਸਤਾਨ।' ਇਹ ਨਾਅਰੇ ਵੀ ਲੱਗਦੇ ਰਹੇ ਸਨ, ਪਰ ਕਿਸੇ ਨੇ ਇਨ੍ਹਾਂ ਉਤੇ ਕੋਈ ਚਰਚਾ ਨਹੀਂ ਸੀ ਛੇੜੀ। ਜਦ ਤਕ ਇਹ ਰਾਜਸੀ ਲੋਕਾਂ ਦੇ ਜਲਸੇ, ਜਲੂਸ, ਰੈਲੀਆਂ ਹੁੰਦੀਆਂ ਰਹਿਣਗੀਆਂ, 'ਜ਼ਿੰਦਾਬਾਦ-ਮੁਰਦਾਬਾਦ' ਵੀ ਚਲਦੇ ਰਹਿਣਗੇ। ਇਹ ਬੇਮਤਲਬੀਆਂ ਗੱਲਾਂ ਲੋਕਾਂ ਨੇ ਵਿਚਾਰਨੀਆਂ ਛੱਡ ਹੀ ਦਿੱਤੀਆਂ ਹਨ।

# ਵਿਵੇਕ ਅਗਨੀਹੋਤਰੀ ਦਾ ਸਿੱਖ ਕਤਲੇਆਮ ਦਾ ਕਪਟੀ ਸ਼ੋਸ਼ਣ

***ਵਿਵੇਕ ਅਗਨੀਹੋਤਰੀ ਦੀ ਫਿਲਮ 'ਦਿ ਕਸ਼ਮੀਰ ਫਾਈਲਜ਼' ਨੇ ਕਸ਼ਮੀਰ ਬਾਰੇ ਬੜੀ ਕੋਝੀ ਚਰਚਾ ਛੇੜੀ ਸੀ। ਇਸ ਵਿਚ ਕਸ਼ਮੀਰ ਦੀਆਂ ਘਟਨਾਵਾਂ ਨੂੰ ਤੋੜ-ਮਰੋੜ ਕੇ ਅਤੇ ਹਿੰਦੂਤਵੀ ਰੰਗ ਵਿਚ ਪੇਸ਼ ਕੀਤਾ ਗਿਆ ਸੀ। ਹੁਣ ਇਹੀ ਫਿਲਮਸਾਜ਼ 1984 ਦੇ ਸਿੱਖ ਕਤਲੇਆਮ ਬਾਰੇ ਫਿਲਮ 'ਦਿ ਦਿੱਲੀ ਫਾਈਲਜ਼' ਬਣਾ ਰਿਹਾ ਹੈ। ਕੈਨੇਡਾ ਵੱਸਦੇ ਪੱਤਰਕਾਰ ਗੁਰਪ੍ਰੀਤ ਸਿੰਘ ਨੇ ਇਹ ਫਿਲਮ ਬਣਾਏ ਜਾਣ ਦੇ ਮਕਸਦ ਬਾਰੇ ਵਿਸਥਾਰ ਸਹਿਤ ਚਰਚਾ ਆਪਣੇ ਲੇਖ ਵਿਚ ਕੀਤੀ ਹੈ। ਇਸ ਲੇਖ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ।***

ਵਿਵੇਕ ਅਗਨੀਹੋਤਰੀ ਦੀ ਆਉਣ ਵਾਲੀ ਫਿਲਮ 'ਦਿ ਦਿੱਲੀ ਫਾਈਲਜ਼' ਦੇ ਮੋਸ਼ਨ ਪੋਸਟਰ ਵਿਚ ਖੂਨ ਨਾਲ ਗੜੁੱਚ ਰਾਸ਼ਟਰੀ ਚਿੰਨ੍ਹ ਦੇ ਅੰਦਰ ਇਕ ਸਿੱਖ ਲੜਕੇ ਦਾ ਪਰਛਾਵਾਂ ਮਦਦ ਲਈ ਪੁਕਾਰਦਾ ਨਜ਼ਰ ਆਉਂਦਾ ਹੈ, ਇਸ ਦੇ ਪਿਛੋਕੜ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਮੂਲ ਮੰਤਰ ਦੀ ਆਵਾਜ਼ ਹੈ, ਉਸ ਤੋਂ ਬਾਅਦ ਫੌਜੀ ਬੂਟਾਂ ਦੀ ਪੈੜਚਾਲ, ਗੋਲੀਆਂ ਅਤੇ ਚੀਕਾਂ ਦੀ ਆਵਾਜ਼ ਹੈ। ਇਹ ਫਿਲਮ ਜੋ ਇਸ ਸਾਲ ਅਕਤੂਬਰ ਵਿਚ ਰਿਲੀਜ਼ ਕੀਤੀ ਜਾਣੀ ਹੈ, ਸਪਸ਼ਟ ਤੌਰ 'ਤੇ ਨਵੰਬਰ 1984 ਦੇ ਸਿੱਖ ਕਤਲੇਆਮ 'ਤੇ



ਆਧਾਰਿਤ ਹੈ। ਹਾਲਾਂਕਿ ਅਗਨੀਹੋਤਰੀ ਨੇ ਦਾਅਵਾ ਕੀਤਾ ਹੈ ਕਿ ਇਹ ਆਮ ਤੌਰ 'ਤੇ ਇਸ ਨੂੰ ਲੈ ਕੇ ਹੈ ਕਿ "ਇੰਨੇ ਸਾਲਾਂ ਤੋਂ ਦਿੱਲੀ 'ਭਾਰਤ' ਨੂੰ ਕਿਵੇਂ ਤਬਾਹ ਕਰਦੀ ਆ ਰਹੀ ਹੈ।"

**ਗੁਰਪ੍ਰੀਤ ਸਿੰਘ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਇਹ 'ਦਿ ਤਾਸ਼ਕੰਦ ਫਾਈਲਜ਼' ਜਿਸ ਨੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸਤਰੀ ਦੀ ਮੌਤ ਬਾਰੇ ਬੇਹੂਦਾ ਅਟਕਲਪੱਚੂ ਲਗਾਏ ਅਤੇ ਕਸ਼ਮੀਰੀ ਪੰਡਤਾਂ ਦੀ 'ਨਸਲਕੁਸ਼ੀ' ਬਾਬਤ 'ਦਿ ਕਸ਼ਮੀਰ ਫਾਈਲਜ਼' ਤੋਂ ਬਾਅਦ ਇਤਿਹਾਸ ਨੂੰ ਸੋਧਣ ਵਾਲੀ ਉਸ ਦੀ ਤ੍ਰਿਲੜੀ ਦੀ ਅੰਤਿਮ ਕਿਸ਼ਤ ਹੋਵੇਗੀ।

1984 ਦਾ ਕਤਲੇਆਮ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਉਸ ਦੇ ਸਿੱਖ ਅੰਗ ਰੱਖਿਅਕਾਂ ਵੱਲੋਂ ਕਤਲ ਕਰ ਦੇਣ ਤੋਂ ਬਾਦ ਹੋਇਆ, ਜੋ ਸਿੱਖ ਧਰਮ ਦੇ ਸਭ ਤੋਂ ਪਾਵਨ ਅਸਥਾਨ, ਦਰਬਾਰ ਸਾਹਿਬ ਅੰਮ੍ਰਿਤਸਰ ਉੱਪਰ ਉਸ ਵੱਲੋਂ ਕਰਵਾਏ ਗਏ ਬੇਹੂਦਾ ਫੌਜੀ ਹਮਲੇ ਦਾ ਬਦਲਾ ਲੈਣਾ ਚਾਹੁੰਦੇ ਸਨ। ਸ੍ਰੀਮਤੀ ਗਾਂਧੀ ਨੇ ਦਾਅਵਾ ਕੀਤਾ ਸੀ ਕਿ ਸਾਕਾ ਨੀਲਾ ਤਾਰਾ ਬਾਗ਼ੀਆਂ ਨੂੰ ਬਾਹਰ ਕੱਢਣ ਲਈ ਸੀ ਜਿਨ੍ਹਾਂ ਨੇ ਕੰਪਲੈਕਸ ਦੇ ਅੰਦਰ ਹਥਿਆਰ ਜਮ੍ਹਾ ਕਰ ਰੱਖੇ ਸਨ, ਪਰ ਬਹੁਤ ਸਾਰੇ ਸਿੱਖਾਂ ਦਾ ਮੰਨਣਾ ਸੀ ਕਿ ਉਸ ਹਮਲੇ ਦਾ ਅਸਲ ਮਨੋਰਥ ਉਸ ਸਾਲ ਦੀਆਂ ਆਮ ਚੋਣਾਂ ਤੋਂ ਪਹਿਲਾਂ ਫਿਰਕੂ ਧਰੁਵੀਕਰਨ ਕਰਨਾ ਸੀ, ਉਨ੍ਹਾਂ ਨੇ ਇਸ ਨੂੰ ਸਿੱਖ ਘੱਟ ਗਿਣਤੀ ਨੂੰ ਸਬਕ ਸਿਖਾ ਕੇ ਹਿੰਦੂ ਵੋਟਾਂ ਪੱਕੀਆਂ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ।

ਪੰਜਾਬ ਲਈ ਧਾਰਮਿਕ ਅਤੇ ਖੇਤਰੀ ਰਿਆਇਤਾਂ ਲਈ ਸ਼ਾਂਤਮਈ ਅੰਦੋਲਨ ਵਿੱਢਣ ਵਾਲੀ ਨਰਮਪੰਥੀ ਸਿੱਖ ਲੀਡਰਸ਼ਿੱਪ ਨੇ ਸ੍ਰੀਮਤੀ ਗਾਂਧੀ ਅਤੇ ਉਸ ਦੀ ਕਾਂਗਰਸ ਪਾਰਟੀ ਉੱਪਰ ਕੱਟੜਪੰਥੀਆਂ ਦੀ ਪੁਸ਼ਤਪਨਾਹੀ ਕਰਨ ਅਤੇ ਉਨ੍ਹਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਨੂੰ ਆਪਣੇ ਗੜ੍ਹ ਵਿਚ ਬਦਲਣ ਦੀ ਇਜਾਜ਼ਤ ਦੇਣ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਕਿਹਾ ਕਿ ਇਹ ਸਿੱਖ ਕਾਜ ਨੂੰ ਕਮਜ਼ੋਰ ਕਰਨ ਅਤੇ ਹਿੰਦੂਆਂ ਤੋਂ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਸੀ, ਜਿਨ੍ਹਾਂ ਨੂੰ ਕੁਝ ਕੱਟੜਪੰਥੀਆਂ ਨੇ ਨਿਸ਼ਾਨਾ ਬਣਾਇਆ ਸੀ।


ਉਹ ਸਹੀ ਸਾਬਤ ਹੋਏ ਕਿਉਂਕਿ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਤੁਰੰਤ ਬਾਦ ਸਟੇਟ ਦੀ ਸਰਪ੍ਰਸਤੀ ਵਾਲੇ ਕਾਤਲ ਹਜੂਮਾਂ ਨੇ ਪੂਰੇ ਮੁਲਕ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ, ਜਿਸ ਵਿਚ ਸਿਰਫ ਦਿੱਲੀ ਵਿਚ ਹੀ ਤਿੰਨ ਹਜ਼ਾਰ ਲੋਕ ਕਤਲ ਕਰ ਦਿੱਤੇ ਗਏ। ਰਾਜੀਵ ਗਾਂਧੀ, ਜੋ ਆਪਣੀ ਮਾਂ ਤੋਂ ਬਾਦ ਪ੍ਰਧਾਨ ਮੰਤਰੀ ਬਣਿਆ ਅਤੇ ਜਿਸ ਨੇ ਕਤਲੇਆਮ ਨੂੰ ਇਹ ਕਹਿ ਕੇ ਜਾਇਜ਼ ਠਹਿਰਾਇਆ ਕਿ "ਜਦੋਂ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ", ਨੇ ਭਾਰਤ ਦੇ ਚੋਣ ਇਤਿਹਾਸ ਵਿਚ ਸਭ ਤੋਂ ਵੱਡੀ ਜਿੱਤ ਹਾਸਲ ਕੀਤੀ।

ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੇ 1984 ਦੀਆਂ ਘਿਣਾਉਣੀਆਂ ਘਟਨਾਵਾਂ ਨੂੰ ਆਪਣੇ ਮੁਫਾਦ ਲਈ ਵਰਤਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਨਰਿੰਦਰ ਮੋਦੀ ਆਪਣੀਆਂ ਚੋਣ ਮੁਹਿੰਮਾਂ ਦੌਰਾਨ ਵੋਟਰਾਂ ਨੂੰ ਉਸ ਕਤਲੇਆਮ ਦੀ ਯਾਦ ਦਿਵਾਉਂਦਾ ਰਿਹਾ। ਮੋਦੀ ਨੇ ਉਨ੍ਹਾਂ ਘਟਨਾਵਾਂ ਨੂੰ ਦਹਿਸ਼ਤਵਾਦ ਕਰਾਰ ਦਿੱਤਾ, ਇਸ ਦੇ ਬਾਵਜੂਦ ਕਿ ਜਦੋਂ ਉਹ ਗੁਜਰਾਤ ਦਾ ਮੁੱਖ ਮੰਤਰੀ ਸੀ ਉਦੋਂ 2002 ਵਿਚ ਉਸ ਦੀ ਨਿਗਰਾਨੀ ਹੇਠ ਮੁਸਲਮਾਨਾਂ ਦਾ ਇਸੇ ਤਰ੍ਹਾਂ ਦਾ ਕਤਲੇਆਮ ਹੋਇਆ ਸੀ। ਹਾਲਾਂਕਿ ਮੋਦੀ ਉੱਪਰ ਕਦੇ ਵੀ ਰਸਮੀ ਤੌਰ 'ਤੇ ਦੋਸ਼ ਨਹੀਂ ਲਗਾਏ ਗਏ, ਪਰ ਗੁਜਰਾਤ ਕਤਲੇਆਮ ਤੋਂ ਜ਼ਿੰਦਾ ਬਚ ਗਏ ਲੋਕ ਅਤੇ ਮਨੁੱਖੀ ਹੱਕਾਂ ਦੇ ਪਹਿਰੇਦਾਰ ਲਗਾਤਾਰ ਇਹ ਦਲੀਲ ਦਿੰਦੇ ਆ ਰਹੇ ਹਨ ਕਿ ਕਤਲੇਆਮ ਉਸ ਦੀ ਮਨਜ਼ੂਰੀ ਨਾਲ ਕੀਤਾ ਗਿਆ ਸੀ। ਨਤੀਜੇ ਵਜੋਂ, ਸੰਯੁਕਤ ਰਾਜ ਅਮਰੀਕਾ ਸਮੇਤ ਕਈ ਮੁਲਕਾਂ ਨੇ ਉਸ ਨੂੰ 2014 ਵਿਚ ਪ੍ਰਧਾਨ ਮੰਤਰੀ ਚੁਣੇ ਜਾਣ ਤੱਕ, ਇਕ ਦਹਾਕੇ ਤੋਂ ਵੱਧ ਸਮਾਂ ਵੀਜ਼ਾ ਨਹੀਂ ਦਿੱਤਾ।

ਹੁਣ ਇਹ ਗੱਲ ਸਮਝ ਪੈਂਦੀ ਹੈ ਕਿ ਬੀਜੇਪੀ ਦਾ ਸਰੇਆਮ ਹਮਾਇਤੀ ਅਗਨੀਹੋਤਰੀ ਇਕ ਅਜਿਹੇ ਵਿਸ਼ੇ ਉੱਪਰ ਫਿਲਮ ਕਿਉਂ ਬਣਾ ਰਿਹਾ ਹੈ ਜੋ ਕਾਂਗਰਸ ਦੀ ਭੈੜੀ ਤਸਵੀਰ ਪੇਸ਼ ਕਰਦੀ ਹੈ। ਉਸ ਦੀ ਫਿਲਮ ਦੀ ਕਸ਼ਮੀਰ ਫਾਈਲਜ਼ - ਜਿਸ ਦਾ ਭਾਜਪਾ ਦੇ ਆਗੂਆਂ ਨੇ ਬਹੁਤ ਜ਼ਿਆਦਾ ਪ੍ਰਚਾਰ ਕੀਤਾ ਅਤੇ ਜਿਸ ਨੂੰ ਭਾਜਪਾ ਦੀਆਂ ਕਈ ਰਾਜ ਸਰਕਾਰਾਂ ਨੇ ਟੈਕਸ ਤੋਂ ਛੋਟ ਦਿੱਤੀ - ਕਸ਼ਮੀਰ ਬਾਬਤ ਇਸ ਪਾਰਟੀ ਦੇ ਹਮਲਾਵਰ ਰੁਖ ਅਨੁਸਾਰ ਬਣਾਈ ਗਈ ਹੈ। ਉਸ ਦਾ ਉਦੇਸ਼ ਮੋਦੀ ਸਰਕਾਰ ਦੁਆਰਾ ਧਾਰਾ 370 ਨੂੰ ਰੱਦ ਕਰਨ ਨੂੰ ਜਾਇਜ਼ ਠਹਿਰਾਉਣਾ ਹੈ, ਇਕ ਸੰਵਿਧਾਨਕ ਵਿਵਸਥਾ ਜਿਸ ਨੇ ਭਾਰਤ ਦੇ ਇਕਲੌਤੇ ਮੁਸਲਿਮ ਬਹੁ-ਗਿਣਤੀ ਵਾਲੇ ਰਾਜ ਨੂੰ ਸੀਮਤ ਖੁਦਮੁਖਤਿਆਰੀ ਦਿੱਤੀ ਹੋਈ ਸੀ। ਅਗਨੀਹੋਤਰੀ ਦਰਸ਼ਕਾਂ ਨੂੰ ਇਹ ਯਕੀਨ ਦਿਵਾਉਣਾ ਚਾਹੁੰਦਾ ਹੈ ਕਿ ਕਸ਼ਮੀਰ ਵਿਚ ਸਵੈ-ਨਿਰਣੇ ਲਈ ਹਥਿਆਰਬੰਦ ਅੰਦੋਲਨ ਦੌਰਾਨ ਹਿੰਦੂਆਂ ਨਾਲ ਜੋ ਹੋਇਆ, ਉਹ ਨਸਲਕੁਸ਼ੀ ਸੀ, ਫਿਰ ਉਸ ਨੂੰ ਇਹ ਸਵਾਲ ਕਰਨਾ ਜਾਇਜ਼ ਹੈ ਕਿ ਕੀ ਉਹ 1984 ਦੇ ਕਤਲੇਆਮ ਲਈ ਇਹੀ ਸ਼ਬਦ ਵਰਤਣ ਦੀ ਹਿੰਮਤ ਕਰੇਗਾ? ਬਦੇਸ਼ਾਂ 'ਚ ਵਸਦੇ ਸਿੱਖਾਂ ਵੱਲੋਂ ਅਜਿਹਾ ਕੀਤੇ ਜਾਣ ਦਾ ਭਾਰਤੀ ਸਰਕਾਰਾਂ, ਜਿਸ ਵਿਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਵੀ ਸ਼ਾਮਲ ਹਨ, ਸਖਤ ਵਿਰੋਧ ਕਰਦੀਆਂ ਰਹੀਆਂ ਹਨ।

ਜੇਕਰ ਅਸੀਂ ਇਹ ਵੀ ਮੰਨ ਲਈਏ ਕਿ ਸਿੱਖ ਭਾਈਚਾਰੇ ਦੇ ਅੰਦਰ ਘੁਸਣ 'ਚ ਭਾਜਪਾ ਦੀ ਮਦਦ ਕਰਨ ਲਈ ਅਗਨੀਹੋਤਰੀ 1984 ਨੂੰ ਨਸਲਕੁਸ਼ੀ ਕਹਿਣ ਲਈ ਤਿਆਰ ਹੈ, ਤਾਂ ਅਗਲਾ ਸਵਾਲ ਇਹ ਹੋਵੇਗਾ ਕਿ ਕੀ ਉਸ ਵਿਚ ਹਿੰਸਾ ਵਿਚ ਭਾਜਪਾ ਦੀ ਸ਼ਮੂਲੀਅਤ ਨੂੰ ਦਿਖਾਉਣ ਦੀ ਹਿੰਮਤ ਹੈ? ਪਾਰਟੀ ਦੇ ਦੋ ਸਭ ਤੋਂ ਸੀਨੀਅਰ ਆਗੂਆਂ, ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ, ਨੇ ਸਰਕਾਰ ਤੋਂ ਦਰਬਾਰ ਸਾਹਿਬ ਵਿਚ ਫੌਜ ਭੇਜਣ ਦੀ ਮੰਗ ਕਰਦੇ ਹੋਏ ਵਿਰੋਧ ਪ੍ਰਦਰਸ਼ਨ ਕੀਤੇ ਸਨ। ਕਤਲੇਆਮ ਤੋਂ ਬਾਦ ਦਰਜ ਕੀਤੀਆਂ ਪਹਿਲੀਆਂ ਐੱਫ.ਆਈ.ਆਰ ਵਿਚ ਵਾਜਪਾਈ ਦੇ ਪੋਲਿੰਗ ਏਜੰਟ ਸਮੇਤ ਭਾਜਪਾ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਲਗਭਗ 50 ਆਗੂਆਂ ਦੇ ਨਾਮ ਸ਼ਾਮਿਲ ਸਨ। ਜੇਕਰ ਦਿੱਲੀ ਫਾਈਲਜ਼ ਸੱਚਮੁੱਚ ਸਾਡੇ ਇਤਿਹਾਸ ਦਾ ਈਮਾਨਦਾਰ ਲੇਖਾਜੋਖਾ ਹੈ, ਜਿਸ ਦੀ ਸੰਭਾਵਨਾ ਨਹੀਂ ਹੈ, ਤਾਂ ਕੀ ਅਗਨੀਹੋਤਰੀ ਦੋਮੂੰਹੀ ਮੋਦੀ ਸਰਕਾਰ ਦਾ ਪਰਦਾਫਾਸ਼ ਕਰਨ ਲਈ ਕੁਝ ਦਮ ਦਿਖਾਏਗਾ ਜਿਸ ਨੇ ਸੰਘ ਦੇ ਉਸ ਮਰਹੂਮ ਆਗੂ ਚੰਡਿਕਾਦਾਸ ਅੰਮ੍ਰਿਤਰਾਓ ਦੇਸ਼ਮੁਖ ਨੂੰ ਭਾਰਤ ਦਾ ਸਰਵਉੱਚ ਨਾਗਰਿਕ ਸਨਮਾਨ ਦਿੱਤਾ ਸੀ, ਜਿਸ ਨੇ ਸਾਕਾ ਨੀਲਾ ਤਾਰਾ ਅਤੇ 1984 ਦੇ ਕਤਲੇਆਮ ਨੂੰ ਬੇਸ਼ਰਮੀ ਨਾਲ ਜਾਇਜ਼ ਠਹਿਰਾਇਆ ਸੀ? ਜਾਂ ਕੀ ਉਹ ਤਾਂ ਬੱਸ ਭਾਜਪਾ ਨੂੰ ਕਾਂਗਰਸ ਨੂੰ ਭੰਡਣ ਲਈ ਪ੍ਰਚਾਰ ਦਾ ਇਕ ਹੋਰ ਸੰਦ ਦੇਣਾ ਚਾਹੁੰਦਾ ਹੈ?

ਹੋਰ ਦੇਖੋ, ਕਤਲੇਆਮ ਤੋਂ ਬਾਦ ਭਾਜਪਾ ਦੀ ਵੋਟ ਕਾਂਗਰਸ ਨੂੰ ਪਈ, ਜਿਸ ਨਾਲ ਰਾਜੀਵ ਗਾਂਧੀ ਦੀ ਹੂੰਝਾ ਫੇਰੂ ਜਿੱਤ ਯਕੀਨੀ ਹੋ ਗਈ। ਕਿਉਂਕਿ ਅਗਨੀਹੋਤਰੀ ਨੇ 'ਦਿ ਕਸ਼ਮੀਰ ਫਾਈਲਜ਼' ਵਿਚ ਸਾਰੇ ਕਸ਼ਮੀਰੀ ਮੁਸਲਮਾਨਾਂ ਨੂੰ ਇਕੋ ਰੱਸੇ ਬੰਨ੍ਹਣ ਦਾ ਤਰੀਕਾ ਚੁਣਿਆ ਹੈ, ਇਹ ਪੁੱਛਣਾ ਵਾਜਬ ਨਹੀਂ ਹੈ ਕਿ ਕੀ ਉਹ ਕਿਸੇ ਇਕ ਸਿਆਸੀ ਪਾਰਟੀ ਨੂੰ ਸਾਰਾ ਦੋਸ਼ ਦੇਣ ਦੀ ਬਜਾਏ




*ਫਿਲਮ 'ਦਿ ਦਿੱਲੀ ਫਾਈਲਜ਼' ਦਾ ਪੋਸਟਰ।*

ਹਿੰਦੂ ਬਹੁਗਿਣਤੀਵਾਦ ਦਾ ਪਰਦਾਫਾਸ਼ ਕਰੇਗਾ ਜੋ ਸਿੱਖ ਵਿਰੋਧੀ ਕਤਲੇਆਮ ਦੇ ਪਿੱਛੇ ਇਕ ਤਾਕਤ ਵਜੋਂ ਕੰਮ ਕਰ ਰਹੀ ਸੀ?

ਅਗਨੀਹੋਤਰੀ ਨੇ ਮੋਦੀ ਸਰਕਾਰ ਦੀਆਂ ਨੀਤੀਆਂ ਨਾਲ ਅਸਹਿਮਤ ਲੋਕਾਂ ਨੂੰ ਭੰਡਣ ਲਈ "ਸ਼ਹਿਰੀ ਨਕਸਲੀ" ਸ਼ਬਦ ਪ੍ਰਚਲਤ ਕੀਤਾ। ਜਿਨ੍ਹਾਂ ਲੋਕਾਂ ਦੀ ਉਸ ਨੇ ਇਸ ਸ਼ਬਦ ਰਾਹੀਂ ਕਿਰਦਾਰਕੁਸ਼ੀ ਕੀਤੀ ਉਨ੍ਹਾਂ ਵਿਚ ਪੱਤਰਕਾਰ ਤੋਂ ਕਾਰਕੁਨ ਬਣੇ ਗੌਤਮ ਨਵਲੱਖਾ ਵੀ ਹਨ, ਜਿਸ ਨੇ 1984 ਦੇ ਕਤਲੇਆਮ ਬਾਰੇ ਪਹਿਲੀ ਪ੍ਰਮਾਣਿਕ ਫੀਲਡ ਰਿਪੋਰਟ ਤਿਆਰ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ। ਨਵਲੱਖਾ ਇਸ ਸਮੇਂ ਜੇਲ੍ਹ ਵਿਚ ਬੰਦ ਹਨ ਅਤੇ ਉਸ ਨੂੰ ਜੇਲ੍ਹ 'ਚ ਸਾੜਨ ਲਈ ਜਾਬਰ ਗੈਰਕਾਨੂੰਨੀ ਸਰਗਰਮੀਆਂ (ਰੋਕੂ) ਕਾਨੂੰਨ ਲਗਾਇਆ ਗਿਆ ਹੈ। ਨਵਲੱਖਾ ਦੀ ਗ੍ਰਿਫਤਾਰੀ ਦਾ ਵਿਰੋਧ ਕਰਨ ਵਾਲਿਆਂ ਉੱਪਰ ਹਮਲਾ ਕਰਨ ਵਾਲੇ ਅਗਨੀਹੋਤਰੀ ਨੂੰ ਨਵਲੱਖਾ ਵਰਗੇ ਲੋਕਾਂ ਲਈ ਆਪਣੀ ਨਫਰਤ ਨੂੰ 1984 ਦੇ ਪੀੜਤਾਂ ਨਾਲ ਆਪਣੀ ਸਪੱਸ਼ਟ ਇਕਜੁੱਟਤਾ ਦੇ ਤਹਿਤ ਹੱਲ ਕਰਨਾ ਚਾਹੀਦਾ ਹੈ। ਹਾਲਾਂਕਿ, ਮਜ਼ਲੂਮ ਕਸ਼ਮੀਰੀ ਮੁਸਲਮਾਨਾਂ ਦੇ ਹੱਕ 'ਚ ਡੱਟਣ ਵਾਲੇ ਖੱਬੇਪੱਖੀ ਕਾਰਕੁਨਾਂ ਨੂੰ ਦੀ ਕਸ਼ਮੀਰ ਫਾਈਲਜ਼ ਵਿਚ ਭੰਡਣ ਦੇ ਉਸ ਦੇ ਅਮਲ ਨੂੰ ਦੇਖਦੇ ਹੋਏ ਇਸ ਦੀ ਸੰਭਾਵਨਾ ਬਿਲਕੁਲ ਨਹੀਂ ਹੈ।

ਅਗਨੀਹੋਤਰੀ ਦੀ ਮੋਦੀ ਸਰਕਾਰ ਨਾਲ ਖੜ੍ਹਨ ਵਾਲੇ ਕਾਰਕੁਨਾਂ ਲਈ ਨਫਰਤ ਉਨ੍ਹਾਂ ਸਿੱਖ ਕਿਸਾਨਾਂ ਤੱਕ ਜਾ ਪਹੁੰਚੀ ਜਿਨ੍ਹਾਂ ਨੇ ਇਕ ਸਾਲ ਤੋਂ ਵਧੇਰੇ ਸਮਾਂ ਅੰਦੋਲਨ ਲੜ ਕੇ ਨਹੱਕ ਖੇਤੀ ਕਾਨੂੰਨ ਰੱਦ ਕਰਾਏ। ਉਹ ਸੋਸ਼ਲ ਮੀਡੀਆ ਉੱਪਰ ਉਨ੍ਹਾਂ ਸ਼ਖਸਾਂ ਵਿਚ ਸ਼ਾਮਿਲ ਸੀ ਜਿਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਵੱਖਵਾਦੀ ਕਰਾਰ ਦੇ ਕੇ ਉਨ੍ਹਾਂ ਦਾ ਅਕਸ ਵਿਗਾੜਣ ਦੀ ਕੋਸ਼ਿਸ਼ ਕੀਤੀ ਅਤੇ ਉਨ੍ਹਾਂ ਵਿਰੁੱਧ ਨਫਰਤ ਭੜਕਾਈ। ਅੰਦੋਲਨ ਵਿਰੁੱਧ ਨਫਰਤ ਭੜਕਾਉਣ ਵਾਲੇ ਬਹੁਤ ਸਾਰੇ ਸ਼ਖਸ 1984 ਦੀਆਂ ਘਟਨਾਵਾਂ ਨੂੰ ਦੁਹਰਾਉਣ ਦੀਆਂ ਧਮਕੀਆਂ ਵੀ ਦੇ ਰਹੇ ਸਨ। ਕੀ ਉਹ ਹੁਣ ਉਨ੍ਹਾਂ ਪਾਪਾਂ ਤੋਂ ਮੁਕਤ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ ਜਾਂ ਕਤਲੇਆਮ '84 ਦੀਆਂ ਯਾਦਾਂ ਨੂੰ ਬਾਕਸ ਆਫਿਸ ਉੱਪਰ ਕੈਸ਼ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਇਹ ਤਾਂ ਸਿਰਫ ਉਹੀ ਦੱਸ ਸਕਦਾ ਹੈ।

ਪਹਿਲਾਂ ਹੀ, ਸਿੱਖ ਭਾਈਚਾਰੇ ਦੇ ਇਕ ਹਿੱਸੇ - ਖਾਸ ਤੌਰ 'ਤੇ ਜੋ ਭਾਜਪਾ ਨਾਲ ਜੁੜਿਆ ਹੋਇਆ ਹੈ - ਨੇ ਦਿੱਲੀ ਫਾਈਲਜ਼ ਬਣਾਏ ਜਾਣ ਉੱਪਰ ਉਤਸ਼ਾਹ ਜ਼ਾਹਿਰ ਕੀਤਾ ਹੈ। ਇਨ੍ਹਾਂ ਵਿੱਚੋਂ ਇਕ ਭਾਜਪਾ ਵਿਧਾਇਕ ਮਨਜਿੰਦਰ ਸਿੰਘ ਸਿਰਸੇ ਨੇ ਫਿਲਮ ਲਈ ਫੰਡ ਦੇਣ ਦੀ ਪੇਸ਼ਕਸ਼ ਕੀਤੀ ਹੈ। ਐਡਵੋਕੇਟ ਅਤੇ ਲੇਖਕ ਹਰਵਿੰਦਰ ਸਿੰਘ ਫੂਲਕਾ, ਜੋ ਕਈ ਸਾਲ '84 ਦੇ ਪੀੜਤਾਂ ਦੀ ਅਦਾਲਤਾਂ 'ਚ ਨੁਮਾਇੰਦਗੀ ਕਰਦਾ ਰਿਹਾ ਅਤੇ ਕੁਝ ਚਿਰ ਲਈ ਆਮ ਆਦਮੀ ਪਾਰਟੀ ਵਿਚ ਵੀ ਸ਼ਾਮਲ ਰਿਹਾ, ਨੇ ਫਿਲਮ ਦੇ ਐਲਾਨ ਦਾ ਸਵਾਗਤ ਕੀਤਾ ਹੈ।

ਜਦੋਂ ਇਹ ਸਿੱਖ ਆਗੂ ਦੀ ਦਿੱਲੀ ਫਾਈਲਜ਼ ਦੀਆਂ ਖਬਰਾਂ ਉੱਪਰ ਕੱਛਾਂ ਵਜਾ ਰਹੇ ਸਨ ਤਾਂ ਉਦੋਂ ਸਿਰਫ ਉੱਘੀ ਮਾਰਕਸਵਾਦੀ ਨੇਤਾ ਬਰਿੰਦਾ ਕਰਾਤ ਹੀ ਰਾਜਧਾਨੀ ਵਿਚ ਮੁਸਲਮਾਨ ਭਾਈਚਾਰੇ ਨਾਲ ਖੜ੍ਹੀ ਹੋਈ ਜਦੋਂ ਇਕ ਮੁਸਲਿਮ ਇਲਾਕੇ ਵਿਚ ਦੁਕਾਨਾਂ ਅਤੇ ਮਕਾਨਾਂ ਨੂੰ ਬੁਲਡੋਜਰ ਨਾਲ ਢਾਹਿਆ ਜਾ ਰਿਹਾ ਸੀ। ਮਿਉਂਸਪਲ ਅਧਿਕਾਰੀਆਂ ਨੇ ਇਸ ਨੂੰ ਨਜਾਇਜ਼ ਕਬਜ਼ਿਆਂ ਵਿਰੁੱਧ ਮੁਹਿੰਮ ਦਾ ਨਾਮ ਦਿੱਤਾ, ਜਿਸ ਦੀ ਉਚਿਤ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਨਾ ਕਰਨ ਅਤੇ ਮੁਸਲਮਾਨਾਂ ਨੂੰ ਡਰਾਉਣ ਦੀ ਮੁਹਿੰਮ ਦਾ ਹਿੱਸਾ ਹੋਣ ਕਾਰਨ ਤਿੱਖੀ ਆਲੋਚਨਾ ਹੋਈ ਹੈ। ਇਸੇ ਬਰਿੰਦਾ ਕਰਾਤ ਨੇ 2005 'ਚ ਕਤਲੇਆਮ '84 ਬਾਰੇ ਬਣੀ ਫਿਲਮ ਅਮੂ ਵਿਚ ਇਕ ਮਹੱਤਵਪੂਰਨ ਕਿਰਦਾਰ ਨਿਭਾਇਆ ਸੀ। ਉਸ ਦੀ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਕਤਲੇਆਮ '84 ਦੌਰਾਨ ਕਲਕੱਤਾ ਵਿਚ ਬਹੁਤ ਸਾਰੇ ਸਿੱਖਾਂ ਦੀਆਂ ਜਾਨਾਂ ਬਚਾਈਆਂ ਸਨ। ਇਹ ਅਗਨੀਹੋਤਰੀ ਲਈ ਇਕ ਹੋਰ ਜਾਇਜ਼ ਸਵਾਲ ਖੜ੍ਹਾ ਕਰਦਾ ਹੈ: ਉਹ ਮੌਜੂਦਾ ਹਾਲਾਤ ਵਿਚ ਦਿੱਲੀ ਫਾਈਲਜ਼ ਬਣਾਉਣ ਲਈ ਏਨਾ ਤਾਹੂ ਕਿਉਂ ਹੈ, ਜਦੋਂ ਕਿ ਪਿਛਲੇ ਸਮੇਂ ਵਿਚ ਇਸ ਵਿਸ਼ੇ 'ਤੇ ਬਹੁਤ ਸਾਰੀਆਂ ਚੰਗੀਆਂ ਅਤੇ ਵਾਜਬ ਫਿਲਮਾਂ ਬਣ ਚੁੱਕੀਆਂ ਹਨ? ਅਮੂ ਤੋਂ ਇਲਾਵਾ, ਇਸ ਵਿਸ਼ੇ ਉੱਪਰ ਬਣੀਆਂ ਫਿਲਮਾਂ ਵਿਚ ਮਾਚਿਸ (1996), ਹਵਾਏਂ (2003), ਕਾਇਆ ਤਰਨ (2004), ਮੇਮਸਾਹਿਬ (2008), ਕੁਸ਼ (2013) ਅਤੇ '47 ਤੋਂ 84 (2014) ਸ਼ਾਮਲ ਹਨ।

ਇਹ ਬਹੁਤ ਸ਼ਰਮ ਦੀ ਗੱਲ ਹੈ ਕਿ ਸਿੱਖ ਭਾਈਚਾਰੇ ਦੇ ਆਪੇ ਬਣੇ ਦਰਬਾਨਾਂ ਨੇ ਇਕ ਮਹਾਨ ਕਾਰਜ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਦਿੱਤਾ ਹੈ ਅਤੇ ਉਹ ਭਾਜਪਾ ਦੇ ਪੈਰੋਕਾਰ ਦੀ ਪਹੁੰਚ ਦੀ ਨੁਕਤਾਚੀਨੀ ਕੀਤੇ ਬਿਨਾਂ ਉਸ ਦਾ ਬੇਸ਼ਰਮੀ ਨਾਲ ਗੁਣਗਾਣ ਕਰ ਰਹੇ ਹਨ। ਸਿੱਖ ਧਰਮ ਕਿਸੇ ਨਾਲ ਵੀ ਅਤੇ ਕਿਤੇ ਵੀ ਬੇਇਨਸਾਫੀ ਦੇ ਵਿਰੁੱਧ ਖੜ੍ਹੇ ਹੋਣ ਦੀ ਸਿੱਖਿਆ ਦਿੰਦਾ ਹੈ, ਅਤੇ ਉਨ੍ਹਾਂ ਦੇ ਆਪਣੇ ਭਾਈਚਾਰੇ ਨੂੰ ਰਾਜ ਦੀ ਸਰਪ੍ਰਸਤੀ ਵਾਲੀ ਜਿਸ ਹਿੰਸਾ ਦੇ ਅਨੁਭਵ 'ਚੋਂ ਗੁਜ਼ਰਨਾ ਪਿਆ, ਇਸ ਦੇ ਬਾਵਜੂਦ ਉਨ੍ਹਾਂ ਨੇ ਉਦੋਂ ਪਾਸਾ ਵੱਟ ਲੈਣ ਦਾ ਰਾਹ ਚੁਣਿਆ ਜਦੋਂ ਮੁਸਲਮਾਨਾਂ ਨੂੰ ਸਿਨੇਮਾ ਅਤੇ ਰਾਸ਼ਟਰੀ ਰਾਜਧਾਨੀ ਦੀਆਂ ਗਲੀਆਂ ਵਿਚ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਆਪਣੀ ਜ਼ਮੀਰ ਦੀ ਆਵਾਜ਼ ਸੁਣਨ ਦੀ ਬਜਾਏ ਉਹ ਮੋਦੀ ਨਾਲ ਮਿਲ ਕੇ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਚਾਰ ਸੌ ਸਾਲਾ ਪ੍ਰਕਾਸ਼ ਦਿਹਾੜਾ ਮਨਾਉਂਦੇ ਰਹੇ, ਜੋ ਸਿਰਫ ਤੇ ਸਿਰਫ ਦੋ ਘੱਟ ਗਿਣਤੀ ਭਾਈਚਾਰਿਆਂ ਵਿਚ ਵੰਡੀਆਂ ਪਾਉਣ ਲਈ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕਰਨਾ ਚਾਹੁੰਦਾ ਹੈ।

ਭਾਵੇਂ ਕਿ ਸਾਰੇ ਦਸ ਗੁਰੂ ਸਾਹਿਬਾਨ ਨੇ ਹਿੰਦੂ ਕੱਟੜਪੰਥੀਆਂ ਦਾ ਵਿਰੋਧ ਕੀਤਾ ਪਰ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਹਿੰਦੂਆਂ ਨੂੰ ਮੁਸਲਮਾਨ ਹੁਕਮਰਾਨਾਂ ਤੋਂ ਬਚਾਉਣ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਇਹ ਸਿਰਫ ਇਤਫਾਕ ਸੀ ਕਿ ਉਸ ਵਕਤ ਦੇ ਹਾਕਮ ਮੁਸਲਮਾਨ ਸਨ ਅਤੇ ਪਰਜਾ ਹਿੰਦੂ ਸੀ; ਮੁੱਦਾ ਠੱਗ ਰਾਜ ਦਾ ਵਿਰੋਧ ਕਰਨਾ ਸੀ। ਜੇ ਕਰ ਗੁਰੂ ਸਾਹਿਬ ਅੱਜ ਹੁੰਦੇ ਤਾਂ ਉਹ ਭਾਰਤ ਦੇ ਮੁਸਲਮਾਨਾਂ ਦੇ ਹੱਕ 'ਚ ਖੜ੍ਹੇ ਹੁੰਦੇ।

ਇਸ ਦਾ ਮਤਲਬ ਇਹ ਨਹੀਂ ਕਿ ਸਾਰੇ ਸਿੱਖ ਅਗਨੀਹੋਤਰੀ ਦੀ ਫਿਲਮ ਦਾ ਬਾਹਾਂ ਅੱਡ ਕੇ ਸਵਾਗਤ ਕਰਨਗੇ। ਐਸੇ ਸਿੱਖ ਹਨ ਜੋ ਪਹਿਲਾਂ ਹੀ ਆਪਣਾ ਸੰਦੇਹ ਦਰਜ ਕਰਵਾ ਚੁੱਕੇ ਹਨ। ਸਿੱਖ ਜੈਨੋਸਾਈਡ ਇੰਡੀਆ - 1984: ਏ ਬਲੈਕ ਸਪਾਟ ਆਨ ਡੈਮੋਕਰੇਸੀ ਦੇ ਲੇਖਕ ਅਜਮੇਰ ਸਿੰਘ ਰੰਧਾਵਾ ਉਨ੍ਹਾਂ ਵਿੱਚੋਂ ਇਕ ਹਨ। ਲੜੀਵਾਰ ਫੇਸਬੁੱਕ ਪੋਸਟਾਂ ਵਿਚ ਰੰਧਾਵਾ ਨੇ ਅਗਨੀਹੋਤਰੀ ਦਾ ਵਿਰੋਧ ਕੀਤਾ ਅਤੇ ਧਮਕੀ ਵੀ ਦਿੱਤੀ ਕਿ ਜੇਕਰ ਫਿਲਮ ਵਿਚ "ਝੂਠ 'ਤੇ ਬਣਾਏ ਗਏ ਨਾਟਕੀ ਦ੍ਰਿਸ਼ ਸ਼ਾਮਲ ਕੀਤੇ ਗਏ" ਤਾਂ ਉਹ ਕਾਨੂੰਨੀ ਕਾਰਵਾਈ ਦਾ ਰਾਹ ਅਖਤਿਆਰ ਕਰੇਗਾ। ਲਿਹਾਜ਼ਾ ਦਿੱਲੀ ਫਾਈਲਜ਼, ਜਿਸ ਦੇ ਹਮਾਇਤੀ ਵੀ ਹਨ ਅਤੇ ਆਲੋਚਕ ਵੀ, ਆਲਮੀ ਸਿੱਖ ਭਾਈਚਾਰੇ ਵਿਚ ਵੰਡੀਆਂ ਪਾਉਣ ਦੀ ਸਮਰੱਥਾ ਰੱਖਦੀ ਹੈ।

ਬੇਸ਼ੱਕ ਸਿੱਖਾਂ ਦੇ ਸਿਆਸੀ ਵਿਚਾਰ ਕਿਸੇ ਵੀ ਹੋਰ ਭਾਈਚਾਰੇ ਦੀ ਤਰ੍ਹਾਂ ਹੀ ਵੰਨ-ਸੁਵੰਨੇ ਹਨ, ਪਰ ਪੰਜਾਬ ਨੇ ਵਿਧਾਨ ਸਭਾ ਚੋਣਾਂ ਵਿਚ ਮੋਦੀ ਅਤੇ ਭਾਜਪਾ ਨੂੰ ਲਗਾਤਾਰ ਨਕਾਰਿਆ ਹੈ। ਕਿਉਂਕਿ ਜਦੋਂ ਸਿੱਖਾਂ ਦੀ ਗੱਲ ਆਉਂਦੀ ਹੈ ਤਾਂ ਭਾਜਪਾ ਉਨ੍ਹਾਂ ਦੀ ਵੱਖਰੀ ਪਛਾਣ ਤੋਂ ਇਨਕਾਰੀ ਹੈ ਅਤੇ ਉਨ੍ਹਾਂ ਨੂੰ ਹਿੰਦੂ ਸਮੂਹ ਦਾ ਹਿੱਸਾ ਮੰਨਦੀ ਹੈ, ਇਸ ਕਾਰਨ ਵਿਦਵਾਨਾਂ ਅਤੇ ਕਾਰਕੁਨਾਂ ਨੇ ਭਾਜਪਾ ਦੇ ਸਿੱਖਾਂ ਨੂੰ ਨਿਗਲ ਜਾਣ ਦੇ ਏਜੰਡੇ ਦਾ ਵਿਰੋਧ ਕੀਤਾ ਹੈ। ਜੇਕਰ ਅਗਨੀਹੋਤਰੀ ਸਿੱਖਾਂ ਵਿਚ ਮੱਤਭੇਦ ਪੈਦਾ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤਾਂ ਇਸ ਦਾ ਲੰਬੇ ਸਮੇਂ ਵਿਚ ਭਾਜਪਾ ਨੂੰ ਫਾਇਦਾ ਹੋਵੇਗਾ।

ਅਸੀਂ ਸਾਰੇ ਜਾਣਦੇ ਹਾਂ ਕਿ ਕਾਂਗਰਸ ਕਤਲੇਆਮ '84 ਦੀ ਖਲਨਾਇਕ ਤਾਂ ਹੈ ਹੀ, ਇਹ ਇਸ ਦੀ ਮਾਸਟਰ ਮਾਈਂਡ ਸੀ, ਪਰ ਇਹ ਸਾਨੂੰ ਅਗਨੀਹੋਤਰੀ ਵਰਗਾ ਭਾਜਪਾ ਦਾ ਪੈਰੋਕਾਰ ਚੇਤੇ ਕਰਾਵੇ ਇਸ ਦੀ ਸਾਨੂੰ ਲੋੜ ਨਹੀਂ ਹੈ। ਇਸ ਦੀ ਬਜਾਏ, ਉਸ ਨੂੰ ਇਕ ਐਸੇ ਵਿਸ਼ੇ ਫਿਲਮ ਬਣਾਉਣ ਬਾਰੇ ਸੋਚਣ ਤੋਂ ਪਹਿਲਾਂ, ਜੋ ਸਿੱਖਾਂ ਲਈ ਸੰਵੇਦਨਸ਼ੀਲ ਹੈ, ਆਪਣੇ ਵਿਚਾਰਾਂ ਅਤੇ ਆਪਣੀ ਪਿਆਰੀ ਧਿਰ ਦੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ।







*ਵਿਵੇਕ ਅਗਨੀਹੋਤਰੀ ਦੀਆਂ ਪਹਿਲੀਆਂ ਫਿਲਮਾਂ 'ਦਿ ਕਸ਼ਮੀਰ ਫਾਈਲਜ਼' (2022) ਅਤੇ 'ਦਿ ਤਾਸ਼ਕੰਦ ਫਾਈਲਜ਼' (2019) ਦੇ ਪੋਸਟਰ।*

## ਫਿਰਕੂ ਦੰਗੇ ਅਤੇ ਭਾਰਤੀ ਪੁਲਿਸ-3

# ਫਿਰਕੂ ਫਸਾਦ ਅਤੇ ਅੰਗਰੇਜ਼ਾਂ ਦੀ ਪਹੁੰਚ

***ਵਿਭੂਤੀ ਨਰਾਇਣ ਰਾਏ ਪੁਲਿਸ ਅਫਸਰ ਰਹੇ ਹਨ। ਇਸ ਦੇ ਨਾਲ-ਨਾਲ ਉਹ ਲਿਖਾਰੀ ਵੀ ਹਨ। ਉਨ੍ਹਾਂ 5 ਨਾਵਲਾਂ ਤੋਂ ਇਲਾਵਾ ਭਾਰਤ ਵਿਚ ਫਿਰਕੂ ਸਿਆਸਤ ਨਾਲ ਸਬੰਧਤ ਦੋ ਪੁਸਤਕਾਂ ਲਿਖੀਆਂ ਹਨ। 'ਫਿਰਕੂ ਦੰਗੇ ਅਤੇ ਭਾਰਤੀ ਪੁਲਿਸ' ਨਾਂ ਦੀ ਪੁਸਤਕ ਵਿਚ ਉਨ੍ਹਾਂ ਫਿਰਕੂ ਦੰਗਿਆਂ ਦੇ ਵੱਖ-ਵੱਖ ਪਹਿਲੂਆਂ ਬਾਰੇ ਛਾਣ-ਬੀਣ ਕੀਤੀ ਹੈ। ਉਨ੍ਹਾਂ ਦਾ ਇਹ ਮੰਨਣਾ ਹੈ ਕਿ ਭਾਰਤ ਵਰਗੇ ਮੁਲਕ ਨੂੰ ਧਰਮ ਨਿਰਪੱਖ ਅਤੇ ਤਰੱਕੀ ਦੇ ਰਸਤੇ 'ਤੇ ਅੱਗੇ ਵਧਾਉਣ ਲਈ ਧਾਰਮਿਕ ਕੱਟੜਤਾ, ਗੈਰ-ਵਿਗਿਆਨਕ ਸੋਚ, ਰੂੜ੍ਹੀਵਾਦੀ ਮਾਨਸਿਕਤਾ ਤੋਂ ਬਾਹਰ ਆਉਣਾ ਪਵੇਗਾ। ਇਸ ਲਿਖਤ ਦੀ ਤੀਜੀ ਕਿਸ਼ਤ ਹਾਜ਼ਰ ਹੈ। ਇਸ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ ਤਰਸੇਮ ਲਾਲ ਨੇ ਕੀਤਾ ਹੈ।***



**ਵਿਭੂਤੀ ਨਰਾਇਣਿ ਰਾਏ**
**ਅਨੁਵਾਦ: ਤਰਸੇਮ ਲਾਲ**

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਦਰਜ ਕੁਝ ਇਤਿਹਾਸਕ ਦਸਤਾਵੇਜ਼ਾਂ 'ਤੇ ਨਜ਼ਰ ਮਾਰਨਾ ਫਿਰਕਾਪ੍ਰਸਤੀ ਨੂੰ ਸਮਝਣ ਲਈ ਲਾਹੇਵੰਦ ਸਾਬਤ ਹੋਵੇਗਾ। ਮੱਧਕਾਲ ਦੇ ਭਾਰਤ ਵਿਚ ਹਿੰਦੂ ਮੁਸਲਿਮ ਸਬੰਧਾਂ ਵਿਚ ਕਈ ਵਾਰ ਅਜਿਹੇ ਤਣਾਅ ਪੈਦਾ ਹੋਏ ਕਿ ਥੋੜ੍ਹੀ ਜਿਹੀ ਵੀ ਰਿਆਸਤੀ ਸਹਾਇਤਾ ਮਿਲ ਜਾਂਦੀ ਤਾਂ ਇਹ ਲੰਮੇ ਸਮੇਂ ਲਈ ਤਕਲੀਫ ਦੇਣ ਵਾਲੇ ਨਾਸੂਰ ਬਣ ਸਕਦੇ ਸਨ। ਇਸ ਦਾ ਪਹਿਲਾ ਜ਼ਿਕਰ ਇਬਨ ਬਤੂਤਾ ਦੇ ਸਫਰਨਾਮਿਆਂ ਤੋਂ ਮਿਲਦਾ ਹੈ। ਚੌਦਵੀਂ ਸਦੀ ਦੇ ਪਹਿਲੇ ਅੱਧ ਦੌਰਾਨ ਦੱਖਣੀ ਭਾਰਤ ਦੇ ਮੰਜਾਸੂਰ (ਮੈਂਗਲੋਰ) ਵਿਚ ਰਾਮਦੇਵ ਦਾ ਰਾਜ ਸੀ। ਉਸ ਦੇ ਰਾਜ ਵਿਚ ਇਕ ਮੁਸਲਮਾਨ ਬਸਤੀ ਵਿਚ 4000 ਦੇ ਕਰੀਬ ਮੁਸਲਮਾਨ ਰਹਿੰਦੇ ਸਨ। ਉਸ ਸਮੇਂ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹੁੰਦੀਆਂ ਝੜਪਾਂ ਦਾ ਜ਼ਿਕਰ ਮਿਲਦਾ ਹੈ। ਰਾਜੇ ਨੂੰ ਮੁਸਲਮਾਨ ਵਪਾਰੀਆਂ ਦੇ ਮਹੱਤਵ ਦਾ ਪਤਾ ਸੀ ਅਤੇ ਉਹ ਦੋਹਾਂ ਫਿਰਕਿਆਂ ਵਿਚ ਸ਼ਾਂਤੀ ਸਥਾਪਤੀ ਦੇ ਯਤਨ ਕਰਦਾ ਰਹਿੰਦਾ ਸੀ। ਇਹ ਕਲਪਨਾ ਕੀਤੀ ਜਾ ਸਕਦੀ ਹੈ ਕਿ ਜੇ ਰਾਜ ਸੱਤਾ ਇਨ੍ਹਾਂ ਨੂੰ ਭੜਕਾਉਣ ਦੇ ਯਤਨ ਕਰਦੀ ਤਾਂ ਇਹ ਫਿਰਕੂ ਹਿੰਸਾ ਵੱਡੇ ਦੰਗਿਆਂ ਦਾ ਰੂਪ ਧਾਰਨ ਕਰ ਸਕਦੀ ਸੀ।

1713 ਦਾ ਅਹਿਮਦਾਬਾਦ ਦੰਗਾ ਜਿਸ ਨੂੰ ਪਹਿਲਾ ਫਿਰਕੂ ਦੰਗਾ ਕਿਹਾ ਜਾ ਸਕਦਾ ਹੈ, ਵਿਚ ਵੀ ਰਾਜ ਦੀ ਕੋਈ ਭੂਮਿਕਾ ਨਜ਼ਰ ਨਹੀਂ ਆਉਂਦੀ। ਸ਼ਹਿਰ ਵਿਚ ਮੌਜੂਦ ਅਫਗਾਨ ਫੌਜੀਆਂ ਨੇ ਆਪਣੇ ਫਿਰਕੇ ਦੇ ਪੱਖ ਦੇ ਲੋਕਾਂ ਵਿਚ ਜ਼ਰੂਰ ਭਾਗ ਲਿਆ ਪਰ ਦੋਵਾਂ ਧਰਮਾਂ ਦੇ ਆਗੂਆਂ ਵਲੋਂ ਬਾਦਸ਼ਾਹ ਕੋਲ ਸੁਲ੍ਹਾ ਲਈ ਅਪੀਲ ਕਰਨਾ, ਇਹ ਦਰਸਾਉਂਦਾ ਹੈ ਕਿ ਲੋਕਾਂ ਅੰਦਰ ਰਾਜ ਸੱਤਾ 'ਤੇ ਸ਼ਾਂਤੀ ਸਥਾਪਤੀ ਲਈ ਵਿਸ਼ਵਾਸ ਸੀ।

ਆਪਣੀ ਕਿਤਾਬ 'ਤਾਰੀਖੇ-ਹਿੰਦ' ਵਿਚ ਰੁਸਤਮ ਅਲੀ 1729 ਵਿਚ ਦਿੱਲੀ ਵਿਚ ਹੋਏ ਸੰਘਰਸ਼ ਦਾ ਜ਼ਿਕਰ ਕਰਦਾ ਹੈ ਜਿਸ ਵਿਚ ਹਿੰਦੂ ਮੁਸਲਿਮ ਦੰਗਿਆਂ ਦੇ ਬੀਜ ਛੁਪੇ ਹੋਏ ਸਨ। ਉਸ ਅਨੁਸਾਰ ਈਦ ਵਾਲੇ ਪਵਿੱਤਰ ਮਹੀਨੇ ਵਿਚ ਸ਼ੁਭਕਰਨ ਨਾਮੀ ਹਿੰਦੂ ਨੌਜਵਾਨ ਵਲੋਂ ਇਕ ਮੁਸਲਮਾਨ ਨੌਜਵਾਨ ਨੂੰ ਮਾਰਨ ਦੀ ਘਟਨਾ ਵਾਪਰੀ। ਇਸ ਦਾ ਬਦਲਾ ਲੈਣ ਲਈ ਜਾਮਾ ਮਸਜਿਦ ਵਿਚ ਬਹੁਤ ਸ਼ੋਰ-ਸ਼ਰਾਬਾ ਹੋਇਆ। ਹਿੰਦੂਆਂ ਦਾ ਸਾਥ ਕੁਝ ਸ਼ਾਹੀ ਅਫਸਰਾਂ ਨੇ ਦਿੱਤਾ। ਸ਼ੁੱਕਰਵਾਰ ਲਗਭਗ ਤਿੰਨ ਵਜੇ ਕਾਫੀ ਦੰਗਾ-ਫਸਾਦ ਹੋਇਆ। ਮਸਜਿਦ ਖੇਤਰ ਅੰਦਰ 17 ਲੋਕ ਮਾਰੇ ਗਏ। ਬਾਦਸ਼ਾਹ ਦਾ ਖਿਦਮਤਗਾਰ ਸ਼ੇਰ ਅਫਗਾਨ ਖਾਨ ਵੀ ਜ਼ਖਮੀ ਹੋ ਗਿਆ ਅਤੇ ਉਹ ਰੋਸ਼ਨ ਵਟੋਲਾ ਦੀ ਮਦਦ ਨਾਲ ਬਚਿਆ। ਇਸ ਸਾਰੇ ਕੁਝ ਦੇ ਬਾਵਜੂਦ ਇਹ ਦੰਗਾ ਨਾ ਬਹੁਤ ਵੱਡੇ ਖੇਤਰ ਵਿਚ ਫੈਲਿਆ ਅਤੇ ਨਾ ਹੀ ਇਕ ਦਿਨ ਤੋਂ ਵੱਧ ਜਾਰੀ ਰਿਹਾ। ਰਿਆਸਤ ਦੀ ਇਸ ਵਿਚ ਸ਼ਮੂਲੀਅਤ ਦਾ ਕੋਈ ਜ਼ਿਕਰ ਨਹੀਂ ਮਿਲਦਾ।

ਇਸ ਦੇ ਮੁਕਾਬਲੇ ਅੰਗਰੇਜ਼ ਸ਼ਾਸਨ ਸਮੇਂ ਦੀਆਂ ਉਦਾਹਰਨਾਂ 'ਤੇ ਗੌਰ ਕਰਨ ਦੀ ਲੋੜ ਹੈ: 1858 ਤੋਂ ਬਾਅਦ ਅਯੁੱਧਿਆ ਦੇ ਬਾਬਰੀ-ਮਸਜਿਦ-ਰਾਮ ਜਨਮ ਭੂਮੀ ਵਿਵਾਦ ਸਮੇਂ ਰਿਆਸਤ/ਸਟੇਟ ਦਾ ਰੁਖ; 1931 ਦੇ ਕਾਨਪੁਰ ਦੰਗਿਆਂ ਵਿਚ ਪ੍ਰਸ਼ਾਸਨ ਦੀ ਭੂਮਿਕਾ ਅਤੇ 1946 ਵਿਚ ਕਲਕੱਤਾ ਵਿਚ ਡਾਇਰੈਕਟ ਐਕਸ਼ਨ ਵਾਲੇ ਦਿਨ ਹੋਏ ਫਿਰਕੂ ਦੰਗਿਆਂ ਨੂੰ ਰੋਕਣ ਤੋਂ ਅੰਗਰੇਜ਼ ਅਫਸਰਸ਼ਾਹੀ ਦਾ ਇਨਕਾਰ।

ਇਹ ਕੇਵਲ ਸੰਜੋਗ ਨਹੀਂ ਹੈ ਕਿ ਅਯੁੱਧਿਆ ਵਿਚ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਵਿਚ ਰਾਮ ਮੰਦਰ ਤੋੜ ਕੇ ਮਸਜਿਦ ਬਣਾਉਣ ਦਾ ਜ਼ਿਕਰ ਸਭ ਤੋਂ ਪਹਿਲਾਂ ਏ.ਆਰ. ਨੇਵਿਲ ਦੁਆਰਾ ਲਿਖੇ ਫੈਜ਼ਾਬਾਦ ਦੇ ਜ਼ਿਲ੍ਹਾ ਗਜ਼ਟ ਵਿਚ ਦੇਖਿਆ ਜਾਂਦਾ ਹੈ। ਮੰਦਿਰ ਤੋੜ ਕੇ ਮਸਜਿਦ ਬਣਾਉਣ ਵਾਲੇ ਮਤੇ ਵਿਚ ਸਰਗਰਮ 'ਆਇਨੇ-ਅਕਬਰੀ' ਦੇ ਲੇਖਕ ਅਬੁਲ ਫਜ਼ਲ ਅਤੇ ਆਪਣੇ ਸਮੇਂ ਦੇ ਸਭ ਤੋਂ ਵੱਡੇ ਰਾਮ ਭਗਤ ਤੇ ਰਾਮ ਕਥਾ ਦੇ ਲੇਖਕ ਗੋਸਵਾਮੀ ਤੁਲਸੀਦਾਸ ਇਸ ਘਟਨਾ ਦਾ ਕੋਈ ਜ਼ਿਕਰ ਨਹੀਂ ਕਰਦੇ। ਨੇਵਿਲ ਲਿਖਦਾ ਹੈ ਕਿ ਪੁਰਾਣੀ ਇਮਾਰਤ ਦੀ ਸਮੱਗਰੀ ਨਵੀਂ ਇਮਾਰਤ ਬਣਾਉਣ ਲਈ ਵਰਤੀ ਗਈ। ਇਹ ਉਨੀਵੀਂ ਸਦੀ ਵਿਚ ਹੀ ਹੋਇਆ ਕਿ ਮੰਦਰ ਤੋੜ ਕੇ ਮਸਜਿਦ ਬਣਾਉਣ ਦੀ ਕਹਾਣੀ ਪ੍ਰਚਲਤ ਕੀਤੀ ਗਈ ਅਤੇ ਸਰਕਾਰੀ ਦਸਤਾਵੇਜ਼ਾਂ ਵਿਚ ਦਰਜ ਕੀਤੀ ਗਈ। ਇਨ੍ਹਾਂ ਦਸਤਾਵੇਜ਼ਾਂ ਨੂੰ ਹੋਰਾਂ ਵਲੋਂ ਵੀ ਇਤਿਹਾਸਕ ਦਸਤਾਵੇਜ਼ਾਂ ਦੇ ਤੌਰ 'ਤੇ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਦੇ ਕਿਸੇ ਵੀ ਇਤਿਹਾਸਕ ਦਸਤਾਵੇਜ਼ ਵਿਚ ਮੰਦਰ ਤੋੜਨ ਦਾ ਕੋਈ ਜ਼ਿਕਰ ਨਹੀਂ ਪਰ ਬਾਬਰੀ ਮਸਜਿਦ ਦੇ ਆਲੇ-ਦੁਆਲੇ ਦੇ ਖੇਤਰ ਵਿਚ ਹਿੰਦੂਆਂ ਵਲੋਂ ਪੂਜਾ ਕਰਨ ਦਾ ਜ਼ਿਕਰ ਜ਼ਰੂਰ ਹੈ। 1608 ਤੋਂ 1611 ਵਿਚ ਅਯੁੱਧਿਆ ਆਉਣ ਵਾਲੇ ਯੂਰਪੀ ਯਾਤਰੂਆਂ (ਵਿਲੀਅਮ ਫਿੰਚ) ਅਨੁਸਾਰ ਬਾਬਰੀ ਮਸਜਿਦ ਦੇ ਆਲੇ-ਦੁਆਲੇ ਦੇ ਖੇਤਰ ਵਿਚ ਹਿੰਦੂਆਂ ਵਲੋਂ ਪੂਜਾ ਪਾਠ ਅਤੇ ਪਾਂਡਿਆਂ ਵਲੋਂ ਕਰਮਕਾਂਡ ਕਰਨ ਦੀ ਛੋਟ ਸੀ। ਇਸ ਵਿਵਸਥਾ ਦੌਰਾਨ ਕਦੇ ਕਿਸੇ ਆਪਸੀ ਝਗੜੇ ਦੀ ਕੋਈ ਲਿਖਤ ਇਤਿਹਾਸਕ ਦਸਤਾਵੇਜ਼ ਤੋਂ ਨਹੀਂ ਮਿਲਦੀ। ਸਭ ਤੋਂ ਪਹਿਲਾਂ 1835-55 ਵਿਚ ਮਸਜਿਦ ਮੰਦਰ ਵਿਵਾਦ ਨੂੰ ਲੈ ਕੇ ਹੋਏ ਝਗੜੇ ਦਾ ਵੇਰਵਾ ਮਿਲਦਾ ਹੈ।

ਇਹ ਵੀ ਸਪਸ਼ਟ ਹੈ ਕਿ ਮੌਲਵੀ ਆਮਿਰ ਅਲੀ ਵਲੋਂ ਜਹਾਦ ਦੇ ਐਲਾਨ ਤੋਂ ਬਾਅਦ ਉਸ ਨੂੰ ਕੰਟਰੋਲ ਕਰਨ ਦੀ ਜ਼ਿੰਮੇਵਾਰੀ (1816 ਦੀ ਸੰਧੀ ਅਨੁਸਾਰ) ਅੰਗਰੇਜ਼ਾਂ ਦੀ ਸੀ ਪਰ ਉਨ੍ਹਾਂ ਨੇ ਜਾਣਬੁਝ ਕੇ ਜ਼ਿੰਮੇਵਾਰੀ ਨਾ ਨਿਭਾਈ। ਨਵਾਬ ਵਾਜਿਦ ਅਲੀ ਸ਼ਾਹ ਨੇ ਆਪਣੀ ਫੌਜ ਭੇਜ ਕੇ ਆਮਿਰ ਅਲੀ ਨੂੰ ਮਾਰਿਆ ਅਤੇ ਦੋਵਾਂ ਪਾਸੇ ਸ਼ਾਂਤੀ ਸਥਾਪਤ ਹੋਈ। ਦੋਵਾਂ ਪਾਸੇ ਦੇ ਬਜ਼ੁਰਗਾਂ ਨੇ ਸਮਝੌਤਾ ਕੀਤਾ ਕਿ ਹਿੰਦੂ ਮਸਜਿਦ ਦੇ ਬਾਹਰ ਚਬੂਤਰੇ 'ਤੇ ਪੂਜਾ ਪਾਠ ਕਰ ਸਕਦੇ ਸਨ ਅਤੇ ਮੁਸਲਮਾਨ ਅੰਦਰ ਨਮਾਜ਼ ਪੜ੍ਹਦੇ ਸਨ। ਫਿਰ ਵਿਲੀਅਮ ਫਿੰਚ ਅਤੇ ਬੇਨੇਟ ਦੀਆਂ ਲਿਖਤਾਂ ਤੋਂ ਸਪਸ਼ਟ ਹੈ ਕਿ 1857 ਦੇ ਵਿਦਰੋਹ ਤੱਕ ਮੁਸਲਮਾਨ ਅਤੇ ਹਿੰਦੂ ਇਕੱਠੇ ਮਸਜਿਦ ਮੰਦਰ ਵਿਚ ਪੂਜਾ/ਇਬਾਦਤ ਕਰਦੇ ਸਨ।

ਇਸ ਤੱਥ ਦਾ ਜ਼ਿਕਰ ਵੀ ਜ਼ਰੂਰੀ ਹੈ ਕਿ ਅਯੁੱਧਿਆ ਦੇ ਧਾਰਮਿਕ ਸਰੂਪ ਦੇ ਵਿਕਾਸ ਵਿਚ ਅਵਧ ਦੇ ਨਵਾਬਾਂ ਦਾ ਵੀ ਵੱਡਾ ਯੋਗਦਾਨ ਰਿਹਾ ਹੈ। ਅਠਾਰਵੀਂ ਸਦੀ ਵਿਚ ਪਹਿਲੀ ਵਾਰ ਅਯੁੱਧਿਆ ਮਹੱਤਵਪੂਰਨ ਤੀਰਥ ਦੇ ਰੂਪ ਵਿਚ ਉਭਰ ਕੇ ਸਾਹਮਣੇ ਆਇਆ। ਸਫਦਰਜੰਗ ਦੇ ਦੀਵਾਨ ਰਾਜਾ ਨਵਲ ਰਾਏ ਨੇ ਬਹੁਤ ਸਾਰੇ ਮੰਦਰਾਂ ਦਾ ਉਦਘਾਟਨ ਕੀਤਾ ਅਤੇ ਨਵੇਂ ਮੰਦਰ ਬਣਵਾਏ। ਸਫਦਰਜੰਗ ਦੇ ਨਵਾਬ ਨੇ ਆਪ ਹਨੂਮਾਨ ਦੇ ਵਿਸ਼ਾਲ ਮੰਦਰ ਦੇ ਨਿਰਮਾਣ ਲਈ ਜ਼ਮੀਨ ਦਿੱਤੀ। ਇਸ ਜ਼ਮੀਨ ਉਪਰ ਬਣੀ ਹਨੂਮਾਨ ਗੜ੍ਹੀ ਦੇ ਨਿਰਮਾਣ ਵਿਚ ਨਵਾਬ ਆਸਿਫ ਦੌਲਾ ਦੇ ਦੀਵਾਨ ਟਿਕੈਤ ਰਾਏ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ। ਪੀਟਰ ਵਾਨ ਡੇਰ ਬੀਅਰ ਅਨੁਸਾਰ ਨਵਾਬ ਦੇ ਦਰਬਾਰੀ ਮੁਸਲਿਮ ਅਧਿਕਾਰੀ ਹਿੰਦੂ ਪਾਂਡਿਆਂ-ਪੁਜਾਰੀਆਂ ਨੂੰ ਧਾਰਮਿਕ ਕਾਰਜਾਂ ਲਈ ਭੇਟਾ ਦਿੰਦੇ ਰਹਿੰਦੇ ਸਨ।

ਪੀਟਰ ਵਾਨ ਡੇਰ ਬੀਅਰ ਮਾਈਕਲ ਫਿਸ਼ਰ ਅਤੇ ਜੇ.ਆਰ.ਆਈ. ਕਾਲ ਨੇ ਉਸ ਸਮੇਂ ਦੇ ਤੱਥਾਂ ਦਾ ਵਿਸ਼ਲੇਸ਼ਣ ਕਰਕੇ ਇਹ ਸਿੱਧ ਕੀਤਾ ਕਿ ਕਿਵੇਂ ਨਵਾਬ ਵਾਜਿਦ ਅਲੀ ਸ਼ਾਹ ਦੀ ਵਧ ਰਹੀ ਤਾਕਤ ਅਤੇ ਅੰਗਰੇਜ਼ਾਂ ਦੀ ਵਧਦੀ ਸ਼ਕਤੀ ਨੇ ਅਯੁੱਧਿਆ ਦੇ ਵਿਵਾਦ ਨੂੰ ਹਵਾ ਨਹੀਂ ਦਿੱਤੀ ਸਗੋਂ ਇਸ ਨੂੰ ਅਜਿਹੇ ਜ਼ਖਮ ਵਿਚ ਬਦਲ ਦਿੱਤਾ ਜੋ ਭਾਰਤ ਨੂੰ ਅੱਜ ਤੱਕ ਦੁੱਖ ਦੇ ਰਿਹਾ ਹੈ। ਅਯੁੱਧਿਆ ਦਾ ਵਿਵਾਦ ਅੰਗਰੇਜ਼ਾਂ ਦੀ 'ਫੁੱਟ ਪਾਓ ਅਤੇ ਰਾਜ ਕਰੋ' ਦੀ ਨੀਤੀ ਲਈ ਬਹੁਤ ਲਾਹੇਵੰਦ ਸੀ ਕਿਉਂਕਿ ਇਸ ਨਾਲ ਭਾਰਤੀ ਸਮਾਜ ਦੇ ਕੁਝ ਬੁਨਿਆਦੀ ਅੰਤਰ-ਵਿਰੋਧ ਛੁਪੇ ਹੋਏ ਸਨ। ਇਸ ਲਈ ਉਨ੍ਹਾਂ ਨੇ ਇਸ ਨੂੰ ਕੇਵਲ ਜਿੰਦਾ ਹੀ ਨਹੀਂ ਰੱਖਿਆ ਬਲਕਿ ਇਸ ਨੂੰ ਭੜਕਾਉਣ ਵਿਚ ਵੀ ਪੂਰੀ ਕੋਸ਼ਿਸ਼ ਕੀਤੀ।

***1931 ਵਿਚ ਕਾਨਪੁਰ ਵਿਚ ਹੋਏ ਦੰਗੇ ਵਿਚ ਜਾਨ ਮਾਲ ਦਾ ਬਹੁਤ ਭਾਰੀ ਨੁਕਸਾਨ ਹੋਇਆ। 290 ਲੋਕ ਮਾਰੇ ਗਏ (108 ਹਿੰਦੂ, 116 ਮੁਸਲਿਮ, 66 ਦੇ ਧਰਮ ਦਾ ਪਤਾ ਨਹੀਂ) ਅਤੇ 947 ਜ਼ਖਮੀ ਹੋਏ। 50 ਲਾਸ਼ਾਂ ਨਦੀਆਂ ਨਹਿਰਾਂ ਵਿਚ ਸੁੱਟ ਦਿੱਤੀਆਂ ਜਾਂ ਸਾੜ ਦਿੱਤੀਆਂ ਗਈਆਂ। ਗੈਰ ਸਰਕਾਰੀ ਅੰਕੜਿਆਂ ਅਨੁਸਾਰ 500 ਤੋਂ ਵੱਧ ਮੌਤਾਂ ਹੋਈਆਂ, 50 ਲੱਖ ਦੀ ਧਨ ਸੰਪਤੀ ਨਸ਼ਟ ਹੋਈ। ਦੰਗਿਆਂ ਨਾਲ ਸਬੰਧਤ 1700 ਮੁਕੱਦਮੇ ਦਰਜ ਹੋਏ ਜਿਨ੍ਹਾਂ ਵਿਚ 84 ਕਤਲ, 81 ਕਤਲ ਦੇ ਯਤਨ, 1203 ਡਕੈਤੀਆਂ, 74 ਰਾਹਜਨੀ ਅਤੇ 21 ਮੁਕੱਦਮੇ ਬਲਵੇ ਦੇ ਦਰਜ ਹੋਏ। 29 ਮੰਦਰਾਂ, 8 ਮਠੀਆਂ ਅਤੇ 26 ਮਸੀਤਾਂ ਨੂੰ ਨੁਕਸਾਨ ਪਹੁੰਚਿਆ। ਇਹ ਤਬਾਹੀ ਕੇਵਲ ਚਾਰ ਦਿਨਾਂ ਵਿਚ ਹੋਈ। ਇਨ੍ਹਾਂ ਦੰਗਿਆਂ ਵਿਚ ਗਣੇਸ਼ ਸ਼ੰਕਰ ਵਿਦਿਆਰਥੀ ਵਰਗੇ ਰਾਸ਼ਟਰਵਾਦੀ ਨੇਤਾ ਦਾ ਕਤਲ ਹੋਇਆ ਜੋ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਬਰਾਬਰ ਦੇ ਹਰਮਨ ਪਿਆਰੇ ਸਨ।***



*ਗਣੇਸ਼ ਸ਼ੰਕਰ ਵਿਦਿਆਰਥੀ*

1931 ਵਿਚ ਕਾਨਪੁਰ ਵਿਚ ਹੋਇਆ ਦੰਗਾ ਇਸ ਅਰਥ ਵਿਚ ਵੀ ਵਧੇਰੇ ਮਹੱਤਵਪੂਰਨ ਹੈ ਕਿ ਇਸ ਵਿਚ ਜਾਨ ਮਾਲ ਦਾ ਬਹੁਤ ਭਾਰੀ ਨੁਕਸਾਨ ਹੋਇਆ। ਅਧਿਕਾਰਕ ਅੰਕੜਿਆਂ ਅਨੁਸਾਰ ਇਨ੍ਹਾਂ ਦੰਗਿਆਂ ਵਿਚ 290 ਲੋਕ ਮਾਰੇ ਗਏ (108 ਹਿੰਦੂ, 116 ਮੁਸਲਿਮ, 66 ਦੇ ਧਰਮ ਦਾ ਪਤਾ ਨਹੀਂ) ਅਤੇ 947 (368 ਹਿੰਦੂ, 292 ਮੁਸਲਮਾਨ ਅਤੇ 305 ਦੇ ਧਰਮ ਦਾ ਪਤਾ ਨਹੀਂ) ਲੋਕ ਜ਼ਖਮੀ ਹੋਏ। ਇਸ ਤੋਂ ਇਲਾਵਾ 50 ਲਾਸ਼ਾਂ ਨਦੀਆਂ ਨਹਿਰਾਂ ਵਿਚ ਸੁੱਟ ਦਿੱਤੀਆਂ ਜਾਂ ਸਾੜ ਦਿੱਤੀਆਂ ਗਈਆਂ। ਗੈਰ ਸਰਕਾਰੀ ਅੰਕੜਿਆਂ ਅਨੁਸਾਰ 500 ਤੋਂ ਵੱਧ ਮੌਤਾਂ ਹੋਈਆਂ, 50 ਲੱਖ ਦੀ ਧਨ ਸੰਪਤੀ ਨਸ਼ਟ ਹੋਈ। ਦੰਗਿਆਂ ਨਾਲ ਸਬੰਧਤ 1700 ਮੁਕੱਦਮੇ ਦਰਜ ਹੋਏ ਜਿਨ੍ਹਾਂ ਵਿਚ 84 ਕਤਲ, 81 ਕਤਲ ਦੇ ਯਤਨ, 1203 ਡਕੈਤੀਆਂ, 74 ਰਾਹਜਨੀ ਅਤੇ 21 ਮੁਕੱਦਮੇ ਬਲਵੇ ਦੇ ਦਰਜ ਹੋਏ। 29 ਮੰਦਰਾਂ, 8 ਮਠੀਆਂ ਅਤੇ 26 ਮਸੀਤਾਂ ਨੂੰ ਨੁਕਸਾਨ ਪਹੁੰਚਿਆ।

ਇਹ ਤਬਾਹੀ ਕੇਵਲ ਚਾਰ ਦਿਨਾਂ ਵਿਚ ਹੋਈ। ਦੰਗੇ 24 ਮਾਰਚ ਦੁਪਹਿਰ ਵੇਲੇ ਸ਼ੁਰੂ ਹੋਏ। 25 ਮਾਰਚ ਨੂੰ ਤੇਜ਼ ਹੋਏ ਅਤੇ 26, 27, 28 ਮਾਰਚ ਤੱਕ ਪੂਰੇ ਜ਼ੋਰ ਨਾਲ ਚਾਲੂ ਰਹੇ। 29, 30 ਮਾਰਚ ਨੂੰ ਧੀਮੇ ਹੋ ਗਏ ਅਤੇ ਸਮਾਪਤ ਹੋ ਗਏ। ਇਨ੍ਹਾਂ ਦੰਗਿਆਂ ਵਿਚ ਗਣੇਸ਼ ਸ਼ੰਕਰ ਵਿਦਿਆਰਥੀ ਵਰਗੇ ਰਾਸ਼ਟਰਵਾਦੀ ਨੇਤਾ ਦਾ ਕਤਲ ਹੋਇਆ ਜੋ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਬਰਾਬਰ ਦੇ ਹਰਮਨ ਪਿਆਰੇ ਸਨ। ਇਨ੍ਹਾਂ ਦੰਗਿਆਂ ਦੀ ਜਾਂਚ ਲਈ ਦੋ ਕਮਿਸ਼ਨ ਬਣਾਏ; ਇਕ ਸਰਕਾਰ ਨੇ ਬਣਾਇਆ ਜਿਸ ਵਿਚ ਐਮ. ਕੀਨ (ਮੈਂਬਰ ਰੈਵਨਿਊ ਬੋਰਡ) ਚੇਅਰਮੈਨ, ਆਗਰਾ ਦੇ ਜ਼ਿਲ੍ਹਾ ਜੱਜ ਜੀ.ਓ. ਐਲਨ, ਰਾਏ ਬਹਾਦਰ, ਪੰਡਿਤ ਬਲਦੇਵ ਰਾਮ ਦਵੇ (ਇੰਪਰੂਵਮੈਂਟ ਟਰੱਸਟ ਦੇ ਪ੍ਰਧਾਨ) ਮੈਂਬਰ ਸਨ। ਇਸ ਤੋਂ ਇਲਾਵਾ ਕਾਂਗਰਸ ਪਾਰਟੀ ਨੇ ਪ੍ਰੀਸ਼ਦ ਮੈਂਬਰ ਡਾ. ਭਗਵਾਨਦਾਸ ਦੀ ਪ੍ਰਧਾਨਗੀ ਹੇਠ ਕਮਿਸ਼ਨ ਬਣਾਇਆ ਜਿਸ ਵਿਚ ਪੁਰਸ਼ੋਤਮ ਦਾਸ ਟੰਡਨ, ਖਵਾਜਾ ਅਬਦਲ ਮਜੀਦ, ਟੀ.ਏ.ਕੇ. ਸ਼ੇਰਵਾਨੀ, ਜਫਰੂਲ ਮੁਲਕ ਅਤੇ ਪੰਡਤ ਸੁੰਦਰ ਲਾਲ ਮੈਂਬਰ ਬਣਾਏ। ਖਵਾਜਾ ਅਬਦਲ ਮਜੀਦ ਅਤੇ ਟੀ.ਏ.ਕੇ. ਸ਼ੇਰਵਾਨੀ ਵਲੋਂ ਨਿੱਜੀ ਕਾਰਨਾਂ ਕਰਕੇ ਕਮਿਸ਼ਨ ਤੋਂ ਵੱਖ ਹੋਣ ਕਾਰਨ ਮੰਜ਼ਰ ਅਲੀ ਸੋਖਤਾ ਅਤੇ ਅਬਦੁਲ ਲਤੀਫ ਨਵੇਂ ਮੈਂਬਰ ਬਣਾਏ ਗਏ। ਸਰਕਾਰੀ ਅਧਿਕਾਰੀਆਂ ਵਲੋਂ ਕਾਂਗਰਸੀ ਕਮਿਸ਼ਨ ਅੱਗੇ ਬਿਆਨ ਦੇਣ ਤੋਂ ਇਨਕਾਰ ਕੀਤੇ ਜਾਣ ਕਾਰਨ ਕਾਂਗਰਸੀ ਕਾਰਕੁਨਾਂ ਨੇ ਸਰਕਾਰੀ ਕਮਿਸ਼ਨ ਦਾ ਬਾਈਕਾਟ ਕਰ ਦਿੱਤਾ। ਦੋਵਾਂ ਕਮਿਸ਼ਨਾਂ ਅੱਗੇ ਹੋਈਆਂ ਗਵਾਹੀਆਂ ਤੋਂ ਦੰਗਿਆਂ ਸਮੇਂ ਸਰਕਾਰੀ ਭੂਮਿਕਾ ਦਾ ਪਰਦਾਫਾਸ਼ ਹੁੰਦਾ ਹੈ।

ਅਲਾਹਾਬਾਦ ਡਿਵੀਜ਼ਨ ਦੇ ਕਮਿਸ਼ਨਰ ਮਹਾਰਾਜ ਪ੍ਰਸ਼ਾਦ, ਕਾਨਪੁਰ ਦੇ ਜ਼ਿਲ੍ਹਾ ਮੈਜਿਸਟਰੇਟ ਜੇ. ਆਫ ਸਾਲੇ ਅਤੇ ਪੁਲਿਸ ਕਮਿਸ਼ਨਰ ਈ.ਐਮ. ਰੋਜ਼ਰਸ ਨੇ ਸਰਕਾਰੀ ਜਾਂਚ ਕਮਿਸ਼ਨ ਅੱਗੇ ਬਿਆਨ ਦਿੰਦੇ ਹੋਏ ਇਕ ਅਵਾਜ਼ ਵਿਚ ਕਿਹਾ ਕਿ ਦੰਗਿਆਂ ਨੂੰ ਕਾਬੂ ਕਰਨ ਵਿਚ ਅਸਫਲ ਹੋਣ ਪਿੱਛੇ ਦੰਗਿਆਂ ਸਮੇਂ ਪੂਰੀ ਗਿਣਤੀ ਵਿਚ ਪੁਲਿਸ ਬਲ ਨਾ ਹੋਣਾ ਸੀ। ਬਾਅਦ ਵਿਚ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਪੇਸ਼ ਕਰਨ ਵੇਲੇ ਵੀ ਇਸ ਤੱਥ ਨੂੰ ਸਵੀਕਾਰ ਕੀਤਾ ਪਰ ਇਸ ਕਮਿਸ਼ਨ ਅੱਗੇ ਹੋਈਆਂ ਹੋਰ ਗਵਾਹੀਆਂ ਹੋਰ ਹੀ ਕਹਾਣੀ ਪੇਸ਼ ਕਰਦੀਆਂ ਹਨ।

ਸਰਕਾਰੀ ਜਾਂਚ ਕਮਿਸ਼ਨ ਅੱਗੇ ਪੇਸ਼ ਹੋਏ ਬਹੁਤੇ ਗਵਾਹ ਸਰਕਾਰੀ ਖੈਰ-ਖਵਾਹ ਸਨ। ਉਨ੍ਹਾਂ ਦੀਆਂ ਗਵਾਹੀਆਂ ਸਮੇਂ ਇਹ ਗੱਲ ਸਪਸ਼ਟ ਹੋ ਗਈ ਕਿ ਦੰਗਿਆਂ ਸਮੇਂ ਪੁਲਿਸ ਚੁੱਪ-ਚਾਪ ਖੜ੍ਹੀ ਤਮਾਸ਼ਾ ਦੇਖਦੀ ਰਹੀ ਅਤੇ ਲੋਕ ਵੱਢ-ਟੁੱਕ ਕਰਦੇ ਰਹੇ।

### ਵੱਡੀ ਵੰਗਾਰ

***ਪੁਲਿਸ ਅਫਸਰ ਵਜੋਂ ਮੈਂ ਮਹਿਸੂਸ ਕੀਤਾ ਹੈ ਕਿ ਭਾਰਤੀ ਪੁਲਿਸ ਪਹਿਲਾਂ ਹੀ ਮਨ ਬਣਾ ਕੇ ਘੱਟ-ਗਿਣਤੀ ਵਿਰੋਧੀ ਮਾਨਸਿਕਤਾ ਦੀ ਸ਼ਿਕਾਰ ਹੁੰਦੀ ਹੈ। ਉਨ੍ਹਾਂ ਦੀ ਯੋਗ ਸਿਖਲਾਈ ਅਤੇ ਘੱਟ-ਗਿਣਤੀਆਂ ਦੀ ਪੁਲਿਸ ਬਲਾਂ ਅੰਦਰ ਭਰਤੀ ਦਾ ਅਨੁਪਾਤ ਮੁੱਖ ਤੌਰ 'ਤੇ ਦੋਸ਼ੀ ਹੈ। ਤੁਹਾਡੇ ਕੋਲ ਵਧੇਰੇ ਪੁਲਿਸ ਬਲ, ਵੱਡੀ ਗਿਣਤੀ ਹਥਿਆਰ, ਵਧੇਰੇ ਗੱਡੀਆਂ, ਬਹੁਤ ਵਧੀਆ ਸੂਚਨਾ ਤੰਤਰ ਕੋਈ ਮਾਇਨੇ ਨਹੀਂ ਰੱਖਦਾ, ਜੇ ਉਨ੍ਹਾਂ ਦੀ ਸੋਚ ਪਹਿਲਾਂ ਹੀ ਵਿਸ਼ੇਸ਼ ਵਿਚਾਰ ਨਾਲ ਲੈਸ ਹੈ।***
***-ਵਿਭੂਤੀ ਨਰਾਇਣ ਰਾਏ***

ਵੱਖ-ਵੱਖ ਵਰਗਾਂ ਦੀਆਂ ਗਵਾਹੀਆਂ ਨੂੰ ਦੇਖਣ ਦੀ ਜ਼ਰੂਰਤ ਹੈ।

### ਕੈਪਟਨ ਮੈਕਾਰਥੀ ਫਿਲਗੇਟ ਦੇ ਬਿਆਨ ਦੇ ਕੁਝ ਅੰਸ਼

ਚੇਅਰਮੈਨ - ਕੀ ਭੀੜ ਹਥਿਆਰਬੰਦ ਸੀ?

ਮੈਕਾਰਥੀ - ਮੈਂ ਕਹਿ ਨਹੀਂ ਸਕਦਾ ਕਿ ਇਸ ਤਰ੍ਹਾਂ ਸੀ। ਕੈਪਟਨ ਡੇਕੀ ਇੰਪਿਮ, ਮੰਦਿਰ ਤੱਕ ਗਿਆ, ਉਥੇ ਉਸ ਨੇ ਪਿੱਕਟ ਨਿਯੁਕਤ ਕਰ ਦਿੱਤਾ। ਉਸ ਸਮੇਂ ਮਸੀਤ ਨੂੰ ਲੱਗੀ ਅੱਗ ਬੁਝਾਉਣ ਲਈ ਫਾਇਰ ਬ੍ਰਿਗੇਡ ਆਇਆ। ਭੀੜ ਨੇ ਉਸ ਦੇ ਹੌਜ ਪਾਈਪ ਖਿੱਚਣੇ ਸ਼ੁਰੂ ਕੀਤੇ। ਉਸ ਸਮੇਂ 8 ਘੁੜਸਵਾਰ ਪੁਲਿਸ ਵਾਲੇ ਘੋੜਿਆਂ ਨੂੰ ਅੱਗੇ ਪਿੱਛੇ ਕਰ ਰਹੇ ਸਨ ਪਰ ਕੋਈ ਦਖਲਅੰਦਾਜ਼ੀ ਕਰਕੇ ਭੀੜ ਨੂੰ ਖਿੰਡਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ। ਜਦੋਂ ਅਸੀਂ ਖੁਦ ਦਖਲਅੰਦਾਜ਼ੀ ਕੀਤੀ ਤਾਂ ਭੀੜ ਬਿਨਾਂ ਕਿਸੇ ਵਿਰੋਧ ਜ਼ਾਹਰ ਕਰਨ ਦੇ ਦੌੜ ਗਈ।

ਚੇਅਰਮੈਨ - ਜਦੋਂ ਹੌਜ ਪਾਈਪ ਖਿੱਚੇ ਜਾ ਰਹੇ ਸੀ ਤਾਂ ਘੁੜਸਵਾਰ ਪੁਲਿਸ ਕਿਥੇ ਸੀ?

ਕੈਪਟਨ - ਪੁਲਿਸ ਵਾਲੇ ਮੁਸ਼ਕਿਲ ਨਾਲ ਦੋ-ਤਿੰਨ ਗਜ਼ ਦੂਰੀ 'ਤੇ ਸਨ ਪਰ ਉਨ੍ਹਾਂ ਕੁਝ ਨਹੀਂ ਕੀਤਾ।

### ਵਿਕਰਮਜੀਤ ਸਿੰਘ ਦੇ ਬਿਆਨ

24 ਮਾਰਚ ਤਿੰਨ ਵਜੇ ਮੇਸਟਨ ਰੋਡ ਦਾ ਮੰਦਰ ਤੋੜਿਆ ਗਿਆ ਅਤੇ ਉਸ ਨੂੰ ਅੱਗ ਲਗਾ ਦਿੱਤੀ। ਸ੍ਰੀ ਇਸਲਾਮ ਨਬੀ ਕੋਤਵਾਲ ਉਥੇ ਮੌਜੂਦ ਸੀ। ਉਸ ਨੇ ਉਨ੍ਹਾਂ ਨੂੰ ਰੋਕਣ ਦਾ ਕੋਈ ਯਤਨ ਨਾ ਕੀਤਾ। ਕੀ ਮੈਂ ਇਹ ਪੁੱਛ ਸਕਦਾ ਹਾਂ ਕਿ ਪੁਲਿਸ ਦੇ ਸਹਿਯੋਗ ਅਤੇ ਅਧਿਕਾਰੀਆਂ ਦੇ ਨੀਰਸ ਵਤੀਰੇ ਤੋਂ ਬਿਨਾਂ ਲੁਟੇਰੇ ਸ਼ਾਂਤੀ ਨਾਲ ਰਹਿ ਰਹੇ ਲੋਕਾਂ ਦੇ ਘਰਾਂ ਨੂੰ ਲੁੱਟਦੇ ਅਤੇ ਅੱਗ ਦੇ ਹਵਾਲੇ ਕਰਦੇ। ਲਾਜ਼ਮੀ ਤੌਰ 'ਤੇ ਪੁਲਿਸ ਦਾ ਇਹ ਹੁਕਮ ਸੀ ਕਿ ਕੋਈ ਕਾਰਵਾਈ ਨਹੀਂ ਕਰਨੀ। ਖੁਦ ਮਿਸਟਰ ਸਾਲੇ ਨੇ ਮੈਨੂੰ 25 ਅਪਰੈਲ ਰਾਤ ਨੂੰ ਦੱਸਿਆ ਕਿ ਹੁਣ ਤੱਕ ਤਾਂ ਅਸੀਂ ਬਚਾਓ ਕਰ ਰਹੇ ਸੀ ਹੁਣ ਕਾਰਵਾਈ ਕਰਾਂਗੇ।

### ਖਾਨ ਬਹਾਦਰ ਮੁਹੰਮਦ ਬਸ਼ੀਰ-ਉਦੀਨ ਅਹਿਮਦ (ਐਮ.ਸੀ.) ਦੇ ਬਿਆਨ ਦੇ ਅੰਸ਼

24, 25 ਅਤੇ 26 ਨੂੰ ਪੁਲਿਸ ਵਿਵਸਥਾ ਤਸੱਲੀਬਖਸ਼ ਨਹੀਂ ਸੀ। ਜੇ ਪੁਲਿਸ ਨੇ 24 ਨੂੰ ਹੀ ਸਖਤੀ ਦਿਖਾਈ ਹੁੰਦੀ ਤਾਂ ਸਾਰੇ ਕਤਲੇਆਮ ਨੂੰ ਰੋਕਿਆ ਜਾ ਸਕਦਾ ਸੀ। ਚੌਹੱਦੀ ਦੇ ਬਾਹਰ 24 ਦੀ ਰਾਤ ਤੋਂ 27 ਦੀ ਸਵੇਰ ਤੱਕ ਸਰਕਾਰ ਦੀ

*(ਬਾਕੀ ਅਗਲੇ ਸਫੇ 'ਤੇ)*

# ਜ਼ਹਿਰੀਲਾ ਪ੍ਰਚਾਰ ਅਤੇ ਸੋਸ਼ਲ ਮੀਡੀਆ

ਲਵ ਪੁਰੀ

ਅਰਬਪਤੀ ਐਲਨ ਮਸਕ ਵੱਲੋਂ ਟਵਿੱਟਰ ਖਰੀਦਣ ਦੇ ਫੈਸਲੇ ਨੇ ਬੋਲਣ ਦੀ ਆਜ਼ਾਦੀ ਦੇ ਸਤਿਕਾਰ ਅਤੇ ਸੋਸ਼ਲ ਮੀਡੀਆ ਮੰਚਾਂ ਰਾਹੀਂ ਫੈਲਾਈ ਜਾਣ ਵਾਲੀ ਨਫਰਤ ਨੂੰ ਨੱਥ ਪਾਉਣ ਦੇ ਮੁੱਦੇ 'ਤੇ ਬਹਿਸ ਮੁੜ ਭਖਾ ਦਿੱਤੀ ਹੈ। ਇਸ ਮੁੱਦੇ ਦੇ ਖਾਸਕਰ ਤੀਜੀ ਦੁਨੀਆ ਦੇ ਸਮਾਜ 'ਤੇ ਭਾਰੀ ਅਸਰ ਪੈ ਸਕਦੇ ਹਨ, ਜਿੱਥੇ ਨਫਰਤੀ ਤਕਰੀਰਾਂ ਰਾਹੀਂ ਬੜੀ ਆਸਾਨੀ ਨਾਲ ਗੜਬੜ ਫੈਲਾਈ ਜਾ ਸਕਦੀ ਹੈ, ਇਥੋਂ ਤੱਕ ਕਿ ਹਾਕਮ ਜਮਾਤਾਂ ਵੀ ਨਫਰਤੀ ਭਾਸ਼ਣ ਨੂੰ ਨੱਥ ਪਾਉਣ ਲਈ ਬਣਾਏ ਗਏ ਕਾਨੂੰਨਾਂ ਦੀ ਦੁਰਵਰਤੋਂ ਕਰਨ ਵੱਲ ਰੁਚਿਤ ਹੋ ਸਕਦੀਆਂ ਹਨ।

ਮਸਕ ਨੇ ਟਵਿੱਟਰ ਖਰੀਦਣ ਲਈ ਹੋਏ ਸੌਦੇ ਦਾ ਐਲਾਨ ਕਰਨ ਤੋਂ ਬਾਅਦ ਕਿਹਾ: "ਬੋਲਣ ਦੀ ਆਜ਼ਾਦੀ ਕੰਮ-ਕਾਜੀ ਜਮਹੂਰੀਅਤ ਦੀ ਬੁਨਿਆਦ ਹੈ ਅਤੇ ਟਵਿੱਟਰ ਅਜਿਹਾ ਡਿਜੀਟਲ ਮੰਚ ਹੈ, ਜਿੱਥੇ ਮਨੁੱਖਤਾ ਦੇ ਭਵਿੱਖ ਲਈ ਅਹਿਮ ਮਾਮਲਿਆਂ 'ਤੇ ਬਹਿਸ ਤੇ ਚਰਚਾ ਹੁੰਦੀ ਹੈ।" ਉਨ੍ਹਾਂ 27 ਅਪਰੈਲ ਨੂੰ ਹੋਰ ਕਿਹਾ: "ਮੇਰਾ 'ਬੋਲਣ ਦੀ ਆਜ਼ਾਦੀ' ਤੋਂ ਸਿੱਧਾ ਮਤਲਬ ਹੈ, ਜੋ ਕਾਨੂੰਨ ਨਾਲ ਮੇਲ ਖਾਂਦਾ ਹੋਵੇ। ਮੈਂ ਅਜਿਹੀ ਸੈਂਸਰਸ਼ਿਪ ਦੇ ਖਿਲਾਫ ਹਾਂ ਜਿਹੜੀ ਕਾਨੂੰਨੀ ਘੇਰੇ ਤੋਂ ਬਾਹਰ ਜਾਂਦੀ ਹੋਵੇ। ਜੇ ਲੋਕ ਬੋਲਣ ਦੀ ਘੱਟ ਆਜ਼ਾਦੀ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਉਹ ਇਸ ਮਕਸਦ ਲਈ ਕਾਨੂੰਨ ਪਾਸ ਕਰੇ। ਇਸ ਲਈ, ਕਾਨੂੰਨਾਂ ਦੀ ਹੱਦ ਤੋਂ ਪਾਰ ਜਾਣ ਦਾ ਅਰਥ ਹੈ ਲੋਕਾਂ ਦੀ ਇੱਛਾ ਦੇ ਉਲਟ ਜਾਣਾ।" ਇਸ ਸਬੰਧ ਵਿਚ ਇਨ੍ਹਾਂ ਦੋਵਾਂ ਬਿਆਨਾਂ ਦੀ ਹਕੀਕਤਾਂ ਦੇ ਹਵਾਲੇ ਨਾਲ ਹੋਰ ਘੋਖ ਹੋਣੀ ਚਾਹੀਦੀ ਹੈ, ਖਾਸਕਰ ਤੀਜੀ ਦੁਨੀਆ ਦੇ ਸਬੰਧ ਵਿਚ।

ਮਸਕ ਵੱਲੋਂ ਟਵਿੱਟਰ ਖਰੀਦਣ ਦਾ ਇੱਕ ਖਦਸ਼ਾ ਇਹ ਹੈ ਕਿ ਉਹ ਅਮਰੀਕਾ ਦੇ ਸਾਬਕਾ ਸਦਰ ਡੋਨਲਡ ਟਰੰਪ 'ਤੇ ਟਵਿੱਟਰ ਦੀ ਪਾਬੰਦੀ ਹਟਾ ਸਕਦੇ ਹਨ। ਉਨ੍ਹਾਂ 'ਤੇ ਇਹ ਪਾਬੰਦੀ ਬੀਤੀ 6 ਜਨਵਰੀ ਨੂੰ ਵਾਸ਼ਿੰਗਟਨ ਡੀ.ਸੀ. ਵਿਚ ਕੈਪੀਟਲ ਹਿੱਲ 'ਤੇ ਹੋਏ ਹਮਲੇ ਬਾਅਦ ਲਾਈ ਸੀ। ਅਮਰੀਕੀ ਸਦਰ ਜੋਅ ਬਾਇਡਨ ਨੇ ਇਸ ਹਮਲੇ ਨੂੰ 'ਬਗਾਵਤ' ਆਖਿਆ ਸੀ। ਟਵਿੱਟਰ ਅਤੇ ਫੇਸਬੁੱਕ ਨੇ ਟਰੰਪ ਦੇ ਖਾਤੇ ਮੁਅੱਤਲ ਕਰ ਦਿੱਤੇ ਸਨ, ਕਿਉਂਕਿ ਉਹ ਨਫਰਤੀ ਤਕਰੀਰਾਂ ਅਤੇ ਫਰਜ਼ੀ ਖਬਰਾਂ ਨੂੰ ਹੁਲਾਰਾ ਦੇਣ ਦਾ ਵੱਡਾ ਜ਼ਰੀਆ ਹੋਣ ਦੇ ਨਾਲ ਹੀ ਪਿਛਲੇ ਕਰੀਬ ਇੱਕ ਦਹਾਕੇ ਤੋਂ ਜਾਤੀ ਤੇ ਨਸਲੀ ਘੱਟਗਿਣਤੀਆਂ ਖਿਲਾਫ ਵੱਡੇ ਪੱਧਰ 'ਤੇ ਅਫਵਾਹਾਂ ਫੈਲਾਉਣ ਲਈ ਬਦਨਾਮ ਸੀ। ਬਹੁਤ ਸਾਰੇ ਵਿਸਲ-ਬਲੋਅਰਾਂ ਨੇ ਇਸ ਸਬੰਧੀ ਆਪਣੀਆਂ ਗਵਾਹੀਆਂ ਦਰਜ ਕਰਵਾਈਆਂ ਹਨ ਕਿ ਕਿਵੇਂ ਸੋਸ਼ਲ ਮੀਡੀਆ ਕੰਪਨੀਆਂ ਲਗਾਤਾਰ ਅਜਿਹੇ ਕਦਮ ਚੁੱਕ ਰਹੀਆਂ ਹਨ, ਜਿਹੜੇ ਸਮਾਜ ਲਈ ਮਾਰੂ ਸਾਬਤ ਹੋ ਰਹੇ ਹਨ। ਫੇਸਬੁੱਕ ਵਿਚ ਦੋ ਸਾਲ ਨੌਕਰੀ ਕਰਨ ਵਾਲੀ ਫਰਾਂਸਿਸ ਹਾਉਗੇਨ ਨੇ ਵੱਖੋ-ਵੱਖ ਮੰਚਾਂ 'ਤੇ ਤਫਸੀਲ ਨਾਲ ਵੇਰਵੇ ਦਿੰਦਿਆਂ ਦਾਅਵਾ ਕੀਤਾ ਕਿ ਕੰਪਨੀ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਫ ਹੈ ਕਿ ਉਸ ਦੇ ਮੰਚ ਨੂੰ ਕਿਸ ਤਰ੍ਹਾਂ ਗਲਤ ਜਾਣਕਾਰੀਆਂ, ਨਫਰਤ ਅਤੇ ਹਿੰਸਾ ਫੈਲਾਉਣ ਲਈ ਵਰਤਿਆ ਜਾ ਰਿਹਾ ਹੈ। ਦੱਸਿਆ ਜਾਂਦਾ ਹੈ ਕਿ ਉਸ ਨੇ ਇਸ ਸੋਸ਼ਲ ਮੀਡੀਆ ਕੰਪਨੀ ਭਾਵ ਫੇਸਬੁੱਕ 'ਤੇ ਇਲਜ਼ਾਮ ਲਾਇਆ ਹੈ ਕਿ ਉਹ ਆਨਲਾਈਨ ਨਫਰਤੀ ਭਾਸ਼ਣਾਂ ਨੂੰ ਨੱਥ ਪਾਉਣ ਲਈ ਆਪਣੇ ਵੱਲੋਂ ਕੀਤੀ ਗਈ ਪ੍ਰਗਤੀ ਸਬੰਧੀ ਝੂਠੇ ਦਾਅਵੇ ਕਰ ਰਹੀ ਹੈ।

ਜਿਵੇਂ ਵੱਡੇ ਪੱਧਰ 'ਤੇ ਰਿਪੋਰਟਾਂ ਆ ਚੁੱਕੀਆਂ ਹਨ, ਯੂਰਪੀ ਯੂਨੀਅਨ ਇਸ ਰੁਝਾਨ ਨੂੰ ਠੱਲ੍ਹ ਪਾਉਣ ਦੀ ਮੁਹਿੰਮ ਵਿਚ ਮੋਹਰੀ ਹੈ ਅਤੇ ਇਸ ਨੇ ਸੋਸ਼ਲ ਮੀਡੀਆ ਘੇਰੇ ਨੂੰ ਨੇਮਬੰਦ ਕਰਨ, ਜਿਸ ਵਿਚ ਖਾਸ ਤੌਰ 'ਤੇ ਘੱਟਗਿਣਤੀਆਂ ਸਮੇਤ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਦੀ ਮਨਸ਼ਾ ਵੀ ਸ਼ਾਮਲ ਹੈ ਅਤੇ ਨਾਲ ਹੀ ਸੋਸ਼ਲ ਮੀਡੀਆ ਕੰਪਨੀਆਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਕਈ ਤਰ੍ਹਾਂ ਦੇ ਕਾਨੂੰਨ ਬਣਾਉਣ ਵਾਸਤੇ ਹਾਮੀ ਭਰੀ ਹੈ। ਦੱਸਿਆ ਜਾਂਦਾ ਹੈ ਕਿ ਬੀਤੇ ਅਪਰੈਲ ਦੌਰਾਨ ਯੂਰਪੀ ਯੂਨੀਅਨ ਨੇ ਡਿਜੀਟਲ ਸਰਵਿਸਜ਼ ਐਕਟ ਨਾਮੀ ਕਾਨੂੰਨ ਬਣਾਉਣ ਲਈ ਹਾਮੀ ਭਰੀ ਹੈ ਜਿਸ ਦਾ ਮੰਤਵ 'ਸੋਸ਼ਲ ਮੀਡੀਆ ਵੱਲੋਂ ਕੀਤੇ ਜਾਣ ਵਾਲੇ ਨੁਕਸਾਨ ਨੂੰ ਰੋਕਣਾ ਹੈ ਅਤੇ ਇਸ ਲਈ ਕੰਪਨੀਆਂ ਵਾਸਤੇ ਇਹ ਲਾਜ਼ਮੀ ਬਣਾਇਆ ਜਾਵੇਗਾ ਕਿ ਉਹ ਆਪਣੇ ਮੰਚਾਂ 'ਤੇ ਗੈਰਕਾਨੂੰਨੀ ਸਮੱਗਰੀ ਖਿਲਾਫ ਬਹੁਤ ਸਖਤ ਰੁਖ ਅਪਣਾਉਣ ਜਾਂ ਫਿਰ ਅਰਬਾਂ ਡਾਲਰਾਂ ਦੇ ਜੁਰਮਾਨਿਆਂ ਦਾ ਸਾਹਮਣਾ ਕਰਨ।' ਇਸ ਕਾਨੂੰਨ ਤਹਿਤ 'ਟੈੱਕ ਕੰਪਨੀਆਂ ਨੂੰ ਮਜਬੂਰ ਕੀਤਾ ਜਾਵੇਗਾ ਕਿ ਉਹ ਆਪਣੇ ਮੰਚਾਂ ਤੋਂ ਪਰਿਭਾਸ਼ਿਤ ਨਫਰਤੀ ਭਾਸ਼ਣਾਂ, ਦਹਿਸ਼ਤੀ ਪ੍ਰਚਾਰ ਅਤੇ ਹਰ ਤਰ੍ਹਾਂ ਦੀ ਅਜਿਹੀ ਸਮੱਗਰੀ ਜਿਹੜੀ ਯੂਰਪੀ ਯੂਨੀਅਨ ਵਿਚਲੇ ਮੁਲਕਾਂ ਵਿਚ ਗੈਰਕਾਨੂੰਨੀ ਕਰਾਰ ਦਿੱਤੀ ਗਈ ਹੈ, ਨੂੰ ਹਟਾਉਣ ਲਈ ਨਵੀਆਂ ਨੀਤੀਆਂ ਅਤੇ ਅਮਲ ਬਣਾਉਣ।' ਗੌਰਤਲਬ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਨੂੰ ਨੇਮਬੰਦ ਕਰਨ ਲਈ ਹਾਲੇ ਤੱਕ ਬਹੁਤੀ ਬਹਿਸ ਅਰਬਪਤੀ ਅਤੇ ਵਿਕਸਤ ਮੁਲਕਾਂ ਮੁਤੱਲਕ ਹੋਈਆਂ ਬੇਵਕੂਫੀਆਂ ਦੇ ਹਵਾਲੇ ਨਾਲ ਹੀ ਹੋਈ ਹੈ, ਜਦੋਂਕਿ ਦੂਜੇ ਪਾਸੇ ਤੀਜੀ ਦੁਨੀਆ ਦੇ ਮੁਲਕ ਤਾਂ ਮਹਿਜ਼ ਉਸ ਲੀਹ 'ਤੇ ਹੀ ਅਗਾਂਹ ਵਧਣ ਦੀ ਕੋਸ਼ਿਸ਼ ਕਰ ਰਹੇ ਹਨ।

ਫੇਸਬੁੱਕ ਵਰਗੇ ਸੋਸ਼ਲ ਮੀਡੀਆ ਪਲੈਟਫਾਰਮਾਂ ਨੂੰ ਕਮਜ਼ੋਰ ਘੱਟਗਿਣਤੀਆਂ ਖਿਲਾਫ ਭਾਵਨਾਵਾਂ ਭੜਕਾ ਕੇ ਉਨ੍ਹਾਂ ਦੇ ਵੱਡੇ ਪੱਧਰ 'ਤੇ ਕਤਲੇਆਮ ਕਰਨ ਲਈ ਇਸਤੇਮਾਲ ਕੀਤੇ ਜਾਣ ਦੇ ਪਹਿਲਾਂ ਹੀ ਠੋਸ ਦਸਤਾਵੇਜ਼ੀ ਸਬੂਤ ਮੌਜੂਦ ਹਨ। ਮਿਆਂਮਾਰ ਵਿਚ ਅਰਾਕਾਨ ਰੋਹਿੰਗੀਆ ਸੈਲਵੇਸ਼ਨ ਆਰਮੀ ਵੱਲੋਂ 2017 ਵਿਚ 30 ਤੋਂ ਵੱਧ ਪੁਲਿਸ ਚੌਕੀਆਂ 'ਤੇ ਕੀਤੇ ਹਮਲੇ ਖਿਲਾਫ ਮਿਆਂਮਾਰ ਦੀ ਫੌਜ ਵੱਲੋਂ ਕੀਤੀ ਬੇਹਿਸਾਬ ਭਿਆਨਕ ਪ੍ਰਤੀਕਿਰਿਆ ਤਾਪਮਾਤਾਅ (ਮਿਆਂਮਾਰ ਦੀ ਫੌਜ ਦੇ ਤਿੰਨੇ ਵਿੰਗਾਂ ਦਾ ਸਾਂਝਾ ਅਧਿਕਾਰਤ ਨਾਂ) ਵੱਲੋਂ ਰੋਹਿੰਗੀਆ ਭਾਈਚਾਰੇ ਵਿਰੁੱਧ ਵੱਡੇ ਪੱਧਰ 'ਤੇ ਕੂੜ-ਪ੍ਰਚਾਰ ਵਿੱਢਣ ਲਈ ਫੇਸਬੁੱਕ ਦੀ ਦੁਰਵਰਤੋਂ ਦੀ ਉਘੜਵੀਂ ਮਿਸਾਲ ਹੈ। ਫਰਾਂਸੀਸੀ ਐਨ.ਜੀ.ਓ. ਮੇਡਸੇਂ ਸਾਂ ਫਰੰਟੀਅਰਜ਼ (ਡਾਕਟਰਜ਼ ਵਿਦਾਊਟ ਬਾਰਡਰਜ਼) ਵੱਲੋਂ ਨਸ਼ਰ ਵੇਰਵਿਆਂ ਮੁਤਾਬਕ ਇਸ ਦੌਰਾਨ ਹੋਈ ਰੋਹਿੰਗੀਆ ਵਿਰੋਧੀ ਹਿੰਸਾ ਵਿਚ 6700 ਜਾਨਾਂ ਗਈਆਂ ਤੇ ਮਰਨ ਵਾਲਿਆਂ ਵਿਚ ਪੰਜ ਸਾਲ ਤੋਂ ਛੋਟੇ 730 ਬੱਚੇ ਵੀ ਸ਼ਾਮਲ ਸਨ। ਰੋਹਿੰਗੀਆਂ ਖਿਲਾਫ ਮਿਆਂਮਾਰ ਭਰ ਵਿਚ ਭੜਕੇ ਜਨੂਨ ਦੇ ਸਿੱਟੇ ਵਜੋਂ ਮੁਲਕ ਦੀ ਫੌਜ ਵੱਲੋਂ ਭਾਰੀ ਤਬਾਹੀ ਮਚਾਉਂਦਿਆਂ ਰੋਹਿੰਗੀਆ ਆਬਾਦੀ ਵਾਲੇ ਪਿੰਡਾਂ ਵਿਚ ਸਿੱਧੇ ਤੌਰ 'ਤੇ ਹਮਲੇ ਸ਼ੁਰੂ ਕਰ ਦਿੱਤੇ ਜਾਣ ਕਾਰਨ ਰਖਾਈਨ ਸੂਬੇ ਵਿਚੋਂ 7 ਲੱਖ ਤੋਂ ਵੱਧ ਰੋਹਿੰਗੀਆਂ ਨੂੰ ਘਰੋਂ-ਬੇਘਰ ਹੁੰਦਿਆਂ ਗੁਆਂਢੀ ਬੰਗਲਾਦੇਸ਼ ਵਿਚ ਪਨਾਹ ਲੈਣ ਲਈ ਮਜਬੂਰ ਹੋਣਾ ਪਿਆ। ਇਸ ਸਬੰਧੀ ਜਨੇਵਾ ਆਧਾਰਿਤ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ ਵੱਲੋਂ ਕਾਇਮ ਤੱਥ-ਖੋਜੀ ਮਿਸ਼ਨ ਨੇ 2018 ਵਿਚ ਪਾਇਆ ਕਿ ਮਿਆਂਮਾਰ ਵਿਚ 'ਨਫਰਤ ਫੈਲਾਉਣ ਦੇ ਚਾਹਵਾਨਾਂ ਲਈ ਫੇਸਬੁੱਕ ਬਹੁਤ ਲਾਹੇਵੰਦ ਸੰਦ ਸੀ, ਖਾਸਕਰ ਉਸ ਸੰਦਰਭ ਵਿਚ ਜਿੱਥੇ ਬਹੁਤੇ ਵਰਤੋਂਕਾਰਾਂ ਲਈ ਫੇਸਬੁੱਕ ਹੀ ਇੰਟਰਨੈੱਟ ਹੈ।' ਪੰਦਰਾਂ ਮਹੀਨਿਆਂ ਦੀ ਘੋਖ-ਪੜਤਾਲ ਤੋਂ ਬਾਅਦ ਤਿਆਰ ਕੀਤੀ ਗਈ 440 ਸਫਿਆਂ ਦੀ ਰਿਪੋਰਟ ਵਿਚ ਇਸ ਗੱਲ ਦੀਆਂ ਤਫਸੀਲੀ ਮਿਸਾਲਾਂ ਦਿੱਤੀਆਂ ਗਈਆਂ ਹਨ ਕਿ ਕਿਵੇਂ ਰੋਹਿੰਗੀਆ ਭਾਈਚਾਰੇ ਨੂੰ ਮੁਲਕ ਤੇ ਸਮਾਜ ਲਈ ਬਹੁਤ ਖਤਰਨਾਕ ਬਣਾ ਕੇ ਪੇਸ਼ ਕੀਤਾ ਗਿਆ ਅਤੇ ਅਜਿਹੇ ਕਈ ਮਾਮਲੇ ਦਰਜ ਕੀਤੇ ਗਏ 'ਜਿੱਥੇ ਆਮ ਵਿਅਕਤੀ ਇਨਸਾਨੀ ਹੱਕਾਂ ਦੇ ਰਖਵਾਲੇ ਜਾਂ ਪੱਤਰਕਾਰ ਆਦਿ ਉਸ ਆਨਲਾਈਨ ਨਫਰਤੀ ਮੁਹਿੰਮ ਦਾ ਨਿਸ਼ਾਨਾ ਬਣੇ, ਜਿਹੜੀ ਹਿੰਸਾ ਭੜਕਾਉਂਦੀ ਹੈ ਜਾਂ ਇਸ ਲਈ ਡਰਾਉਂਦੀ ਹੈ।'

ਵਸੀਲਿਆਂ ਦੀ ਕਮੀ ਕਾਰਨ ਤੀਜੀ ਦੁਨੀਆ 'ਤੇ ਸੋਸ਼ਲ ਮੀਡੀਆ ਦੀ ਸਮੱਗਰੀ ਦੇ ਅਸਰ ਬਾਰੇ ਬਹੁਤ ਸੀਮਤ ਡੂੰਘੀ ਖੋਜ ਉਪਲੱਬਧ ਹੈ। ਸੋਸ਼ਲ ਮੀਡੀਆ ਸਾਫਟਵੇਅਰ ਵੱਲੋਂ ਜ਼ਿਆਦਾ ਮਾਲੀ ਲਾਹੇਵੰਦੀਆਂ ਲਈ ਅਪਣਾਏ ਜਾ ਰਹੇ ਢੰਗ-ਤਰੀਕੇ ਸਮਾਜ ਦੇ ਕਮਜ਼ੋਰ ਤਬਕਿਆਂ ਖਾਸਕਰ ਘੱਟਗਿਣਤੀਆਂ ਖਿਲਾਫ ਹਿੰਸਾ ਨੂੰ ਹੁਲਾਰਾ ਦੇ ਰਹੇ ਹਨ ਅਤੇ ਨਾਲ ਹੀ ਪਿਛਾਂਹਖਿਚੂ ਸਮਾਜਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਇਸ ਦੇ ਸਿੱਟੇ ਵਜੋਂ ਪੈਦਾ ਹੋਣ ਵਾਲੀ ਗੜਬੜਜ਼ਦਾ ਸਥਿਤੀ ਕਾਰਨ ਮਾਲੀ ਤਰੱਕੀ ਵਿਚ ਅੜਿੱਕਾ ਪੈਦਾ ਹੁੰਦਾ ਹੈ। ਇਹ ਸਾਰਾ ਕੁਝ ਉਸ ਸੰਦਰਭ ਵਿਚ ਵਾਪਰ ਰਿਹਾ ਹੈ ਜਿੱਥੇ ਵੱਡੇ ਪੈਮਾਨੇ 'ਤੇ ਵਿੱਦਿਅਕ ਅਤੇ ਆਰਥਿਕ ਕਮੀਆਂ ਹਨ। ਇਸ ਦੇ ਨਾਲ ਹੀ ਡੂੰਘੀਆਂ ਜੜ੍ਹਾਂ ਜਮਾਈ ਬੈਠੀ ਨਸਲੀ, ਫਿਰਕੂ, ਆਰਥਿਕ ਅਤੇ ਸਮਾਜਕ ਵੰਡੀਆਂ ਵਾਲਾ ਜ਼ਹਿਰੀਲਾ ਚੌਗਿਰਦਾ ਮੌਜੂਦ ਹੈ ਜਿਸ ਨੂੰ ਆਸਾਨੀ ਨਾਲ ਗਲਤ ਮਨਸੂਬਿਆਂ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਸੂਰਤ ਵਿਚ ਵਧੀਆ ਡਿਜੀਟਲ ਫੋਰੈਂਸਿਕ ਢਾਂਚੇ ਦੀ ਅਣਹੋਂਦ ਅਤੇ ਦੂਜੇ ਪਾਸੇ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਦੇ ਸਮਝੌਤਾਵਾਦੀ ਰਵੱਈਏ ਕਾਰਨ, ਮਹਿਜ਼ ਕਾਨੂੰਨ ਪਾਸ ਕਰਨਾ ਹੀ ਕਾਫੀ ਨਹੀਂ ਹੋਵੇਗਾ।

ਬੀਤੇ ਦਹਾਕੇ ਦੌਰਾਨ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਵਾਲੇ ਲੋਕਾਂ ਦੀ ਗਿਣਤੀ ਵਿਚ ਆਲਮੀ ਪੱਧਰ 'ਤੇ ਭਾਰੀ ਵਾਧਾ ਦੇਖਣ ਨੂੰ ਮਿਲਿਆ ਹੈ। ਇਸ ਦੇ ਕਈ ਫਾਇਦੇ ਵੀ ਹੋਏ ਹਨ, ਜਿਵੇਂ ਇਸ ਸਦਕਾ ਸੂਚਨਾ ਦਾ ਤੇਜ਼ੀ ਨਾਲ ਜਮਹੂਰੀ ਪ੍ਰਵਾਹ ਸੰਭਵ ਹੋਇਆ ਹੈ। ਦੂਜੇ ਪਾਸੇ ਤੀਜੀ ਦੁਨੀਆ ਦੇ ਬਹੁ-ਧਾਰਮਿਕ ਅਤੇ ਬਹੁ-ਨਸਲੀ ਢਾਂਚਿਆਂ ਵਿਚ ਇਸ ਦਾ ਮਾੜਾ ਪ੍ਰਭਾਵ ਪਿਆ ਹੈ। ਇਹ ਤੱਥ ਸੋਸ਼ਲ ਮੀਡੀਆ ਕੰਪਨੀਆਂ ਲਈ ਵਧੇਰੇ ਅਲਗੋਰਿਦਮਿਕ ਪਾਰਦਰਸ਼ਤਾ ਯਕੀਨੀ ਬਣਾਉਣ ਅਤੇ ਨਾਲ ਹੀ ਨਫਰਤੀ ਭਾਸ਼ਣਾਂ ਅਤੇ ਗਲਤ ਸੂਚਨਾ ਫੈਲਾਉਣ ਦੇ ਢੰਗ-ਤਰੀਕਿਆਂ ਨੂੰ ਪਛਾਣਨ ਲਈ ਸਮਾਜਕ ਜਾਗਰੂਕਤਾ ਪੈਦਾ ਕਰਨ ਵਾਸਤੇ ਆਪਣੇ ਵਸੀਲਿਆਂ ਦਾ ਇਸਤੇਮਾਲ ਕੀਤੇ ਜਾਣ ਲਈ ਉਨ੍ਹਾਂ ਨੂੰ ਮਜਬੂਰ ਕਰਨ ਦੀ ਲੋੜ 'ਤੇ ਜ਼ੋਰ ਦਿੰਦਾ ਹੈ। ਇਸ ਦੇ ਮੱਦੇਨਜ਼ਰ ਕੰਪਨੀਆਂ ਲਈ ਵਧੇਰੇ ਜਾਣਕਾਰ, ਕਾਰਜਕੁਸ਼ਲ ਅਤੇ ਸੰਦਰਭ ਪ੍ਰਤੀ ਸੰਵੇਦਨਸ਼ੀਲ ਸਮੱਗਰੀ ਮਾਡਰੇਟਰ ਬਣਨ ਦੀ ਜ਼ਰੂਰਤ ਹੈ।

---

ਹੋਂਦ ਦਾ ਕੋਈ ਅਹਿਸਾਸ ਹੀ ਨਹੀਂ ਸੀ।

ਕਮਿਸ਼ਨ ਸਾਹਮਣੇ ਦਿੱਤੇ ਗਏ ਫੌਜੀ ਅਧਿਕਾਰੀਆਂ, ਐਗਲੋਂ-ਇੰਡੀਅਨਾਂ, ਹਿੰਦੂਆਂ, ਮੁਸਲਮਾਨਾਂ, ਵਪਾਰੀਆਂ ਅਤੇ ਮਿੱਲ ਮਾਲਕਾਂ ਦੇ ਬਿਆਨ ਤੋਂ ਇਹ ਗੱਲ ਸਾਫ ਹੁੰਦੀ ਹੈ ਕਿ ਦੰਗਿਆਂ ਦੇ ਸ਼ੁਰੂਆਤੀ ਦੌਰ ਸਮੇਂ, ਪੂਰੇ ਚਾਰ ਦਿਨ ਸਟੇਟ ਦੀ ਭੂਮਿਕਾ ਬਹੁਤ ਮਾੜੀ ਰਹੀ। ਨਾਗਰਿਕਾਂ ਅਤੇ ਫੌਜੀ ਅਧਿਕਾਰੀਆਂ ਵਿਚ ਚੱਲੇ ਵਿਵਾਦ ਤੋਂ ਬਾਅਦ 25, 26 ਮਾਰਚ ਨੂੰ ਜਦੋਂ ਦੰਗੇ ਪੂਰੇ ਸਿਖਰ 'ਤੇ ਸਨ, ਫੌਜ ਨੂੰ ਮਿਉਂਸਪਲ ਬੋਰਡ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਇਮਾਰਤਾਂ ਅੰਦਰ ਰੱਖਿਆ ਗਿਆ ਅਤੇ ਉਨ੍ਹਾਂ ਦੀ ਵਰਤੋਂ ਨਹੀਂ ਕੀਤੀ ਗਈ।

ਦੰਗੇ ਰੋਕਣ ਲਈ ਅਧਿਕਾਰੀਆਂ ਦੀ ਅਸਮਰੱਥਾ ਪਿੱਛੇ ਕੇਵਲ ਘੱਟ ਪੁਲਿਸ ਬਲ ਨਹੀਂ ਸੀ ਸਗੋਂ ਰਾਜ ਦੀ ਇੱਛਾ ਸ਼ਕਤੀ ਦੀ ਘਾਟ ਸੀ। ਇਸ ਦਾ ਪਤਾ ਸਾਨੂੰ ਜ਼ਿਲ੍ਹਾ ਮੈਜਿਸਟਰੇਟ, ਪੁਲਿਸ ਅਧਿਕਾਰੀਆਂ ਦੇ ਕਮਿਸ਼ਨ ਅੱਗੇ ਦਿੱਤੇ ਬਿਆਨਾਂ ਤੋਂ ਸਾਫ ਹੋ ਜਾਂਦਾ ਹੈ। ਉਹ ਦੱਸਦੇ ਹਨ ਕਿ ਦੰਗਾਕਾਰੀਆਂ ਨੂੰ ਗ੍ਰਿਫਤਾਰ ਨਾ ਕੀਤੇ ਜਾਣ ਜਾਂ ਗੋਲੀ ਚਲਾਉਣ ਵਿਚ ਪੁਲਿਸ ਦੀ ਅਸਮਰੱਥਾ ਪਿੱਛੇ ਸ਼ਾਸਕਾਂ ਦੇ ਹੁਕਮ ਹੀ ਸਨ। ਇਸੇ ਕਾਰਨ ਉਹ ਛੁਰਾ ਮਾਰ ਕੇ, ਅੱਗ ਲਗਾ ਕੇ, ਪੱਥਰਬਾਜ਼ੀ ਕਰਕੇ ਗਲੀਆਂ ਵਿਚ ਭੱਜ ਜਾਂਦੇ ਸਨ। ਪੁਲਿਸ ਬਲਾਂ ਦੀ ਕਮੀ ਕਾਰਨ ਉਨ੍ਹਾਂ ਨੂੰ ਫੜਨਾ ਮੁਸ਼ਕਿਲ ਸੀ। ਪੁਲਿਸ ਭਾਵੇਂ ਉਥੇ ਮੌਜੂਦ ਰਹਿੰਦੀ ਸੀ ਪਰ ਘਟਨਾਵਾਂ ਰੋਕਣ ਲਈ ਕੋਈ ਬਹੁਤਾ ਯਤਨ ਨਾ ਕਰ ਸਕੀ।

ਦੰਗੇ ਰੋਕਣ ਲਈ ਪੁਲਿਸ ਦੀ ਗੰਭੀਰਤਾ ਦਾ ਅੰਦਾਜ਼ਾ ਪੁਲਿਸ ਕਮਿਸ਼ਨਰ ਈ.ਐਮ. ਰੋਜਰਸ ਦੇ ਲਿਖਤੀ ਬਿਆਨ ਤੋਂ ਪਤਾ ਲੱਗਦਾ ਹੈ। ਉਸ ਅਨੁਸਾਰ ਦੰਗਿਆਂ ਦੌਰਾਨ ਕੁੱਲ 13 ਥਾਵਾਂ 'ਤੇ ਪੁਲਿਸ ਫਾਇਰਿੰਗ ਹੋਈ। ਛੇ ਘਟਨਾਵਾਂ ਵਿਚ ਭੀੜ ਵਲੋਂ ਪੁਲਿਸ 'ਤੇ ਹਮਲਾ ਕਰਨ ਸਮੇਂ ਆਤਮ-ਸੁਰੱਖਿਆ ਕਾਰਨ ਇਹ ਫਾਇਰਿੰਗ ਕੀਤੀ ਗਈ। ਤਿੰਨ ਮੌਕਿਆਂ 'ਤੇ ਸਰਕਾਰੀ ਅਧਿਕਾਰੀਆਂ ਦੇ ਬੰਗਲਿਆਂ ਉੱਪਰ ਹਮਲੇ ਸਮੇਂ ਤਾਇਨਾਤ ਸੁਰੱਖਿਆ ਗਾਰਡਾਂ ਵਲੋਂ ਫਾਇਰਿੰਗ ਕੀਤੀ ਗਈ। ਸਿਰਫ ਚਾਰ ਮੌਕਿਆਂ 'ਤੇ ਦੰਗਾਕਾਰੀਆਂ ਨੂੰ ਰੋਕਣ ਲਈ ਫਾਇਰਿੰਗ ਦਾ ਸਹਾਰਾ ਲਿਆ ਗਿਆ। ਜਿਨ੍ਹਾਂ ਦੰਗਿਆਂ ਵਿਚ 300 ਲੋਕ ਮਾਰੇ ਗਏ, ਉਨ੍ਹਾਂ ਦੰਗਿਆਂ ਵਿਚ ਪੁਲਿਸ ਫਾਇਰਿੰਗ ਨਾਲ ਕੇਵਲ ਇਕ ਵਿਅਕਤੀ ਦੀ ਮੌਤ ਹੋਈ।

ਰੋਜਰਸ ਅਤੇ ਹੋਰ ਅਫਸਰਾਂ ਦੇ ਬਿਆਨਾਂ ਤੋਂ ਸਪਸ਼ਟ ਹੈ ਕਿ ਦੰਗਾਕਾਰੀ ਪੁਲਿਸ ਜਾਂ ਫੌਜ ਦਾ ਮੁਕਾਬਲਾ ਕਰਨ ਲਈ ਤਿਆਰ ਨਹੀਂ ਸਨ। ਸਿਰਫ ਲੋੜ ਸੀ ਕਿ ਪੁਲਿਸ ਦ੍ਰਿੜਤਾ ਨਾਲ ਉਨ੍ਹਾਂ ਨਾਲ ਨਜਿੱਠਦੀ।

ਡਾ. ਭਗਵਾਨ ਦਾਸ ਵਾਲੀ ਕਮੇਟੀ ਵਾਲੇ ਕਮਿਸ਼ਨ ਕੋਲ ਆਈ ਗਵਾਹੀ ਅਨੁਸਾਰ ਕਾਂਗਰਸ ਕਮੇਟੀ ਦੇ ਆਗੂ ਪਿਆਰੇ ਲਾਲ ਅਗਰਵਾਲ ਦੇ ਘਰ ਲੁੱਟੇ ਜਾਣ ਸਮੇਂ ਸ਼ਹਿਰ ਦਾ ਕੋਤਵਾਲ 50-60 ਗਜ਼ ਦੀ ਦੂਰੀ 'ਤੇ ਨਿੰਜੀ ਤੌਰ 'ਤੇ ਹਾਜ਼ਰ ਸੀ। ਪੀਤਾਂਬਰ ਅਗਰਵਾਲ ਅਤੇ ਮਹਾਂਵੀਰ ਓਹਝਾ ਨੇ ਕੋਤਵਾਲ ਨੂੰ ਪਿਆਰੇ ਲਾਲ ਅਗਰਵਾਲ ਦਾ ਘਰ ਲੁੱਟੇ ਜਾਣ ਦੀ ਇਤਲਾਹ ਦਿੱਤੀ ਲੇਕਿਨ ਕੋਤਵਾਲ ਨੇ ਕੋਈ ਧਿਆਨ ਨਾ ਦਿੱਤਾ।

ਚੌਕ ਬਜਾਜਾ ਵਿਚ ਮੁਸਲਮਾਨਾਂ ਦੀਆਂ ਦੁਕਾਨਾਂ ਲੁੱਟੇ ਜਾਣ ਸਮੇਂ ਕੋਤਵਾਲੀ ਮੁਖੀ ਰਾਮਕਰਨ ਸਿੰਘ ਉਥੇ ਹੀ ਖੜ੍ਹਾ ਸੀ। ਮੁਸਲਮਾਨ ਦੁਕਾਨਦਾਰ ਲਗਾਤਾਰ ਉਸ ਨੂੰ ਬੇਨਤੀਆਂ ਕਰਦੇ ਰਹੇ ਕਿ ਉਨ੍ਹਾਂ ਨੂੰ ਬਚਾਇਆ ਜਾਵੇ ਪਰ ਉਸ ਨੇ ਕੁਝ ਨਹੀਂ ਕੀਤਾ। ਮੋਜੇ-ਬਨਿਆਨ ਦੇ ਵਪਾਰੀ ਅਬਦੁੱਲ ਹੱਕ ਨੇ ਆਪਣੀ ਦੁਕਾਨ 'ਅੱਲਾਬਖਸ਼ ਅਬਦੁੱਲ ਹੱਕ' ਨੂੰ ਲੁੱਟੇ ਜਾਂਦੇ ਦੇਖ ਕੇ, ਆਪਣੀ ਟੋਪੀ ਰਾਮਕਰਨ ਸਿੰਘ ਦੇ ਪੈਰਾਂ ਵਿਚ ਰੱਖ ਦਿੱਤੀ ਅਤੇ ਦੋਨੋਂ ਹੱਥ ਜੋੜ ਕੇ ਗਿੜਗੜਾਉਂਦਾ ਰਿਹਾ ਕਿ ਉਸ ਦੀ ਦੁਕਾਨ ਲੁੱਟਣ ਤੋਂ ਬਚਾਅ ਲਈ ਜਾਵੇ, ਹਰ ਵਾਰ ਰਾਮਕਰਨ ਸਿੰਘ ਮੁਸਕਰਾ ਕੇ ਆਪਣਾ ਮੂੰਹ ਦੂਜੇ ਪਾਸੇ ਫੇਰ ਲੈਂਦਾ ਸੀ। (ਮੁਨਸ਼ੀ ਨੂਰ ਇਲਾਹੀ ਦਾ ਬਿਆਨ)

ਉਸ ਮੌਕੇ ਉਸ ਦੇ ਨਾਲ ਡਿਪਟੀ ਕੁਲੈਕਟਰ ਵੀ ਮੌਜੂਦ ਸੀ। ਦੋਨਾਂ ਦੇ ਸਾਹਮਣੇ ਗਿੜਗੜਾਉਣ ਦਾ ਤਾਂ ਕੋਈ ਅਸਰ ਨਾ ਹੋਇਆ ਪਰ ਅੱਧੇ ਪੌਣੇ ਘੰਟੇ ਬਾਅਦ ਅਚਾਨਕ ਲੁੱਟ ਬੰਦ ਹੋ ਗਈ। ਪੁੱਛਣ 'ਤੇ ਪਤਾ ਲੱਗਿਆ ਕਿ ਦੁਕਾਨ ਲੁੱਟੇ ਜਾਣ ਦੀ ਖਬਰ ਸੁਣ ਕੇ ਗਣੇਸ਼ ਸ਼ੰਕਰ ਵਿਦਿਆਰਥੀ ਉਥੇ ਪਹੁੰਚ ਗਏ ਸਨ, ਉਸ ਨੇ ਲੁਟੇਰਿਆਂ ਨੂੰ ਉਥੋਂ ਭਜਾਇਆ (ਅਬਦੁੱਲ ਹੱਕ ਦਾ ਬਿਆਨ)।

ਦੋਨੋਂ ਜਾਂਚ ਕਮਿਸ਼ਨਾਂ ਦੇ ਸਾਹਮਣੇ ਦਿੱਤੀਆਂ ਗਵਾਹੀਆਂ ਤੋਂ ਇਹ ਗੱਲ ਸਾਬਤ ਹੁੰਦੀ ਹੈ ਕਿ ਦੰਗਾ ਭੜਕਣ ਦਾ ਕਾਰਨ ਪੁਲਿਸ ਦੀ ਘੱਟ ਗਿਣਤੀ ਨਹੀਂ ਸੀ ਸਗੋਂ ਸਰਕਾਰੀ ਮਸ਼ੀਨਰੀ ਦੁਆਰਾ ਜਾਣ ਬੁਝ ਕੇ ਅਖਤਿਆਰ ਕੀਤੀ ਖਾਮੋਸ਼ੀ ਅਤੇ ਇਸ ਤੋਂ ਵੀ ਅੱਗੇ ਉਸ ਵਲੋਂ ਦੰਗਈਆਂ ਨੂੰ ਦਿੱਤਾ ਜਾਣ ਵਾਲਾ ਉਤਸ਼ਾਹ ਸੀ।

1946 ਵਿਚ ਕਲਕੱਤਾ ਵਿਚ ਮੁਸਲਿਮ ਲੀਗ ਵਲੋਂ ਡਾਇਰੈਕਟ ਐਕਸ਼ਨ ਡੇ ਮਨਾਉਣ ਵੇਲੇ ਹੋਇਆ ਦੰਗਾ ਵੀ ਸਾਡੇ ਵਿਸ਼ਲੇਸ਼ਣ ਲਈ ਅਹਿਮ ਹੈ। ਇਸ ਸਮੇਂ ਤੱਕ ਲਗਭਗ ਤੈਅ ਹੋ ਚੁੱਕਿਆ ਸੀ ਕਿ ਭਾਰਤ ਛੇਤੀ ਹੀ ਆਜ਼ਾਦ ਹੋ ਜਾਵੇਗਾ। ਇਸ ਲਈ ਦੰਗਾ ਰੋਕਣ ਦੀ ਜ਼ਿੰਮੇਵਾਰੀ ਵੀ ਭਾਰਤੀਆਂ ਦੀ ਸੀ ਪਰ ਅਜੇ ਤੱਕ ਨੌਕਰਸ਼ਾਹੀ ਦਾ ਵੱਡਾ ਹਿੱਸਾ ਅੰਗਰੇਜ਼ ਅਧਿਕਾਰੀਆਂ ਦਾ ਸੀ। ਇਨ੍ਹਾਂ ਆਈ.ਸੀ.ਐਸ. ਅਤੇ ਆਈ.ਪੀ.ਐਸ. ਅਧਿਕਾਰੀਆਂ 'ਤੇ ਜਨਤਾ ਦੇ ਚੁਣੇ ਪ੍ਰਤੀਨਿਧਾਂ ਦਾ ਕੰਟਰੋਲ ਨਾ-ਮਾਤਰ ਸੀ। ਫੌਜ ਜੋ ਦੰਗੇ ਰੋਕਣ ਲਈ ਪ੍ਰਭਾਵੀ ਰੂਪ ਵਿਚ ਨਾਗਰਿਕਾਂ ਅਤੇ ਅਧਿਕਾਰੀਆਂ ਦਾ ਸਾਥ ਦੇ ਸਕਦੀ ਸੀ ਉਹ ਵੀ ਚੁਣੇ ਹੋਏ ਪ੍ਰਤੀਨਿਧਾਂ ਦੇ ਪ੍ਰਭਾਵ ਤੋਂ ਬਾਹਰ ਸੀ। ਇਨ੍ਹਾਂ ਦੰਗਿਆਂ ਵਿਚ ਗੋਰੀ ਨੌਕਰਸ਼ਾਹੀ ਚਿੜ੍ਹੀ ਹੋਈ ਸੰਸਥਾ ਦੇ ਰੂਪ ਵਿਚ ਕੰਮ ਕਰ ਰਹੀ ਸੀ। ਜੋ ਚੁਣੀ ਹੋਈ ਸਰਕਾਰ ਨੂੰ ਅਸਫਲ ਦਿਖਾ ਕੇ ਇਹ ਸਿੱਧ ਕਰਨਾ ਚਾਹੁੰਦੀ ਸੀ ਕਿ ਹਿੰਦੂ-ਮੁਸਲਿਮ ਤਾਂ ਆਪਸ ਵਿਚ ਲੜਦੇ ਹੀ ਹਨ, ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਹੋਰ ਜ਼ਿਆਦਾ ਲੜਨਗੇ।

16 ਅਗਸਤ 1946 ਨੂੰ ਪਾਕਿਸਤਾਨ ਹਾਸਲ ਕਰਨ ਲਈ ਮੁਸਲਿਮ ਲੀਗ ਨੇ 'ਡਾਇਰੈਕਟ ਐਕਸ਼ਨ ਡੇਅ' ਮਨਾਉਣ ਦਾ ਫੈਸਲਾ ਕੀਤਾ। ਇਹ ਜੁਮੇ ਦਾ ਦਿਨ ਸੀ ਅਤੇ ਮੁਸਲਿਮ ਲੀਗ ਨੇ ਜਾਣ ਬੁਝ ਕੇ ਇਸ ਦਿਨ ਦੀ ਚੋਣ ਕੀਤੀ ਸੀ। ਇਸ ਦਿਨ ਬਾਜ਼ਾਰ ਬੰਦ ਕਰਵਾਉਣਾ ਅਤੇ ਮੁਕੰਮਲ ਹੜਤਾਲ ਰੱਖਣਾ ਸ਼ਾਮਲ ਸੀ। ਬੰਗਾਲ ਵਿਚ ਮੁਸਲਿਮ ਲੀਗ ਦੀ ਸਰਕਾਰ ਸੀ, ਇਸ ਲਈ ਉਥੇ ਸਰਕਾਰੀ ਛੁੱਟੀ ਐਲਾਨ ਦਿੱਤੀ ਗਈ ਸੀ। ਦੇਸ਼ ਭਰ ਵਿਚ ਬਹੁਤ ਸਥਾਨਾਂ 'ਤੇ ਬਾਜ਼ਾਰ ਬੰਦ ਕਰਵਾਉਣ ਨੂੰ ਲੈ ਕੇ ਕਈ ਥਾਵਾਂ ਤੇ ਹਿੰਦੂ ਮੁਸਲਿਮ ਦੰਗੇ ਹੋਏ। ਸਭ ਤੋਂ ਭਿਆਨਕ ਦੰਗਾ ਕਲਕੱਤਾ ਵਿਚ ਹੋਇਆ ਜਿਸ ਵਿਚ ਸਰਕਾਰੀ ਅੰਕੜਿਆਂ ਅਨੁਸਾਰ 5000 ਤੋਂ ਵੱਧ ਲੋਕ ਮਾਰੇ ਗਏ।

ਇਹ ਦੰਗਾ ਇਸ ਅਰਥ ਤੋਂ ਵਿਸ਼ੇਸ਼ ਜ਼ਿਕਰ ਕਰਨਯੋਗ ਹੈ। ਜਿਨ੍ਹਾਂ ਸ਼ਕਤੀਆਂ ਨੇ ਦੰਗਾ ਸ਼ੁਰੂ ਕਰਵਾਇਆ, ਉਹ ਸੱਤਾ 'ਤੇ ਕਾਬਜ਼ ਸਨ ਪਰ ਜਦੋਂ ਉਨ੍ਹਾਂ ਨੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ (ਪੁਲਿਸ ਤੇ ਫੌਜ ਦੇ ਅਸਹਿਯੋਗ ਕਾਰਨ), ਬੁਰੀ ਤਰ੍ਹਾਂ ਫੇਲ ਹੋ ਗਏ। 16 ਅਗਸਤ ਨੂੰ ਦੰਗਾ ਸ਼ੁਰੂ ਹੋਣ ਵੇਲੇ ਮੁਸਲਮਾਨ ਭਾਰੂ ਸਥਿਤੀ ਵਿਚ ਸਨ ਪਰ ਛੇਤੀ ਹੀ ਹਾਲਤ ਬਦਲ ਗਏ। ਕੁਝ ਹੀ ਘੰਟਿਆਂ ਅੰਦਰ ਮੁਸਲਮਾਨਾਂ ਦਾ ਭਾਰੀ ਕਤਲੇਆਮ ਹੋਇਆ। ਮੁਸਲਿਮ ਲੀਗ ਦੀ ਸਰਕਾਰ ਅਤੇ ਇਸ ਦੇ ਪ੍ਰਧਾਨ ਮੰਤਰੀ ਸੁਹਰਾਵਰਦੀ ਨੂੰ ਸ਼ਾਂਤੀ ਸਥਾਪਤ ਕਰਨ ਲਈ ਪੁਲਿਸ ਅਤੇ ਫੌਜ ਦੇ ਸਹਿਯੋਗ ਦੀ ਲੋੜ ਸੀ। ਉਹ ਕਿੰਨਾ ਕੁ ਮਿਲਿਆ, ਇਸ ਬਾਰੇ 19 ਅਗਸਤ 1973 ਦੇ 'ਇਲਸਟ੍ਰੇਟਿਡ ਵੀਕਲੀ' ਵਿਚ ਪੀ.ਐਸ. ਮਾਥਰ ਦੀਆਂ ਯਾਦਾਂ ਵਿਚ ਬੜਾ ਵਧੀਆ ਲਿਖਿਆ ਮਿਲਦਾ ਹੈ। ਮਾਥਰ ਉਸ ਸਮੇਂ ਬੰਗਾਲ ਵਿਚ ਉਚ ਅਧਿਕਾਰੀ ਰਹੇ ਸਨ। ਉਨ੍ਹਾਂ ਉਸ ਵੇਲੇ ਦੇ ਪੁਲਿਸ ਕਮਿਸ਼ਨਰ ਹਾਰਡਵਿੱਕ ਦੇ ਅੜੀਅਲ ਰੁੱਖ 'ਤੇ ਰੌਸ਼ਨੀ ਪਾਈ ਹੈ। ਉਨ੍ਹਾਂ ਕੰਟਰੋਲ ਰੂਮ ਵਿਚ ਸੁੰਨ ਕਰਨ ਵਾਲੀ ਗੱਲਬਾਤ ਸੁਣੀ। ਜਦੋਂ ਮੈਂ ਪੁਲਿਸ ਕਮਿਸ਼ਨਰ ਨੂੰ ਫੋਨ ਕਰਕੇ ਨਗਰ ਪੁਲਿਸ ਦੇ ਅੰਗਰੇਜ਼ ਸਾਰਜੈਂਟਾਂ ਨੂੰ ਭੇਜਣ ਲਈ ਕਿਹਾ ਤਾਂ ਉਸ ਨੇ ਬਹੁਤ ਹੀ ਠੰਢੇ ਸ਼ਬਦਾਂ ਵਿਚ ਕਿਹਾ, "ਤੁਸੀਂ ਕੀ ਬੋਲਦੇ ਹੋ ਸ੍ਰੀਮਾਨ ਜੀ, ਤੁਸੀਂ ਜੋ ਮੰਗ ਰਹੇ ਹੋ, ਉਸ ਵੇਤਨ 'ਤੇ ਕੰਮ ਕਰਨ ਵਾਲੇ ਸਾਰਜੈਂਟ ਤਾਂ ਆਪ ਦੇ ਹੀ ਹੁਕਮ ਤਹਿਤ ਭਾਰਤ ਛੱਡ ਕੇ ਚਲੇ ਗਏ ਹਨ।" ਇਕ ਹੋਰ ਮੌਕੇ 'ਤੇ ਹਾਰਡਵਿੱਕ ਨੇ ਕਿਹਾ, "ਮੈਂ ਤੁਹਾਡੇ ਮਸਲਿਆਂ ਵਿਚ ਦਖਲ ਦੇਣ ਵਾਲਾ ਕੌਣ ਹੁੰਦਾ ਹਾਂ?"

"ਹਿੰਦੂ ਚਾਹੁੰਦੇ ਹਨ ਕਿ ਅਸੀਂ ਚਲੇ ਜਾਈਏ, ਮੁਸਲਮਾਨ ਚਾਹੁੰਦੇ ਹਨ ਕਿ ਅਸੀਂ ਦੇਸ਼ ਉਨ੍ਹਾਂ ਦੇ ਹਵਾਲੇ ਕਰ ਦੇਈਏ। ਮੈਂ ਕੁਝ ਨਹੀਂ ਕਰ ਸਕਦਾ, ਤੁਸੀਂ ਕਾਂਗਰਸ ਦਫਤਰ ਫੋਨ ਕਿਉਂ ਨਹੀਂ ਕਰਦੇ?"

ਇਕ ਹੋਰ ਵੱਡੇ ਪੁਲਿਸ ਅਫਸਰ ਜੋ ਉਤਰ ਪ੍ਰਦੇਸ਼ ਵਿਚ ਤਾਇਨਾਤ ਸਨ, ਉਹ ਸਨ ਸ੍ਰੀ ਐਨ.ਸੀ. ਸਕਸੈਨਾ। ਉਹ ਲਿਖਦੇ ਹਨ, "ਜਦੋਂ ਸਵੇਰੇ 8 ਵਜੇ ਐਮਰਜੈਂਸੀ ਯੋਜਨਾ ਲਾਗੂ ਕੀਤੀ ਗਈ ਤਾਂ ਲਾਲ ਬਾਜ਼ਾਰ ਵਿਚ 200 ਸਿਪਾਹੀ ਸਨ ਅਤੇ ਬਾਕੀ ਬੈਰਕਾਂ ਵਿਚ ਸਨ ਜਿਨ੍ਹਾਂ ਨੂੰ ਲੋੜ ਸਮੇਂ ਬੁਲਾਇਆ ਜਾ ਸਕਦਾ ਸੀ। ਸੜਕਾਂ ਤੋਂ ਅੱਧੀ ਟ੍ਰੈਫਿਕ ਪੁਲਿਸ ਜਿਸ ਦੀ ਗਿਣਤੀ 150 ਸੀ, ਬੁਲਾ ਲਈ ਗਈ। ਇਸ ਤੋਂ ਇਲਾਵਾ 16 ਇੰਸਪੈਕਟਰ ਅਤੇ 114 ਸਾਰਜੈਂਟ ਹੋਰ ਸਨ। ਅੱਜ ਤਾਂ ਕਲਕੱਤਾ ਵਿਚ ਇਕ ਫੁੱਟਬਾਲ ਮੈਚ ਸਮੇਂ ਜਾਂ ਜਨਤਕ ਸਭਾ ਸਮੇਂ ਇਸ ਨਾਲੋਂ 13 ਗੁਣਾਂ ਵੱਧ ਪੁਲਿਸ ਬਲ ਲਗਾਏ ਜਾਂਦੇ ਹਨ।

ਮੁਸਲਿਮ ਲੀਗ ਦੇ ਪ੍ਰਧਾਨ ਮੰਤਰੀ ਨੂੰ ਇਸ ਗੱਲ ਦਾ ਮਾਣ ਮਿਲਣਾ ਚਾਹੀਦਾ ਹੈ ਕਿ ਉਸ ਨੇ ਫੌਜ ਬੁਲਾਉਣ 'ਤੇ ਜ਼ੋਰ ਦਿੱਤਾ ਪਰ ਅੰਗਰੇਜ਼ ਸ਼ਾਸਕਾਂ ਨੇ ਇਸ ਦਾ ਵਿਰੋਧ ਕੀਤਾ ਅਤੇ ਮੌਜੂਦ ਹੋਣ ਦੇ ਬਾਵਜੂਦ ਫੌਜ ਤਾਇਨਾਤ ਨਾ ਕੀਤੀ। ਇਹ ਉਦਾਹਰਨ ਇਹ ਸਿੱਧ ਕਰਨ ਲਈ ਕਾਫੀ ਹੈ ਕਿ ਜੇ ਪ੍ਰਸ਼ਾਸਨ ਮਸਲੇ ਦੇ ਹੱਲ ਲਈ ਕੋਈ ਉਤਸ਼ਾਹ ਨਾ ਦਿਖਾਵੇ ਤਾਂ ਕਿੰਨਾ ਨੁਕਸਾਨ ਹੋ ਸਕਦਾ ਹੈ।

1858 ਵਿਚ ਬਾਬਰੀ ਮਸਜਿਦ-ਰਾਮ ਜਨਮ ਭੂਮੀ ਵਿਵਾਦ ਨੂੰ ਹਵਾ ਦੇਣ ਅਤੇ 1931 ਦੇ ਕਾਨਪੁਰ ਦੰਗੇ ਨਾ ਰੋਕਣ ਪਿੱਛੇ ਅੰਗਰੇਜ਼ ਸਾਮਰਾਜ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਸਾਫ ਨਜ਼ਰ ਆਉਂਦੀ ਹੈ। 1946 ਵਿਚ ਕਲਕੱਤਾ ਦੰਗਿਆਂ ਵਿਚ ਵੀ ਚੁਣੀ ਹੋਈ ਸਰਕਾਰ ਦੀ ਅਣਦੇਖੀ ਕਰਕੇ ਪੁਲਿਸ ਬਲ ਨਾ ਤਾਇਨਾਤ ਕਰਕੇ ਅਤੇ ਅਫਸਰਾਂ ਵਲੋਂ ਇਨ੍ਹਾਂ ਘਟਨਾਵਾਂ ਦੀ ਅਣਦੇਖੀ ਕਰਨ ਪਿਛੇ ਅੰਗਰੇਜ਼ ਸ਼ਾਸਕਾਂ ਦੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਪਾੜ ਪਾਉਣ ਅਤੇ ਕਾਇਮ ਰੱਖਣ ਦੀ ਨੀਤੀ ਸਾਫ ਨਜ਼ਰ ਆਉਂਦੀ ਹੈ। ਅੰਗਰੇਜ਼ਾਂ ਦੀ ਇਹ ਸੋਚ ਕਿ ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਭਾਰਤ ਪੂਰੀ ਤਰ੍ਹਾਂ ਦੰਗਿਆਂ ਦੀ ਲਪੇਟ ਵਿਚ ਆ ਜਾਵੇਗਾ ਅਤੇ ਨਸ਼ਟ ਹੋ ਜਾਵੇਗਾ। ਇਸ ਬਾਰੇ ਚਰਚਿਲ ਦਾ ਪਾਰਲੀਮੈਂਟ ਵਿਚ ਦਿੱਤਾ ਬਿਆਨ ਜਿਸ ਵਿਚ ਉਨ੍ਹਾਂ ਇਸ ਨੂੰ ਤੂਫਾਨ ਤੋਂ ਪਹਿਲਾਂ ਵਾਲੀਆਂ ਬਾਰਸ਼ ਦੀਆਂ ਬੂੰਦਾਂ ਅਤੇ ਭਵਿੱਖ ਵਿਚ ਹੋਣ ਵਾਲੀਆਂ ਘਟਨਾਵਾਂ ਦੀ ਵੰਨਗੀ ਕਿਹਾ।" ਉਸ ਨੇ ਕੁਝ ਉਚ ਅਹੁਦੇ 'ਤੇ ਬਿਰਾਜਮਾਨ ਅਫਸਰਾਂ ਅਤੇ ਵਿਸ਼ਵਾਸਯੋਗ ਸੂਤਰਾਂ ਦੇ ਹਵਾਲੇ ਦਿੰਦੇ ਹੋਏ ਕਿਹਾ ਕਿ "ਬਿਹਾਰ ਵਿਚ ਆਰਮੀਨੀਅਨ ਅੱਤਿਆਚਾਰਾਂ ਤੋਂ ਵੀ ਵਧੇਰੇ ਅੱਤਿਆਚਾਰ ਕਰਕੇ ਉਨ੍ਹਾਂ ਅੰਗਰੇਜ਼ ਸਾਮਰਾਜ ਦੀ ਆਤਮਾ ਨੂੰ ਝਟਕਾ ਦਿੱਤਾ ਹੈ।"

ਚਰਚਿਲ ਇਕ ਗੱਲ ਸਵੀਕਾਰ ਕਰਨਾ ਭੁੱਲ ਗਿਆ ਕਿ ਜਿਸ ਤੂਫਾਨ ਜਾਂ ਭਵਿੱਖ ਵੱਲ ਉਹ ਇਸ਼ਾਰਾ ਕਰ ਰਿਹਾ ਸੀ, ਉਸ ਦੀ ਬਣਤਰ ਵਿਚ ਬਸਤੀਵਾਦੀ ਅੰਗਰੇਜ਼ ਸਾਮਰਾਜ ਦਾ ਬਹੁਤ ਵੱਡਾ ਯੋਗਦਾਨ ਸੀ। ***(ਚੱਲਦਾ)***

# ਯਾਦਾਂ ਦਾ ਸੰਸਾਰ ਸਿਰਜਦੀ ਕਿਤਾਬ 'ਅਮੋਲਕ ਹੀਰਾ'

***'ਪੰਜਾਬ ਟਾਈਮਜ਼' ਨੂੰ ਬੁਲੰਦੀਆਂ 'ਤੇ ਲੈ ਕੇ ਜਾਣ ਵਾਲੇ ਪੱਤਰਕਾਰ ਅਮੋਲਕ ਸਿੰਘ ਜੰਮੂ ਦੀਆਂ ਲਿਖਤਾਂ ਅਤੇ ਉਨ੍ਹਾਂ ਦੇ ਪੱਤਰਕਾਰੀ ਦੇ ਖੇਤਰ ਵਿਚ ਯੋਗਦਾਨ ਬਾਰੇ ਚਰਚਾ ਕਰਦੀ ਕਿਤਾਬ 'ਅਮੋਲਕ ਹੀਰਾ' ਦਾ ਸੰਪਾਦਨ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਕੀਤਾ ਹੈ। ਇਸ ਕਿਤਾਬ ਅਤੇ ਇਸ ਅੰਦਰ ਸਮੋਏ ਵੱਖ-ਵੱਖ ਵਿਚਾਰਾਂ ਬਾਰੇ ਚਰਚਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਸੇਵਾਮੁਕਤ ਹੋਏ ਡਾ. ਕੁਲਦੀਪ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

**ਕਲਾ ਪਰਿਕਰਮਾ**

ਪੁਸਤਕ ਦਾ ਸਿਰਲੇਖ 'ਅਮੋਲਕ ਹੀਰਾ' ਦੇਖਣ ਨੂੰ ਨਿਆਰਾ ਜਿਹਾ ਲੱਗਦਾ ਹੈ ਕਿਉਂਕਿ ਜਦੋਂ ਕਿਸੇ ਦੇ ਸਾਹਮਣੇ 'ਹੀਰਾ' ਸ਼ਬਦ ਆਉਂਦਾ ਹੈ ਤਾਂ ਸੁਣਨ, ਦੇਖਣ ਅਤੇ ਪੜ੍ਹਨ ਵਾਲਾ ਮਹਿਸੂਸ ਕਰਨ ਲੱਗਦਾ ਹੈ ਕਿ ਇਸ ਵਿਚ ਜ਼ਰੂਰ ਕੋਈ ਅਜਿਹੀ ਖੂਬੀ ਹੋਵੇਗੀ ਜਿਸ ਕਰਕੇ ਕਿਸੇ ਸ਼ਖਸ ਨਾਲ ਅਜਿਹਾ ਸ਼ਬਦ ਜੋੜਿਆ ਗਿਆ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਵਾਚਦਿਆਂ ਇੰਝ ਜਾਪਦਾ ਹੈ ਕਿ ਉਘੇ ਵਿਦਵਾਨ ਸਾਰਤਰ ਨੇ ਸੱਚ ਹੀ ਲਿਖਿਆ ਸੀ: 'ਹਰ ਸਥਿਤੀ ਵਿਚ ਕੋਈ ਨਾ ਕੋਈ ਬਦਲ ਪਿਆ ਹੁੰਦਾ ਹੈ, ਤੁਹਾਡੀ ਦੇਖਣ ਵਾਲੀ ਅੱਖ ਚਾਹੀਦੀ ਹੈ।' ਅਕਸਰ ਹੀ ਬਹੁਤੀਆਂ ਅੱਖਾਂ ਵਾਪਰ ਰਹੇ ਨੂੰ ਦੇਖਣ ਤੇ ਸਮਝਣ ਤੋਂ ਅਸਮਰੱਥ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਜਾਂ ਊਣਤਾਈ ਹੁੰਦੀ ਹੈ ਜਾਂ ਫਿਰ ਉਹ ਸਥਿਤੀਆਂ ਨਾਲ ਦੋ ਚਾਰ ਹੋਣ ਤੋਂ ਤ੍ਰਭਕਦੇ ਹੁੰਦੇ ਹਨ। ਜਿਸ ਤਰ੍ਹਾਂ ਨਾਲ ਅਮੋਲਕ ਸਿੰਘ ਜੰਮੂ ਇਕ ਪਾਸੇ ਵੱਖ-ਵੱਖ ਸਮਿਆਂ 'ਤੇ ਆਪਣੀ ਨੌਕਰੀ ਦੌਰਾਨ ਵਿਰੋਧਤਾਈਆਂ ਨਾਲ ਭਿੜਦਾ ਹੈ, ਵਾਰ-ਵਾਰ ਉਸ ਦਾ ਖੂਨ ਖੌਲਦਾ ਹੈ ਅਤੇ ਕਈ ਵਾਰੀ ਇੰਝ ਵੀ ਸੋਚਣ ਲੱਗਦਾ ਹੈ ਕਿ ਕਿਸੇ ਛੱਪੜ ਦੇ ਖੜ੍ਹੇ ਪਾਣੀ ਵਾਂਗ ਵਾਰ-ਵਾਰ ਪ੍ਰਸਥਿਤੀਆਂ ਅਤੇ ਸੰਸਥਾਵਾਂ ਉਸ ਨੂੰ ਘੇਰ ਰਹੀਆਂ ਹਨ।

**ਡਾ. ਕੁਲਦੀਪ ਸਿੰਘ**
**ਫੋਨ: +91-98151-15429**

ਪਰ ਅਮੋਲਕ ਅੰਦਰ ਸ਼ਬਦਾਂ ਦੀ ਅਥਾਹ ਸਮਰੱਥਾ ਹੈ ਜਿਸ ਨੂੰ ਨਿਖਾਰਦਿਆਂ, ਬੁਣਦਿਆਂ ਤੇ ਆਵਾਜ਼ ਦਿੰਦਿਆਂ ਉਸ ਅੰਦਰ ਇਸ ਤਰ੍ਹਾਂ ਦੀ ਜਾਨ ਪੈ ਜਾਂਦੀ ਹੈ, ਜਿਵੇਂ ਸ਼ਾਇਦ ਇਸ ਧਰਤੀ 'ਤੇ ਸ਼ਬਦਾਂ ਨੂੰ ਬੀੜਨ ਵਾਸਤੇ ਹੀ ਆਇਆ ਹੋਵੇ। ਜੀਵਨ ਦਾ ਸਫਰ ਵੀ ਸ਼ਬਦਾਂ ਨੂੰ ਬੀੜਨ ਵਾਸਤੇ ਜੀਵਕਾ ਲਈ ਬਤੌਰ ਪਰੂਫ-ਰੀਡਰ ਸ਼ੁਰੂ ਹੋਇਆ। ਸ਼ਬਦਾਂ ਦੀਆਂ ਵੰਨਗੀਆਂ ਨੂੰ ਪੜ੍ਹਦਿਆਂ ਤੇ ਸੁਧਾਰਦਿਆਂ ਇਨ੍ਹਾਂ ਵਿਚੋਂ ਆਪਣੇ ਆਪ ਨੂੰ ਖੋਜਣ ਲੱਗਾ। ਜਿਨ੍ਹਾਂ ਨਾਲ ਉਸ ਨੇ ਅਤੀਤ ਦੀ ਹਰ ਘਟਨਾ ਨੂੰ ਕਲਮਬੱਧ ਹੀ ਨਹੀਂ ਕੀਤਾ ਸਗੋਂ ਅਜਿਹੇ ਚੌਖਟੇ ਵਿਚ ਰੱਖ ਕੇ ਨਿਖਾਰਿਆ ਜੋ ਉਸ ਦੀ ਜ਼ਿੰਦਗੀ ਦੇ ਸਫਰ ਦਾ ਸਾਥੀ ਬਣ ਗਿਆ।

'ਅਮੋਲਕ ਹੀਰਾ' ਪੁਸਤਕ ਦੇ ਪਹਿਲੇ ਪੰਜ ਅਧਿਆਇਆਂ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਕਿ ਕਿਸ ਤਰ੍ਹਾਂ ਯੂਨੀਵਰਸਿਟੀਆਂ ਵਿਚ ਨਵੇਂ ਕਿਸਮ ਦੇ ਟੱਬਰਾਂ ਦੀ ਸਿਰਜਣਾ ਹੁੰਦੀ ਹੈ ਜਿਸ ਨੂੰ ਉਹ ਕਮਲਿਆਂ ਦੇ ਟੱਬਰ ਅਤੇ ਉਸ ਦੇ ਆਰ-ਪਾਰ ਬਿਖੇਰ ਕੇ ਦੇਖਦਾ ਅਤੇ ਲਿਖਦਾ ਹੈ। ਵਿਰਾਸਤ 'ਚ ਮਿਲੇ ਆਪਣੇ ਪਿੰਡ ਕੁੱਤੇਵੱਢ ਵਾਲੀ ਸਥਿਤੀ ਤੇ ਉਸ ਦੇ ਇਰਦ-ਗਿਰਦ ਫੈਲੇ ਪਾਤਰ ਕਿਸ ਤਰ੍ਹਾਂ ਉਸ ਦੇ ਅੰਦਰ ਦੀ ਸਮਾਜਕ ਟੁੱਟ-ਭੱਜ ਦਾ ਅਹਿਸਾਸ ਕਰਾਉਂਦੇ ਹਨ। ਜੀਵਨ ਦੀਆਂ ਸੰਘਰਸ਼ੀ ਪੈੜਾਂ ਉਸ ਦਾ ਕਦੇ ਵੀ ਸਾਥ ਨਹੀਂ ਛੱਡਦੀਆਂ। ਵਾਰ-ਵਾਰ ਉਹ ਨਿੱਥਲ ਤਾਂ ਹੁੰਦਾ ਹੈ ਪਰ ਉਸ ਅੰਦਰਲੀ ਸ਼ਬਦਾਂ ਦੀ ਤਾਕਤ ਹਰ ਇਕ ਨਾਲ ਦਸਤਪੰਜਾ ਲੈਣ ਲਈ ਉਸ ਨੂੰ ਪ੍ਰੇਰਦੀ ਹੈ। ਇਸ ਕਰਕੇ ਉਸ ਦੀ ਸਮੁੱਚੀ ਲਿਖਤ ਵਿਚ ਮਾਨਵੀ ਰਿਸ਼ਤਿਆਂ ਦੀ ਟੁੱਟ-ਭੱਜ ਤੋਂ ਲੈ ਕੇ ਰਾਜਨੀਤੀ ਦੀਆਂ ਅੰਦਰਲੀਆਂ ਪ੍ਰਸਥਿਤੀਆਂ ਤੇ ਉਨ੍ਹਾਂ ਵਿਚੋਂ ਉਤਪੰਨ ਹੁੰਦੀਆਂ ਤ੍ਰਾਸਦੀਆਂ ਉਸ ਲਈ ਨਵੇਂ ਢੰਗ ਨਾਲ ਸੋਚਣ ਦੀ ਸੋਝੀ ਪੈਦਾ ਕਰਦੀਆਂ ਹਨ।




*ਕਿਤਾਬ ਦਾ ਮੁਖੜਾ।*

ਦੁਨੀਆ ਦੇ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਨੂੰ ਲੱਗੀ ਬਿਮਾਰੀ ਜਿਸ ਕਾਰਨ ਮਨੁੱਖ ਦੇ ਸਰੀਰ ਦੀਆਂ ਸਾਰੀਆਂ ਗਤੀਵਿਧੀਆਂ ਬੰਦ ਹੋ ਜਾਂਦੀਆਂ ਹਨ ਪਰ ਇਕੱਲਾ ਦਿਮਾਗ ਹੀ ਕੰਮ ਕਰਦਾ ਹੈ, ਅਮੋਲਕ ਸਿੰਘ ਨੂੰ ਲੱਗ ਗਈ ਸੀ। ਅਜਿਹੀ ਭਿਆਨਕ ਬਿਮਾਰੀ ਨਾਲ ਜੂਝਣਾ ਅਤੇ ਦੂਜੇ ਪਾਸੇ ਆਪਣੀ ਸਿਰਜਣਾ ਨੂੰ ਬਰਕਰਾਰ ਰੱਖਦਿਆਂ ਸਾਧਨਾ ਦੇ ਤੌਰ 'ਤੇ ਕਾਰਜ ਕਰਨਾ ਪੰਜਾਬੀ ਜ਼ਬਾਨ ਦੇ ਮੁੱਲਵਾਨ ਇਨਸਾਨ ਅਮੋਲਕ ਸਿੰਘ ਜੰਮੂ ਦੇ ਹਿੱਸੇ ਆਇਆ ਸੀ। ਉਸ ਦੇ ਘੇਰੇ ਦੀ ਵਿਸ਼ਾਲਤਾ ਸਿਰਫ ਪੰਜਾਬ ਦੀਆਂ ਦੀਵਾਰਾਂ ਤੱਕ ਸੀਮਤ ਨਹੀਂ ਸੀ ਸਗੋਂ ਅਮਰੀਕਾ ਵਿਚ ਸ਼ਿਕਾਗੋ ਤੋਂ 'ਪੰਜਾਬ ਟਾਈਮਜ਼' ਪ੍ਰਕਾਸ਼ਿਤ ਕਰ ਕੇ ਉਸ ਨੇ ਪੂਰੀ ਦੁਨੀਆਂ ਵਿਚ ਫੈਲੇ ਪੰਜਾਬੀਆਂ ਦੇ ਦਿਲਾਂ ਵਿਚ ਆਪਣਾ ਨਾਮ ਦਰਜ ਕਰਵਾ ਲਿਆ। ਉਸ ਦੀ ਲੇਖਣੀ ਦੇ ਸਫਰ ਅਤੇ ਉਸ 'ਚੋਂ ਪ੍ਰੇਰਨਾ ਲੈਣ ਵਾਲੇ ਪੰਜਾਬੀ ਦੇ ਪ੍ਰਸਿੱਧ ਲੇਖਕਾਂ ਵਿਚ ਗੁਰਦਿਆਲ ਬੱਲ, ਪ੍ਰਿੰ. ਸਰਵਣ ਸਿੰਘ, ਪ੍ਰੋ. ਹਰਪਾਲ ਸਿੰਘ, ਬੂਟਾ ਸਿੰਘ ਅਤੇ ਕਰਮਜੀਤ ਸਿੰਘ ਹਨ। ਇਨ੍ਹਾਂ ਲੇਖਕਾਂ ਨੇ ਇਸ ਪੁਸਤਕ ਵਿਚ ਆਪਣੀਆਂ ਲਿਖਤਾਂ ਰਾਹੀਂ ਅਮੋਲਕ ਸਿੰਘ ਨੂੰ ਯਾਦ ਕੀਤਾ ਹੈ। ਸਿਰੜ ਦਾ ਮੁਜੱਸਮਾ ਅਮੋਲਕ ਸਿੰਘ, ਪੱਤਰਕਾਰੀ ਦਾ ਅਮੋਲਕ ਹੀਰਾ, ਅਮੋਲਕ ਅਤੇ ਪੰਜਾਬ ਯੂਨੀਵਰਸਿਟੀ ਦੇ ਰੁਮਾਂਚਿਕ ਦਿਨ, ਚਿੱਕੜ ਵਿਚ ਖਿੜਿਆ ਕੰਵਲ 'ਪੰਜਾਬ ਟਾਈਮਜ਼', ਸੂਖਮ ਸਰੀਰ ਦੀ ਵਿਰਾਟ ਕਰਾਮਾਤ, ਅੰਤ ਤੱਕ ਜੂਝਣ ਵਾਲਾ ਇਨਸਾਨ ਆਦਿ ਅਜਿਹੀਆਂ ਲਿਖਤਾਂ ਹਨ ਜਿਹੜੀਆਂ ਪੜ੍ਹਦਿਆਂ ਤੇ ਵਾਚਦਿਆਂ ਇਹ ਅਹਿਸਾਸ ਕਰਵਾਉਂਦੀਆਂ ਹਨ ਕਿ ਜੀਵਨ ਦੀਆਂ ਸੈਂਕੜੇ ਤੰਗੀਆਂ ਤਰੁੱਟੀਆਂ ਅਤੇ ਸਿਹਤ ਦੀਆਂ ਅਲਾਮਤਾਂ ਸਿਰਜਣਸ਼ੀਲ ਇਨਸਾਨ ਦੇ ਰਾਹ ਵਿਚ ਅੜਿੱਕਾ ਨਹੀਂ ਬਣ ਸਕਦੀਆਂ। ਇਸ ਕਰਕੇ ਸ਼ਾਇਦ ਕਿਸੇ ਸਮੇਂ ਕਾਰਲ ਮਾਰਕਸ ਨੇ ਲਿਖਿਆ ਸੀ, 'ਵੱਖ-ਵੱਖ ਸਮਿਆਂ ਤੇ ਸਥਿਤੀਆਂ ਨਾਲ ਦੋ ਚਾਰ ਹੋਣ ਵਾਲੇ ਅਜਿਹੇ ਇਨਸਾਨਾਂ ਦੀ ਜ਼ਰੂਰਤ ਹੁੰਦੀ ਹੈ ਜੋ ਨਿਢਾਲ ਕਰ ਕੇ ਵਾਰ-ਵਾਰ ਸੁੱਟਣ ਵਾਲੀਆਂ ਉੱਚੀਆਂ ਪਹਾੜੀਆਂ ਨੂੰ ਸਰ ਕਰਨ ਦਾ ਜੇਰਾ ਰੱਖਦੇ ਹੋਣ। ਜਿਨ੍ਹਾਂ ਅੰਦਰ ਦੂਰ ਤੱਕ ਜਗਮਗਾਉਂਦੀ ਰੌਸ਼ਨੀ ਦੇਖਣ ਅਤੇ ਸਮਝਣ ਦਾ ਬਲ ਹੋਵੇ।' ਇੰਝ ਜਾਪਦਾ ਹੈ ਕਿ ਅਮੋਲਕ ਸਿੰਘ ਨੇ ਆਪਣੇ ਸਮੁੱਚੇ ਜੀਵਨ ਸੰਘਰਸ਼ ਦੌਰਾਨ ਸਥਿਤੀਆਂ ਨੂੰ ਮੋੜਾ ਦੇਣ ਦਾ ਫੈਸਲਾ ਕੀਤਾ ਹੋਇਆ ਸੀ।

ਇਸ ਕਰਕੇ ਹੀ ਉਹ ਬੇਬਾਕ ਹੋ ਕੇ ਲਿਖਦੇ, ਸੋਚਦੇ ਅਤੇ ਕਾਰਜ ਕਰਦੇ ਰਹੇ। ਅਮੋਲਕ ਸਿੰਘ ਦੇ ਸਮੁੱਚੇ ਜੀਵਨ ਸਫਰ ਵਿਚ ਉਸ ਦੀ ਪਤਨੀ ਜਸਪ੍ਰੀਤ ਬਾਰੇ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਉਹ ਵੀ ਸਮਝ ਗਈ ਸੀ ਕਿ ਇਹ ਸੱਚੀਂ ਹੀ ਇਕ ਕਿਸਮ ਦਾ ਹੀਰਾ ਹੈ ਜਿਸ ਨੂੰ ਤਰਾਸ਼ਣ ਵਿਚ ਮੈਂ ਕੀ ਯੋਗਦਾਨ ਪਾ ਸਕਦੀ ਹਾਂ; ਮੈਂ ਤਾਂ ਉਸ ਦੇ ਸ਼ਬਦਾਂ ਨੂੰ ਅਚਨਚੇਤ ਬਾਹਰ ਨਿਕਲਣ ਵਾਸਤੇ ਮਾਹੌਲ ਹੀ ਦੇ ਸਕਦੀ ਹਾਂ। ਅਮੋਲਕ ਦੇ ਸਫਰ ਦੇ ਸੰਗੀ ਸਾਥੀ 'ਪੰਜਾਬ ਟਾਈਮਜ਼' ਰਾਹੀਂ ਉਸ ਨੂੰ ਬੇਹੱਦ ਪਿਆਰ ਹੀ ਨਹੀਂ ਦੇ ਰਹੇ ਸਨ ਸਗੋਂ ਉਸ ਵੱਲੋਂ ਪੰਜਾਬੀ ਲੇਖਣੀ ਅੰਦਰ ਸਿਰਜੇ ਜਾ ਰਹੇ ਨਵੇਂ ਵਿਚਾਰਾਂ ਅਤੇ ਉਨ੍ਹਾਂ ਵਿਚਲੇ ਟਕਰਾਵਾਂ ਨੂੰ ਪੰਜਾਬੀ ਸਮਾਜ ਅੱਗੇ ਰੱਖਣ ਦਾ ਜੇਰਾ ਵੀ ਦੇ ਰਹੇ ਸਨ। ਇਸ ਪੁਸਤਕ ਦੇ 270 ਪੰਨੇ ਅਮੋਲਕ ਦੇ ਜੀਵਨ ਦੀ ਸੰਘਰਸ਼ਮਈ ਗਾਥਾ ਨੂੰ ਬਿਆਨਦੇ ਹਨ। ਅਗਲੇ ਪੰਨਿਆਂ ਵਿਚ ਪੰਜਾਬ ਦੀ ਹੋਣੀ ਨਾਲ ਜੁੜੀਆਂ ਲਿਖਤਾਂ ਵੀ ਦਰਜ ਕੀਤੀਆਂ ਗਈਆਂ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਜਨੀਤਕ ਬਰਬਾਦੀ ਦੀ ਕਹਾਣੀ, ਆਨੰਦਪੁਰ ਦੇ ਮਤੇ ਤੋਂ ਲੈ ਕੇ ਸਿੱਖਾਂ ਦੀਆਂ ਰਾਜਨੀਤਕ ਅਕਾਂਖਿਆਵਾਂ ਦੇ ਸਫਰ ਦੇ ਨਾਲ ਨਾਲ ਪੰਜਾਬੀ ਸਭਿਆਚਾਰ ਦੀ ਮੌਲਿਕਤਾ, ਦਰਵੇਸ਼ ਲਾਲੀ ਬਾਬੇ ਦੇ ਪ੍ਰਸੰਗ ਵਿਚ ਭੂਤਵਾੜੇ ਦੀ ਗਾਥਾ, ਹਿੰਦੂ ਰਾਸ਼ਟਰ ਦਾ ਅਵਚੇਤਨ ਤੇ ਪੰਜਾਬੀ, ਭਗਤ ਦੀ ਸ਼ਹਾਦਤ ਬਾਰੇ ਡਾ. ਭੀਮ ਰਾਓ ਅੰਬੇਡਕਰ ਦੇ ਵਿਚਾਰ ਅਤੇ ਗੌਰੀ ਲੰਕੇਸ਼ ਦਾ ਕਤਲ ਤਾਂ ਸੰਦੇਸ਼ ਹੈ ਆਦਿ ਮੁੱਲਵਾਨ ਲਿਖਤਾਂ ਹਨ। ਪੰਜਾਬ ਨਾਲ ਜੁੜੇ ਮਸਲਿਆਂ ਨੂੰ ਕੌਮਾਂਤਰੀ ਚੌਖਟੇ ਵਿਚ 'ਪੰਜਾਬ ਟਾਈਮਜ਼' ਰਾਹੀਂ ਪੇਸ਼ ਕਰਨਾ ਆਪਣੇ ਆਪ 'ਚ ਮੁੱਲਵਾਨ ਕਾਰਜ ਹੋਣ ਕਰਕੇ ਇਸ ਪੁਸਤਕ ਦਾ ਹਿੱਸਾ ਹੈ। ਵਿਸ਼ਵੀ ਪੂੰਜੀ ਦੇ ਦੌਰ ਵਿਚ ਪੰਜਾਬ ਦੀਆਂ ਆਰਥਿਕ ਬੁਨਿਆਦਾਂ ਬੁਰੀ ਤਰ੍ਹਾਂ ਹਿੱਲ ਗਈਆਂ ਹਨ। ਇਹ ਪੁਸਤਕ ਸੰਘਰਸ਼ਮਈ ਵਿਅਕਤੀਤਵ ਦੀ ਸਿਰਜਣਾ ਦੀ ਸਮਰੱਥਾ ਦਰਸਾਉਣ ਵਾਲੀ ਵੀ ਹੈ ਅਤੇ ਇਸ ਦੇ ਨਾਲ ਹੀ ਭਵਿੱਖ ਵਿਚ ਕੀਤੇ ਜਾਣ ਵਾਲੇ ਕਾਰਜਾਂ ਲਈ 'ਪੰਜਾਬ ਟਾਈਮਜ਼' ਵਰਗੇ ਖੁੱਲ੍ਹੇ ਪਲੇਟਫਾਰਮਾਂ ਦਾ ਅਹਿਸਾਸ ਵੀ ਕਰਵਾਉਂਦੀ ਹੈ ਕਿ ਕਿਸ ਤਰ੍ਹਾਂ ਚੌਖਟਿਆਂ ਤੋਂ ਪਾਰ ਹੋ ਕੇ ਸੋਚਣ ਨਾਲ ਹੀ ਅਜੋਕੇ ਪੰਜਾਬ ਦਾ ਭਲਾ ਹੋ ਸਕਦਾ ਹੈ। ਇਸ ਮੁੱਲਵਾਨ ਪੁਸਤਕ ਦੀ ਪੜ੍ਹਤ ਪੰਜਾਬੀ ਪਾਠਕਾਂ, ਲੇਖਕਾਂ ਅਤੇ ਵੱਖ-ਵੱਖ ਖੇਤਰਾਂ ਦੇ ਵਿਚਾਰਵਾਨਾਂ ਲਈ ਨਵੇਂ ਢੰਗ ਨਾਲ ਲਿਖਣ ਅਤੇ ਸੋਚਣ ਵਾਸਤੇ ਪ੍ਰੇਰਦੀ ਹੈ। ਇਸ ਕਿਤਾਬ ਦਾ ਸੰਪਾਦਕ 'ਪੰਜਾਬੀ ਟ੍ਰਿਬਿਊਨ' ਦੇ ਸਾਬਕਾ ਸੰਪਾਦਕ ਸੁਰਿੰਦਰ ਸਿੰਘ ਤੇਜ ਨੇ ਕੀਤਾ ਹੈ ਅਤੇ ਇਹ ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ ਨੇ ਛਾਪੀ ਹੈ।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 28 ਮਈ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-535



**ਕਿਸਮਤ ਸਾਡੀ ਕੱਚੀ ਮਿੱਟੀ, ਪਾਣੀ ਪਾ ਪਾ ਗੁੰਨ੍ਹੀ,**
**ਵਿਚ ਆਵੇ ਧਰ ਕੀਤੀ ਪੱਕੀ, ਲਾਲ ਲਾਟ 'ਚ ਤੁੰਨ੍ਹੀ।**
**ਸਿਖਰ ਦੁਪਹਿਰੇ ਰੜੇ ਬੈਠ ਕੇ, ਵੇਚਣ ਨੂੰ ਲੈ ਆਈ,**
**ਟਾਵਾਂ ਟਾਵਾਂ ਗਾਹਕ ਟਪਕਦੈ, ਤ੍ਰੇਹ ਨੇ ਖੂਬ ਸਤਾਈ।**

### ਕੈਪਸ਼ਨ ਮੁਕਾਬਲਾ-533



ਭਾਵੇਂ ਨਹੀਂ ਟਿਕਾਣਾ ਕੋਈ
ਅੱਜ ਐਥੇ, ਕੱਲ੍ਹ ਓਥੇ ਜਾਏ।
ਨਾਲ ਰੀਤ ਦੇ ਸ਼ੌਕ ਰਲ਼ ਗਿਆ
ਫਿਰ ਰੀਸ ਕਰੀ ਨਾ ਜਾਏ।
ਗਲ਼ ਹੰਸਲੀ ਤਵੀਤਾਂ ਵਾਲੀ
ਕੰਨਾਂ ਵਿਚ ਨੇ ਬੁੰਦੇ ਪਾਏ।
ਠੋਡੀ, ਮੱਥੇ, ਤਿਲ਼ ਖੁਣਵਾ ਕੇ
ਚਾਰ ਚੰਨ ਮੁੱਖੜੇ ਨੂੰ ਲਾਏ।
ਬੰਦ ਅੱਖਾਂ ਤੇ ਮੁੱਖ 'ਤੇ ਹਾਸਾ
ਰੱਬੀ ਰੂਹ ਦੇ ਦਰਸ਼ ਕਰਵਾਏ।
***-ਜਗਮੀਤ ਸਿੰਘ ਪੰਧੇਰ***
***ਫੋਨ: +1 2042963179***

---

ਕਮੀਨੇ ਲੋਕਾਂ ਦੀਆਂ ਕਮੀਨੀਆਂ ਨਜ਼ਰਾਂ,
ਸਾਡੇ ਚਿਹਰੇ 'ਤੇ ਹੀ ਕਿਉਂ ਜਾਣ?
ਕਿਰਤੀ ਹਾਂ, ਖਾਈਏ ਹੱਕ ਦੀ ਕਮਾਈ,
ਮਹਿਲਾਂ ਤੋਂ ਉੱਚੀ ਸਾਡੀ ਝੁੱਗੀਆਂ ਦੀ ਸ਼ਾਨ।
ਬਣਜਾਰਨ ਹਾਂ, ਬਜ਼ਾਰੂ ਨ੍ਹੀਂ ਹਾਂ,
ਪਹਿਰਾਵਾ ਹੀ ਸਾਡੀ ਪਹਿਚਾਣ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ ਬਠਿੰਡਾ।***
***ਫੋਨ: 94176-49275***

---

ਸੁੰਦਰਤਾ ਨਹੀਂ ਲੋੜੀਂਦੀ ਗਹਿਣੇ
ਐਪਰ ਹਰ ਕੋਈ ਸ਼ੀਸ਼ੇ ਅੱਗੇ ਖੜ੍ਹ
ਦੇਖਦਾ ਹੀ ਰਹਿੰਦਾ ਕਿੰਝ ਲੱਗਦਾਂ।
ਕਰ ਹਾਰ ਸ਼ਿੰਗਾਰ,
ਪਾ ਗਹਿਣਾ-ਗੱਟਾ
ਹੁਸਨ ਡੁੱਲ-ਡੁੱਲ ਪੈਂਦਾ
ਆਉਂਦਾ-ਜਾਂਦਾ ਪਿੱਛੇ
ਮੁੜ-ਮੁੜ ਝਾਕਦਾ।
ਤਾਹੀਓਂ ਕਹਾਉਂਦੀ ਵਣਜਾਰਨ
ਆ ਗਿਆ ਵਣਜਾਰਾ ਨੀ
ਚੜ੍ਹਾ ਲਓ ਵੰਗਾਂ ਚੂੜੀਆਂ
ਸਮਾਨ ਵੀ ਦੂਹਾ ਦੂਹ ਵਿਕ ਜਾਂਦਾ
***-ਦਰਸ਼ਨ ਪਾਲ ਦੋਸਾਂਝ***

---

ਸਾਦਗੀ ਵਿਚ ਹੁਸਨ ਤੂੰ,
ਕਿੱਦਾਂ ਛੁਪਾ ਰੱਖਿਆ,
ਬਣਾ ਕੇ ਤੈਨੂੰ ਹੁਸੀਨ ਨੀਂ,
ਕਾਦਰ ਜੱਸ ਖੱਟਿਆ।
ਗੋਦੜੀ ਸਾਂਭੇ ਲਾਲ ਨੀਂ,
ਕੁਦਰਤ ਖੇਡੇਂ ਗੋਦ ਤੂੰ,
ਮੋਤੀਆਂ ਵਰਗੇ ਦੰਦ ਨੇ,
ਕਾਲ਼ੇ ਤਿਲ਼ ਹੈ ਪੱਟਿਆ।
***-ਸੇਵਾ ਸਿੰਘ ਨੂਰਪੁਰੀ***

## *ਮਾੜੇ ਦਿਨਾਂ ਦੀ ਕਹਾਣੀ*

ਭੈਣਾਂ ਅਤੇ ਭਰਾਵਾਂ ਨੇ ਵੀ,
ਛੱਡਿਆ ਸਾਥ ਸੀ, ਸਾਹਵਾਂ ਨੇ ਵੀ।
ਜਿੱਥੇ ਸਾਨੂੰ ਲੋੜ ਪਈ,
ਉੱਥੇ ਛੱਡਿਆ ਸਾਥ ਦੁਆਵਾਂ ਨੇ ਵੀ।

ਭਾਗਾਂ ਵਾਲੇ ਬੇਭਾਗੇ ਹੋ ਗਏ,
ਛੱਡਿਆ ਸਾਥ ਇੱਛਾਵਾਂ ਨੇ ਵੀ
ਬੌਣੀਆਂ ਸੀ ਜੋ ਸਾਡੇ ਅੱਗੇ,
ਘੇਰਿਆ ਉਨ੍ਹਾਂ ਬਲਾਵਾਂ ਨੇ ਵੀ।

ਵੇਖ ਮੁਸੀਬਤ ਸਾਡੇ ਉੱਤੇ,
ਬਦਲਿਆ ਰੁਖ਼ ਹਵਾਵਾਂ ਨੇ ਵੀ।
ਕੱਲੇ ਤੇ ਕਮਜ਼ੋਰ ਵੇਖ ਕੇ,
ਫਾਇਦਾ ਚੁੱਕਿਆ ਕਾਵਾਂ ਨੇ ਵੀ।

ਠੋਕਰਾਂ ਖਾ ਕੇ ਆਈਆਂ ਅਕਲਾਂ,
ਦਿੱਤੀ ਜ਼ਿੰਦਗੀ ਬਦਲ ਸੁਝਾਵਾਂ ਨੇ ਵੀ।
ਧੁੱਪਾਂ ਵਿਚ ਪਕਾਇਆ ਹੌਸਲਾ,
ਛੱਡਿਆ ਸਾਥ ਸੀ ਛਾਵਾਂ ਨੇ ਵੀ।

ਘੁੱਪ ਹਨੇਰਾ ਰੋਕ ਨਾ ਸਕਿਆ,
ਉਲਝਾਇਆ ਸੀ ਰਾਹਵਾਂ ਨੇ ਵੀ।
ਟੁਕੜਿਆਂ ਦੇ ਵਿਚ ਵੰਡ ਗਈ ਹਿੰਮਤ,
ਸ਼ੁਰੂ ਕਰਤਾ ਮਰਨਾ ਚਾਹਵਾਂ ਨੇ ਵੀ।

ਵੀਰਪਾਲ ਭੱਠਲ ਨੂੰ ਆਖ ਬੇਵਫ਼ਾ,
ਛੱਡ ਦਿੱਤਾ ਸਾਥ ਵਫਾਵਾਂ ਨੇ ਵੀ।
ਕਲਮ ਬਣੀ ਮੇਰੇ ਵਜ੍ਹਾ ਜਿਉਣ ਦੀ,
ਦਿੱਤਾ ਸਾਥ ਕਵਿਤਾਵਾਂ ਨੇ ਵੀ।
***-ਵੀਰਪਾਲ ਕੌਰ ਭੱਠਲ***

# ਜੰਗ-ਏ-ਆਜ਼ਾਦੀ ਦੇ ਮਈ ਮਹੀਨੇ ਨਾਲ ਸਬੰਧਤ ਸ਼ਹੀਦ ਯੋਧੇ

ਅਣਖੀ ਹਿੰਦੋਸਤਾਨੀ ਜਦੋਂ ਅੰਗਰੇਜ਼ ਰਾਜ ਦੇ ਖਾਤਮੇ ਲਈ ਕਦਮ ਨਾਲ ਕਦਮ ਮਿਲਾ ਕੇ ਤੁਰੇ ਤਾਂ ਉਹ ਕਿਸੇ ਵੀ ਜੋਖਮ ਨੂੰ ਮੁੱਲ ਲੈਣ ਤੋਂ ਪਿੱਛੇ ਨਹੀਂ ਹਟੇ। ਹਰੇਕ ਹਿੰਦੋਸਤਾਨੀ ਨੇ ਆਪਣੀ ਜਥਾ-ਸ਼ਕਤੀ ਮੁਤਾਬਕ ਹਿੱਸਾ ਲਿਆ। ਉਹ ਭਲੀ ਭਾਂਤ ਜਾਣਦੇ ਸਨ ਕਿ ਆਜ਼ਾਦੀ ਸੰਗਰਾਮ ਬਲੀਦਾਨ ਮੰਗਦਾ ਹੈ। ਜਿਸ ਬਾਰੇ ਇਤਿਹਾਸ ਗਵਾਹ ਹੈ ਕਿ ਗੁਲਾਮ ਮਾਂ-ਭੂਮੀ ਦੇ ਸੰਗਲ ਨੂੰ ਤੋੜਨ ਲਈ ਅਣਖੀ ਯੋਧਿਆਂ ਨੇ ਆਪਣੀਆਂ ਜਾਇਦਾਦਾਂ ਦੀਆਂ ਕੁਰਕੀਆਂ ਕਰਵਾਈਆਂ, ਤਸ਼ੱਦਦ ਸਹੇ, ਜਲਾਵਤਨ ਹੋਏ, ਜੇਲ੍ਹਾਂ ਕੱਟੀਆਂ ਅਤੇ ਫਾਂਸੀਆਂ ਦੇ ਰੱਸੇ ਚੁੰਮੇ।

ਹਜ਼ਾਰਾਂ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਖੂਨ ਨਾਲ ਹਿੰਦੋਸਤਾਨ ਦੀ ਆਜ਼ਾਦੀ ਦਾ ਇਤਿਹਾਸ

**ਮਨਮੋਹਨ ਪੂਨੀ**
**ਫੋਨ: 347-753-5940**

ਲਿਖਿਆ ਗਿਆ ਹੈ। ਅਸੀਂ ਸਾਰੇ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਆਜ਼ਾਦੀ ਦੇ ਉਸਰੇ ਮਹਿਲ ਦਾ ਅਨੰਦ ਲੈ ਰਹੇ ਹਾਂ ਪਰ ਇਸ ਗੱਲ ਤੋਂ ਅਣਗੌਲੇ ਹਾਂ ਕਿ ਬਹੁਤੇ ਸ਼ਹੀਦ ਇਤਿਹਾਸ ਦੇ ਪੰਨਿਆਂ ਤੋਂ ਵਿਰਵੇ ਹਨ।

ਹਿੰਦੋਸਤਾਨ ਦੀ ਅੰਗਰੇਜ਼ ਸਾਮਰਾਜ ਵਿਰੁੱਧ ਆਜ਼ਾਦੀ ਦੀ ਜੰਗ ਵਿਚ ਹਰ ਧਰਮ ਦੇ ਆਜ਼ਾਦੀ ਪਸੰਦ ਯੋਧਿਆਂ ਨੇ ਹਿੱਸਾ ਲਿਆ। ਆਪਣੇ ਨਿੱਜੀ ਮੁਫਾਦਾਂ ਨੂੰ ਇਕ ਪਾਸੇ ਰੱਖ ਕੇ ਦੇਸ਼ ਨੂੰ ਆਪਣਾ ਘਰ ਜਾਣਿਆ। ਗੁਲਾਮ ਹਿੰਦੋਸਤਾਨ ਨੂੰ ਆਜ਼ਾਦੀ ਤਕ ਲੈ ਕੇ ਜਾਣ ਦਾ ਔਕੜਾਂ ਭਰਿਆ ਸਮਾਂ ਤੈਅ ਕੀਤਾ।

ਸ਼ਹੀਦ, ਲੋਕ-ਹਿਤੈਸ਼ੀ ਹੁੰਦੇ ਹਨ ਅਤੇ ਸਰਕਾਰਾਂ ਦੀਆਂ ਅਣਮਨੁੱਖੀ ਕਾਰਵਾਈਆਂ ਦੇ ਵਿਰੋਧ 'ਚ ਖੜ੍ਹਨ ਦੀ ਤਾਕਤ ਹੁੰਦੇ ਹਨ। ਸ਼ਹੀਦਾਂ ਦੀਆਂ ਕੁਰਬਾਨੀਆਂ ਦਾ ਵੇਰਵਾ ਤਾਂ ਸ਼ਾਇਦ ਕਦੀ ਵੀ ਪੂਰਾ ਨਹੀਂ ਹੋਵੇਗਾ ਅਤੇ ਨਾ ਹੀ ਲਿਖਿਆ ਜਾ ਸਕਦਾ ਹੈ। ਅਸੀਂ ਆਪਣੀ ਜਥਾ-ਸ਼ਕਤੀ ਨਾਲ ਭੁੱਲੇ ਵਿਸਰੇ ਸ਼ਹੀਦਾਂ ਨੂੰ ਲੱਭਣ ਦੇ ਯਤਨ ਕਰ ਰਹੇ ਹਾਂ।

ਮਈ ਮਹੀਨੇ ਦੇ ਸ਼ਹੀਦਾਂ ਨੂੰ ਚੇਤਿਆਂ ਦਾ ਹਿੱਸਾ ਬਣਾਉਣ ਅਤੇ ਵਿਰਸੇ ਨਾਲ ਜੋੜਨ ਲਈ ਜਾਣਕਾਰੀ ਸਮਰਪਿਤ ਹੈ:

1. 3 ਮਈ, 1860 ਸ਼ਹੀਦ ਜਵਾਲਾ ਪ੍ਰਸਾਦ ਜੀ ਨੂੰ ਕਾਨ੍ਹਪੁਰ ਵਿਖੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ। 1857 ਦੇ ਗ਼ਦਰ ਦੇ ਸਮੇਂ ਆਪ ਨਾਨਾ ਸਾਹਿਬ ਦੀ ਫ਼ੌਜ ਦੇ ਕਮਾਂਡਰ ਸਨ।

2. 3 ਮਈ, 1915 ਨੂੰ ਕਾਸਮ ਇਸਮਾਈਲ ਮਨਸੂਰ ਜੀ ਨੂੰ ਸਿੰਘਾਪੁਰ ਵਿਚ ਅੰਗਰੇਜ਼ੀ ਹਕੂਮਤ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਸੀ।

3. 4, ਮਈ 1933 ਨੂੰ ਸ੍ਰੀ ਗੋਬਿੰਦ ਰਾਮ ਜੀ ਵਰਮਾ ਇਕ ਬੈਂਕ ਡਾਕੇ ਵਿਚ ਸ਼ਹੀਦੀ ਪਾ ਗਏ। ਆਪ ਆਜ਼ਾਦੀ ਘੁਲਾਟੀਏ ਸਨ।

4. 6 ਮਈ 1950 ਨੂੰ ਮਿਸ ਐਗਨਸ ਸਮੇਡਲੀ ਜੋ ਮਿਸਟਰ ਚਾਰਲਸ ਅਤੇ ਮਿਸ ਸਾਰਾਹ ਦੀ ਬੇਟੀ ਚੀਨ ਦੇ ਇਨਕਲਾਬੀਆਂ ਦਾ ਸਾਥ ਦੇਂਦੀ ਬੀਮਾਰੀ ਕਾਰਨ ਦਮ ਤੋੜ ਗਈ। ਉਹ ਆਜ਼ਾਦੀ ਦੀ ਲੜਾਈ ਲੜ ਰਹੇ ਹਿੰਦੋਸਤਾਨੀਆਂ ਦੀ ਦੋਸਤ ਸੀ ਇੰਝ ਕਹੀਏ ਸਾਰੇ ਸੰਸਾਰ ਦੇ ਆਜ਼ਾਦੀ ਪਸੰਦੀਆਂ ਦੀ ਦੋਸਤ ਸੀ।

5. 7 ਮਈ, 1979 ਨੂੰ ਗੁਰਚਰਨ ਸਿੰਘ ਸਹਿੰਸਰਾ ਜੀ ਸਦੀਵੀ ਵਿਛੋੜਾ ਦੇ ਕੇ ਆਜ਼ਾਦੀ ਦੇ ਸ਼ਹੀਦਾਂ ਦੀ ਕਤਾਰ ਵਿਚ ਖਲੋਅ ਗਏ। ਆਪ 1927-1930 ਤਕ ਡੀ.ਸੀ. ਦਫ਼ਤਰ ਅੰਮ੍ਰਿਤਸਰ ਵਿਚ ਬਤੌਰ ਬਾਬੂ ਸਨ। 1930 ਦੀ ਸਿਵਲ ਨਾਫ਼ਰਮਾਨੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਨੌਕਰੀ ਛੱਡ ਦਿੱਤੀ। ਨੌਜਵਾਨ ਭਾਰਤ ਸਭਾ ਦੇ ਮੈਂਬਰ ਬਣੇ। ਕਈ ਵਾਰ ਜੇਲ੍ਹ ਯਾਤਰਾ ਕੀਤੀ। ਕਿਰਤੀ ਲਹਿਰ ਦੇ ਪਰਚੇ ਦੇ ਐਡੀਟਰ ਰਹੇ। ਗ਼ਦਰੀ ਬਾਬਿਆਂ ਦੀ ਕਮੇਟੀ ਨਾਲ ਮਿਲ ਕੇ ਗ਼ਦਰ ਪਾਰਟੀ ਦਾ ਇਤਿਹਾਸ ਲਿਖਿਆ। ਅੰਤਮ ਸਾਹ ਤਕ ਦੇਸ਼ ਦੀ ਕਿਰਤੀ ਲਹਿਰ ਨਾਲ ਜੁੜੇ ਰਹੇ।

6. 8 ਮਈ, 1899 ਵਾਸੁਦੇਵਾ ਚਾਪੇਕਰ ਜੀ ਨੂੰ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਆਪ ਨੂੰ ਗ਼ਦਾਰ ਦਰਾਵਣਾਂ ਨੂੰ ਮੌਤ ਦੇ ਘਾਟ ਉਤਾਰ ਕੇ ਮਾਂ-ਭੂਮੀ ਦਾ ਕਰਜ਼ ਉਤਾਰਨ ਦੇ ਦੋਸ਼ 'ਚ ਫਾਂਸੀ ਹੋਈ ਸੀ। ਇਹ ਮਹਾਰਾਸ਼ਟਰ ਦੇ ਅਣਖੀ ਯੋਧਾ ਸਨ।

7. 8 ਮਈ, 1915 ਨੂੰ ਸ੍ਰੀ ਬਾਲ ਮੁਕੰਦ ਜੀ ਨੂੰ ਦਿੱਲੀ ਬੰਬ ਕਾਂਡ 'ਚ ਦੋਸ਼ੀ ਠਹਿਰਾ ਕੇ ਫਾਂਸੀ ਹੋਈ ਸੀ। ਆਪ ਸ਼ਹੀਦਾਂ ਦੀ ਕਤਾਰ ਦਾ ਚਮਕਦਾ ਲਾਲ ਸਿਤਾਰਾ ਹਨ। ਉਨ੍ਹਾਂ ਦੀ ਪਤਨੀ ਬੀਬੀ ਰਾਮ ਰੱਖੀ ਵੀ ਫਾਂਸੀ ਦਾ ਪਤਾ ਲੱਗਣ ਉਪਰੰਤ ਹੀ ਦਮ ਤੋੜ ਗਏ ਸਨ।

8. 8 ਮਈ, 1915 ਅਵੱਧ ਬਿਹਾਰੀ ਜੀ ਨੂੰ ਦਿੱਲੀ ਚਾਂਦਨੀ ਚੌਕ 'ਚ ਲਾਰਡ ਹਾਰਡਿੰਗ ਉੱਪਰ ਬੰਬ ਸੁੱਟਣ ਦੇ ਦੋਸ਼ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਸੀ।

9. 8 ਮਈ, 1915 ਨੂੰ ਮਾਸਟਰ ਅਮੀਰ ਚੰਦ ਜੀ ਨੂੰ ਦਿੱਲੀ ਬੰਬ ਕਾਂਡ ਦੇ ਦੋਸ਼ ਤਹਿਤ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

10. 9 ਮਈ, 1938 ਨੂੰ ਬਾਬਾ ਜਵਾਲਾ ਸਿੰਘ ਠੱਠੀਆਂ ਜੀ ਬੱਸ ਹਾਦਸੇ ਵਿਚ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੇ ਮਾਣਮੱਤੇ ਇਤਿਹਾਸ ਦਾ ਪੰਨਾ ਬਣ ਗਏ। ਆਪ ਗ਼ਦਰ ਪਾਰਟੀ ਦੇ ਬਾਨੀਆਂ ਵਿਚ ਮੋਹਰਲੀ ਕਤਾਰ ਦੇ ਆਗੂ ਸਨ। ਗ਼ਦਰ ਅਖ਼ਬਾਰ ਸ਼ੁਰੂ ਕੀਤੀ। ਅਮਰੀਕਾ ਵਿਚ ਉੱਚੇ ਕੱਦ ਦੇ ਜ਼ਿਮੀਂਦਾਰ ਅਤੇ ਆਲੂਆਂ ਦੇ ਬਾਦਸ਼ਾਹ ਸਨ। ਹਿੰਦੋਸਤਾਨ ਨੂੰ ਅੰਗਰੇਜ਼ ਤੋਂ ਆਜ਼ਾਦ ਕਰਾਉਣ ਲਈ ਅਮਰੀਕਾ ਤੋਂ ਵਾਪਸੀ ਕੀਤੀ। ਕਿਸਾਨਾਂ ਦੀ ਅਗਵਾਈ ਕੀਤੀ, ਮੁਜ਼ਾਰਾ ਲਹਿਰ ਚਲਾਈ। ਜ਼ਮੀਨ ਹਲ ਵਾਹਕ ਦੀ ਲੜਾਈ ਲੜੀ ( ਅਨਦ ਟੋ ਠਲਿਲਰ) ਗ਼ਦਰ ਲਹਿਰ ਦੇ ਮੋਹਰੀ ਆਗੂ ਹਮੇਸ਼ਾਂ ਯਾਦ ਰਹਿਣਗੇ।

11. 10 ਮਈ, 1915 ਨੂੰ ਬਸੰਤ ਕੁਮਾਰ ਜੀ ਨੂੰ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਉੱਤੇ 23 ਦਸੰਬਰ, 1912 ਨੂੰ ਦਿੱਲੀ ਚਾਂਦਨੀ ਚੌਕ ਵਿਚ ਲਾਰਡ ਹਾਰਡਿੰਗ ਉੱਪਰ ਬੰਬ ਸੁੱਟਣ ਦੇ ਦੋਸ਼ ਸਨ।

12. 10 ਮਈ, 1991 ਨੂੰ ਸ. ਪ੍ਰੀਤਮ ਸਿੰਘ ਜੀ ਲਿੱਤਰਾਂ, ਡਿਸਟ੍ਰਿਕਟ ਹੁਸ਼ਿਆਰਪੁਰ ਸਦੀਵੀ ਵਿਛੋੜਾ ਦੇ ਗਏ ਤੇ ਆਜ਼ਾਦੀ-ਏ-ਹਿੰਦੋਸਤਾਨ ਦੇ ਸ਼ਹੀਦਾਂ ਦੀ ਕਤਾਰ ਵਿਚ ਖਲੋਅ ਗਏ। ਆਪ ਆਜ਼ਾਦੀ ਘੁਲਾਟੀਏ ਸਨ, ਕਿਸਾਨ ਜਥੇਬੰਦੀਆਂ ਵਿਚ ਅਗਲੀਆਂ ਕਤਾਰਾਂ ਦੇ ਆਗੂ ਸਨ। ਆਖ਼ਰੀ ਦਮ ਤਕ ਮਜ਼ਦੂਰ-ਕਿਸਾਨ ਦੀ ਲੁੱਟ ਦੇ ਵਿਰੋਧ ਵਿਚ ਲੜੇ। ਕਈ ਵਾਰ ਜੇਲ੍ਹ ਯਾਤਰਾ ਕੀਤੀ।

13. 12 ਮਈ, 1899 ਨੂੰ ਸ੍ਰੀ ਬਾਲ ਕ੍ਰਿਸ਼ਨ ਜੀ ਨੂੰ ਜ਼ਰਵਦਾ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਉਨ੍ਹਾਂ 'ਤੇ ਮਹਾਰਾਣੀ ਦੇ ਬੁੱਤ ਨੂੰ ਕਾਲਖ਼ ਮਲਣ ਤੇ ਏਅਰ-ਕਮਾਂਡਰ ਅਤੇ ਪੁਲਿਸ ਅਫ਼ਸਰ ਰੈਂਡ ਨੂੰ ਗੋਲੀਆਂ ਮਾਰ ਕੇ ਹਲਾਕ ਕਰਨ ਦਾ ਦੋਸ਼ ਸੀ।

14. 12 ਮਈ, 1973 ਨੂੰ ਜਥੇਦਾਰ ਚੰਨਣ ਸਿੰਘ ਸੀਹਰਾ ਜੀ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ ਵਿਚ ਖਲੋਅ ਗਏ। ਆਪ ਜੈਤੋ ਦੇ ਮੋਰਚੇ ਵਿਚ ਗਏ ਪਰ ਛੋਟੀ ਉਮਰ ਕਰ ਕੇ ਵਾਪਸ ਭੇਜ ਦਿੱਤਾ ਗਿਆ। ਕਿਰਪਾਨ ਮੋਰਚਾ (ਲਾਹੌਰ) ਵਿਚ ਬਾਬਾ ਗੰਗਾ ਸਿੰਘ ਨਾਲ ਜੇਲ੍ਹ ਯਾਤਰਾ ਕੀਤੀ। ਆਪ ਅੰਗਰੇਜ਼ ਵਿਰੋਧੀ ਅਤੇ ਦੇਸ਼ ਭਗਤ ਸਨ।

15. 13 , ਮਈ 1951 ਮੌਲਾਨਾ ਹਸਰਤ ਮੋਹਾਨੀ ਜੀ ਲਖਨਊ 'ਚ ਸਦੀਵੀ ਵਿਛੋੜਾ ਦੇ ਗਏ ਤੇ ਸ਼ਹੀਦਾਂ ਦੀ ਕਤਾਰ ਵਿਚ ਸ਼ਾਮਲ ਹੋ ਗਏ। ਆਪ ਗ਼ਦਰ ਲਹਿਰ ਵਿਚ ਕੰਮ ਕਰਨ ਦੇ ਦੋਸ਼ ਵਿਚ ਦੋ ਸਾਲ ਜੇਲ੍ਹ ਗਏ। ਸਾਰੀ ਜ਼ਿੰਦਗੀ ਦੇਸ਼ ਦੀ ਆਜ਼ਾਦੀ ਲਈ ਲੜੇ, 1946 'ਚ ਯੂ.ਪੀ ਅਸੈਂਬਲੀ ਅਤੇ ਉਸੇ ਸਮੇਂ ਪਾਰਲੀਮੈਂਟ ਦੇ ਮੈਂਬਰ ਬਣੇ। ਅੰਗਰੇਜ਼ ਜਾਣ ਤੋਂ ਬਾਅਦ ਦੇਸ਼ ਦੀ ਬੇਹਤਰੀ ਅਤੇ ਜਨਤਾ ਲਈ ਹੱਕ ਸੱਚ ਦੀ ਲੜਾਈ ਲੜਦੇ ਰਹੇ।

16. 14 ਮਈ, 1934 ਨੂੰ ਬੈਕੁੰਠ ਸੁਕਲ ਜੀ ਜਲਾਲਪੁਰ(ਬਿਹਾਰ) ਦੀ ਗਯਾ ਜੇਲ੍ਹ 'ਚ ਸ਼ਹੀਦ ਹੋਏ। ਆਪ ਨੌਜਵਾਨ ਭਾਰਤ ਸਭਾ ਦੇ ਇਨਕਲਾਬੀ ਸਨ। ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਖ਼ਿਲਾਫ਼ ਗਵਾਹੀ ਦੇਣ ਵਾਲੇ ਲਾਹੌਰ ਸਾਜ਼ਿਸ਼ ਕੇਸ ਦੇ ਸਰਕਾਰੀ ਗਵਾਹ ਫ਼ਨਿੰਦਰ ਘੋਸ਼ ਦੇ ਕਤਲ ਦੇ ਦੋਸ਼ 'ਚ ਫਾਂਸੀ ਹੋਈ।

16. 16 ਮਈ, 1916 ਨੂੰ ਭਗਤ ਸਿੰਘ ਉਰਫ਼ ਗਾਂਧਾ ਜੀ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਉਨ੍ਹਾਂ ਉੱਪਰ ਫੇਰੂ ਸਾਕੇ ਵਿਚ ਸ਼ਮੂਲੀਅਤ, ਥਾਣੇਦਾਰ ਤੇ ਜ਼ੈਲਦਾਰ ਨੂੰ ਗੋਲੀਆਂ ਮਾਰ ਕੇ ਪਾਰ ਬੁਲਾਉਣ ਦੇ ਦੋਸ਼ ਸਨ।

17. 16 ਮਈ, 1931 ਨੂੰ ਅਕਾਲੀ ਬੱਬਰ ਲਾਭ ਸਿੰਘ ਜੀ ਅਤੇ ਭਾਨ ਸਿੰਘ ਜੀ ਵਾਸੀ ਰੰਧਾਵਾ ਮਸੰਦਾਂ (ਜਲੰਧਰ), ਸਾਧੂ ਸਿੰਘ ਜੀ ਸਾਧੜਾ (ਹੁਸ਼ਿਆਰਪੁਰ) ਜਲੰਧਰ ਜੇਲ੍ਹ 'ਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਗਏ। ਉਨ੍ਹਾਂ 'ਤੇ ਪੁਲਿਸ ਅਫ਼ਸਰਾਂ ਤੇ ਮੁਖ਼ਬਰਾਂ ਨੂੰ ਮਾਰਨ ਦਾ ਦੋਸ਼ ਸੀ। ਇਹ ਮੁਖ਼ਬਰ ਬੱਬਰਾਂ ਦੇ ਪਰਿਵਾਰਾਂ ਨੂੰ ਤੰਗ ਕਰਦੇ ਸਨ ਜਦਕਿ ਬੱਬਰ ਆਜ਼ਾਦੀ ਦੇ ਮੈਦਾਨ-ਏ-ਜੰਗ ਵਿਚ ਸਨ।

18. 17 ਮਈ, 1933 ਨੂੰ ਮਹਾਂਬੀਰ ਸਿੰਘ ਜੀ ਅੰਡੇਮਾਨ, ਕਾਲਾ ਪਾਣੀ ਜੇਲ੍ਹ 'ਚ ਸੁਵਿਧਾਵਾਂ ਵਿਰੁੱਧ ਰੱਖੀ ਭੁੱਖ ਹੜਤਾਲ ਕਰਕੇ ਸ਼ਹੀਦੀ ਪ੍ਰਾਪਤ ਕਰ ਗਏ।

19. 18 ਮਈ, 1986 ਨੂੰ ਦੇਸ਼ ਭਗਤ ਬਾਬਾ ਖੜਕ ਸਿੰਘ (ਕਾਰ ਸੇਵਾ ਵਾਲੇ) ਅਕਾਲ ਚਲਾਣਾ ਕਰ ਗਏ ਤੇ ਸ਼ਹੀਦਾਂ ਦੀ ਲੰਬੀ ਕਤਾਰ ਦਾ ਹਿੱਸਾ ਬਣੇ। ਜੈਤੋ ਦੇ ਮੋਰਚੇ 'ਚ ਹਿੱਸਾ ਲਿਆ, ਕਈ ਗੁਰੂ ਘਰਾਂ ਦੀ ਕਾਰ ਸੇਵਾ ਕੀਤੀ ਤੇ ਸਕੂਲ ਕਾਲਜ ਖੋਲ੍ਹੇ।

20. 19 ਮਈ, 1927 ਨੂੰ ਭਾਈ ਸ. ਸੰਤੋਖ ਸਿੰਘ ਜੀ ਪੁੱਤਰ ਸ. ਜਵਾਲਾ ਸਿੰਘ ਪਿੰਡ ਧਰਦਿਉ ਜ਼ਿਲ੍ਹਾ ਅੰਮ੍ਰਿਤਸਰ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ 'ਚ ਦਾਖਲ ਹੋ ਗਏ। ਆਪ ਕਹਿਣੀ ਤੇ ਕਰਨੀ ਦੇ ਸੂਰੇ ਸਨ। ਆਪ ਪਹਿਲਾਂ ਕੈਨੇਡਾ ਫਿਰ ਅਮਰੀਕਾ ਗਏ। ਗ਼ਦਰ ਪਾਰਟੀ ਦੇ ਆਗੂ ਸਨ। ਆਪ ਨੇ 1926 'ਚ ਕਿਰਤੀ ਪਰਚਾ ਸ਼ੁਰੂ ਕੀਤਾ, ਜੋ ਅੰਗਰੇਜ਼ ਵਿਰੁੱਧ ਲੜਾਈ ਦਾ ਬੁਲਾਰਾ ਸੀ।

21. 19 ਮਈ, 1939 ਨੂੰ ਬੱਬਰ ਅਕਾਲੀ ਗਿਆਨੀ ਗੁਰਦਿੱਤ ਸਿੰਘ ਜੀ ਦਲੇਰ, ਮੰਢਾਲੀ (ਨਵਾਂ ਸ਼ਹਿਰ) ਗ਼ਦਾਰ ਅਨੂਪ ਸਿੰਘ ਨੂੰ ਪਾਰ ਬੁਲਾਉਣ ਦੇ ਦੋਸ਼ 'ਚ ਫਾਂਸੀ ਦਾ ਰੱਸਾ ਚੁੰਮ ਕੇ ਸ਼ਹੀਦ ਹੋ ਗਏ।

22. 19 ਮਈ, 1987 ਨੂੰ ਦੀਪਕ ਧਵਨ ਜੀ ਨੂੰ ਸਮਾਜ ਵਿਰੋਧੀ ਸਿਰ ਫਿਰਿਆਂ ਨੇ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਮਜ਼ਦੂਰਾਂ-ਕਿਸਾਨਾਂ ਨੂੰ ਆਪਣੇ ਹੱਕਾਂ ਲਈ ਜਾਗ੍ਰਿਤ ਕਰਨਾ, ਲੁੱਟ ਰਹਿਤ ਸਮਾਜ ਦੀ ਸਿਰਜਣਾ ਅਤੇ ਆਜ਼ਾਦੀ ਨੂੰ ਬਚਾਉਣਾ ਉਨ੍ਹਾਂ ਦਾ ਨਿਸ਼ਾਨਾ ਸੀ। ਦੀਪਕ ਧਵਨ ਸੱਚ ਹੀ ਦੀਪਕ ਵਰਗੀ ਸੋਚ ਦੇ ਮਾਲਿਕ ਸਨ, ਜਿਸ ਦੀ ਲੋਅ ਅੱਜ ਵੀ ਮਜ਼ਦੂਰ ਜਗਤ ਨੂੰ ਰੌਸ਼ਨ ਕਰ ਰਹੀ ਹੈ।

23. 25 ਮਈ, 1919 ਨੂੰ ਅਹਿਮਦ ਉੱਲ੍ਹਾ ਜੀ ਸ਼ਹੀਦੀ ਜਾਮ ਪੀ ਗਏ। ਆਪ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਵਿਚ ਜ਼ਖ਼ਮੀ ਹੋ ਗਏ ਸਨ।

24. 26 ਮਈ, 1917 ਨੂੰ ਸ਼ਹੀਦ ਸ. ਇੰਦਰ ਸਿੰਘ ਜੀ ਤੇ ਉਸਦੇ ਸਾਥੀਆਂ ਨੇ ਪੁਲਿਸ ਦੇ ਮੁਖ਼ਬਰ ਗੁਰਮੁਖ ਸਿੰਘ ਪੱਧਰੀ ਕਲਾਂ ਨੂੰ ਮਾਰਨ ਦੇ ਦੋਸ਼ ਵਿਚ ਫ਼ਾਸੀ ਦਾ ਰੱਸਾ ਚੁੰਮਿਆ।

25. 26 ਮਈ, 1917 ਨੂੰ ਸ. ਜਵੰਦ ਸਿੰਘ ਉਰਫ਼ ਜਸਵੰਤ ਸਿੰਘ ਜੀ ਨੰਗਲ ਕਲਾਂ (ਹੁਸ਼ਿਆਰਪੁਰ) ਪੰਜਵੇਂ ਲਾਹੌਰ ਸਾਜ਼ਿਸ਼ ਕੇਸ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤੇ ਗਏ।

26. 26 ਮਈ, 1917 ਨੂੰ ਕੈਨੇਡਾ ਦੇ ਗ਼ਦਰੀ ਯੋਧੇ ਨਾਮ੍ਹਾ ਜੀ, ਬਾਬੂ ਜੀ ਅਤੇ ਸੁਰਜਨ ਸਿੰਘ ਜੀ ਫ਼ਤਿਹਗੜ੍ਹ (ਹੁਸ਼ਿਆਰਪੁਰ) ਹੁਰੀਂ ਫ਼ੇਰੂ ਮੁਕੱਦਮੇ ਵਿਚ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਸ਼ਹੀਦ ਹੋ ਗਏ। ਨਾਮ੍ਹਾ ਅਤੇ ਬਾਬੂ ਉੱਪਰ ਇਹ ਵੀ ਦੋਸ਼ ਸੀ ਕਿ ਉਹ ਮੰਡੀ ਦੇ ਰਾਜੇ ਦੇ ਭਤੀਜੇ ਠਾਕਰ ਜਵਾਹਰ ਸਿੰਘ ਨੂੰ ਗ਼ਦਰ ਪਾਰਟੀ ਨਾਲ ਜੁੜਨ ਵਾਸਤੇ ਕਹਿੰਦੇ ਸਨ।

27. 28 ਮਈ, 1930 ਨੂੰ ਸ੍ਰੀ ਭਗਵਤੀ ਚਰਨ ਵੋਹਰਾ ਜੀ ਸ਼ਹੀਦੀ ਜਾਮ ਪੀ ਕੇ ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣੇ। ਸ਼ਹੀਦ ਵੋਹਰਾ ਜੀ ਭਗਤ ਸਿੰਘ, ਰਾਜ ਗੁਰੂ ਅਤੇ ਸੁਖਦੇਵ ਨੂੰ ਬਾਹਰ ਕੱਢਣ ਲਈ ਜੇਲ੍ਹ ਤੋੜਨ ਵਾਸਤੇ ਬੰਬ ਬਣਾ ਰਹੇ ਸਨ ਜੋ ਟੈਸਟਿੰਗ ਵਿਚ ਹੀ ਚੱਲ ਜਾਣ ਕਰਕੇ ਸ਼ਹੀਦ ਹੋ ਗਏ।

28. ਮਈ 1944 ਨੂੰ ਸ. ਜੈਮਲ ਸਿੰਘ ਜੀ ਬਰਮਾ ਜੇਲ੍ਹ 'ਚ ਸ਼ਹੀਦ ਹੋਏ। ਆਪ ਆਜ਼ਾਦ ਹਿੰਦ ਫ਼ੌਜ ਦੀ ਤੀਸਰੀ ਗੁਰੀਲਾ ਰਜਮੈਂਟ ਵਿਚ ਸਨ। ਪਿੰਡ ਪਾਂਡਵਾ, ਡਾਕਖਾਨਾ ਦਾਲੀਆ ਦੱਦਰੀ (ਮਹਿੰਦਰਗੜ੍ਹ) ਦੇ ਵਸਨੀਕ ਸਨ। ਸ਼ਹੀਦੀ ਤਾਰੀਖ਼ ਨਹੀਂ ਮਿਲ ਸਕੀ।

29. ਮਈ 1915 ਨੂੰ ਜਮਨ ਸਿੰਘ ਜੀ ਪਿੰਡ ਠੱਕੋਵਾਲ, ਗੜ੍ਹਸ਼ੰਕਰ (ਹੁਸ਼ਿਆਰਪੁਰ) ਕੈਨੇਡਾ ਤੋਂ ਦੇਸ਼ ਆਜ਼ਾਦੀ ਲਈ ਵਾਪਿਸ ਆ ਕੇ ਗ਼ਦਰ ਪਾਰਟੀ ਦਾ ਹਿੱਸਾ ਬਣੇ। ਉਹ ਬਰ੍ਹਮਾ ਜੇਲ੍ਹ 'ਚ ਸ਼ਹੀਦੀ ਪਾ ਗਏ। ਸ਼ਹੀਦੀ ਤਾਰੀਖ਼ ਨਹੀਂ ਮਿਲ ਸਕੀ।

30. ਮਈ, 2001 ਨੂੰ ਸ. ਮਹਿਮਾ ਸਿੰਘ ਨੰਨੜਾ ਜੀ ਸਦੀਵੀ ਵਿਛੋੜਾ ਦੇ ਕੇ ਸ਼ਹੀਦਾਂ ਦੀ ਕਤਾਰ ਵਿਚ ਖਲੋਅ ਗਏ। ਆਪ ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀ ਸਨ। ਸਾਰਾ ਜੀਵਨ ਦੇਸ਼ ਲਈ ਸਮਰਪਿਤ ਕੀਤਾ। ਸੰਗਰੂਰ ਜ਼ਿਲ੍ਹੇ ਦੇ ਪਿੰਡ ਰੰਗੀਆਂ ਤੋਂ ਸਨ।

31. 31 ਮਈ, 1930 ਨੂੰ ਡਾ. ਗੰਗਾ ਸਿੰਘ ਜੀ ਆਪਣੇ ਪਰਿਵਾਰ ਨਾਲ ਟਾਂਗੇ ਵਿਚ ਬੈਠ ਗੁਰੂਘਰ ਨੂੰ ਜਾ ਰਹੇ ਸਨ। ਗੁਰੂ ਅਰਜਨ ਦੇਵ ਜੀ ਦਾ ਪੁਰਬ ਦਿਹਾੜਾ ਸੀ। ਡਾ. ਗੰਗਾ ਸਿੰਘ ਕਦੀ ਵੀ ਕਿਸੇ ਗੋਰੇ ਅਫ਼ਸਰ ਨੂੰ ਸਲੂਟ ਨਹੀਂ ਸਨ ਮਾਰਦੇ। ਟਾਂਗਾ ਕਾਬਲੀ ਦਰਵਾਜ਼ੇ ਥਾਈਂ ਲੰਘਣ ਲੱਗਿਆ ਤਾਂ ਉਸ ਪਿੱਕਟ ਦਾ ਇੰਚਾਰਜ ਲੈਫ਼ਟੀਨੈਂਟ ਬਰ ਸੀ ਜੋ ਪਹਿਲਾਂ ਹੀ ਡਾ. ਹੁਰਾਂ ਨਾਲ ਔਖਾ ਸੀ ਨੇ ਬਿਨਾਂ ਕਾਰਨ ਗੋਲੀ ਦਾ ਹੁਕਮ ਦੇ ਦਿੱਤਾ ਜਿਸ ਦੌਰਾਨ ਸਵਾ ਸਾਲ ਦੀ ਬੇਟੀ ਹਰਪਾਲ ਕੌਰ ਤੇ 9 ਸਾਲ ਦਾ ਬੇਟਾ ਬਚਿੱਤਰ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ। ਦੇਸ਼ ਦੀ ਆਜ਼ਾਦੀ ਲਈ ਲੜਨ ਵਾਲਿਆਂ ਨੇ ਆਪਣੇ ਬੱਚੇ ਵੀ ਸ਼ਹੀਦ ਕਰਵਾਏ।

***ਸਾਡੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਹੜੇ ਯੋਧਿਆਂ ਨੇ ਆਪਣੀਆਂ ਜਾਨਾਂ ਵਾਰੀਆਂ, ਸ਼ਹੀਦੀਆਂ ਪਾਈਆਂ ਉਨ੍ਹਾਂ ਦੀ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਕੇ ਸ਼ਹੀਦਾਂ ਦੇ ਅਣਖੀ ਵਿਰਸੇ ਬਾਰੇ ਪਾਠਕਾਂ ਨੂੰ ਦੱਸੀਏ। ਬਹੁਤ ਸ਼ਹੀਦ ਜਿਨ੍ਹਾਂ ਆਪਣੀਆਂ ਜਾਨਾਂ ਹਿੰਦੋਸਤਾਨ ਦੀ ਆਜ਼ਾਦੀ ਲਈ ਨਿਸ਼ਾਵਰ ਕੀਤੀਆਂ ਭੁੱਲੇ ਵਿਸਰੇ ਹੋਏ ਹਨ। ਜੇ ਕਿਸੇ ਕੋਲ ਕੋਈ ਜਾਣਕਾਰੀ ਹੋਵੇ ਤਾਂ ਸਾਡੇ ਨਾਲ ਸਾਂਝੀ ਕਰੋ ਤਾਂ ਕਿ ਉਨ੍ਹਾਂ ਨੂੰ ਬਣਦਾ ਮਾਣ ਮਿਲ ਸਕੇ। ਅੰਗਰੇਜ਼ ਸਾਮਰਾਜ ਦੀ ਗੁਲਾਮੀ ਦਾ ਜੂਲਾ ਉਤਾਰਨ ਲਈ, ਆਜ਼ਾਦੀ ਵਾਸਤੇ ਵੱਖ ਵੱਖ ਲਹਿਰਾਂ, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ, ਆਜ਼ਾਦੀ ਘੁਲਾਟੀਆਂ, ਗ਼ਦਰੀ ਬਾਬਿਆਂ ਅਤੇ ਅਕਾਲੀ ਬੱਬਰਾਂ ਦੇ ਕੀਤੇ ਹੋਏ ਕੰਮ ਨੂੰ ਯਾਦ ਕਰਨਾ ਚਾਹੀਦਾ ਹੈ।***

***ਸ਼ਹੀਦਾਂ ਨੂੰ ਸ਼ਰਧਾਂਜ਼ਲੀ।***

***- ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ, ਨਿਊਯਾਰਕ।***

# ਤਪਦੀਆਂ ਰੁੱਤਾਂ ਦੇ ਜਾਏ

## ਮਿੰਨੀ ਕਹਾਣੀ

**ਸੁਖਵਿੰਦਰ ਕੌਰ 'ਹਰਿਆਓ'**
**ਫੋਨ: 8427405492**

"ਨੀ ਸਿਆਮੋ ਕੀ ਕਰਦੀ ਐਂ...ਅੱਜ ਬੱਲੀਆਂ ਚੁਗਣ ਨਹੀਂ ਜਾਣਾ। ਮਖਾਂ 'ਰਾਮ ਨਾਲ ਬੈਠੀ ਐਂ'', ਰਤਨੋ ਨੇ ਵਿੰਗ ਤੜਿੰਗੇ ਫੱਟਿਆਂ ਵਾਲਾ ਬੂਹਾ ਖੋਲ ਕੇ ਅੰਦਰ ਵੜਦਿਆਂ ਕਿਹਾ। "ਨੀ ਜਾਣੈ ਕਿੱਥੇ 'ਰਾਮ ਨਾਲ ਬੈਠੀ ਆਂ...ਹਾਰੇ 'ਚ ਗੋਹੇ ਸੱਟੇ ਨੇ ਧੁਖ ਜਾਣ ਕੇਰਾਂ, ਫਿਰ ਆਪੇ ਹੀ ਦਾਲ ਰਿੱਝਦੀ ਰਹੂ'', ਸਿਆਮੋ ਨੇ ਥਾਲ 'ਚ ਮੂੰਗੀ ਪਾ ਕੇ ਲਿਫ਼ਾਫ਼ਾ ਹਾਰੇ ਦੇ ਗੋਹਿਆਂ 'ਤੇ ਸੁੱਟਦਿਆਂ ਕਿਹਾ। "ਨੀ ਆ ਨਾਲੇ ਕਹਿੰਦੇ ਨਵੀਂ ਸਰਕਾਰ ... ਇਨਕਲਾਬ ਲੈ ਕੇ ਆਈ, ਜੂਨ ਬਦਲੂ ਲੋਕਾਂ ਦੀ'', ਰਤਨੋ ਨੇ ਪੀੜ੍ਹੀ 'ਤੇ ਬੈਠਦਿਆਂ ਕਿਹਾ।

"ਨੀ ਕਿਹੜੀਆਂ ਆਪਣੀਆਂ ਜੂਨਾਂ ਬਦਲਣੀਆਂ ਨੇ, ਮੈਂ ਦਾਦੇ ਪੜਦਾਦੇ ਵਾਲਿਆਂ ਤੋਂ ਇਹੀ ਹਾਲ ਹੀਲੇ ਦੇਖਦੀ-ਸੁਣਦੀ ਆਈ ਆਂ। ਜੋ ਕਬੀਲਦਾਰੀ ਦੇ ਹੂਲੇ ਉਹ ਫੱਕਦੇ ਰਹੇ......ਆਪਾਂ ਫੱਕੀ ਜਾਨੇ ਆਂ। ਦੱਸ ਕੀ ਇਨਕਲਾਬ...ਨੋਟ ਅਸਮਾਨੋ ਸਿੱਟੂ ਜਾਂ......ਭੜੋਲੇ ਭਰੇ ਜਾਣੇ ਬੈਠੇ-ਬੈਠਾਇਆਂ ਦੇ। ਐਵੇਂ ਨਾ ਇਨ੍ਹਾਂ ਲੀਡਰਾਂ ਦੀਆਂ ਫੂਕਾਂ 'ਚ ਆ ਕੇ ਭੁੱਖੇ ਮਰਜਿਓ। ਆਪਾਂ ਤਾਂ ਤਪਦੀਆਂ ਰੁੱਤਾਂ ਦੇ ਜਾਏ ਆਂ...ਆਪਣੇ ਨਸੀਬੀ ਸੁੱਖਾਂ ਦੀਆਂ ਹਵਾਵਾਂ ਕਿੱਥੇ। ਕੀ ਬਦਲ ਗਿਆ, ਦੁਕਾਨ 'ਤੇ ਸੌਦਾ ਪੱਤਾ ਲੈਣ ਜਾਹ...ਰੁਪਈਆ ਧੇਲੀ ਮਖਾਂ ਮਹਿੰਗੀ ਭਵਾਂ ਹੋ ਜੇ। ਦੁਕਾਨਦਾਰ ਅੱਧ ਮੁੱਲ ਦੇਵੇ ਤਾਂ ਇਨਕਲਾਬ ਆਪਣੇ ਭੜੋਲੇ ਪਿਆ ਜਾਣੀ। ਜੇਕਰ ਦਿਹਾੜੀ ਦੀ ਅੱਧ ਤੋਂ ਵੱਧ ਕਮਾਈ ਬਚੇ...ਰੱਜ ਕੇ ਖਾ, ਹੰਢਾ ਵੀ ਲਈਏ ਤਾਂ ਇਨਕਲਾਬ ਜਾਣੀਏ। ਧੀਆਂ 'ਕੱਲੀਆਂ ਪੜ੍ਹਨ ਤੋਰ, ਮਾਪੇ ਬੇਫਿਕਰ ਹੋਣ ਤਾਂ ਇਨਕਲਾਬ ਹੋਊਗਾ। ਆਪਾਂ ਨੂੰ ਲੱਪ ਦਾਣਿਆਂ ਖਾਤਿਰ ਬੱਲੀਆਂ ਚੁਗਦੀਆਂ ਨੂੰ ਉਹੀ ਵੱਟਾਂ ਤੋਂ ਹੋਕਰੇ ਵੱਜਣੇ, ਉਹੀ ਆਪਣੇ ਕੌਲੇ ਤਾਂ...ਜੱਟਾਂ ਦੀਆਂ ਖੁਰਲੀਆਂ 'ਤੇ ਹੀ ਟਿਕਾਣੇ। ਕਾਹਦਾ ਇਨਕਲਾਬ, ਜ਼ਮੀਨਾਂ ਵੇਚ



ਲੋਕ ਬਾਹਰ ਫਿਰਦੇ ਗੋਰਿਆਂ ਦਾ ਗੋਲਾ ਧੰਦਾ ਕਰਦੇ। ਕਿੱਥੇ ਐ ਇਨਕਲਾਬ...ਕਿਤੇ ਦੀਂਹਦਾ ਤਾਂ ਹੈਨੀ। ਚਾਰੇ ਪਾਸੇ ਉਹੀ ਕਬੀਲਦਾਰੀਆਂ 'ਚ ਜੂਲਦੇ, ਭੁੱਖ ਨੰਗ ਨਾਲ ਘੁਲਦੇ ਲੋਕ। ਬੇਬਸੀ ਤੇ ਮਜਬੂਰੀਆਂ ਦਿਸਦੀਆਂ......ਆ ਸਟੇਜਾਂ 'ਤੇ ਚਿੱਥੜਾਂ ਖਾਤਿਰ ਅੱਧ-ਨੰਗੀਆਂ ਹੁੰਦੀਆਂ ਧੀਆਂ, ਨਸ਼ੇ 'ਚ ਰੁਲਦੇ ਪੁੱਤ ਨੂੰ ਤੜਫਦੀਆਂ ਮਾਵਾਂ ਦਿਸਦੀਆਂ...ਦਿਸਦਾ ਕਿਉਂ ਨਹੀਂ ਇਨਕਲਾਬ। ਆ ਮੇਰਾ ਪੁੱਤ ਸੀਰਾ, ਬਥੇਰਾ ਲਾਈਕ ਤੀ, ਬਥੇਰਾ ਪੜ੍ਹਿਆ...ਚੰਦਰੀ ਨੌਕਰੀ ਨੀਂ ਮਿਲੀ। ਹਾਰ ਕੇ ਦਿਹਾੜੀ ਜਾਂਦਾ। ਹੁਣ ਐਨੀ ਖੁਰਾਕ ਘਰੇ ਨ੍ਹੀਂ, ਦੁੱਧ-ਘਿਓ ਤਾਕਤ ਬਿਨਾਂ ਹੱਢ ਭੰਨਵੀਂ ਦਿਹਾੜੀ ਵੀ ਨਹੀਂ ਹੁੰਦੀ। ਦੋ ਚਮਚੇ ਭੁੱਕੀ ਖਾਣ ਲੱਗ ਗਿਆ, ਹੁਣ ਨਸ਼ਾ ਵਧਦਾ ਜਾਂਦਾ। ਦਿਹਾੜੀ ਦੇ ਪੈਸਿਆਂ ਨਾਲ ਨਸ਼ਾ ਖਰੀਦੇ ਜਾਂ......ਘਰ ਤੋਰੇ। ਮਾਵਾਂ ਦੇ ਹੀਰੇ ਪੁੱਤ ਮਿੱਟੀ 'ਚ ਰੋਲਤੇ ਮਜਬੂਰੀਆਂ ਨੇ'', ਸਿਆਮੋ ਦਾ ਬੋਲਦਿਆਂ ਦਾ ਗਲਾ ਭਰ ਆਇਆ।

ਰਤਨੋ ਨੇ ਸਿਆਮੋ ਦੇ ਮੋਢੇ 'ਤੇ ਧਰਵਾਸ ਦਾ ਹੱਥ ਰੱਖਿਆ ਤੇ ਅੱਖਾਂ ਭਰ ਲਈਆਂ। ਸਿਆਮੋ ਜਿਵੇਂ ਨੀਂਦ 'ਚੋਂ ਜਾਗੀ, "ਮੈਂ ਵੀ ਰੋਣੇ-ਧੋਣੇ ਲੈ ਕੇ ਬਹਿਗੀ...ਚਲ ਮੂੰਗੀ ਆਪੀਂ ਰਿੱਝੀ ਜਾਊ, ਕੇਰਾਂ ਧਰੀ......ਚਲ.ਲ.ਲ. ਬੱਲੀਆਂ ਨੂੰ ਚੱਲੀਏ'', ਸਿਆਮੋ ਨੇ ਪਤੀਲਾ ਹਾਰੇ 'ਤੇ ਧਰ ਕੇ ਖਾਲੀ ਗੱਟਾ ਚੁੱਕਦਿਆਂ ਕਿਹਾ।

# ਅੰਬੀ ਹਠੂਰ ਨੂੰ ਯਾਦ ਕਰਦਿਆਂ: ਡਾ. ਬਿੱਲੂ ਰਾਇਸਰ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਡਾ. ਬਿੱਲੂ ਰਾਇਸਰ, ਲੋਕ ਕਵੀ ਸੰਤ ਰਾਮ ਉਦਾਸੀ ਦੇ ਪਿੰਡ ਦਾ ਖੇਡ ਲੇਖਕ ਹੈ। ਉਦਾਸੀ ਦਾ ਜਨਮ 1939 ਵਿਚ ਹੋਇਆ ਸੀ, ਬਿੱਲੂ ਦਾ 1963 'ਚ ਹੋਇਆ। ਉਹਦੀ ਖੇਡ ਪੁਸਤਕ ਦਾ ਪੂਰਾ ਨਾਂ ਹੈ: 'ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸਵ. ਅੰਬੀ ਹਠੂਰ ਨੂੰ ਯਾਦ ਕਰਦਿਆਂ'। ਇਹ ਪੁਸਤਕ ਸਵਰਗੀ ਅੰਬੀ ਹਠੂਰ ਨਮਿੱਤ ਭਾਵ-ਭਿੰਨੀ ਸ਼ਰਧਾਂਜਲੀ ਹੈ। ਤਰਕਸ਼ੀਲ ਸੁਸਾਇਟੀ ਦੇ ਸੰਸਥਾਪਕ ਮੇਘ ਰਾਜ ਮਿੱਤਰ ਨੇ ਇਸ ਦੇ ਸਰਵਰਕ ਉਤੇ ਲਿਖਿਆ: ਡਾ. ਬਿੱਲੂ ਦੁਆਰਾ ਰਚਿਤ 'ਅੰਤਰਰਾਸ਼ਟਰੀ ਕਬੱਡੀ ਖਿਡਾਰੀ ਅੰਬੀ ਹਠੂਰ ਨੂੰ ਯਾਦ ਕਰਦਿਆਂ' ਇਕ ਇਤਿਹਾਸਕ ਸਾਂਭਣਯੋਗ ਰਚਨਾ ਹੈ। ਮੈਂ ਆਸ ਕਰਦਾ ਹਾਂ ਜਿਵੇਂ ਇਨ੍ਹਾਂ ਦੇ ਪਹਿਲੇ ਨਾਵਲ 'ਤੇ ਲਹੂ ਵਹਿੰਦਾ ਰਿਹਾ' ਨੇ ਨਾਮਣਾ ਖੱਟਿਆ ਸੀ, ਇਹ ਕਿਤਾਬ ਵੀ ਸਮੁੱਚੇ ਖੇਡ ਪ੍ਰੇਮੀਆਂ ਲਈ ਇਕ ਮਾਰਗ ਦਰਸ਼ਕ ਹੋਵੇਗੀ। ਡਾ. ਦਰਸ਼ਨ ਬੜੀ ਦੇ ਸ਼ਬਦਾਂ ਵਿਚ: ਮੈਨੂੰ ਜਦੋਂ ਵੀ ਅੰਬੀ ਹਠੂਰ ਯਾਦ ਆਉਂਦਾ ਹੈ ਤਾਂ ਉਹ ਕਿਸੇ ਪੀਰ ਦੇ ਮਜ਼ਾਰ 'ਤੇ ਜਗਦੇ ਚਿਰਾਗ਼ਾਂ ਦੀ ਲੋਅ ਵਰਗਾ ਜਾਪਦੈ। ਡਾਕਟਰ ਬਿੱਲੂ ਰਾਇਸਰ ਨੇ ਅਨੇਕਾਂ ਰਾਤਾਂ ਜਾਗ ਕੇ ਅਮਰਜੀਤ ਅੰਬੀ ਦੇ ਜੀਵਨ ਨੂੰ ਉਸ ਦੀ ਮੌਤ ਪਿੱਛੋਂ ਕਿਤਾਬੀ ਰੂਪ ਵਿਚ ਸਾਂਭ ਕੇ ਕਬੱਡੀ ਪ੍ਰੇਮੀਆਂ ਤੇ ਖਿਡਾਰੀਆਂ ਦੇ ਚੇਤਿਆਂ ਦੀ ਚੰਗੇਰ ਵਿਚ ਸੰਭਾਲ ਦਿੱਤਾ ਹੈ।

ਅੰਬੀ ਹਠੂਰ ਦੇ ਬਾਪ ਦਾਦੇ ਸਾਡੇ ਪਿੰਡ ਚਕਰ ਦੇ ਸਨ। ਉਨ੍ਹਾਂ ਨੂੰ ਪਾਕਿਸਤਾਨ ਦੀ ਬਾਰ ਵਾਲੀ ਜ਼ਮੀਨ ਬਦਲੇ ਚਕਰ ਤੇ ਹਠੂਰ ਦੀ ਜ਼ਮੀਨ ਅਲਾਟ ਹੋਈ ਸੀ। ਉਹ ਚਕਰ ਰਹਿ ਕੇ ਹੀ ਹਠੂਰ ਦੀ ਖੇਤੀ ਵਾਹੀ ਕਰਦੇ ਰਹੇ। ਅੰਬੀ ਦੇ ਤਾਏ ਮੇਰੇ ਨਾਲ ਪੜ੍ਹਦੇ ਸਨ ਤੇ ਅੰਬੀ ਦਾ ਬਾਪ ਜੋਗਿੰਦਰ ਸਿੰਘ ਮੇਰੇ ਛੋਟੇ ਭਰਾਵਾਂ ਨਾਲ। ਜੋਗਿੰਦਰ ਸਿੰਘ ਵਿਆਹਿਆ ਗਿਆ ਤਾਂ ਉਸ ਨੂੰ ਹਠੂਰ ਵਾਲੀ ਜ਼ਮੀਨ 'ਤੇ ਭੇਜ ਦਿੱਤਾ ਗਿਆ, ਜਿੱਥੇ ਅੰਬੀ ਦਾ ਜਨਮ 15 ਮਈ 1978 ਨੂੰ ਮਾਤਾ ਮਲਕੀਤ ਕੌਰ ਦੀ ਕੁੱਖੋਂ ਹੋਇਆ। ਉਹ ਤਿੰਨ ਭਰਾਵਾਂ ਵਿਚ ਗਭਲਾ ਸੀ ਤੇ ਜੰਮਣ ਤੋਂ ਹੀ ਹੁੰਦੜਹੇਲ ਬਾਲ ਸੀ। ਜੁਆਨ ਹੋਇਆ ਤਾਂ ਉਹਦਾ ਕੱਦ 6 ਫੁੱਟ 2 ਇੰਚ ਤੇ ਭਾਰ 118 ਕਿਲੋਗਰਾਮ ਹੋ ਗਿਆ ਸੀ। ਉਂਜ ਵੀ ਸੋਹਣਾ ਸੁਨੱਖਾ ਦਰਸ਼ਨੀ ਜੁਆਨ ਸੀ। ਉਹ ਆਪਣੀ ਖੇਡ ਦੇ ਸਿਖਰ 'ਤੇ ਸੀ ਜਦੋਂ ਦਿਲ ਦੇ ਦੌਰੇ ਨਾਲ ਕਬੱਡੀ ਖੇਡਦਾ ਪਰਲੋਕ ਸਿਧਾਰ ਗਿਆ। ਗਰਾਊਂਡ ਸੀ ਬੀਸੀ ਕੈਨੇਡਾ ਵਿਚ ਸਰੀ ਦਾ ਤੇ ਤਾਰੀਖ ਸੀ 2005 ਦੀ 30 ਜੁਲਾਈ। ਉਥੇ ਉਹਦੇ ਵਰਗੀ ਹੀ ਕੈਨੇਡੀਅਨ ਕੁੜੀ ਨਾਲ ਉਹਦੇ ਵਿਆਹ ਦੀ ਗੱਲ ਸਿਰੇ ਚੜ੍ਹ ਚੱਲੀ ਸੀ ਕਿ ਇਹ ਅਣਹੋਣਾ ਭਾਣਾ ਵਰਤ ਗਿਆ। ਰੰਗੀਂ ਵਸਦੇ ਪਰਿਵਾਰ ਉਤੇ ਅਣਚਿਤਵਿਆ ਕਹਿਰ ਟੁੱਟ ਪਿਆ!

ਜਨਵਰੀ 2006 ਦਾ ਦਿਨ ਸੀ। ਮੈਂ ਉੱਦਣ ਆਪਣੇ ਪਿੰਡ ਚਕਰ ਹੀ ਸਾਂ। ਸਵੇਰੇ 8 ਕੁ ਵਜੇ ਇਕ ਸੱਜਣ ਮੈਨੂੰ ਮਿਲਣ ਆਇਆ। ਉਸ ਨੇ ਦੱਸਿਆ ਕਿ ਮੈਂ ਪਿੰਡ ਰਾਇਸਰ ਤੋਂ ਡਾਕਟਰ ਬਿੱਲੂ ਹਾਂ ਤੇ ਮੈਂ ਅੰਬੀ ਹਠੂਰ ਬਾਰੇ ਕਿਤਾਬ ਲਿਖੀ ਐ। ਤੁਹਾਡੇ ਤੋਂ ਮੁਖਬੰਦ ਲਿਖਵਾਉਣਾ ਚਾਹੁੰਨਾਂ। ਤੁਹਾਨੂੰ ਪਤਾ ਹੀ ਹੈ ਕਿ ਛੇ ਕੁ ਮਹੀਨੇ ਪਹਿਲਾਂ ਉਹਦੀ ਕੈਨੇਡਾ ਵਿਚ ਕਬੱਡੀ ਖੇਡਦੇ ਦੀ ਹੀ ਮੌਤ ਹੋ ਗਈ ਸੀ। ਮੈਂ ਕਿਹਾ,"ਵਿਖਾਓ, ਕੀ ਲਿਖਿਆ?"

ਉਸ ਨੇ ਕਿਤਾਬ ਦਾ ਖਰੜਾ ਮੈਨੂੰ ਫੜਾ ਦਿੱਤਾ। ਕਿਤਾਬ ਦਾ ਨਾਂ ਸੀ 'ਕਬੱਡੀ ਜਗਤ ਦਾ ਧਰੂ ਤਾਰਾ ਅੰਬੀ ਹਠੂਰ'। ਮੈਂ ਖਰੜੇ 'ਤੇ ਨਜ਼ਰ ਮਾਰੀ, ਮੈਨੂੰ ਉਹਦੀ ਲੇਖਣੀ ਚੰਗੀ ਲੱਗੀ। ਮੈਂ ਕਿਹਾ,"ਕਿਤਾਬ ਤੇਰੀ ਬੜੀ ਵਧੀਆ ਐ, ਪਰ ਟਾਈਟਲ ਬਦਲ ਲੈ। ਆਪਾਂ ਉਹਦੀਆਂ ਯਾਦਾਂ ਸੰਭਾਲ ਰਹੇ ਹਾਂ। ਸੋ ਇਹਦਾ ਟਾਈਟਲ ਰੱਖੋ, 'ਅੰਬੀ ਹਠੂਰ ਨੂੰ ਯਾਦ ਕਰਦਿਆਂ'। ਉਹਨੇ ਮੇਰੀ ਗੱਲ ਮੰਨ ਲਈ। ਮੈਂ ਮੁੱਖਬੰਦ ਲਿਖ ਦਿੱਤਾ। ਫਰਵਰੀ 2006 ਵਿਚ ਕਿਤਾਬ ਛਪ ਗਈ। ਕੁਝ ਦਿਨਾਂ ਬਾਅਦ ਅੰਬੀ ਹਠੂਰ ਦੀ ਯਾਦ ਵਿਚ ਕਰਾਏ ਕਬੱਡੀ ਕੱਪ 'ਤੇ ਹਜ਼ਾਰਾਂ ਲੋਕਾਂ ਦਾ ਇਕੱਠ ਹੋਇਆ। ਕਬੱਡੀ ਕੱਪ 'ਤੇ ਕਿਤਾਬ ਰਿਲੀਜ਼ ਕੀਤੀ ਗਈ। ਕਬੱਡੀ ਦੇ ਦਾਇਰੇ 'ਚ ਕਿਤਾਬ ਰਿਲੀਜ਼ ਕਰਨ ਵੇਲੇ ਡਾ. ਬਿੱਲੂ ਨਾਲ ਹਠੂਰ ਦੇ ਹੀ ਲੇਖਕ ਐੱਸ ਐੱਸ ਪੀ ਗੁਰਪ੍ਰੀਤ ਸਿੰਘ ਤੂਰ ਆਈ ਪੀ ਐੱਸ, ਗੀਤਕਾਰ ਮੱਖਣ ਬਰਾੜ ਤੇ ਉੱਘੇ ਕੁਮੈਂਟੇਟਰ ਡਾ .ਦਰਸ਼ਨ ਬੜੀ ਵੀ ਸਨ। ਇਕ ਹਜ਼ਾਰ ਕਾਪੀਆਂ ਇਕ ਘੰਟੇ ਵਿਚ ਹੀ ਵਿਕ ਗਈਆਂ। ਅਗਲੇ ਕੱਪ 'ਤੇ ਫਿਰ ਹੋਰ ਕਿਤਾਬਾਂ ਛਪਵਾਉਣੀਆਂ ਪਈਆਂ।

ਡਾ. ਬਿੱਲੂ ਨੂੰ ਸਾਹਿਤ ਦੀ ਗੁੜ੍ਹਤੀ ਵਿਰਸੇ ਵਿਚੋਂ ਮਿਲੀ ਸੀ। ਉਸ ਦਾ ਜਨਮ 1 ਜੂਨ, 1963 ਨੂੰ ਪਿੰਡ ਰਾਇਸਰ ਵਿਚ ਮਾਤਾ ਜੰਗੀਰ ਕੌਰ ਦੀ ਕੁੱਖੋਂ ਹੋਇਆ। ਉਸ ਦੇ ਪਿਤਾ ਜਥੇਦਾਰ ਹਰਦੁਮਣ ਸਿੰਘ ਪੁਰਾਤਨ ਗ੍ਰੰਥਾਂ 'ਚੋਂ ਗਿਆਨ ਹਾਸਲ ਕਰ ਕੇ ਛੋਟੀਆਂ ਵੱਡੀਆਂ ਸਟੇਜਾਂ 'ਤੇ ਬੋਲਦੇ ਰਹਿੰਦੇ ਸਨ। ਲੋਕਾਂ ਨੂੰ ਗਿਆਨ ਹਾਸਲ ਕਰਨ ਦੀ ਚੇਟਕ ਲਾਉਂਦੇ ਸਨ। ਉਨ੍ਹਾਂ ਦੇ ਮਿਹਨਤੀ ਪੁੱਤਰ ਬਿੱਲੂ ਨੇ ਡੀ ਫਾਰਮੇਸੀ ਦਾ ਕੋਰਸ ਕਰ ਕੇ ਆਪਣੇ ਪਿੰਡ ਮੈਡੀਕਲ ਸਟੋਰ ਖੋਲ੍ਹਿਆ ਤੇ ਨਾਲੋ-ਨਾਲ ਡਾਕਟਰੀ ਦੀ ਪ੍ਰੈਕਟਿਸ ਕਰਨੀ ਸ਼ੁਰੂ ਕੀਤੀ ਜੋ ਅੱਜ ਵੀ ਰਾਇਸਰ ਵਿਚ ਜਾਰੀ ਹੈ। ਹੁਣ ਉਹ ਪੇਂਡੂ ਇਲਾਕੇ ਦਾ ਮੰਨਿਆ ਦੰਨਿਆ ਡਾਕਟਰ ਹੈ।



ਲੇਖਕ ਡਾ. ਬਿੱਲੂ ਰਾਇਸਰ

ਉਸ ਨੂੰ ਲਿਖਣ ਦੀ ਚੇਟਕ ਸੰਘੇੜੇ ਕਲਾਜ ਵਿਚ ਪੜ੍ਹਦਿਆਂ ਲੱਗੀ ਸੀ ਜਿਥੇ ਉਹ ਚਾਰ ਸਾਲ ਕਾਲਜ ਦੇ ਮੈਗਜ਼ੀਨ ਵਿਚ ਛਪਦਾ ਰਿਹਾ। ਉਨ੍ਹਾਂ ਹੀ ਦਿਨਾਂ 'ਚ ਹਾਕਮ ਸਿੰਘ ਨੂਰ ਨੇ ਸਿਰਜਣਾ ਕੇਂਦਰ ਠੀਕਰੀਵਾਲਾ ਦੇ ਨਾਂ 'ਤੇ ਸਾਹਿਤ ਸਭਾ ਬਣਾਈ, ਜਿਸ ਦਾ ਉਹ ਮੈਂਬਰ ਬਣ ਗਿਆ। ਫੇਰ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਗਈ। ਹਾਕਮ ਸਿੰਘ ਨੂਰ ਨੇ ਉਸ ਨੂੰ ਉਂਗਲ ਫੜ ਕੇਸਾਹਿਤ ਦੇ ਰਾਹ ਤੋਰ ਲਿਆ। ਉਹ ਪੀ.ਐੱਸ.ਯੂ. ਦਾ ਵੀ ਸਰਗਰਮ ਮੈਂਬਰ ਰਿਹਾ ਤੇ ਤਰਕਸ਼ੀਲਾਂ ਦੇ ਸੰਪਰਕ ਵਿਚ ਵੀ ਆਇਆ। ਉਸ ਨੇ ਅਨੇਕ ਵਾਰ ਟੂਰਨਾਮੈਂਟਾਂ ਤੇ ਤਰਕਸ਼ੀਲ ਮੇਲਿਆਂ ਵਿਚ ਅੱਖਾਂ 'ਤੇ ਪੱਟੀ ਬੰਨ੍ਹ ਕੇ ਮੋਟਰਸਾਈਕਲ ਚਲਾ ਕੇ ਵਿਖਾਇਆ ਅਤੇ ਲੋਕਾਂ ਦੇ ਅੱਖੀਂ ਘੱਟਾ ਪਾਉਣ ਵਾਲੇ ਢੋਂਗੀਆਂ ਦਾ ਪਰਦਾਫਾਸ਼ ਕੀਤਾ। 2003 ਵਿਚ ਉਸ ਨੇ 'ਤੇ ਲਹੂ ਵਹਿੰਦਾ ਰਿਹਾ' ਨਾਵਲ ਲਿਖਿਆ। ਪੇਸ਼ ਨੇ 'ਅੰਬੀ ਹਠੂਰ ਨੂੰ ਯਾਦ ਕਰਦਿਆਂ' ਪੁਸਤਕ ਦੇ ਕੁਝ ਅੰਸ਼:

ਸਮਰਪਿਤ

ਉਨ੍ਹਾਂ ਅਭਾਗੀਆਂ ਮਾਵਾਂ ਨੂੰ ਜੋ ਜਿਉਂਦੇ ਜੀਅ ਆਪਣੇ ਵਿਛੜ ਚੁੱਕੇ ਪੁੱਤਰਾਂ ਦਾ ਦਰਦ ਹੰਢਾਅ ਰਹੀਆਂ ਹਨ।

ਨੋਟ: ਕੋਈ ਨਾਵਲ ਜਾਂ ਕਹਾਣੀ ਲਿਖਣੀ ਬਹੁਤ ਸੌਖੀ ਹੈ, ਪਰ ਜੀਵਨੀ ਲਿਖਣੀ ਕਾਫੀ ਔਖੀ ਹੈ। ਜੀਵਨੀ ਵਿਚ ਬਿਲਕੁਲ ਸਹੀ ਨਾਉਂ ਤੇ ਸਹੀ ਵੇਰਵਾ ਦੇਣੇ ਜ਼ਰੂਰੀ ਹੁੰਦੇ ਹਨ। ਮੈਂ ਬਹੁਤ ਕੋਸ਼ਿਸ਼ ਕੀਤੀ ਹੈ, ਫਿਰ ਵੀ ਜੇ ਕਿਤੇ ਨਾਉਂ ਬਗੈਰਾ ਸਹੀ ਨਾ ਪਾਇਆ ਗਿਆ ਹੋਵੇ, ਮੈਂ ਪਾਠਕਾਂ ਤੇ ਦੋਸਤਾਂ ਮਿੱਤਰਾਂ ਤੋਂ ਮੁਆਫ਼ੀ ਮੰਗਦਾ ਹਾਂ।

ਤਤਕਰਾ: ਅੰਬੀ ਤੇਰੀ ਬਾਤ ਪੈਂਦੀ ਰਹੇਗੀ, ਜੋਬਨ ਰੁੱਤੇ ਤੁਰ ਗਿਆ ਅੰਬੀ, ਲੇਖਕ ਵੱਲੋਂ ਦੋ ਸ਼ਬਦ, ਕੱਚੇ ਕੋਠਿਆਂ 'ਚੋਂ ਸੂਰਜ ਦਾ ਜਨਮ, ਮਿੱਟੀ ਨਾ ਫਰੋਲ ਜੋਗੀਆ, ਮਾਵਾਂ ਰੋਂਦੀਆਂ ਮੱਥੇ 'ਤੇ ਹੱਥ ਧਰ ਕੇ, ਬਾਝ ਭਾਈਆਂ ਸੋਭ ਸੰਸਾਰ ਨਾਹੀਂ, ਭਾਈ ਮਰੇ ਵਿਚਾਲਿਓਂ ਧਿਰ ਟੁੱਟੇ, ਸਾਡਾ ਤਾਰਿਆਂ ਦਾ ਕੀ ਏ, ਅੱਜ ਇਕ ਚੰਬੇ ਦਾ ਫੁੱਲ ਮੋਇਆ, ਸੱਜਣ ਮੈਂਡੇ ਰਾਂਗਲੇ, ਐਵੇਂ ਜਿੰਦੇ ਮਾਣ ਨਾ ਕਰੀਂ, ਫਿੱਕਾ ਰੰਗ ਅੱਜ ਦੀ ਦੁਪਹਿਰ ਦਾ, ਤੁਮ ਕਿਆ ਗਏ ਬਹਾਰ ਚਲੀ ਗਈ, ਮੋਏ ਮਿੱਤਰਾਂ ਦਾ ਸਿਰ 'ਤੇ ਨਹੋਰਾ ਏ, ਜਿਨ੍ਹਾਂ ਕਿਲੇ ਨਿਵਾਏ ਨੇ ਢੇਰ ਮੀਆਂ, ਮਨ ਵਿਚ ਵਸਦੈਂ, ਜਦ ਕਿਧਰੇ ਇਤਿਹਾਸ 'ਚ ਗੱਲਾਂ ਹੋਣਗੀਆਂ, ਨਿੱਕੀਆਂ ਗੱਲਾਂ ਵੱਡੀਆਂ ਯਾਦਾਂ, ਅੰਬੀ ਦਾ ਮਾਨ ਸਨਮਾਨ, ਬੱਚਿਆਂ ਨੂੰ ਪਿਆਰ ਤੇ ਵੱਡਿਆਂ ਦਾ ਸਤਿਕਾਰ, ਤੈਨੂੰ ਅਸੀਂ ਨਹੀਂ ਭੁੱਲੇ, ਅਖ਼ਬਾਰਾਂ ਦੀ ਜ਼ਬਾਨੀ, ਅੰਬੀ ਵੇਲੇ ਹਠੂਰ ਕਬੱਡੀ ਟੀਮ ਦੀ ਚੜ੍ਹਤ ਤੇ ਕੀ ਉਹ ਅਸਾਂ ਨੂੰ ਯਾਦ ਰਹਿਣਗੇ...।

ਪੁਸਤਕ ਵਿਚ ਵਰਤੀਆਂ ਕਾਵਿ-ਟੂਕਾਂ:

ਹੋਤਾ ਹੈ ਕੋਹ ਦਸਮ ਮੇਂ,
ਪੈਦਾ ਕਭੀ-ਕਭੀ
ਵੋਹ ਮਰਦ ਹੈ ਜਿਸ ਪਰ,
ਫ਼ਖ਼ਰ ਕਰਤੇ ਹੈਂ ਸਭੀ

ਪੁੱਤਾਂ ਵਾਲਿਓ ਜੱਗ ਦਾ ਪੁੱਤ ਮੇਵਾ,
ਹੁੰਦੇ ਮਾਪਿਆਂ ਦੀ ਜਿੰਦ ਜਾਨ ਪੁੱਤਰ
ਜਿਊਂਦੀ ਜਾਨ ਸਹਾਰਾ ਏ ਜ਼ਿੰਦਗੀ ਦਾ,
ਮੋਏ ਗਿਆਂ ਦੇ ਪਿੱਛੋਂ ਨਿਸ਼ਾਨ ਪੁੱਤਰ
'ਸੀਤਲ' ਪੁੱਤਰਾਂ ਬਾਝ ਨਾ ਸੋਹਣ ਮਾਪੇ,
ਹੁੰਦੇ ਮਾਪਿਆਂ ਦੀ ਆਨ ਸ਼ਾਨ ਪੁੱਤਰ

ਗਲੀਆਂ ਦੇ ਵਿਚ ਖੇਡਦੇ,
ਤੱਕ ਪੁੱਤਾਂ ਦੇ ਹਾਣੀ,
ਆਪ ਮੁਹਾਰੇ ਵਗਦਾ, ਅੱਖੀਆਂ 'ਚੋਂ ਪਾਣੀ।

ਚੇਤੇ ਕਰ ਕਰ ਰੋਂਦੀਆਂ,
ਤੁਰ ਗਿਆਂ ਨੂੰ ਲੋਕੋ,
ਪੁੱਤ ਮਰੇ ਨਾ ਭੁੱਲਦੇ
ਮਾਵਾਂ ਨੂੰ ਲੋਕੋ

ਭਾਈਆਂ ਬਾਝ ਨਾ ਮਜਲਸਾਂ ਸੋਂਹਦੀਆਂ ਨੇ,
ਅਤੇ ਭਾਈਆਂ ਬਾਝ ਬਹਾਰ ਨਾਹੀਂ
ਭਾਈ ਮਰਨ ਤੇ ਪੈਂਦੀਆਂ ਭੱਜ ਬਾਹੀਂ,
ਬਿਨਾਂ ਭਾਈਆਂ ਪਰ੍ਹੇ ਪਰਵਾਰ ਨਾਹੀਂ
ਲੱਖ ਓਟ ਹੈ ਕੋਲ ਵਸੇਂਦਿਆਂ ਦੀ,
ਭਾਈਆਂ ਗਿਆਂ ਜੇਡੀ ਕੋਈ ਹਾਰ ਨਾਹੀਂ
ਭਾਈ ਢਾਂਵਦੇ ਭਾਈ ਉਸਾਰਦੇ ਨੇ,
ਭਾਈਆਂ ਬਾਝ ਬਾਹਾਂ ਬੇਲੀ ਯਾਰ ਨਾਹੀਂ।

ਇਹ ਕੋਸੇ ਅੱਥਰੂ ਅੱਖੀਆਂ ਦੇ,
ਅੱਜ ਯਾਦ ਤੇਰੀ ਵਿਚ ਕਿਰਦੇ ਨੇ
ਲੱਖ ਕੋਸ਼ਿਸ਼ ਕੀਤੀ ਰੋਕਣ ਦੀ,
ਇਹ ਬਾਗ਼ੀ ਹੋਏ ਫਿਰਦੇ ਨੇ।

ਸੱਜਣਾ ਵੇ ਸੱਜਣਾ,
ਅੱਜ ਸਾਨੂੰ ਤੇਰੇ ਬਾਝੋਂ
ਸੁੰਨਾ ਸੁੰਨਾ ਲੱਗਦਾ ਏ ਸ਼ਹਿਰ
ਪਲਕਾਂ ਦੀ ਛਾਵੇਂ,
ਕੱਟੇ ਅਸੀਂ ਰਾਤ ਦਿਨ,
ਹੁਣ ਕਿਥੇ ਕੱਟੀਏ ਦੁਪਹਿਰ।

ਮਾਰੇ ਗਏ ਮਿੱਤਰਾਂ ਦੇ ਪਿੰਡ ਦੀਏ ਵਾਏ,
ਖ਼ੈਰ ਸੁਖ ਦਾ ਸੁਨੇਹੜਾ ਲਿਆ
ਉਸ ਮਾਂ ਦਾ ਬਣਿਆ ਕੀ,
ਆਂਦਰਾਂ ਦੀ ਅੱਗ ਜੀਹਦੀ,
ਗਈ ਕਸਤੂਰੀਆਂ ਖਿੰਡਾਅ।

ਹੱਥ ਸਮਾਂ ਨਹੀਂ ਆਉਂਦਾ,
ਹੱਥੋਂ ਜੋ ਗੁਆਚ ਗਿਆ
ਉਹ ਜੋਬਨ ਨਹੀਂ ਮੁੜਦਾ,
ਜੋ ਪੱਤਰਾ ਵਾਚ ਗਿਆ।
ਪਾਣੀ ਦਰਿਆਵਾਂ ਦੇ,
ਇਕ ਵਾਰ ਜੋ ਵਹਿ ਗਏ ਨੇ
ਪਰਤਣ ਨਾ ਪੱਤਣਾਂ 'ਤੇ,
ਇਹ ਦਾਨੇ ਕਹਿ ਗਏ ਨੇ
ਮੇਰੇ ਲਿਖੇ ਮੁੱਖਬੰਦ 'ਚੋਂ


23 ਜੁਲਾਈ 2005 ਨੂੰ ਅੰਬੀ ਨੇ ਐਡਮਿੰਟਨ ਦੀਆਂ ਵਰਲਡ ਮਾਸਟਰਜ਼ ਗੇਮਜ਼ ਵਿਚ ਕਬੱਡੀ ਖੇਡੀ ਸੀ। ਕੁਮੈਂਟਰੀ ਕਰਦਿਆਂ ਮੈਂ ਉਹਦੀ ਸਿਫ਼ਤ ਵਿਚ ਕੁਝ ਬੋਲ ਬੋਲੇ ਸਨ। ਆਖਿਆ ਸੀ ਕਿ ਹਠੂਰ ਦਾ ਅੰਬੀ ਹਠੂਰ ਦੇ ਮਹਾਨ ਜਾਫੀ ਛਾਂਗੇ ਦਾ ਵਾਰਸ ਹੈ, ਜਿਹੜਾ ਕੈਂਚੀ ਮਾਰਨ ਦਾ ਕਾਢੂ ਸੀ। ਸਾਨੂੰ ਉਹਦੇ ਵਾਰਸ ਅੰਬੀ ਤੋਂ ਬਹੁਤ ਆਸਾਂ ਹਨ। ਉਦੋਂ ਕੀ ਪਤਾ ਸੀ ਕਿ ਹਫ਼ਤੇ ਤੱਕ ਕੀ ਭਾਣਾ ਵਰਤ ਜਾਣੈ? ਜਿਸ ਦਿਨ ਉਹ ਵੈਨਕੂਵਰ ਵੱਲੀਂ ਮੈਚ ਖੇਡ ਰਿਹਾ ਸੀ, ਕੁਮੈਂਟੇਟਰ ਪ੍ਰੋ. ਮੱਖਣ ਸਿੰਘ ਤਾਂ ਓਥੇ ਹੀ ਸੀ ਪਰ ਮੈਂ ਪਰਿਵਾਰ ਨਾਲ ਟੋਰਾਂਟੋ ਪਿਕਨਿਕ ਮਨਾ ਰਿਹਾ ਸਾਂ। ਉੱਦਣ ਬੁੱਘੀਪੁਰੀਆ ਸੀਰਾ ਸਾਡੇ ਨਾਲ ਸੀ ਜੋ ਸਾਲਾਂ ਬੱਧੀ ਅੰਬੀ ਨਾਲ ਕਬੱਡੀ ਖੇਡਦਾ ਰਿਹਾ ਸੀ।

ਅਗਲੀ ਸਵੇਰ ਰੇਡੀਓ ਅਤੇ ਅਖ਼ਬਾਰਾਂ 'ਚ ਉਸ ਦੀ ਦੁਖਦਾਈ ਮ੍ਰਿਤੂ ਦੀਆਂ ਖ਼ਬਰਾਂ ਸਨ। ਟੋਰਾਂਟੋ 'ਚ ਉਸੇ ਦਿਨ ਯੰਗ ਸਪੋਰਟਸ ਕਲੱਬ ਦਾ ਟੂਰਨਾਮੈਂਟ ਤੇ ਪੰਜਾਬੀ ਸਭਿਆਚਾਰਕ ਮੇਲਾ ਹੋਣਾ ਸੀ। ਖੇਡਣ ਤੇ ਗਾਉਣ ਮੇਲੇ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਗਏ। ਅੰਬੀ ਦੀ ਦੇਹ ਉਹਦੇ ਪਿੰਡ ਪਹੁੰਚਾਉਣ ਤੇ ਪਰਿਵਾਰ ਦੀ ਮਾਲੀ ਮਦਦ ਕਰਨ ਲਈ ਓਨਟਾਰੀਓ ਕਬੱਡੀ ਫੈਡਰੇਸ਼ਨ ਨੇ ਪੰਜਾਹ ਹਜ਼ਾਰ ਡਾਲਰ 'ਕੱਠੇ ਕਰਨ ਦਾ ਮਤਾ ਪਾਸ ਕੀਤਾ। ਖੜ੍ਹੇ ਪੈਰ ਸੋਲਾਂ ਹਜ਼ਾਰ ਤੇ ਦੋ ਚਾਰ ਦਿਨਾਂ 'ਚ ਛਪੰਜਾ ਹਜ਼ਾਰ ਡਾਲਰ 'ਕੱਠੇ ਹੋ ਗਏ। ਅੰਬੀ ਦਾ ਜੋਟੀਦਾਰ ਖਿਡਾਰੀ ਬਬਲੀ ਚੜਿੱਕ ਸਰੀ ਤੋਂ ਟੋਰਾਂਟੋ ਆਇਆ ਤਾਂ ਉਸ ਨੇ ਭਰੇ ਮਨ ਨਾਲ ਅੰਬੀ ਦੇ ਅੰਤਲੇ ਪਲਾਂ ਦਾ ਹਾਲ ਹਵਾਲ ਦੱਸਿਆ। ਉਸ ਨੇ ਦੱਸਿਆ ਕਿ ਉੱਦਣ ਉਹ ਸਰੀ ਦੀ ਬੇਸਮੈਂਟ 'ਚੋਂ 'ਕੱਠੇ ਉੱਠੇ ਸਨ। ਬਬਲੀ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ ਤੇ ਅੰਬੀ ਨੇ ਕੰਬਲ ਦਾ ਝੁੰਗਲਮਾਟਾ ਮਾਰੀ ਬਹਿ ਕੇ ਸੁਣਿਆ ਸੀ। ਉਨ੍ਹਾਂ ਦਾ ਦੋਸਤ ਰੋਟੀ ਲੈ ਕੇ ਆਇਆ ਤਾਂ ਦੋਹਾਂ ਨੇ ਇਕੋ ਪਲੇਟ 'ਚੋਂ ਦਹੀਂ ਨਾਲ ਪਰੌਂਠੇ ਖਾਧੇ ਸਨ। ਬਚਦਾ ਦਹੀਂ ਉਹ ਉਥੇ ਹੀ ਢਕ ਗਏ ਸਨ ਬਈ ਮੁੜ ਕੇ ਖਾਵਾਂਗੇ। ਟੂਰਨਾਮੈਂਟ ਤੋਂ ਬਾਅਦ ਉਨ੍ਹਾਂ ਨੇ ਬੇਸਮੈਂਟ ਵਿਚ ਆਉਣਾ ਤੇ ਆਪਣਾ ਸਮਾਨ ਚੁੱਕ ਕੇ ਟੋਰਾਂਟੋ ਨੂੰ ਜਹਾਜ਼ੇ ਚੜ੍ਹਨਾ ਸੀ। ਅਗਲੇ ਦਿਨ ਐਤਵਾਰ ਟੋਰਾਂਟੋ 'ਚ ਕਬੱਡੀ ਦਾ ਟੂਰਨਾਮੈਂਟ ਖੇਡਣਾ ਸੀ।

ਅੰਬੀ ਨੂੰ ਆਪਣੇ ਪਾਸਪੋਰਟ ਦੀ ਸੰਭਾਲ ਦਾ ਏਨਾ ਫ਼ਿਕਰ ਸੀ ਕਿ ਉਸ ਨੇ ਪਾਸਪੋਰਟ ਚੰਗੀ ਤਰ੍ਹਾਂ ਮੈਟ ਹੇਠ ਲੁਕੋ ਕੇ ਬੇਸਮੈਂਟ ਨੂੰ ਲੌਕ ਲਾਇਆ ਸੀ। ਜੇਬ ਵਿਚ ਇਸ ਲਈ ਨਾ ਪਾਇਆ ਕਿ ਖੇਡਦਿਆਂ ਗੁਆਚ ਨਾ ਹੋ ਜਾਵੇ। ਹੋਣੀ ਉਦੋਂ ਬੇਸਮੈਂਟ ਦੀ ਕਿਸੇ ਝੀਤ 'ਚੋਂ ਝਾਕਦੀ ਕਹਿ ਰਹੀ ਹੋਣੀ ਐਂ, "ਲੁਕੋ ਲੈ ਜਿਥੇ ਮਰਜ਼ੀ, ਪਰ ਇਹ ਪਾਸਪੋਰਟ ਤੇਰੇ ਕਿਸੇ ਕੰਮ ਦਾ ਨਹੀਂ ਰਹਿਣਾ!"

31 ਜੁਲਾਈ, 2005 ਨੂੰ ਸਰੀ ਵਿਚ ਦੋ ਮੈਚ ਖੇਡ ਕੇ ਉਹ ਦਰਸ਼ਕਾਂ ਲਈ ਰੱਖੇ ਪੌੜੀਆਂ ਵਾਲੇ ਸਟੈਂਡ ਦੀ ਹੇਠਲੀ ਪੌੜੀ ਉਤੇ ਜਾ ਬੈਠਾ ਸੀ। ਸਾਹਮਣੇ ਉਹਦਾ ਦੋਸਤ ਬਬਲੀ ਮੈਚ ਖੇਡ ਰਿਹਾ ਸੀ। ਬਬਲੀ ਨੇ ਤਕੜੇ ਰੇਡਰ ਲੱਕੀ ਕੁਰਾਲੀ ਨੂੰ ਜੱਫਾ ਲਾਇਆ ਤਾਂ ਅੰਬੀ ਨੇ ਖੜ੍ਹ ਕੇ ਤਾੜੀਆਂ ਮਾਰੀਆਂ। ਪੰਦਰਾਂ ਕੁ ਮਿੰਟ ਬੀਤੇ ਹੋਣਗੇ ਕਿ ਅੰਬੀ ਦੀ ਛਾਤੀ ਵਿਚ ਸਖਤ ਦਰਦ ਹੋਇਆ ਜਿਸ ਨਾਲ ਉਹ ਸੀਟ ਤੋਂ ਉਲਰ ਗਿਆ। ਆਲੇ ਦੁਆਲੇ ਬੈਠੇ ਦਰਸ਼ਕਾਂ ਨੇ ਰੌਲ਼ਾ ਪਾਇਆ ਕਿ ਅੰਬੀ ਨੂੰ ਪਤਾ ਨਹੀਂ ਕੀ ਹੋ ਗਿਐ?

ਕਬੱਡੀ ਖੇਡਦੇ ਬਬਲੀ ਦੇ ਕੰਨਾਂ ਵਿਚ 'ਅੰਬੀ' ਨਾਂ ਦੀ ਆਵਾਜ਼ ਪਈ ਤਾਂ ਉਸ ਨੇ ਅੰਬੀ ਵੱਲ ਵੇਖਿਆ। ਤਦ ਉਹ ਗੋਡਿਆਂ ਭਾਰ ਉਲਰਿਆ ਹੋਇਆ ਸੀ। ਬਬਲੀ ਫੈਂਸ ਉਤੋਂ ਦੀ ਛਾਲ ਮਾਰ ਕੇ ਤੁਰੰਤ ਅੰਬੀ ਪਾਸ ਪੁੱਜਾ। ਬੁਕਲ 'ਚ ਲਿਆ, ਅੰਬੀ-ਅੰਬੀ ਕਹਿੰਦਿਆਂ ਵਾਜ਼ਾਂ ਮਾਰੀਆਂ ਤੇ ਪੁੱਛਿਆ, 'ਅੰਬੀ ਤੈਨੂੰ ਕੀ ਹੋ ਗਿਆ?' ਅੰਬੀ ਕੁਝ ਨਾ ਬੋਲ ਸਕਿਆ। ਉਹਦੇ ਮੂੰਹ ਵਿਚੋਂ ਔਖੇ ਸਾਹਾਂ ਨਾਲ ਦੋ ਤਿੰਨ ਬੁਲਬੁਲੀਆਂ ਜਿਹੀ ਨਿਕਲੀਆਂ। ਉਹਦਾ ਰੰਗ ਪੀਲਾ ਪੈ ਰਿਹਾ ਸੀ ਤੇ ਬਬਲੀ ਪੁਕਾਰ ਰਿਹਾ ਸੀ, ਛੇਤੀ ਐਂਬੂਲੈਂਸ ਮੰਗਾਓ। ਫਸਟ ਏਡ ਦਾ ਮਾਹਿਰ ਇਕ ਨੌਜੁਆਨ ਮੂੰਹ ਨਾਲ ਮਸਨੂਈ ਸਾਹ ਦੇ ਰਿਹਾ ਸੀ ਪਰ ਅੰਬੀ ਘਟਦਾ ਹੀ ਜਾਂਦਾ ਸੀ। ਕੋਈ ਓਹੜ ਪੋਹੜ ਰਾਸ ਨਹੀਂ ਸੀ ਆ ਰਿਹਾ। ਜਦ ਨੂੰ ਐਂਬੂਲੈਂਸ ਆ ਗਈ...




ਕਿਤਾਬ ਸਵ: ਅੰਬੀ ਹਠੂਰ ਨੂੰ ਯਾਦ ਕਰਦਿਆਂ ਦਾ ਮੁਖੜਾ

ਕਬੱਡੀ ਦਰਸ਼ਕ ਤੇ ਪ੍ਰਬੰਧਕ ਸਦਮੇ ਵਿਚ ਡੁੱਬ ਗਏ। ਚੁਫੇਰੇ ਸੋਗ ਪਸਰ ਗਿਆ ਤੇ ਭਰਿਆ ਮੇਲਾ ਵਿਛੜ ਗਿਆ। ਬਬਲੀ ਨੇ ਦੱਸਿਆ ਕਿ ਕਦੇ-ਕਦੇ ਅੰਬੀ ਛਾਤੀ 'ਚ ਦਰਦ ਹੋਣ ਦੀ ਸ਼ਿਕਾਇਤ ਕਰਿਆ ਕਰਦਾ ਸੀ ਪਰ ਕਦੇ ਮੈਡੀਕਲ ਚੈੱਕ-ਅੱਪ ਨਹੀਂ ਸੀ ਕਰਵਾਇਆ। ਉਹ ਇਸ ਨੂੰ ਮਾਮੂਲੀ ਤਕਲੀਫ਼ ਸਮਝਦਾ ਸੀ। ਉਹਦੀ ਅਚਾਨਕ ਹੋਈ ਮ੍ਰਿਤੂ ਤੋਂ ਹੀ ਪਤਾ ਲੱਗਾ ਕਿ ਉਹਦੀ ਮਰਜ਼ ਗੰਭੀਰ ਸੀ। ਸਾਰੇ ਖਿਡਾਰੀਆਂ ਨੂੰ ਚਾਹੀਦੈ ਕਿ ਉਹ ਅਜਿਹੀਆਂ ਤਕਲੀਫ਼ਾਂ ਨੂੰ ਨਜ਼ਰ-ਅੰਦਾਜ਼ ਨਾ ਕਰਿਆ ਕਰਨ, ਬਾਕਾਇਦਾ ਮੈਡੀਕਲ ਚੈੱਕ ਅੱਪ ਕਰਵਾਉਂਦੇ ਰਹਿਣ ਤੇ ਡਾਕਟਰ ਦੀ ਸਲਾਹ ਨਾਲ ਹੀ ਦਵਾਈ ਬੂਟੀ ਲੈਣ।

ਟੋਰਾਂਟੋ ਲਾਗਲੇ ਸ਼ਹਿਰ ਹੈਮਿਲਟਨ ਦੇ ਪੰਜਾਬੀ ਸਪੋਰਟਸ ਕਲੱਬ ਦੇ ਸਰਪ੍ਰਸਤ ਹਠੂਰ ਦੇ ਹੀ ਦਰਸ਼ਨ ਸਿੰਘ ਧਾਲੀਵਾਲ ਨੇ ਅੰਬੀ ਨੂੰ ਪਹਿਲੀ ਵਾਰ 2003 ਦੇ ਕਬੱਡੀ ਸੀਜ਼ਨ ਲਈ ਸੱਦਿਆ ਸੀ ਅਤੇ ਦੂਜੀ ਵਾਰ 2005 ਵਿਚ ਸੱਦਿਆ। ਉਹ ਹੀ ਸਾਥੀਆਂ ਨਾਲ ਅੰਬੀ ਦੀ ਦੇਹ ਹਠੂਰ ਲੈ ਕੇ ਗਿਆ। ਜਦੋਂ ਪਹਿਲੀ ਵਾਰ ਅੰਬੀ ਆਪਣੇ ਪਿੰਡ ਹਠੂਰ ਮੁੜਿਆ ਸੀ ਤਾਂ ਪਿੰਡ ਵਾਸੀਆਂ ਢੋਲ ਢਮੱਕੇ ਨਾਲ ਜੇਤੂ ਜਲੂਸ ਕੱਢਿਆ ਸੀ ਤੇ ਖੁਸ਼ੀਆਂ ਮਨਾਈਆਂ ਸਨ। ਉੱਦਣ 8 ਅਗਸਤ ਦਾ ਦਿਨ ਸੀ। ਕਿਸਮਤ ਦਾ ਖੇਲ੍ਹ ਵੇਖੋ ਕਿ 2005 'ਚ ਵੀ 8 ਅਗਸਤ ਦਾ ਦਿਨ ਹੀ ਸੀ ਜਿੱਦਣ ਅੰਬੀ ਦੀ ਦੇਹ ਹਠੂਰ ਦੀਆਂ ਬਰੂਹਾਂ 'ਚ ਪੁੱਜੀ। ਉਸ ਦਿਨ ਇਲਾਕੇ ਦੇ ਹਜ਼ਾਰਾਂ ਲੋਕ ਸੋਗ ਵਿਚ ਹੰਝੂ ਵਹਾ ਰਹੇ ਸਨ।

ਡਾ. ਬਿੱਲੂ ਵੱਲੋਂ ਪੁਸਤਕ ਬਾਰੇ ਦੋ ਸ਼ਬਦ

ਸੀਨੇ ਖਿੱਚ ਜਿਨ੍ਹਾਂ ਨੇ ਖਾਧੀ,
ਉਹ ਕਰ ਆਰਾਮ ਨਹੀਂ ਬਹਿੰਦੇ।
ਨੇਹੁੰ ਵਾਲੇ ਨੈਣਾਂ ਕੀ ਨੀਂਦਰ,
ਉਹ ਰਾਤ ਦਿਨੇ ਪਏ ਵਹਿੰਦੇ।
ਇੱਕੋ ਲਗਨ ਲੱਗੀ ਲਈ ਜਾਂਦੀ,
ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨਾ ਕੋਈ,
ਸੋ ਚਾਲ ਪਏ ਨਿੱਤ ਰਹਿੰਦੇ।

ਮੇਰਾ ਮਨ ਹਮੇਸ਼ਾਂ ਹੀ ਕੁਝ ਨਾ ਕੁਝ ਕਰਨ ਨੂੰ ਅਹੁਲਦਾ ਰਹਿੰਦਾ ਹੈ। ਮੈਨੂੰ ਬਾਈ ਗੁਰਜੀਤ ਰਾਇਸਰ ਨੇ ਛੋਟੀ ਉਮਰੇ ਹੀ ਸਾਹਿਤ ਪੜ੍ਹਨ ਦੀ ਚੇਟਕ ਲਾ ਦਿੱਤੀ ਸੀ। ਸਾਡੇ ਘਰ ਕਿਤਾਬ ਪਈ ਹੁੰਦੀ ਸੀ 'ਲਹੂ ਦੀ ਲੋਅ'। ਉਹ ਕਿਤਾਬ ਮੇਰਾ ਵੱਡਾ ਭਾਈ ਗੁਰਜੀਤ ਹੀ ਲੈ ਕੇ ਆਇਆ ਸੀ। ਜਦੋਂ ਕੋਈ ਘਰੇ ਨਾ ਹੋਣ ਤਾਂ ਮੈਂ ਚੋਰੀ-ਚੋਰੀ ਪੜ੍ਹ ਲਿਆ ਕਰਨੀ। ਉਸ ਕਿਤਾਬ ਨੇ ਤਾਂ ਮੈਨੂੰ ਝੰਜੋੜ ਕੇ ਰੱਖ ਦਿੱਤਾ। ਫੇਰ ਤਾਂ ਮੈਨੂੰ ਐਂ ਹੋਇਆ ਕਰੇ ਬਈ ਮੈਨੂੰ ਕੋਈ ਕਿਤਾਬ ਮਿਲਜੇ ਪੜ੍ਹਨ ਨੂੰ ਤੇ ਜਿਥੋਂ ਵੀ ਕੋਈ ਨਾਵਲ ਜਾਂ ਕਹਾਣੀ ਸੰਗ੍ਰਹਿ ਮਿਲਦਾ ਪੜ੍ਹਦਾ ਰਹਿੰਦਾ...।

ਮੇਰਾ ਪੇਸ਼ਾ ਡਾਕਟਰੀ ਦਾ ਹੈ, ਮੇਰੇ ਕੋਲ ਇਕ ਮਿੰਟ ਦੀ ਵੀ ਵਿਹਲ ਨਹੀਂ ਸੀ। ਮੈਂ ਜੋ ਇਹ ਕਿਤਾਬ ਲਿਖੀ ਹੈ, ਰਾਤਾਂ ਜਾਗ ਕੇ ਲਿਖੀ ਹੈ। ਮੈਂ ਅੰਬੀ ਦੇ ਛੋਟੇ ਭਰਾ ਨੂੰ ਕਹਿ ਦਿੱਤਾ ਸੀ, "ਮੈਂ ਕਿਤਾਬ ਲਿਖਣੀ ਚਾਹੁੰਦਾ ਹਾਂ ਪਰ ਮੇਰੇ ਕੋਲ ਟਾਈਮ ਨਹੀਂ। ਇਹ ਕਿਤਾਬ ਆਪਾਂ ਰਾਤਾਂ ਨੂੰ ਹੀ ਲਿਖਣੀ ਹੈ। ਮੈਨੂੰ ਤੁਹਾਡੇ ਕੋਲ ਰਾਤਾਂ ਨੂੰ ਈ ਆਉਣਾ ਪਊ...। ਸਰਦੀਆਂ ਦੇ ਦਿਨ ਸਨ। ਸੂਰਜ ਸੰਦੇਹਾਂ ਹੀ ਛਿਪ ਜਾਂਦਾ। ਹਠੂਰ ਨੂੰ ਜਾਣ ਵਾਲੀ ਬੱਸ ਮੇਰੇ ਪਿੰਡ ਸ਼ਾਮ ਦੇ ਸੱਤ ਵਜੇ ਆਉਂਦੀ, ਮੈਂ

(ਬਾਕੀ ਅਗਲੇ ਸਫੇ 'ਤੇ)

# ਜਲ ਹੈ ਤਾਂ ਜਹਾਨ ਹੈ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
ਫੋਨ: 91-98157-78469
Sandhugulzar@yahoo.com

'ਜਲ ਨਹੀਂ ਤਾਂ ਜਹਾਨ ਨਹੀਂ' ਬਰਜਿੰਦਰ ਸਿੰਘ ਹਮਦਰਦ ਦਾ ਉਹ ਸੰਪਾਦਕੀ ਸੀ, ਜਿਹੜਾ ਉਨ੍ਹਾਂ ਨੇ 2015 ਦੇ ਵਿਸ਼ਵ ਜਲ ਦਿਵਸ ਮੌਕੇ ਅਜੀਤ ਸਮਾਚਾਰ ਸਮੂਹ ਲਈ ਲਿਖਿਆ ਸੀ। ਸੰਨ 2015, ਸੰਯੁਕਤ ਰਾਸ਼ਟਰ ਵਲੋਂ ਮਨਾਏ ਜਾ ਰਹੇ ਜਲ ਦਹਾਕੇ ਦਾ ਆਖਰੀ ਵਰ੍ਹਾ ਵੀ ਸੀ। ਇਸ ਵਰ੍ਹੇ ਭਾਰਤ ਦੇ ਕੇਂਦਰੀ ਜਲ ਬੋਰਡ ਨੇ ਪੰਜਾਬ ਰਾਜ ਵਿਚ ਪੈਂਦੇ 19 ਜ਼ਿਲ੍ਹਿਆਂ ਦੇ 110 ਬਲਾਕਾਂ ਵਿਚ ਧਰਤੀ ਹੇਠਲਾ ਪਾਣੀ ਬੇਹੱਦ ਡੂੰਘਾ ਹੋ ਜਾਣ ਕਾਰਨ ਇਨ੍ਹਾਂ ਥਾਵਾਂ ਨੂੰ 'ਡਾਰਕ ਜ਼ੋਨ' ਕਰਾਰ ਦੇ ਦਿੱਤਾ ਸੀ। ਪੰਜਾਬ ਦੇ ਪਾਣੀਆਂ ਪ੍ਰਤੀ ਚਿੰਤਾ ਪ੍ਰਗਟ ਕਰਨ ਵਾਲਾ ਇਹ ਸੰਪਾਦਕੀ ਪੰਜਾਬ ਦੀ ਆਵਾਜ਼ ਵਜੋਂ ਜਾਣੀ ਜਾਂਦੀ ਅਜੀਤ ਪੱਤਰਕਾ ਦਾ ਪਹਿਲਾ ਸੰਪਾਦਕੀ ਨਹੀਂ ਸੀ। ਇਸ ਤੋਂ ਪਹਿਲਾਂ ਪੂਰੇ ਤਿੰਨ ਦਹਾਕਿਆਂ ਤੋਂ ਸਮੇਂ ਸਮੇਂ ਅਜਿਹੇ ਸੰਪਾਦਕੀ ਛਪ ਚੁੱਕੇ ਸਨ ਜਿਨ੍ਹਾਂ ਵਿਚ ਜਲ ਤੇ ਜਲ ਸ੍ਰੋਤਾਂ ਪ੍ਰਤੀ ਚਿੰਤਾ ਜਤਾਈ ਗਈ ਹੈ। ਚਿੰਤਾ ਦਾ ਮੂਲ ਕਾਰਨ ਇਹ ਵੀ ਹੈ ਕਿ ਸੂਬੇ ਵਿਚ ਟਿਊਬਵੈੱਲਾਂ ਦੀ ਗਿਣਤੀ 15 ਲੱਖ ਦਾ ਅੰਕੜਾ ਪਾਰ ਕਰ ਚੁੱਕੀ ਹੈ। ਅਜੀਤ ਪੱਤਰਕਾ ਵਿਚ ਸਮੇਂ-ਸਮੇਂ ਲਿਖੇ 75 ਸੰਦਾਪਕੀ ਸੂਬਾ ਸਰਕਾਰ ਨੂੰ ਆਪਣੇ ਪਾਣੀਆਂ ਦੀ ਰੱਖਿਆ ਪ੍ਰਤੀ ਚੇਤੰਨ ਕਰਨ ਵਾਲੇ ਹਨ। ਇਹ ਲੇਖ ਹਰਿਆਣਾ ਸਰਕਾਰ ਦੇ ਇਸ ਦਾਅਵੇ ਨੂੰ ਵੀ ਨਕਾਰਦੇ ਹਨ ਕਿ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਉਨ੍ਹਾਂ ਦਾ ਹੱਕ ਬਣਦਾ ਹੈ। ਅਪਣੀ ਦਲੀਲ ਨੂੰ ਸਪੱਸ਼ਟ ਕਰਨ ਲਈ ਸੰਪਾਦਕ ਨੇ ਰਿਪੇਰੀਅਨਜ਼ ਕਾਨੂੰਨ ਨੂੰ ਆਧਾਰ ਬਣਾਇਆ ਹੈ। ਪੰਜਾਬੀ ਕਿਸਾਨਾ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਇਹ ਤਰਕ ਵੀ ਦਿੱਤਾ ਗਿਆ ਹੈ ਕਿ ਜੇ ਪੰਜਾਬ ਦੇ ਦਰਿਆਈ ਪਾਣੀਆਂ ਉੱਤੇ ਹਰਿਆਣਾ ਨਜ਼ਰਾਂ ਟਿਕਾਈ ਬੈਠਾ ਹੈ ਤਾਂ ਜਮਨਾ ਨਦੀ ਦੇ ਪਾਣੀ ਉੱਤੇ ਵੀ ਪੰਜਾਬ ਦਾ ਹੱਕ ਹੈ ਕਿਉਂਕਿ ਕਿਸੇ ਸਮੇਂ ਇਹ ਨਦੀ ਵੀ ਅਖੰਡ ਪੰਜਾਬ ਵਿਚ ਵਹਿੰਦੀ ਰਹੀ ਹੈ।

ਹੁਣ ਜਦੋਂ ਅਜੀਤ ਦੇ ਇਨ੍ਹਾਂ ਸੰਪਾਦਕੀਆਂ ਨੂੰ ਪੁਸਤਕ ਰੂਪ ਦੇ ਕੇ 'ਪਹਿਲਾ ਪਾਣੀ ਜੀਉ ਹੈ' ਨਾਂ ਹੇਠ ਛਪਵਾਇਆ ਗਿਆ ਹੈ ਤਾਂ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਨ੍ਹਾਂ ਦਾ ਉਚੇਚਾ ਸਵਾਗਤ ਕੀਤਾ ਹੈ। ਆਲਮੀ ਪੱਧਰ ਉੱਤੇ ਪੈਦਾ ਹੋਏ ਪਾਣੀ ਦੇ ਇਸ ਸੰਕਟ ਨੂੰ ਗੰਭੀਰਤਾ ਨਾਲ ਉਜਾਗਰ ਕਰਨ ਲਈ ਸੰਤ ਸੀਚੇਵਾਲ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਪਹਿਲੇ ਸਲੋਕ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੀ ਸ਼ਰਨ ਲਈ ਹੈ, ਜਿਹੜਾ ਅੱਜ ਤੋਂ 550 ਸਾਲ ਪਹਿਲਾਂ ਅਵਤਾਰ ਧਾਰਨ ਵਾਲੇ ਬਾਬਾ ਨਾਨਕ ਵਲੋਂ ਉਚਾਰਿਆ ਗਿਆ ਸੀ। ਪੁਸਤਕ ਰੂਪ ਵਿਚ ਛਪੇ ਇਨ੍ਹਾਂ ਸੰਪਾਦਕੀਆਂ ਦਾ ਸਵਾਗਤ ਹੈ,



ਮੈਨੂੰ ਇਸ ਗੱਲ ਨੇ ਵੀ ਪ੍ਰਭਾਵਿਤ ਕੀਤਾ ਹੈ ਕਿ ਲੇਖਕ ਨੇ ਇਹ ਰਚਨਾ ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਨੂੰ ਸਮਰਪਿਤ ਕੀਤੀ ਹੈ।

ਚੇਤੇ ਰਹੇ ਕਿ ਅੱਜ ਦੇ ਦਿਨ ਡੇਢ ਦਰਜਨ ਸੰਗੀਤ ਐਲਬਮਾਂ ਦੁਆਰਾ ਹਰਮਨ ਪਿਆਰੇ ਹੋਣ ਵਾਲੇ ਬਰਜਿੰਦਰ ਸਿੰਘ ਦੀ ਪ੍ਰਥਮ ਪੁਸਤਕ 'ਕੁਝ ਪੱਤਰੇ' ਸਿਰਲੇਖ ਵਾਲਾ ਨਾਵਲ ਸੀ ਜਿਹੜਾ ਏਨਾ ਮਕਬੂਲ ਹੋਇਆ ਕਿ ਗੁਜਰਾਤੀ ਭਾਸ਼ਾ ਵਿਚ ਵੀ ਪ੍ਰਕਾਸ਼ਤ ਹੋ ਚੁੱਕਿਆ ਹੈ।

**ਵਿਦੇਸ਼ਾਂ ਵਿਚ ਵੱਸੇ ਪੰਜਾਬੀ ਝੰਡਾਬਰਦਾਰ**

ਪੰਜਾਬੀ ਵਿਰਸਾ ਟਰੱਸਟ, ਫਗਵਾੜਾ ਨੇ ਗੁਰਮੀਤ ਸਿੰਘ ਪਲਾਹੀ ਦੀ ਪਰਵਾਸੀ ਪੰਜਾਬੀਆਂ ਬਾਰੇ 'ਜਿਨ੍ਹਾਂ 'ਤੇ ਮਾਣ ਪੰਜਾਬੀਆਂ ਨੂੰ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕਰ ਕੇ ਵਧੀਆ ਕੰਮ ਕੀਤਾ ਹੈ। ਖਾਸ ਕਰਕੇ ਏਸ ਲਈ ਕਿ ਇਸ ਵਿਚ ਬਾਹਰਲੇ ਦੇਸ਼ਾਂ ਨੂੰ ਅਪਨਾਉਣ ਵਾਲੇ ਪੰਜਾਬੀਆਂ ਦੀ ਆਪਣੇ ਵਲੋਂ ਪਿੱਛੇ ਛੱਡੇ ਪੰਜਾਬ ਪ੍ਰਤੀ ਭਲਾਈ ਭਾਵਨਾ। ਏਸ ਭਾਵਨਾ ਉੱਤੇ ਹਾਲ ਵਿਚ ਦਿੱਲੀ ਬਾਰਡਰ ਵਾਲੇ ਕਿਸਾਨ ਅੰਦੋਲਨ ਨੇ ਮੋਹਰ ਲਾਈ ਹੈ। ਪੁਸਤਕ ਵਿਚ ਪਰਵਾਸੀ ਭਾਰਤੀਆਂ ਦੇ ਭਖਦੇ ਮਸਲੇ ਵੀ ਉਭਾਰੇ ਗਏ ਹਨ ਤੇ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਨਜਿੱਠਣ ਦੀ ਨਾਕਾਮੀ ਵੀ। 170 ਪੰਨਿਆਂ ਦੀ ਏਸ ਪੁਸਤਕ ਵਿਚ ਇਕ ਸੌ ਵਪਾਰੀ, ਸਾਇੰਸਦਾਨ, ਸਿਆਸਤਦਾਨ, ਸਮਾਜ ਸੇਵਕ, ਵਕੀਲ, ਕ੍ਰਿਸ਼ੀ ਕਿੰਗ, ਲੇਖਕ, ਪੱਤਰਕਾਰ ਤੇ ਵਿਦਵਾਨ ਸ਼ਾਮਲ ਹਨ। ਮਹਿਲਾਵਾਂ ਤੇ ਮਰਦ।

ਮੈਂ ਖੁਦ ਇਨ੍ਹਾਂ ਵਿਚੋਂ ਇਕ ਦਰਜਨ ਤੋਂ ਵੱਧ ਨੂੰ ਨੇੜਿਓਂ ਜਾਣਦਾ ਹੈ। ਆਪਣੇ ਵਿਦਿਅਕ ਕਾਲ ਵਿਚ ਜਿਸ ਸ਼ਖ਼ਸੀਅਤ ਦਾ ਨਾਂ ਸੁਣਿਆ ਉਹ ਅਮਰੀਕਾ ਵਿਚ ਨਾਮਣਾ ਖੱਟਣ ਵਾਲਾ ਦਲੀਪ ਸਿੰਘ ਸੌਂਧ ਸੀ ਜਿਸਦਾ ਜੱਦੀ ਪੁਸ਼ਤੀ ਪਿੰਡ ਛੱਜਲਵਡੀ (ਅੰਮ੍ਰਿਤਸਰ) ਸੀ। ਸਭ ਤੋਂ ਅੰਤ ਵਿਚ ਜਿਸ ਵਿਅਕਤੀ ਨਾਲ ਜਾਣ-ਪਹਿਚਾਣ ਹੋਈ ਉਹ ਸੁਰਿੰਦਰ ਸਿੰਘ ਸੁੰਨੜ ਹੈ। ਉਸਨੂੰ ਮਿਲਣ ਦਾ ਸਬੱਬ ਪੰਜਾਬ ਕਲਾ ਪ੍ਰੀਸ਼ਦ ਵਲੋਂ ਪਿਛਲੇ ਮਹੀਨੇ ਦੇ ਅੰਤਲੇ ਦਿਨਾਂ ਵਿਚ ਕਰਵਾਇਆ ਗਿਆ ਇਕ ਸਮਾਗਮ ਸੀ। ਉਹਦੇ ਵਲੋਂ ਲਿਖੀਆਂ ਕਿਤਾਬਾਂ ਦੀ ਲਿਸਟ ਦੇਖਣ ਤੋਂ ਪਤਾ ਲੱਗਿਆ ਕਿ ਉਸਦੀ ਅੰਗਰੇਜ਼ੀ ਭਾਸ਼ਾ ਉੱਤੇ ਵੀ ਪੂਰੀ ਪਕੜ ਹੈ ਤੇ 'ਵਨ ਅਲਮਾਈਟੀ' ਨਾਂ ਦੀ ਚਰਚਿਤ ਪੁਸਤਕ ਦਾ ਰਚੇਤਾ ਹੈ। ਉਹ 'ਆਪਣੀ ਆਵਾਜ਼' ਰਸਾਲਾ ਵੀ ਕੱਢ ਰਿਹਾ ਹੈ ਜਿਹੜਾ ਗੁਰਮੁਖੀ ਤੇ ਸ਼ਾਹਮੁਖੀ ਦੋਨਾਂ ਲਿੱਪੀਆਂ ਵਿਚ ਛਪਦਾ ਹੈ ਤੇ ਦੋਵਾਂ ਪੰਜਾਬਾਂ ਵਿਚ ਮਕਬੂਲ ਹੈ। ਹੁਣ ਤਾਂ ਉਸਨੇ ਆਪਣੀ ਕਮਾਈ ਵਿਚੋਂ ਆਪਣੀ ਆਵਾਜ਼ ਨਾਂ ਦਾ ਐਵਾਰਡ ਵੀ ਸਥਾਪਤ ਕੀਤਾ ਹੈ ਜਿਹੜਾ ਪੰਜਾਬੀ ਦੇ ਜਾਣੇ ਪਹਿਚਾਣੇ ਸਾਹਿਤਕਾਰਾਂ ਨੂੰ ਦਿੱਤਾ ਜਾਂਦਾ ਹੈ। ਪੁਸਤਕ ਵਿਚ ਦਰਜ ਪੰਜਾਬੀਆਂ ਵਿਚ ਮੇਰੇ ਸਾਹਿਤਕ ਮਿੱਤਰ ਰਵਿੰਦਰ ਰਵੀ ਤੇ ਪ੍ਰਿੰਸੀਪਲ ਸਰਵਣ ਸਿੰਘ ਤੋਂ ਲੈ ਕੇ ਸਿਆਸਤਦਾਨ ਉੱਜਲ ਦੋਸਾਂਝ ਤੇ ਬੀਬੀ ਰਚਨਾ ਸਿੰਘ ਹੀ ਨਹੀਂ ਆੜ੍ਹਤਾਂ ਦਾ ਬਾਦਸ਼ਾਹ ਦੀਦਾਰ ਸਿੰਘ ਬੈਂਸ ਤੇ ਸੌਗੀ ਕਿੰਗ ਚਰਨਜੀਤ ਸਿੰਘ ਬਾਠ ਵੀ ਸ਼ਾਮਲ ਹਨ। ਰਚਨਾ ਸਿੰਘ ਮੇਰੇ ਮਿੱਤਰ ਰਘਬੀਰ ਸਿੰਘ ਸਿਰਜਣਾ ਦੀ ਪੁੱਤਰੀ ਹੈ ਤੇ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੇ ਵਿਕਾਸ ਨੂੰ ਪਰਨਾਏ ਤੇਰਾ ਸਿੰਘ ਚੰਨ ਦੀ ਦੋਹਤਰੀ। ਖੇਡ ਜਗਤ ਦੇ ਕੋਹੇਨੂਰਾਂ ਨੂੰ ਲੱਭਦਾ ਸਰਵਣ ਸਿੰਘ ਪੰਜਾਬੀ ਸਾਹਿਤ ਤੇ ਸਭਿਆਚਾਰ ਨੂੰ ਚਾਰ ਚੰਨ ਲਾਉਣ ਵਾਲੇ ਪੰਜਾਬੀ ਜੀਊੜਿਆਂ ਦੀਆਂ ਬਾਤਾਂ ਪਾ ਕੇ ਉਨ੍ਹਾਂ ਨੂੰ ਰੁਸ਼ਨਾ ਚੁੱਕਾ ਹੈ।

ਵਿਦੇਸ਼ ਵਿਚ ਪੰਜਾਬ ਦਾ ਝੰਡਾ ਗੱਡਣ ਵਾਲਿਆਂ ਵਿਚ ਦੁਆਬਾ ਨਿਵਾਸੀਆਂ ਦੀ ਗਿਣਤੀ ਸਭ ਤੋਂ ਵੱਧ ਹੈ, ਜਿਨ੍ਹਾਂ ਵਿਚੋਂ ਉੱਜਲ ਦੋਸਾਂਝ ਬ੍ਰਿਟਿਸ਼ ਕੋਲੰਬੀਆ ਵਿਚ ਪ੍ਰੀਮੀਅਮ (ਮੁੱਖ ਮੰਤਰੀ) ਦੀ ਪਦਵੀ ਤਕ ਪਹੁੰਚਿਆ ਤੇ ਲੇਖਕ ਰਵਿੰਦਰ ਰਵੀ ਨੇ ਕੈਨੇਡਾ ਦੇ ਦੂਰ ਦੁਰਾਡੇ ਸ਼ਹਿਰ ਟੈਰੇਸ ਨੂੰ ਆਪਣਾ ਪੱਕਾ ਟਿਕਾਣਾ ਬਣਾਇਆ ਹੈ। ਹੋਰ ਪੁੱਛਦੇ ਹੋ ਤਾਂ ਅਮਰੀਕਾ ਦੇ 11 ਸੂਬਿਆਂ ਵਿਚ 1000 ਗੈਸ ਸਟੇਸ਼ਨ ਚਲਾ ਰਹੇ ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਪਿਤਾ ਕਰਤਾਰ ਸਿੰਘ ਧਾਲੀਵਾਲ ਦੇ ਨਾਂ ਉੱਤੇ ਜਿਹੜਾ ਸਨਮਾਨ ਸਥਾਪਤ ਕੀਤਾ ਹੈ, ਉਸ ਨਾਲ ਨਿਵਾਜੇ ਜਾਣ ਵਾਲਿਆਂ ਵਿਚ ਮੇਰਾ ਵੀ ਨਾਂ ਬੋਲਦਾ ਹੈ।

ਪਲਾਹੀ ਵਲੋਂ ਪਰਵਾਸੀ ਪੰਜਾਬੀਆਂ ਨੂੰ ਇਕ ਪੁਸਤਕ ਦੇ ਰੂਪ ਵਿਚ ਪੇਸ਼ ਕਰਨ ਦਾ ਉਪਰਾਲਾ ਬਹੁਤ ਚੰਗਾ ਹੈ। ਚੰਗਾ ਹੁੰਦਾ ਜੇ ਉਹ ਆਪਣੇ ਹਰ ਪਾਤਰ ਦਾ ਟੈਲੀਫ਼ੋਨ ਜਾਂ ਮੋਬਾਈਲ ਨੰਬਰ ਵੀ ਦੇ ਦਿੰਦਾ ਤਾਂ ਕਿ ਉਨ੍ਹਾਂ ਨਾਲ ਸਾਂਝ ਪਾਉਣ ਵਾਲੇ ਉਨ੍ਹਾਂ ਨੂੰ ਲੱਭਣ ਵਿਚ ਸਹਿਜੇ ਸਫਲ ਹੋ ਜਾਂਦੇ।

**ਅੰਤਿਕਾ**

ਗੁਰਚਰਨ ਕੌਰ ਕੋਚਰ

ਮੈਂ ਚਾਹੁੰਦੀ ਹਾਂ ਕਿ
ਪਰਉਪਕਾਰ ਦਾ ਸ਼ਾਹਕਾਰ ਬਣ ਜਾਵਾਂ,
ਤੇ ਧੁੱਪੇ ਸੜਦਿਆਂ ਲਈ
ਬਿਰਖ ਛਾਇਆਦਾਰ ਬਣ ਜਾਵਾਂ।
ਨਵੀਂ ਭਾਸ਼ਾ ਸਿਖਾਵਾਂ ਮੈਂ
ਹਵਾ ਦੇ ਬੁੱਲਿਆਂ ਤਾਣੀ,
ਮੈਂ ਉਨ੍ਹਾਂ ਵਾਸਤੇ ਇੱਕ
ਮੜਕਦੀ ਰਫ਼ਤਾਰ ਬਣ ਜਾਵਾਂ।
ਨਹੀਂ ਅਹਿਸਾਨ ਇਹ ਕੋਈ
ਸਗੋਂ ਪੂਜਾ ਇਬਾਦਤ ਹੈ,
ਕਿ ਮੈਂ ਮੰਝਧਾਰ ਵਿਚ ਬੇੜੀ ਲਈ
ਪਤਵਾਰ ਬਣ ਜਾਵਾਂ।
ਹਨੇਰੇ ਤੋਂ ਹੈ ਨਫ਼ਰਤ ਇਸ ਲਈ
'ਕੋਚਰ' ਮੈਂ ਚਾਹੁੰਦੀ ਹਾਂ,
ਕਿ ਚਾਨਣ ਦੇ ਸੁਨੇਹੇ ਵਾਸਤੇ
ਮੀਨਾਰ ਬਣ ਜਾਵਾਂ।

# ਵਿਚਾਰਨਯੋਗ ਗੱਲਾਂ

ਇਨਸਾਨ ਅਜੀਬ ਫ਼ਿਤਰਤ ਦਾ ਮਾਲਕ ਹੈ ਜਦੋਂ ਰਿਸ਼ਤਿਆਂ ਤੋਂ ਦਿਲ ਭਰ ਜਾਂਦਾ ਹੈ ਤਾਂ ਉਹ ਸਭ ਗੱਲਾਂ ਦੇ ਇਲਜ਼ਾਮ ਜਮ੍ਹਾਂ ਕਰਨੇ ਸ਼ੁਰੂ ਕਰ ਦਿੰਦਾ ਹੈ, ਜਿਨ੍ਹਾਂ ਨੂੰ ਬੁਨਿਆਦ ਬਣਾ ਕੇ ਉਹ ਰਿਸ਼ਤਾ ਤੋੜ ਸਕੇ ਤੇ ਖ਼ੁਦ ਨੂੰ ਤਸੱਲੀ ਦੇ ਲੈਂਦਾ ਹੈ ਕਿ ਉਸਨੇ ਜੋ ਕੀਤਾ ਚੰਗਾ ਕੀਤਾ। ਜਿੰਨੀ ਨਿਭ ਗਈ ਉਤਨੀ ਚੰਗੀ ਦੇ ਕਹਾਣ ਮੁਤਾਬਕ ਪਿਆਰ ਦੇ ਅੰਤ ਨੂੰ ਖ਼ੁਸ਼ੀ-ਖ਼ੁਸ਼ੀ ਅਲਵਿਦਾ ਕਹੋ ਤੇ ਸਵੀਕਾਰ ਕਰੋ।

ਕਈ ਵਾਰ ਲੋਕ ਮਿੱਠੀਆਂ ਮਿੱਠੀਆਂ ਗੱਲਾਂ ਨਾਲ ਤੁਹਾਨੂੰ ਇੱਜ਼ਤ ਨਹੀਂ ਧੋਖਾ ਦੇ ਰਹੇ ਹੁੰਦੇ ਹਨ। ਇਨ੍ਹਾਂ ਮਿੱਠੀਆਂ ਗੋਲ਼ੀਆਂ ਦੀ ਤੁਹਾਨੂੰ ਜ਼ਰੂਰਤ ਨਹੀਂ ਜੋ ਤੁਹਾਨੂੰ ਸਤਿਕਾਰ ਨਹੀਂ ਦਿੰਦੀਆਂ। ਅਸਲ ਗੱਲ ਇੱਜ਼ਤ ਕਰਨਾ ਤੇ ਕਰਾਉਣਾ ਹੁੰਦਾ ਹੈ। ਆਪਣੇ ਮਕਸਦ ਜਾਂ ਸਵਾਰਥ ਲਈ ਕਦੇ ਦੂਸਰੇ ਨੂੰ ਨਾ ਵਰਤੋ।



ਦੇਵਿੰਦਰ ਕੌਰ ਧਾਲੀਵਾਲ

ਕਦੇ ਵੀ ਦੂਸਰੇ ਦੇ ਕੀਤੇ ਉਪਕਾਰਾਂ ਨੂੰ ਨਾ ਭੁੱਲੋ ਤੇ ਦੋਸਤੀ ਖ਼ਤਮ ਹੋਣ ਤੋਂ ਬਾਅਦ ਵੀ ਆਪਣੇ ਦੋਸਤ ਦੀ ਪਿੱਠ ਵਿਚ ਚਾਕੂ ਨਾ ਮਾਰੋ ਅਤੇ ਨਾ ਹੀ ਪਿੱਠ ਪਿੱਛੇ ਬੁਰਾਈ ਕਰੋ। ਪਿੱਠ ਪਿੱਛੇ ਵੀ ਦੋਸਤਾਂ ਦੀ ਉਸਤਤ ਹੀ ਕਰੋ। ਇਸ ਤਰ੍ਹਾਂ ਕਰਨ ਨਾਲ ਤੁਸੀਂ ਵਧੀਆ ਤੇ ਹਲਕਾ ਮਹਿਸੂਸ ਕਰੋਗੇ। ਤੁਹਾਡੀਆਂ ਅੱਖਾਂ ਵਿਚ ਆਪਣੇ ਆਪ ਲਈ ਇੱਜ਼ਤ ਵਧ ਜਾਵੇਗੀ। ਜੇ ਰਿਸ਼ਤਿਆਂ ਵਿਚ ਮੁਕਾਬਲਾ, ਦਿਮਾਗ ਵਿਚ ਜ਼ਿਦ ਅਤੇ ਬਦਲੇ ਦੀ ਭਾਵਨਾ ਰਹਿੰਦੀ ਹੈ ਤਾਂ ਉੱਥੇ ਰਿਸ਼ਤਿਆਂ ਦੀ ਹਾਰ ਪੱਕੀ ਹੈ।

ਮੈਨੂੰ ਕਿਸੇ ਨੇ ਕਿਸੇ ਸ਼ਹਿਰ ਦੀ ਔਰਤ ਬਾਰੇ ਕਿਹਾ ਕਿ ਉਸ ਤੋਂ ਦੂਰੀ ਬਣਾ ਕੇ ਰੱਖਣਾ ਉਹ ਤਾਂ ਹਰੇਕ ਨੂੰ ਕੋਰਟ ਵਿਚ ਲੈ ਜਾਂਦੀ ਹੈ ਪਰ ਇਹ ਗੱਲ ਝੂਠ ਸੀ। ਕਿਸੇ ਨੂੰ ਨੀਵਾਂ ਦਿਖਾਉਣ ਲਈ ਗੱਲ ਬਣਾਈ ਗਈ ਜਦਕਿ ਉਸ ਔਰਤ ਨੂੰ ਮੈਂ ਨੇੜੇ ਤੋਂ ਜਾਣਦੀ ਹਾਂ, ਜਿਸ ਨੇ ਕਦੇ ਕੋਰਟ ਦਾ ਮੂੰਹ ਨਹੀਂ ਵੇਖਿਆ ਕਿਸੇ ਨੂੰ ਕੋਰਟ 'ਚ ਕੀ ਲਿਜਾਵੇਗੀ।

ਮੈਂ ਕਦੇ ਵੀ ਕਿਸੇ ਦੀ ਕਹੀ ਗੱਲ 'ਤੇ ਯਕੀਨ ਨਹੀਂ ਕਰਦੀ, ਜਿੰਨਾ ਚਿਰ ਅੱਖੀਂ ਨਾ ਵੇਖ ਲਵਾਂ। ਸੁਣੀਆਂ ਸੁਣਾਈਆਂ ਗੱਲਾਂ 'ਤੇ ਅਮਲ ਨਾ ਕਰੋ। ਕਿਸੇ ਦੇ ਮਗਰ ਉਹ ਲੱਗਦੇ ਹਨ ਜੋ ਲਾਈਲੱਗ ਹੁੰਦੇ ਹਨ। ਸਿਆਣੇ ਬੰਦੇ ਆਪਣੇ ਦਿਮਾਗ ਤੋਂ ਕੰਮ ਲੈਂਦੇ ਹਨ।

ਕਈ ਵਾਰ ਕਿਸੇ ਨੂੰ ਜ਼ਿਆਦਾ ਪਿਆਰ ਕਰਨਾ ਵੀ ਨੁਕਸਾਨਦੇਹ ਹੋ ਨਿਬੜਦਾ ਹੈ ਕਿਉਂਕਿ ਬਹੁਤੀ ਮੁਹੱਬਤ ਦੇਣ ਨਾਲ ਤੁਹਾਡੀ ਮੁਹੱਬਤ ਸਸਤੀ ਤੇ ਕਮਜ਼ੋਰ ਲੱਗਦੀ ਹੈ। ਜੋ ਮਿਹਦਾ ਕਮਜ਼ੋਰ ਹੈ ਭਾਵੇਂ ਲੱਖ ਟਾਨਿਕ ਖਾ ਲਓ ਖ਼ੁਰਾਕ ਦਾ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਜ਼ਿਆਦਾ ਪਿਆਰ ਪਚਾਉਣ ਲਈ ਵੀ ਤਕੜਾ ਮਿਹਦਾ ਚਾਹੀਦਾ ਹੈ ਜੋ ਹਰੇਕ ਕੋਲ ਨਹੀਂ ਹੁੰਦਾ। ਅਜਿਹੇ ਲੋਕਾਂ ਨੂੰ ਮੁਹੱਬਤ ਕਲਾਵੇ ਭਰ ਭਰ ਨਹੀਂ ਸਗੋਂ ਛੋਟੇ ਛੋਟੇ ਹਿੱਸਿਆਂ 'ਚ ਦਿਓ ਤਾਂ ਕਿ ਉਨ੍ਹਾਂ ਦਾ ਮਿਹਦਾ ਤੁਹਾਡੀ ਮੁਹੱਬਤ ਪਚਾ ਸਕੇ।

ਜਦੋਂ ਰਿਸ਼ਤਿਆਂ ਵਿਚ ਫ਼ਾਸਲੇ ਵਧਣ ਲੱਗਦੇ ਦਿਸਣ ਤਾਂ ਫੈਸਲਾ ਕਰ ਲਓ। ਤੁਸੀਂ ਵੀ ਫ਼ਾਸਲਾ ਵਧਾ ਲਓ ਕਿਉਂਕਿ ਇਸੇ ਵਿਚ ਹੀ ਭਲਾਈ ਹੈ। ਆਪਣਾ ਕੀਮਤੀ ਸਮਾਂ ਵਧੀਆ ਸੰਗੀਤ ਸੁਣਨ, ਚੰਗੀ ਕਿਤਾਬ ਪੜ੍ਹਨ ਜਾਂ ਕਾਇਨਾਤ ਨੂੰ ਜਾਣਨ ਦੀ ਕੋਸ਼ਿਸ਼ 'ਚ ਬਤੀਤ ਕਰੋ। ਗਰੀਬ ਦੀ ਮਦਦ ਕਰੋ।

ਜ਼ਿੰਦਗੀ 'ਚ ਕਈ ਵਾਰ ਕੋਈ ਤੀਸਰਾ ਆ ਕੇ ਰੰਗ 'ਚ ਭੰਗ ਪਾ ਦਿੰਦਾ ਹੈ। ਜਦੋਂ ਵੀ ਕੋਈ ਤੀਸਰਾ ਸ਼ਾਮਿਲ ਹੋਵੇ, ਉਸਨੂੰ ਆਪਣੀ ਘਰੇਲੂ ਜ਼ਿੰਦਗੀ 'ਤੇ ਹਾਵੀ ਨਾ ਹੋਣ ਦਿਓ। ਰਿਸ਼ਤਿਆਂ 'ਚ ਮਿਠਾਸ ਬਣਾਈ ਰੱਖੋ। ਇਹ ਨਰੋਏ ਜੀਵਨ ਜੀਣ ਲਈ ਗੁਣਕਾਰੀ ਹੈ। ਰਿਸ਼ਤੇ ਰੇਸ਼ਮ ਦੀਆਂ ਤੰਦਾਂ ਵਾਂਗ ਬੜੇ ਮੁਲਾਇਮ ਤੇ ਨਾਜ਼ੁਕ ਹੁੰਦੇ ਹਨ ਇਨ੍ਹਾਂ ਦੀ ਹਮੇਸ਼ਾ ਸੰਭਾਲ ਕਰੋ।

ਹਮੇਸ਼ਾ ਨਾ-ਸ਼ੁਕਰੇ ਲੋਕਾਂ ਤੋਂ ਬਚੋ। ਆਪਣਾ ਤੇ ਆਪਣੇ ਪਰਿਵਾਰ ਦਾ ਖਿਆਲ ਰੱਖੋ। ਆਪਣੇ ਬੱਚਿਆਂ ਦੇ ਦੋਸਤ ਬਣੋ। ਉਨ੍ਹਾਂ ਦਾ ਕੰਮ ਕਰਨ ਨੂੰ ਬੋਝ ਨਾ ਸਮਝੋ। ਜੇ ਬੱਚਿਆਂ ਵਿਚ ਪਿਆਰ ਹੋਵੇਗਾ ਤਾਂ ਬੁਢੇਪੇ ਵਿਚ ਉਹ ਵੀ ਤੁਹਾਨੂੰ ਬੋਝ ਨਹੀਂ ਸਮਝਣਗੇ। ਫਿਰ ਕਿਸੇ ਬਿਰਧ ਆਸ਼ਰਮ ਦੀ ਲੋੜ ਨਹੀਂ ਰਹੇਗੀ।

# ਅੰਬੀ ਹਠੂਰ ਨੂੰ ਯਾਦ ਕਰਦਿਆਂ: ਡਾ. ਬਿੱਲੂ ਰਾਏਸਰ

*(ਪਿਛਲੇ ਸਫੇ ਦਾ ਬਾਕੀ)*

ਉਸ 'ਤੇ ਜਾਣਾ। ਅਸੀਂ ਰਾਤ ਦੇ ਬਾਰਾਂ ਇਕ ਵਜੇ ਤਕ ਲਿਖੀ ਜਾਣਾ ਤੇ ਸਵੇਰੇ ਛੇ ਦਸ 'ਤੇ ਮੇਰੇ ਪਿੰਡ ਨੂੰ ਚਲਦੀ ਬੱਸ 'ਚ ਬੈਠ ਕੇ ਮੈਂ ਸੱਤ ਵਜੇ ਵਾਪਸ ਪਿੰਡ ਦੁਕਾਨ 'ਤੇ ਆ ਜਾਣਾ...

ਬਿੱਲੂ ਰਾਏਸਰ ਦੀ ਇਹ ਪੁਸਤਕ ਪੰਜਾਬੀ ਖੇਡ ਸਾਹਿਤ ਵਿਚ ਨਿਆਰੀ ਰਚਨਾ ਹੈ। ਇਹਦੇ ਵਿਚ ਲੇਖਕ ਵੱਲੋਂ ਅੰਬੀ ਦੇ ਪਿਤਾ ਜੋਗਿੰਦਰ ਸਿੰਘ, ਮਾਤਾ ਮਲਕੀਤ ਕੌਰ, ਭਰਾ ਸੋਨੀ ਤੇ ਬੱਬੂ, ਦੋਸਤ ਬਬਲੀ ਚੜਿੱਕ, ਸੀਰਾ ਹਠੂਰ, ਨਿਸ਼ਾਨ ਭੰਮੀਪੁਰਾ, ਕੋਚ ਮੱਖਣ ਸਿੰਘ ਡੀਪੀਈ, ਸੀਰਾ ਬੁੱਘੀਪੁਰਾ, ਮੁਖਤਿਆਰ ਘੋਦੀ, ਕੁਮੈਂਟੇਟਰ ਦਰਸ਼ਨ ਬੜੀ, ਮਨਜੀਤ ਕੈਨੇਡਾ, ਕਬੱਡੀ ਖਿਡਾਰੀ ਭੜਥਾ ਗੁਰਮ, ਕਾਲਾ ਹਠੂਰ, ਜਗਤਾਰ ਬੱਟਾ, ਹਰਵੰਤ ਲਵਲੀ, ਹਰੀ ਚੰਦ ਮੀਟ ਵਾਲਾ ਤੇ ਪਿੰਡ ਦੇ ਹੋਰ ਬੰਦਿਆਂ ਨਾਲ ਕੀਤੀਆਂ ਮੁਲਕਾਤਾਂ ਦਾ ਵੇਰਵਾ ਹੈ। ਜਿਹੜੇ ਖਿਡਾਰੀ ਅੰਬੀ ਨਾਲ ਬਚਪਨ 'ਚ ਖੇਡਦੇ ਰਹੇ, ਟੂਰਨਾਮੈਂਟਾਂ 'ਚ ਖੇਡੇ ਜਾਂ ਕੈਨੇਡਾ 'ਚ ਮਿਲੇ ਗਿਲੇ, ਡਾ. ਬਿੱਲੂ ਨੇ ਉਨ੍ਹਾਂ ਤੋਂ ਅੰਬੀ ਬਾਰੇ ਵੱਧ ਤੋਂ ਵੱਧ ਤੱਥ ਜਾਣਨ ਦੀ ਕੋਸ਼ਿਸ਼ ਕੀਤੀ ਤੇ ਸ਼ਿੱਦਤ ਨਾਲ ਲਿਖਿਆ। ਇਸ ਪੁਸਤਕ ਵਿਚ ਕਰੁਣਾ ਵੀ ਹੈ, ਕਾਵਿਕਤਾ ਵੀ ਤੇ ਮੌਤ ਦਾ ਮਾਰਮਿਕ ਵਰਣਨ ਵੀ ਹੈ।

ਸੱਜਣ ਮੈਂਡੇ ਰਾਂਗਲੇ
ਚੰਨ ਧੁੱਪ ਦੇ ਵਿਚ ਹੈ ਸੌਂ ਗਿਆ,
ਨੀ ਅੱਜ ਸਿਖਰ ਦੁਪਹਿਰੇ
ਕਿਰਨਾਂ ਹੋਈਆਂ ਸੌਲੀਆਂ,
ਨੀ ਅੱਜ ਸਿਖਰ ਦੁਪਹਿਰੇ
ਕਿਹੜੀ ਅੱਖ ਨਹੀਂ ਰੋਈ,
ਕਿਹੜਾ ਦਿਲ ਨਹੀਂ ਰੋਇਆ
ਕੋਈ ਕਾਲਜਾ ਤਾਂ ਦੱਸੋ,
ਜਿੱਥੇ ਛੇਕ ਨਹੀਂਓ ਹੋਇਆ

ਬਬਲੀ ਚੜਿੱਕ ਦੀ ਜ਼ਬਾਨੀ: ਐਂਬੂਲੈਂਸ ਆ ਗਈ। ਲੋਕਾਂ ਨੂੰ ਪਾਸੇ ਕਰ ਕੇ ਅੰਬੀ ਨੂੰ ਗੱਡੀ 'ਚ ਪਾ ਲਿਆ। ਉਨ੍ਹਾਂ ਨੇ ਟਰੀਟਮੈਂਟ ਸ਼ੁਰੂ ਕਰ ਦਿੱਤਾ, ਕੋਈ ਕਰੰਟ ਬਗੈਰਾ ਵੀ ਲਾਇਆ। ਇੰਜੈਕਸ਼ਨ ਵੀ ਲਾਏ। ਉਨ੍ਹਾਂ ਨੇ ਪੂਰੀ ਵਾਹ ਲਾਈ। ਮੈਂ ਤੇ ਸੀਰਾ ਤਾਂ ਕਮਲੇ ਹੋਏ ਫਿਰਦੇ ਸੀ। ਅਸੀਂ ਉਨ੍ਹਾਂ ਨੂੰ ਕਿਹਾ, ਬਾਈ ਕਰੋ ਕੁਛ ਜੋ ਹੁੰਦਾ, ਸਾਨੂੰ ਲੱਗਦਾ ਸਾਡਾ ਅੰਬੀ ਹੈ ਨੀ। ਪਰ ਉਹ ਕਹਿੰਦੇ, ਸਭ ਠੀਕ ਹੋ-ਜੂ, ਤੁਸੀਂ ਘਬਰਾਓ ਨਾ। ਉਹ ਐਂਬੂਲੈਂਸ ਨੂੰ ਹਸਪਤਾਲ ਲੈ ਤੁਰੇ। ਸਾਡੇ 'ਚੋਂ ਤਾਂ ਸਾਹ ਸਤ ਹੀ ਮੁੱਕ ਗਿਆ ਸੀ। ਪਤਾ ਨਹੀਂ ਸੀ ਲੱਗਦਾ ਬਈ ਹੁਣ ਕੀ ਕਰੀਏ? ਅਸੀਂ ਫੇਰ ਨਿਸ਼ਾਨ ਨੂੰ ਫੋਨ ਲਾਇਆ ਕਿ ਅੰਬੀ ਨੂੰ ਦੌਰਾ ਜਿਹਾ ਪੈ ਗਿਆ। ਉਹ ਕਹਿੰਦਾ ਮੈਂ ਹੁਣੇ ਆਇਆ ਤੇ ਉਹ ਬਹੁਤ ਜਲਦੀ ਹਸਪਤਾਲ ਪਹੁੰਚ ਗਿਆ।

ਹੋਰ ਵੀ ਯਾਰ ਮਿੱਤਰ ਜਿਹੜੇ ਟੂਰਨਾਮੈਂਟ ਵਿਚ ਸੀ ਜਿਵੇਂ ਮਨਜੀਤ, ਪੀਟਰ, ਰਾਜ ਬੱਧਨੀ, ਕਾਂਤਾ, ਦੀਦਾਰੇਵਾਲੇ ਤੇ ਦੋ ਤਿੰਨ ਮੁੰਡੇ, ਸਿੰਦਰੀ, ਕਿੰਦਾ ਆਹਲੂਵਾਲੀਆ, ਡੀਸੀ ਤਲਵੰਡੀ, ਸਾਰੇ ਹਸਪਤਾਲ ਪਹੁੰਚ ਗਏ। ਕੁਝ ਸਮੇਂ ਬਾਅਦ ਮੈਨੂੰ, ਸੀਰੇ, ਨਿਸ਼ਾਨ ਤੇ ਮਨਜੀਤ ਨੂੰ ਡਾਕਟਰਾਂ ਨੇ ਅੰਦਰ ਬੁਲਾਇਆ। ਇਕ ਗੋਰਾ ਤੇ ਇਕ ਪੰਜਾਬੀ ਡਾਕਟਰ ਮੌਜੂਦ ਸੀ। ਉਨ੍ਹਾਂ ਨੇ ਸਾਨੂੰ ਬੜੇ ਧੀਰਜ ਨਾਲ ਬਿਠਾਇਆ ਤੇ ਫੇਰ ਕਹਿੰਦੇ, "ਬਈ ਨੌਜੁਆਨੋਂ, ਤੁਸੀਂ ਘਬਰਾਇਓ ਨਾ, ਗੱਲ ਬਹੁਤ ਹੀ ਜਿਗਰੇ ਨਾਲ ਸੁਣਨ ਵਾਲੀ ਆ। ਜੇ ਤੁਸੀਂ ਹੀ ਡੋਲ ਗਏ ਤਾਂ ਇਹਦੇ ਮਾਤਾ-ਪਿਤਾ ਤੇ ਭੈਣ-ਭਰਾਵਾਂ ਨੂੰ ਕੌਣ ਦਿਲਾਸਾ ਦੇਊ? ਇਸ ਦੀ ਮੌਤ ਦਿਲ ਦਾ ਸਖ਼ਤ ਦੌਰਾ ਪੈਣ ਕਾਰਨ ਹੋ ਗਈ ਆ। ਅਸੀਂ ਟਰਾਈ ਕਰ ਕੇ ਹਾਰ ਚੁੱਕੇ ਆਂ। ਇਕ ਘੰਟੇ ਤੋਂ ਇਸ ਦੇ ਦਿਲ ਤੇ ਦਿਮਾਗ ਨੂੰ ਆਕਸੀਜਨ ਨਹੀਂ ਮਿਲੀ। ਹੁਣ ਤੁਸੀਂ ਇਸ ਨੂੰ ਵੇਖ ਸਕਦੇ ਹੋ।

ਅਸੀਂ ਰੂਮ 'ਚ ਜਾ ਕੇ ਵੇਖਿਆ, ਉਹ ਸੁੱਤੇ ਪਏ ਬੰਦੇ ਵਾਂਗ ਹੀ ਸੁੱਤਾ ਪਿਆ ਸੀ। ਪਰ ਉਹਦੀ ਰੂਹ ਉਡਾਰੀ ਮਾਰ ਚੁੱਕੀ ਸੀ ਤੇ ਸਾਡੇ ਸਾਹਮਣੇ ਅੰਬੀ ਦਾ ਬੁੱਤ ਹੀ ਪਿਆ ਸੀ। ਨਿਸ਼ਾਨ ਤੇ ਸੀਰੇ ਹੋਰੀਂ ਤਾਂ ਉੱਚੀ-ਉੱਚੀ ਧਾਹਾਂ ਮਾਰਨ ਲੱਗ ਪਏ। ਰੋਕਦਿਆਂ ਵੀ ਸਭਨਾਂ ਦੀਆਂ ਅੱਖਾਂ 'ਚੋਂ ਤ੍ਰਿਪ ਤ੍ਰਿਪ ਹੰਝੂ ਡਿੱਗ ਰਹੇ ਸਨ। ਉਥੇ ਕੋਈ ਬਜ਼ੁਰਗ ਦਿਲਾਸਾ ਦੇਣ ਵਾਲਾ ਵੀ ਨਹੀਂ ਸੀ। ਅਸੀਂ ਬਾਈ ਦਰਸ਼ਨ ਸਿੰਘ ਧਾਲੀਵਾਲ ਨੂੰ ਫੋਨ ਲਾਇਆ। ਹਸਪਤਾਲ ਵਾਲੇ ਪੁੱਛਣ ਲੱਗੇ, "ਦੱਸੋ, ਤੁਸੀਂ ਕੀ ਚਾਹੁੰਦੇ ਹੋ? ਅਸੀਂ ਤੁਹਾਡੀ ਹੈਲਪ ਕਰਾਂਗੇ।" ਅਸੀਂ ਕਿਹਾ, "ਅਸੀਂ ਲਾਸ਼ ਇੰਡੀਆ, ਪੰਜਾਬ ਇਹਦੇ ਪਿੰਡ ਲਿਜਾਣਾ ਚਾਹੁੰਦੇ ਹਾਂ। ਸਸਕਾਰ ਉਥੇ ਹੀ ਕਰਾਂਗੇ।" ਉਹ ਕਹਿੰਦੇ, "ਤੁਸੀਂ ਲੋੜੀਂਦੀ ਕਾਰਵਾਈ ਕਰੋ। ਅਸੀਂ ਵੀ ਤੁਹਡੀ ਮਦਦ ਕਰਾਂਗੇ। ਲਾਸ਼ ਅਸੀਂ ਸੰਭਾਲ ਕੇ ਰੱਖਾਂਗੇ। ਹੁਣ ਜੇ ਤੁਸੀਂ ਜਾਣਾ ਹੋਵੇ ਤਾਂ ਜਾ ਸਕਦੇ ਹੋ। ਅੱਜ ਸ਼ਨੀਵਾਰ ਹੈ, ਕੱਲ੍ਹ ਐਤਵਾਰ ਤੇ ਪਰਸੋਂ ਲਾਂਗ ਵੀਕਐਂਡ ਦੀ ਛੁੱਟੀ ਹੈ। ਤੁਸੀਂ ਮੰਗਲਵਾਰ ਆਉਣਾ।" ਦੋ ਤਿੰਨ ਦਿਨਾਂ 'ਚ ਅਸੀਂ ਕਪੜੇ ਬਣਵਾ ਲਏ। ਉਹ ਕਹਿੰਦੇ ਤੁਸੀਂ ਇਸ਼ਨਾਨ ਕਰਵਾ ਦੇਵੋ। ਜਦੋਂ ਇਸ਼ਨਾਨ ਕਰਵਾ ਦਿੱਤਾ ਤਾਂ ਬਾਬੇ ਨੇ ਇਸ਼ਨਾਨ ਕਰਵਾਉਣ ਤੋਂ ਬਾਅਦ ਜਪੁਜੀ ਸਾਹਿਬ ਦਾ ਪਾਠ ਕੀਤਾ। ਮਾਹੌਲ ਬਹੁਤ ਹੀ ਗ਼ਮਗੀਨ ਸੀ। ਬਾਬੇ ਨੇ ਮੌਤ ਨਾਲ ਸੰਬੰਧਿਤ ਬਾਣੀ ਦੀਆਂ ਤੁਕਾਂ ਦੇ ਅਰਥ ਕਰ ਕੇ ਸਮਝਾਏ। 'ਜੋਰ ਨਾ ਜੀਵਣੁ, ਮਰਣੁਨਾ ਜੋਰ' ਇਹ ਪ੍ਰਮਾਤਮਾ ਦੀ ਖੇਡ ਐ। ਜੇ ਕੋਈ ਜੋਰ ਨਾਲ ਜਿਉਂ ਸਕਦਾ ਹੁੰਦਾ ਤਾਂ ਇਹ ਜੋਰਾਵਰ ਨੌਜੁਆਨ ਕਦੇ ਵੀ ਨਾ ਮਰਦਾ। ਆਪਾਂ ਸਾਰਿਆਂ ਨੂੰ ਪਰਮਾਤਮਾ ਦਾ ਭਾਣਾ ਮੰਨਣਾ ਚਾਹੀਦੈ। ਜਿਹੜੀ ਕੈਨੇਡੀਅਨ ਕੁੜੀ ਨਾਲ ਅੰਬੀ ਦੇ ਵਿਆਹ ਦੀ ਗੱਲ ਚੱਲ ਰਹੀ ਸੀ, ਉਹ ਵੀ ਪਹੁੰਚ ਗਈ ਸੀ। ਉਸ ਨੇ ਤਾਂ ਅੰਬੀ ਨੂੰ ਅਜੇ ਸੁਫਨਿਆਂ ਵਿਚ ਹੀ ਵੇਖਿਆ ਸੀ। ਉਹਦਾ ਬੁਰਾ ਹਾਲ ਸੀ। ਚੁੱਪ ਚੁੱਪੀਤੇ ਅਥਰੂ ਕੇਰਦੀ ਆਪਣੀ ਅਭਾਗਣ ਧੀ ਨੂੰ ਉਹਦਾ ਗ਼ਮਗੀਨ ਬਾਪ ਦਿਲਾਸੇ ਦਿੰਦਾ ਮਸੀਂ ਚੁੱਪ ਕਰਵਾ ਰਿਹਾ ਸੀ...। ਤੂੰ ਤਾਂ ਤੁਰ ਗਿਆ ਦਿਲਾਸੇ ਦੇ ਕੇ ਜੀਵਾਂਗੀ ਮੈਂ ਕੀਹਦੇ ਆਸਰੇ!

# ਮਨੁ ਪਰਦੇਸੀ ਜੇ ਥੀਐ...

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਪਰਦੇਸੀ ਹੋਣ ਦੇ ਕਾਰਨਾਂ, ਪਰਦੇਸ ਜਾਣ ਮਗਰੋਂ ਜ਼ਿੰਦਗੀ 'ਚ ਆਉਣ ਵਾਲੀਆਂ ਚੰਗੀਆਂ ਤੇ ਮਾੜੀਆਂ ਤਬਦੀਲੀਆਂ ਦਾ ਜ਼ਿਕਰ ਕੀਤਾ ਹੈ।***

ਮਨੁੱਖੀ ਮਨ ਕਦੇ ਵੀ ਸਥਿਰ ਨਹੀਂ ਰਹਿੰਦਾ। ਇਕ ਭਟਕਣ ਉਸਦੀ ਤਰਬੀਅਤ ਦਾ ਹਿੱਸਾ ਅਤੇ ਇਸ ਭਟਕਣ ਕਾਰਨ ਹੀ ਜ਼ਿੰਦਗੀ ਨੂੰ ਨਵੇਂ ਰੰਗ, ਰੂਪ ਅਤੇ ਨਵੇਂ ਤਰੀਕੇ ਨਾਲ ਵਿਊਂਤਣ ਦਾ ਚਾਅ।

ਇਹ ਮਨੁੱਖੀ ਮਨ ਦੀ ਭਟਕਣ ਦਾ ਹੀ ਨਾਮ ਸੀ ਕਿ ਉਹ ਜੰਗਲਾਂ ਵੱਲੋਂ ਨਗਰਾਂ ਤੇ ਸ਼ਹਿਰਾਂ ਵੱਲ ਨੂੰ ਤੁਰਿਆ। ਬਹੁਤੀ ਵਾਰ ਆਪਣੀ ਵੱਖਰੀ ਪਛਾਣ ਵਾਲਾ ਮਨੁੱਖ ਸ਼ਹਿਰੀ ਜੰਗਲ ਵਿਚ ਆ ਕੇ ਗਵਾਚ ਹੀ ਗਿਆ।

ਪ੍ਰਦੇਸੀ ਹੋਣਾ, ਇਕ ਖਿੱਤੇ ਤੋਂ ਦੂਸਰੇ ਖਿੱਤੇ ਵੱਲ ਨੂੰ ਤਿਆਰੀ। ਆਪਣੀਆਂ ਤਾਂਘਾਂ ਨੂੰ ਪੂਰਨ ਲਈ ਨਵੇਂ ਅੰਬਰਾਂ ਦੀ ਤਲਾਸ਼ ਕਰਨਾ ਜਾਂ ਆਪਣੇ ਸੁਪਨਿਆਂ ਦੀ ਪਰਵਾਜ਼ ਨੂੰ ਨਵੇਂ ਅਰਥ ਦੇਣ ਲਈ ਨਿਸ਼ਚਿਤ ਦਾਇਰਿਆਂ ਨੂੰ ਤੋੜਨਾ। ਵਲਗਣਾਂ ਤੋਂ ਨਿਜ਼ਾਤ ਪਾਉਣੀ ਅਤੇ ਫਿਰ ਆਪਣੇ ਨਵੇਂ ਰਾਹਾਂ, ਥਾਵਾਂ ਤੇ ਗਰਾਵਾਂ ਦੀ ਤਲਾਸ਼ ਕਰਨਾ।

ਪ੍ਰਦੇਸੀ ਹੋਣਾ ਆਸਾਨ ਨਹੀਂ ਹੁੰਦਾ। ਭਾਵੇਂ ਇਹ ਪਿੰਡ ਤੋਂ ਸ਼ਹਿਰ, ਸ਼ਹਿਰ ਤੋਂ ਮਹਾਂਨਗਰ ਜਾਂ ਇਕ ਦੇਸ਼ ਤੋਂ ਦੂਸਰੇ ਦੇਸ਼ ਵਿਚ ਪ੍ਰਵਾਸ ਕਰਨਾ। ਇਸਦੀ ਪੀੜ ਤੇ ਪ੍ਰਾਪਤੀ ਨੂੰ ਇਕਸਾਰ ਹੀ ਹੰਢਾਉਣਾ ਪੈਂਦਾ।

ਪ੍ਰਦੇਸੀ ਹੋਣ ਤੋਂ ਬਹੁਤ ਕੁਝ ਬਦਲ ਜਾਂਦਾ। ਰਹਿਣ-ਸਹਿਣ, ਖਾਣਾ-ਪੀਣਾ, ਜੀਵਨ ਪ੍ਰਤੀ ਨਜ਼ਰੀਆ, ਆਲਾ-ਦੁਆਲਾ ਤੇ ਰਹਿਤਲ। ਬਹੁਤੀ ਵਾਰ ਤਾਂ ਮਨੁੱਖ ਹੀ ਬਦਲ ਜਾਂਦਾ ਜਦ ਉਸਦੀਆਂ ਆਦਤਾਂ, ਸਰੋਕਾਰ ਅਤੇ ਸਬੰਧ ਬਦਲ ਜਾਂਦੇ।

ਅਸੀਂ ਬਹੁਤੀ ਵਾਰ ਪ੍ਰਦੇਸੀ ਇਸ ਲਈ ਹੁੰਦੇ ਕਿਉਂਕਿ ਸਾਡੇ ਹਾਣ ਦਾ ਅੰਬਰ ਨਹੀਂ ਹੁੰਦਾ ਜਾਂ ਸਥਿਤੀਆਂ ਸਾਡੇ ਅਨੁਕੂਲ ਨਹੀਂ ਹੁੰਦੀਆਂ ਜਾਂ ਸੌੜੀਆਂ ਜਾਪਦੀਆਂ ਮੂਲ ਜਗ੍ਹਾ ਦੀਆਂ ਸੰਭਾਵਨਾਵਾਂ। ਦਰਅਸਲ ਸਾਡੇ ਸੁਪਨੇ ਬਹੁਤ ਵੱਡੇ ਹੁੰਦੇ ਜਿਨ੍ਹਾਂ ਦੀ ਪੂਰਤੀ ਖੁੱਲ੍ਹੇ ਅਸਮਾਨਾਂ ਵਿਚ ਉਚੇਰੀ ਉਡਾਣ ਭਰ ਕੇ ਹੀ ਸੰਭਵ ਹੁੰਦੀ।

ਕੁਝ ਲੋਕ ਸਿਰਫ਼ ਪ੍ਰਵਾਸ ਕਰਨ ਲਈ ਪ੍ਰਦੇਸੀ ਹੁੰਦੇ। ਜ਼ਿਆਦਾਤਰ ਅਜੇਹਾ ਪ੍ਰਦੇਸੀ ਹੋਣਾ ਜੀਵਨ ਦੀਆਂ ਮੂਲ ਲੋੜਾਂ ਦੀ ਅਪੂਰਤੀ ਵਿਚੋਂ ਪੈਦਾ ਹੁੰਦਾ। ਮਨੁੱਖ ਉਸ ਜਗ੍ਹਾ ਵੱਲ ਨੂੰ ਪ੍ਰਵਾਸ ਕਰਦਾ ਜਿੱਥੋਂ ਇਨ੍ਹਾਂ ਦੀ ਪੂਰਤੀ ਅਸਾਨੀ ਨਾਲ ਹੁੰਦੀ।

ਪ੍ਰਦੇਸੀ ਤਾਂ ਪੰਛੀ ਵੀ ਹੁੰਦੇ ਚੋਗ ਭਾਲਣ ਲਈ ਜਾਂ ਠੰਢੇ ਮੌਸਮਾਂ ਦੀ ਮਾਰ ਤੋਂ ਬਚਣ ਲਈ। ਇਹ ਪ੍ਰਵਾਸ ਅਸਥਾਈ ਹੁੰਦਾ ਪਰ ਫਰਕ ਹੁੰਦਾ ਹੈ ਅਸਥਾਈ ਪ੍ਰਦੇਸੀ ਹੋਣ ਅਤੇ ਪੱਕੇ ਪ੍ਰਦੇਸੀ ਹੋਣ ਵਿਚ। ਇਹ ਅੰਤਰ ਹੀ ਉਨ੍ਹਾਂ ਹਾਲਾਤ ਦੀ ਦਰਸ਼-ਬਿਆਨੀ ਕਰਦਾ ਜਿਨ੍ਹਾਂ ਕਰਕੇ ਕੋਈ ਸਦਾ ਲਈ ਜਾਂ ਕੁਝ ਸਮੇਂ ਲਈ ਪ੍ਰਦੇਸੀ ਹੁੰਦਾ।

ਪ੍ਰਦੇਸੀ ਹੋਣਾ ਬਹੁਤ ਔਖਾ। ਆਪਣਾ ਘਰ-ਬਾਹਰ, ਆਲਾ-ਦੁਆਲਾ ਅਤੇ ਮੋਹਭਿੱਜੀ ਫ਼ਿਜ਼ਾ ਤੋਂ ਦੂਰ ਜਾਣਾ ਜਿਸਨੇ ਤੁਹਾਨੂੰ ਸਾਹ ਅਰਪੇ, ਜ਼ਿੰਦਗੀ ਦਿੱਤੀ, ਜਿਸ 'ਚ ਤੁਹਾਡੀਆਂ ਜੜ੍ਹਾਂ ਹੁੰਦੀਆਂ। ਤਾਂ ਹੀ ਬਚਪਨੀ ਯਾਦਾਂ ਸਦਾ ਤੁਹਾਡੇ ਅਚੇਤ ਵਿਚ ਰਹਿੰਦੀਆਂ ਭਾਵੇਂ ਤੁਸੀਂ ਕਿਧਰੇ ਵੀ ਚਲੇ ਜਾਓ।

ਜਦ ਇਕ ਪੁੱਤ ਪ੍ਰਦੇਸੀ ਹੁੰਦਾ ਤਾਂ ਉਹ ਮਾਪਿਆਂ ਦੇ ਦੀਦਿਆਂ ਵਿਚ ਲੰਮੀ ਉਡੀਕ ਧਰ ਜਾਂਦਾ। ਨਾਲ ਹੀ ਇਹ ਤੌਖ਼ਲਾ ਵੀ ਮਾਪਿਆਂ ਦੇ ਦਿਲਾਂ ਵਿਚ ਹੁੰਦਾ ਕਿ ਪਤਾ ਨਹੀਂ ਹੁਣ ਕਦੋਂ ਪੁੱਤ ਨਾਲ ਮਿਲਾਪ ਹੋਣਾ ਜਾਂ ਪੁੱਤ ਤੋਂ ਬਗੈਰ ਹੀ ਸਿਵਿਆਂ ਦੇ ਰਾਹ ਤੁਰ ਪੈਣਾ? ਪ੍ਰਦੇਸੀ ਬਣੇ ਪੁੱਤ ਨੂੰ ਰਾਹਾਂ ਦੇ ਬਿਖੜੇ ਪੈਂਡਿਆਂ ਹੀ ਨਾ ਖਾ ਜਾਣ। ਪੁੱਤ ਨੇ ਸਾਨੂੰ ਆਖਰੀ ਵਾਰ ਮੋਢਾ ਵੀ ਖਬਰੇ ਨਹੀਂ ਦੇਣਾ। ਜਦ ਕੋਈ ਦਲਾਲਾਂ ਦੇ ਢਹੇ ਚੜ੍ਹ ਕੇ ਘਰੋਂ ਬਾਹਰ ਨੂੰ ਪ੍ਰਦੇਸ ਜਾਣ ਲਈ ਪੈਰ ਰੱਖਦਾ ਤਾਂ ਉਹ ਜਿੰਦ ਨੂੰ ਤਲੀ 'ਤੇ ਰੱਖ ਕੇ ਅੱਗ ਦਾ ਦਰਿਆ ਤਰਦਾ। ਇਸ ਅੱਗ ਦੇ ਦਰਿਆ ਵਿਚ ਕਈ ਵਾਰ ਬਹੁਤ ਕੁਝ ਸਵਾਹ ਹੋ ਜਾਂਦਾ ਜਿਸਨੇ ਉਮਰਾਂ ਦੀ ਪੀੜ ਬਣ ਜਾਣਾ ਹੁੰਦਾ। ਕਈ ਵਾਰ ਪ੍ਰਦੇਸੀ ਪੁੱਤ ਘਰ ਨਾਲੋਂ ਅਜੇਹਾ ਟੁੱਟਦਾ ਕਿ ਉਹ ਘਰ ਦੀਆਂ ਬਰੂਹਾਂ ਹੀ ਭੁੱਲ ਜਾਂਦਾ। ਉਸਦੇ ਚੇਤਿਆਂ ਵਿਚ ਸਿਰਫ਼ ਖੁਦ ਤੋਂ ਬੇਮੁਖੀ ਹੀ ਬਚਦੀ ਜੋ ਉਸਨੂੰ ਆਪਣੇ ਸਮੁੱਚ ਨਾਲੋਂ ਤੋੜ, ਉਸਦੀ ਅੰਦਰਲੀ ਟੁੱਟ-ਭੱਜ ਦਾ ਚਿੱਤਰਪਟ ਉਸਾਰਦੀ। ਧੀ ਦਾ ਪ੍ਰਦੇਸੀ ਹੋਣਾ ਕਦੇ ਉਸ ਬਾਪ ਨੂੰ ਪੁੱਛਣਾ ਜਿਸਨੇ ਉਸਨੂੰ ਲਾਡਾਂ ਨਾਲ ਪਾਲਦਿਆਂ ਉਸਦੀ ਹਰ ਤਮੰਨਾ ਦੀ ਪੂਰਤੀ ਨੂੰ ਪਰਮ-ਧਰਮ ਮੰਨਿਆ ਹੋਵੇ। ਜਦ ਇਹ ਪ੍ਰਦੇਸਣ ਧੀ ਦੁਸ਼ਵਾਰੀਆਂ ਭੋਗਦਿਆਂ, ਆਪਣੇ ਮਾਪਿਆਂ ਦੀਆਂ ਰਹਿਮਤਾਂ ਨੂੰ ਚੇਤੇ ਕਰਦੀ ਤਾਂ ਬਹੁਤ ਕੁਝ ਉਸਦੇ ਅੰਦਰ ਟੁੱਟਦਾ ਵੀ ਤੇ ਜੁੜਦਾ ਵੀ। ਇਸ ਭੰਨ-ਤੋੜ ਅਤੇ ਜੋੜ-ਜੁਗਤ ਵਿਚ ਹੀ ਬੁੱਲਾਂ ਨੂੰ ਸੀਤਿਆ ਰੱਖਦੀ ਤਾਂ ਕਿ ਮਾਪਿਆਂ ਨੂੰ ਪੀੜਾਂ ਵਣਜ ਕੇ ਉਨ੍ਹਾਂ ਦੀ ਆਖ਼ਰੀ ਉਮਰ ਨਾ ਰੋਲੇ। ਬੜੇ ਹੁੰਦੇ ਨੇ ਧੀਆਂ ਦੇ ਦੁੱਖ। ਧੀ ਦਾ ਇਕ ਹੀ ਅੱਥਰੂ ਬਾਪ ਨੂੰ ਧੁਰ ਤੀਕ ਗਾਲ਼ ਸਕਦਾ। ਜਦ ਕਿ ਉਸਦੇ ਵਿਹੜਿਉਂ ਆਇਆ ਖੇੜਿਆਂ ਦਾ ਬੁੱਲ੍ਹਾ ਉਸਨੂੰ ਉਮਰਾਂ ਦਾ ਵਰਦਾਨ ਦੇ ਜਾਂਦਾ। ਧੀਆਂ ਦਾ ਕੇਹਾ ਕਰਮ ਇਕ ਉਹ ਪ੍ਰਦੇਸੀ ਹੋਣ ਲਈ ਜਨਮਦੀਆਂ। ਇਨ੍ਹਾਂ ਪ੍ਰਦੇਸਣ ਧੀਆਂ ਦੇ ਦੁੱਖਾਂ ਵਿਚ ਮਾਵਾਂ ਦੇ ਮੁੱਖੜੇ 'ਤੇ ਉਕਰੀ ਬੇਬਸੀ ਅਤੇ ਤਰਾਸਦੀ ਤਾਂ 'ਵਾਵਾਂ ਵੀ ਕਹਿਣ ਤੋਂ ਤ੍ਰਿਹਣ ਲੱਗ ਪੈਂਦੀਆਂ। ਪੌਣਾਂ ਵੀ ਨਹੀਂ ਝੱਲ ਸਕਦੀਆਂ ਪ੍ਰਦੇਸ ਵਿਚ ਵੱਸਦੀਆਂ ਦੁਖੀ ਧੀਆਂ ਦੇ ਹਉਕਿਆਂ ਦਾ ਭਾਰ। ਪਰ ਜਦ 'ਵਾ ਦੀ ਰੁਮਕਣੀ ਧੀਆਂ ਦੇ ਵਿਹੜਿਆਂ ਵਿਚਲੀ ਖੁਸ਼ਬੂ ਨੂੰ ਮਾਪਿਆਂ ਦੇ ਸਾਹਾਂ ਦੇ ਨਾਮ ਕਰਦੀ ਤਾਂ ਮਾਂ ਨੂੰ ਆਪਣੀ ਕੁੱਖ 'ਤੇ ਨਾਜ਼ ਹੁੰਦਾ।

ਪ੍ਰਦੇਸੀ ਹੋਣਾ ਮਾੜਾ ਨਹੀਂ ਸਗੋਂ ਇਹ ਤਾਂ ਮਨੁੱਖੀ ਵਿਕਾਸ ਤੇ ਵਿਸਥਾਰ ਦਾ ਸਬੱਬ ਹੁੰਦਾ। ਪਰ ਲੋੜ ਹੈ ਕਿ ਪ੍ਰਦੇਸੀ ਹੁੰਦਿਆਂ ਵੀ ਆਪਣੀਆਂ ਜੜ੍ਹਾਂ ਨਾਲ ਜੁੜੇ ਰਹੀਏ। ਰਿਸ਼ਤਈ ਸੰਬੰਧਾਂ ਨੂੰ ਬਰਕਰਾਰ ਰੱਖੀਏ। ਮੂਲ ਨਾਲ ਜੁੜਿਆ ਮਨੁੱਖ ਕਦੇ ਵੀ ਖੁਦ ਨਾਲੋਂ ਨਹੀਂ ਟੁੱਟਦਾ ਕਿਉਂਕਿ ਉਸਦਾ ਖੁਦ ਹੀ ਉਸਦੇ ਮੂਲ ਨਾਲ ਜੁੜਿਆ ਹੁੰਦਾ।

ਅਸੀਂ ਸਾਰੇ ਹੀ ਪ੍ਰਦੇਸੀ ਹੁੰਦੇ ਹਾਂ। ਇਹ ਪਰਵਾਸ ਕਿਸੇ ਨਾ ਕਿਸੇ ਰੂਪ ਵਿਚ ਹੁੰਦਾ। ਕਦੇ ਇਹ ਵਿਚਾਰਾਂ ਦਾ ਪ੍ਰਵਾਸ ਹੁੰਦਾ, ਕਦੇ ਮੁਹਾਰਤ ਦਾ, ਕਦੇ ਸੋਝੀ ਦਾ, ਕਦੇ ਤੁਹਾਡੇ ਵਿਅਕਤੀਤਵ ਦਾ ਅਤੇ ਕਦੇ ਤੁਹਾਡੇ ਮਾਨਵੀ ਗੁਣਾਂ ਦਾ ਹੁੰਦਾ ਜਿਨ੍ਹਾਂ ਦੀ ਮਹਿਕ ਚੌਗਿਰਦੇ ਦੀ ਆਬੋ-ਹਵਾ ਨੂੰ ਵੀ ਮਹਿਕੀਲੀ ਬਣਾ ਦਿੰਦੀ।

ਜਦ ਕੋਈ ਪਤੀ ਪ੍ਰਦੇਸੀ ਹੋ ਜਾਵੇ ਤਾਂ ਸੇਜ ਉਡੀਕਦੀ ਕਿ ਕਦ ਇਸਨੂੰ ਵੱਟੋ-ਵੱਟ ਹੋਣ ਦਾ ਸੁਖਨ ਹਾਸਲ ਹੋਵੇਗਾ? ਕਦ ਕਾਲੀਆਂ ਰਾਤਾਂ ਵਿਚ ਚੰਨ ਉਗਮੇਗਾ? ਕਦੋਂ ਉਮਰ ਵਰਗੀ ਉਡੀਕ ਨੂੰ ਆਸ ਦਾ ਫ਼ਲ ਲੱਗੇਗਾ? ਕਦੋਂ ਮੁੱਕੇਗੀ ਕੰਧਾਂ 'ਤੇ ਮਾਰੀਆਂ ਲੀਕਾਂ ਦੀ ਮਿਆਦ? ਕਦੋਂ ਮਿਲਣੀਆਂ ਮਿਲਾਪ ਦੀਆਂ ਘੜੀਆਂ ਅਤੇ ਪਿਆਰ ਭਿੱਜੇ ਪਲਾਂ ਵਿਚ ਖੁਦ ਨੂੰ ਤਰ-ਬ-ਤਰ ਕਰਨਾ? ਕਦ ਚਾਨਣੀ ਦੀ ਠੰਢੀ ਜਿਹੀ ਲੋਅ ਵਿਚ ਖੁਦ ਨੂੰ ਰੁਸ਼ਨਾਉਣਾ ਅਤੇ ਇਕ ਦੂਸਰੇ ਵਿਚ ਸਮਾਉਣਾ? ਬਹੁਤ ਪੀੜਤ ਕਰਦਾ ਹੈ ਸਿਲਵਟਾਂ ਤੋਂ ਸੱਖਣੀ ਸੇਜ 'ਤੇ ਰਾਤ ਭਰ ਉਸਲਵੱਟੇ ਭੰਨਣੇ। ਖ਼ੁਦ ਨੂੰ ਖ਼ੁਦ ਦੇ ਸੇਕ ਵਿਚ ਸੇਕਣਾ। ਖੁਦ ਦੀ ਪਿਆਸ ਦੀ ਪੂਰਤੀ ਲਈ ਖ਼ੁਦ ਦੀਆਂ ਘੁੱਟਾਂ ਭਰਨੀਆਂ।

ਪ੍ਰਦੇਸੀ ਹੋਣ ਦਾ ਮਤਲਬ ਹੈ ਜ਼ਿੰਦਗੀ ਨੂੰ ਮੁੱਢ ਤੋਂ ਸ਼ੁਰੂ ਕਰਨਾ। ਆਲੇ-ਦੁਆਲੇ ਨੂੰ ਸਮਝਣਾ। ਇਸ ਦੀਆਂ ਬਹੁ-ਪਰਤਾਂ ਦੀ ਬੇਪਰਦਗੀ ਕਰਨਾ। ਇਨ੍ਹਾਂ ਨੂੰ ਪੜ੍ਹਨਾ ਅਤੇ ਇਸਦੀ ਇਬਾਰਤ ਵਿਚੋਂ ਖ਼ੁਦ ਦੀ ਨਿਸ਼ਾਨਦੇਹੀ ਕਰਨੀ। ਆਪਣੇ ਆਪ ਨੂੰ ਨਵੇਂ ਹਾਲਾਤ, ਸਰੋਕਾਰਾਂ, ਸਾਧਨਾਂ, ਸੁਪਨਿਆਂ ਅਤੇ ਸਫ਼ਲਤਾਵਾਂ ਦਾ ਹਾਣੀ ਬਣਾਉਣਾ। ਨਵੇਂ ਲੋਕਾਂ ਵਿਚ ਵਿਚਰਦਿਆਂ ਉਨ੍ਹਾਂ ਨਾਲ ਸਾਂਝਾਂ ਵਧਾਉਣੀਆਂ ਅਤੇ ਖੁਦ ਨੂੰ ਉਨ੍ਹਾਂ ਲੋਕਾਂ ਦੇ ਬਰਾਬਰ ਹੋਣ ਲਈ ਸਖ਼ਤ ਮਿਹਨਤ ਕਰਨਾ।

ਜ਼ਿਆਦਤਰ ਲੋਕ ਸਰੀਰਕ ਤੌਰ 'ਤੇ ਪ੍ਰਵਾਸ ਕਰਦੇ। ਚੇਤੰਨ ਤੌਰ ਕਦੇ ਵੀ ਪ੍ਰਦੇਸੀ ਨਹੀਂ ਹੁੰਦੇ। ਉਹ ਆਪਣੀਆਂ ਧਾਰਨਾਵਾਂ, ਰਸਮੋ-ਰਿਵਾਜ਼, ਪੁਰਾਣੀਆਂ ਆਦਤਾਂ ਅਤੇ ਮੂਲ ਨਾਲ ਜੁੜਿਆ ਸਭ ਕੁਝ ਨਾਲ ਹੀ ਚੁੱਕੀ ਫਿਰਦੇ ਜਿਨ੍ਹਾਂ ਦੀ ਨਵੀਂ ਧਰਤੀ ਅਤੇ ਨਵੇਂ ਲੋਕਾਂ ਵਿਚ ਕੋਈ ਥਾਂ ਨਹੀਂ ਹੁੰਦੀ। ਜਦ ਅਸੀਂ ਪ੍ਰਦੇਸੀ ਹੁੰਦੇ ਤਾਂ ਸਾਨੂੰ ਹੀ ਉਨ੍ਹਾਂ ਲੋਕਾਂ, ਕਾਨੂੰਨਾਂ ਅਤੇ ਨਿਯਮਾਂ ਅਨੁਸਾਰ ਖ਼ੁਦ ਨੂੰ ਢਾਲਣਾ ਪਵੇਗਾ। ਨਾ ਕਿ ਆਪਣੀ ਆਦਤ ਅਨੁਸਾਰ ਉਨ੍ਹਾਂ ਦੇ ਕਾਨੂੰਨਾਂ ਜਾਂ ਵਰਤੋਂ-ਵਿਹਾਰ ਨੂੰ ਬਦਲਣ ਦੀ ਪ੍ਰਤੀਕਿਰਿਆ ਵਿਚ ਹੀ ਖੁਦ ਨੂੰ ਖਚਿੱਤ ਕਰਨਾ। ਜਿਹੜੇ ਪ੍ਰਦੇਸੀ ਨਵੀਂ ਧਰਤੀ ਦੇ ਨਿਯਮਾਂ ਤੇ ਜੀਵਨ-ਜਾਚ ਅਨੁਸਾਰ ਖ਼ੁਦ ਨੂੰ ਢਾਲ ਲੈਂਦੇ, ਉਹ ਜ਼ਿੰਦਗੀ ਵਿਚ ਬਹੁਤ ਕਾਮਯਾਬ ਹੁੰਦੇ। ਯਾਦ ਰੱਖਣਾ! ਖ਼ੁਦ ਨੂੰ ਹਰ ਸਥਿਤੀ ਵਿਚ ਪ੍ਰਵਰਤਿਤ ਕਰਦਿਆਂ, ਸੁਖ਼ਨ, ਸੰਵੇਦਨਾ, ਸਹਿਜ ਅਤੇ ਸੰਤੁਸ਼ਟੀ ਪ੍ਰਾਪਤ ਕਰਨ ਦਾ ਤਰੀਕਾ ਆ ਜਾਵੇ ਤਾਂ ਜੀਵਨ ਬਹੁਤ ਸੁੱਖਦਾਈ ਹੁੰਦਾ।

ਪਰ ਸਭ ਤੋਂ ਅਹਿਮ ਹੁੰਦਾ ਹੈ ਮਨੁੱਖ ਦਾ ਮਨ ਕਦੇ ਵੀ ਮਨੁੱਖ ਵਿਚੋਂ ਮਨਫ਼ੀ ਨਾ ਹੋਵੇ। ਨਾ ਹੀ ਕਦੇ ਪ੍ਰਵਾਸ ਕਰੇ ਕਿਉਂਕਿ ਖ਼ੁਦ ਨਾਲੋਂ ਹੀ ਪ੍ਰਦੇਸੀ ਹੋ ਕੇ ਸਮੁੱਚੀ ਪ੍ਰਕ੍ਰਿਤੀ ਹੀ ਪਰਾਈ ਹੋ ਜਾਂਦੀ ਹੈ। ਮਨੁੱਖ ਦਾ ਖ਼ੁਦ ਕੋਲੋਂ ਪਰਾਏ ਹੋਣਾ ਬਹੁਤ ਔਖਾ ਹੁੰਦਾ ਕਿਉਂਕਿ ਪਰਾਇਆਂ ਨਾਲ ਜ਼ਿੰਦਗੀ ਦੀ ਕਿਸ ਨਾਲ ਤਸ਼ਬੀਹ ਦੇਵੋਗੇ? ਆਪਣਿਆਂ ਨਾਲ ਤਾਂ ਜੀਵਨ ਨੂੰ ਜਿਊਣ ਜੋਗਾ ਕੀਤਾ ਜਾ ਸਕਦਾ।

ਪ੍ਰਦੇਸੀ ਤਾਂ ਚੰਨ ਤਾਰੇ ਹੁੰਦੇ। ਦਿਨ ਵੇਲੇ ਉਹ ਕਿਸੇ ਹੋਰ ਦੇਸ਼ ਵਿਚ ਹੁੰਦੇ ਅਤੇ ਰਾਤ ਨੂੰ ਸਾਡੇ ਦੇਸ਼ ਵਿਚ ਪਰਤ ਆਉਂਦੇ। ਕਦੇ ਚੰਨ ਪੁੰਨਿਆ ਦਾ ਸਿਰਨਾਵਾਂ ਹੁੰਦਾ ਪਰ ਕਦੇ ਉਹ ਮੱਸਿਆ ਦੀ ਕਾਲੀ ਰਾਤ ਦਾ ਹਰਫ਼ਨਾਮਾ ਵੀ ਹੁੰਦਾ। ਰੁੱਤਾਂ ਵੀ ਕਦੇ ਵੀ ਸਥਿਰ ਨਹੀਂ ਰਹਿੰਦੀਆਂ। ਸਦਾ ਯਾਤਰਾ ਵਿਚ। ਕਦੇ ਇਧਰ ਤੇ ਕਦੇ ਉਧਰ।, ਪਰਵਾਸੀ ਹੋਣਾ ਇਨ੍ਹਾਂ ਦਾ ਸੁਭਾਅ। ਅਮਰੀਕਾ ਵਿਚ ਸਰਦੀਆਂ ਪਰ ਆਸਟਰੇਲੀਆ ਵਿਚ ਗਰਮੀਆਂ। ਕਿਧਰੇ ਬਰਫ਼ਬਾਰੀ ਤੇ ਕਿਧਰੇ ਬਰਸਾਤਾਂ। ਬੱਦਲਾਂ ਦੀ ਪ੍ਰਵਾਸੀ ਆਦਤ ਨੂੰ ਕੌਣ ਨਹੀਂ ਜਾਣਦਾ। ਪਤਾ ਹੀ ਨਹੀਂ ਲੱਗਦਾ ਕਿ ਇਹ ਕਿਹੜੇ ਦੇਸ਼ੋਂ ਆਉਂਦੇ ਅਤੇ ਕਿਹੜੇ ਦੇਸ਼ਾਂ ਨੂੰ ਜਾਣ ਲਈ ਕਾਹਲੇ ਹੁੰਦੇ। ਇਹ ਪੌਣ ਕਦੇ ਪੁਰੇ ਦੀ ਪੌਣ ਹੁੰਦੀ ਅਤੇ ਕਦੇ ਪੱਛੋਂ ਦੀ 'ਵਾਅ। ਸਦਾ ਪ੍ਰਦੇਸੀ ਹੋਣ ਦਾ ਚਾਅ। ਇਸ ਚਾਅ ਵਿਚ ਇਹ ਪੌਣ ਬਹੁਤ ਕੁਝ ਦੀ ਜਾਣਕਾਰੀ ਸਾਡੀ ਸੋਚ ਵਿਚ ਧਰ ਅਗਲੇ ਸਫ਼ਰ ਲਈ ਵਿਦਾ ਹੋ ਜਾਂਦੀ। ਦਰਿਆ ਦਾ ਪ੍ਰਵਾਸ ਦੇਖਣਾ ਕਿ ਕਿਵੇਂ ਪਹਾੜਾਂ ਤੋਂ ਤੁਰਦੇ, ਪ੍ਰਵਾਸ ਕਰ ਸਮੁੰਦਰ ਵਿਚ ਸਮਾਉਣ ਲਈ ਕਾਹਲੇ। ਇਸ ਕਾਹਲ ਵਿਚ ਹੀ ਖ਼ੁਦ ਨੂੰ ਬੇਪਛਾਣ ਕਰ ਲੈਂਦੇ। ਕਦੇ ਉਨ੍ਹਾਂ ਵਿਚ ਬਰੇਤੇ ਉਗਦੇ ਅਤੇ ਸਮੁੰਦਰ ਵਿਚ ਮਿਲ ਕੇ ਸਮੁੰਦਰ ਹੀ ਹੋ ਜਾਂਦੇ। ਸੋ ਲੋੜ ਹੈ ਕਿ ਜਦ ਵੀ ਅਸੀਂ ਪ੍ਰਵਾਸ ਕਰੀਏ ਪਰ ਪ੍ਰਵਾਸ ਵਿਚ ਖ਼ੁਦ ਦੀ ਪਛਾਣ ਨਾ ਭੁਲਾਈਏ। ਇਹ ਤੁਹਾਡੀ ਖ਼ੁਦ ਦੀ ਪਛਾਣ ਹੀ ਹੁੰਦੀ ਜਿਸ ਕਰਕੇ ਤੁਸੀਂ ਭੀੜ ਵਿਚੋਂ ਵੀ ਪਛਾਣੇ ਜਾਂਦੇ ਹੋ।




ਗੁਰਬਾਣੀ ਦਾ ਫੁਰਮਾਨ ਹੈ ਕਿ 'ਮਨ ਪਰਦੇਸੀ ਜੇ ਥੀਐ ਤਾਂ ਦੇਸ ਪ੍ਰਾਇਆ' ਦਾ ਮਤਲਬ ਹੈ ਕਿ ਜਦ ਮਨ ਪ੍ਰਮਾਤਮਾ ਤੋਂ ਦੂਰ ਹੋ ਜਾਂਦਾ ਤਾਂ ਉਹ ਸਮੁੱਚੀ ਦੁਨੀਆ ਤੋਂ ਹੀ ਦੂਰ ਹੋ ਜਾਂਦਾ। ਲੋੜ ਹੈ ਕਿ ਦੁਨੀਆ ਵਿਚ ਬੇਪਛਾਣ ਹੋਇਆਂ ਤੋਂ ਬਗੈਰ, ਪ੍ਰਦੇਸੀਪੁਣੇ ਨੂੰ ਨਵੇਂ ਅਰਥਾਂ ਰਾਹੀਂ ਪਰਿਭਾਸ਼ਤ ਕਰਨ ਦੀ।

ਪ੍ਰਵਾਸ ਦੌਰਾਨ ਆਪਣੀ ਸੋਚ ਦਾ ਨਵੀਨੀਕਰਨ ਤਾਂ ਕਰੋ ਪਰ ਇਸਨੂੰ ਕਦੇ ਵੀ ਪ੍ਰਦੇਸੀ ਨਾ ਕਰੋ। ਜੇ ਤੁਸੀਂ ਆਪਣੀ ਸੋਚ ਹੀ ਪ੍ਰਦੇਸੀ ਕਰ ਲਈ ਤੁਹਾਡੇ ਕੋਲ ਬਚੇਗਾ ਕੀ? ਕਿਵੇਂ ਤੁਸੀਂ ਆਪਣੇ ਆਪ ਦੇ ਰੂਬਰੂ ਹੋਵੋਗੇ? ਕਿਵੇਂ ਦੱਸੋਗੇ ਕਿ ਤੁਸੀਂ ਕੌਣ ਹੋ ਅਤੇ ਤੁਸੀਂ ਕਿਸ ਮੂਲ ਨਾਲ ਜੁੜੇ ਰਹੇ ਹੋ? ਜਿਹੜੇ ਲੋਕ ਪ੍ਰਦੇਸੀ ਹੁੰਦਿਆਂ ਵੀ ਆਪਣੀ ਪਛਾਣ 'ਤੇ ਮਾਣ ਕਰਦੇ ਨੇ ਅਤੇ ਇਸ ਨਾਲੋਂ ਟੁੱਟਣ ਤੋਂ ਨਾਬਰ ਹੁੰਦੇ, ਉਹ ਦੁਨੀਆ ਸਾਹਵੇਂ ਇਕ ਨਵਾਂ ਬਿੰਬ ਸਿਰਜਦੇ। ਦੁਨੀਆ ਉਨ੍ਹਾਂ ਨੂੰ ਅਤੇ ਉਨ੍ਹਾਂ ਦੀ ਪਛਾਣ ਨੂੰ ਨਤਮਸਤਕ ਹੁੰਦੀ।

ਸੂਰਜ, ਚੰਨ ਤੇ ਤਾਰੇ ਵੀ ਪ੍ਰਦੇਸੀ ਹੁੰਦੇ ਭਾਵੇਂ ਕਿਸੇ ਦਾ ਪ੍ਰਦੇਸੀ ਹੋਣਾ ਇਕ ਦਿਨ ਦਾ ਹੋਵੇ, ਇਕ ਰਾਤ ਦਾ ਹੋਵੇ ਜਾਂ ਪੰਦਰਾਂ ਦਿਨਾਂ ਦਾ ਹੋਵੇ ਕਿਉਂਕਿ

ਚੰਨ ਵਰਗਾ ਇਕ ਜਿਊੜਾ,
ਨਿੱਤ ਪ੍ਰਦੇਸੀ ਹੋਵੇ।
ਕਿਸੇ ਨੂੰ ਚਾਨਣ ਰੁੱਤਾਂ,
ਕਿਸੇ ਲਈ 'ਨ੍ਹੇਰਾ ਢੋਵੇ।
ਕਿਸੇ ਲਈ ਮੁੱਕ ਜਾਣ ਉਡੀਕਾਂ,
ਕਿਸੇ ਲਈ ਵਸਲ ਪਰੋਵੇ।
ਕਿਸੇ ਲਈ ਛੱਤ ਤੋਂ ਝਾਤੀਆਂ ਮਾਰੇ,
ਕਿਸੇ ਲਈ ਦਰ ਹੀ ਢੋਵੇ।
ਕਿਸੇ ਲਈ ਚੰਦਾ-ਮਾਮਾ ਬਣਦਾ,
ਕਿਸੇ ਲਈ ਰੂਹ ਦਾ ਮਾਹੀ।
ਕਿਸੇ ਲਈ ਮਾਰੂਥਲੀ ਉਜਾੜ,
ਕਿਸੇ ਲਈ ਫੁੱਲ ਕਪਾਹੀ।
ਕਿਸੇ ਲਈ ਮੱਥੇ ਦਾ ਟਿੱਕਾ,
ਜੀਵਨ-ਸਫ਼ਰ ਦਾ ਰਾਹੀ।
ਕਿਸੇ ਲਈ ਝੀਲ 'ਚ ਬਣ ਪ੍ਰਛਾਵਾਂ,
ਗਾਵੇ ਨਾਦ ਇਲਾਹੀ।
ਚਾਨਣੀ ਰੁੱਤੇ ਚੰਨ ਹੱਸੇਂਦਾ,
ਮੱਸਿਆ ਭਰੇ ਹਟਕੋਰੇ।
ਕਦੇ ਤਲੀ 'ਤੇ ਚਾਅ ਖੁਣੇਂਦਾ,
ਕਦੇ ਉਮਰ ਦੇ ਝੋਰੇ।
ਚਾਨਣੀ 'ਚ ਕੋਈ ਬਹਿ ਉਡੀਕੇ,
ਸੱਜਣ ਹੱਥੀਂ ਤੋਰੇ।
ਜਿਸਦੀ ਅਣਹੋਂਦ 'ਚ ਹੁਣ ਤੱਕ,
ਰੂਹ ਦੇ ਵਰਕੇ ਕੋਰੇ।

ਪ੍ਰਦੇਸੀ ਹੁੰਦਿਆਂ ਜੋ ਸਿਰਫ਼ ਵੇਸ਼-ਭੂਸ਼ਾ, ਲਿਬਾਸ, ਸੁੱਖ-ਸਹੂਲਤਾਂ ਅਤੇ ਧਨ-ਦੌਲਤ ਤੀਕ ਹੀ ਖ਼ੁਦ ਨੂੰ ਸੀਮਤ ਕਰ ਲੈਂਦੇ, ਉਹ ਪ੍ਰਦੇਸੀ ਹੋ ਕੇ ਵੀ ਪ੍ਰਦੇਸੀ ਨਹੀਂ ਹੁੰਦੇ। ਪ੍ਰਦੇਸੀ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਨਵੀਆਂ ਸੋਚਾਂ, ਨਵੇਂ ਦ੍ਰਿਸ਼ਟੀਕੋਣ, ਨਰੋਈਆਂ ਪਹਿਲਾਂ ਅਤੇ ਵੱਖਰੇ ਰੂਪ ਵਿਚ ਕਿਸੇ ਘਟਨਾ, ਕਿਰਿਆ ਜਾਂ ਕਰਮ ਨੂੰ ਦੇਖਣ, ਜਾਚਣ, ਸਮਝਣ ਅਤੇ ਸਮਝਾਉਣ ਦੇ ਕਾਬਲ ਹੋਈਏ। ਮਨੁੱਖੀ ਵਿਕਾਸ ਲਈ ਵਧੀਆ ਯੋਗਦਾਨ ਪਾ ਸਕੀਏ। ਇਸ 'ਚੋਂ ਉਹ ਕੁਝ ਪ੍ਰਾਪਤ ਕਰ ਸਕੀਏ ਜਿਸ 'ਤੇ ਪ੍ਰਦੇਸੀ ਹੁੰਦਿਆਂ ਮਾਣ ਕਰ ਸਕੀਏ।

ਪ੍ਰੇਦਸੀ ਹੋਣਾ ਤਾਂ ਹਰ ਕੋਈ ਲੋਚਦਾ ਪਰ ਸੁੰਦਰ ਰੂਪ ਅਤੇ ਸਮੁੱਚ ਵਿਚ ਪ੍ਰਦੇਸੀ ਹੋਣਾ ਬਹੁਤ ਵੀ ਵਿਰਲਿਆਂ ਦਾ ਨਸੀਬ। ਇਹ ਨਸੀਬ ਹੀ ਮਨੁੱਖੀ ਇਤਿਹਾਸ ਦੇ ਮਾਣਮੱਤੇ ਵਰਕੇ ਬਣਦਾ।

ਪ੍ਰਦੇਸੀ ਹੋ ਕੇ ਯਾਦ ਰੱਖੀਏ ਆਪਣੇ ਮਾਪਿਆਂ ਨੂੰ ਜਿਨ੍ਹਾਂ ਦੀਆਂ ਦੁਆਵਾਂ ਸਦਕਾ ਸਾਨੂੰ ਇਹ ਮੌਕਾ ਮਿਲਿਆ। ਕਦੇ ਕਦਾਈਂ ਵਤਨ ਪਰਤ ਕੇ ਉਨ੍ਹਾਂ ਦੀ ਨਿੱਘੀ ਬੁੱਕਲ 'ਚ ਬਹਿ ਕੇ ਉਨ੍ਹਾਂ ਨੂੰ ਸੁਖਨ ਅਰਪਿਤ ਕਰਦੇ ਰਹੀਏ। ਚੇਤੇ ਰੱਖੀਏ ਉਨ੍ਹਾਂ ਖੇਤਾਂ, ਖੂਹਾਂ, ਖ਼ਲਿਆਣਾਂ ਅਤੇ ਖ਼ਰਾਸਾਂ ਨੂੰ ਜਿਨ੍ਹਾਂ ਨਾਲ ਕਦੇ ਜੁੜੀ ਹੁੰਦੀ ਸੀ ਸਾਡੀ ਜ਼ਿੰਦਗੀ। ਅਸੀਂ ਇਨ੍ਹਾਂ ਨਾਲ ਜੁੜਿਆਂ ਹੀ ਵੱਡੇ ਸੁਪਨੇ ਲਏ ਜਿਨ੍ਹਾਂ ਦੀ ਪੂਰਤੀ ਲਈ ਅਸੀਂ ਪ੍ਰਦੇਸੀ ਹੋਏ। ਆਪਣੀ ਯਾਦ ਦਾ ਹਿੱਸਾ ਬਣਾ ਰੱਖੀਏ ਉਨ੍ਹਾਂ ਪਿਆਰੇ ਆੜੀਆਂ ਨੂੰ ਜਿਨ੍ਹਾਂ ਦੀ ਸੰਗਤੀ-ਸੁਹਬਤ ਵਿਚੋਂ ਅਸੀਂ ਉਹ ਕੁਝ ਪ੍ਰਾਪਤ ਕਰ ਸਕੇ ਜਿਹੜਾ ਸਾਨੂੰ ਪ੍ਰਦੇਸ ਵਿਚ ਨਾ ਤਾਂ ਮਿਲਿਆ ਹੈ ਅਤੇ ਨਾ ਹੀ ਮਿਲਣਾ। ਉਹ ਬਚਪਨੀ ਮੁਹੱਬਤ, ਅਪਣੱਤ ਅਤੇ ਰੂਹ ਦਾ ਸਾਥ ਤੇ ਜਿਗਰੀ ਸੰਬੰਧ ਸਿਰਫ਼ ਬਚਪਨੀ ਸਾਥੀਆਂ ਨਾਲ ਹੀ ਹੁੰਦੇ। ਉਨ੍ਹਾਂ ਨੂੰ ਅਕਸਰ ਹੀ ਮਿਲਦੇ-ਗਿਲਦੇ ਰਹੀਏ ਤਾਂ ਕਿ ਸਾਡੀ ਔਕਾਤ ਸਾਨੂੰ ਸਦਾ ਯਾਦ ਰਹੇ।

ਹੁਣ ਦਿਨ ਵੇਲੇ ਪ੍ਰਦੇਸ ਵਿਚ ਬੈਠਾ ਹਾਂ। ਪਰ ਆਪਣੇ ਦੇਸ਼ ਵਿਚ ਹੋਵੇਗੀ ਚਾਨਣੀ ਰਾਤ। ਪਰ ਉਸ ਰਾਤ ਵਿਚ ਕਿੰਨੀ ਖਾਮੋਸ਼ੀ ਹੋਵੇਗੀ ਜਿਸਨੂੰ ਪੜ੍ਹਨਾ ਚਾਹੁੰਦਿਆਂ ਵੀ ਪੜ੍ਹ ਨਹੀਂ ਸਕਦਾ। ਮੈਂ ਚਾਨਣੀ ਨੂੰ ਨਿਹਾਰਨ ਲਈ ਉਸ ਛੱਤ 'ਤੇ ਨਹੀਂ ਹੋਵਾਂਗਾ ਅਤੇ ਨਾ ਹੀ ਚਾਨਣੀ ਨੂੰ ਬੁੱਕੋ-ਬੁੱਕ ਪੀ ਅੰਤਰੀਵ ਨੂੰ ਰੋਸ਼ਨ ਕਰ ਰਿਹਾ ਹੋਵਾਂਗਾ। ਕਿੰਨੀ ਉਦਾਸ ਹੋਵੇਗੀ ਚਾਨਣੀ ਅਤੇ ਕਿੰਨੀ ਇਕੱਲਤਾ ਹੰਢਾਅ ਰਿਹਾ ਹੋਵੇਗਾ, ਚਾਨਣੀ ਵੰਡ ਰਿਹਾ ਅੰਬਰ ਦਾ ਚੰਨ ਆਪਣਿਆਂ ਦੀ ਸਹਿਹੋਂਦ ਤੋਂ ਬਗੈਰ?

ਇਹ ਯਾਦ ਰੱਖੀਏ ਕਿ ਮਨੁੱਖੀ ਜਨਮ ਵੀ ਸਿਰਫ਼ ਪ੍ਰਦੇਸ-ਪੁਣਾ। ਇਸਨੂੰ ਪੂਰਾ ਕਰਕੇ ਮਨੁੱਖ ਨੇ ਵਾਪਸ ਪਰਤ ਜਾਣਾ ਜਿੱਥੋਂ ਅਸੀਂ ਪ੍ਰਵਾਸ ਸ਼ੂਰੂ ਕੀਤਾ ਸੀ। ਆਪਣੀ ਆਖ਼ਰੀ ਮੰਜ਼ਲ ਨੂੰ ਯਾਦ ਰੱਖਣਾ ਬਹੁਤ ਜ਼ਰੂਰੀ ਹੁੰਦਾ ਕਿਉਂਕਿ ਵਾਰ ਵਾਰ ਮਰ ਕੇ ਜਿਊਣ ਨਾਲੋਂ ਇਕ ਵਾਰ ਮਰਨਾ ਬਹੁਤ ਅਹਿਮ ਹੁੰਦਾ। ਜਨਮ ਤਾਂ ਨਿਸ਼ਚਿਤ ਨਹੀਂ ਹੁੰਦਾ ਪਰ ਮੌਤ ਹਮੇਸ਼ਾ ਨਿਸ਼ਚਿਤ ਹੁੰਦੀ ਹੈ।


# ਵਿਵੇਕ ਦੀ ਮਹੱਤਤਾ ਅਤੇ ਲੋੜ

ਸੰਸਾਰ ਪ੍ਰਸਿੱਧ ਕਿਤਾਬ 'Enlightenment Now' ਦੇ ਲੇਖਕ ਸਟੀਵਨ ਪਿੰਕਰ ਦੀ ਨਵੀਂ ਕਿਤਾਬ 'ਅਟੋਨਿਅਲਟਿ: ੱਹਅਟ ਟਿ ਸਿ? ੱਹੇ ਟਿ ਸਏਇਮਸ ਸਚਅਰਚਏ? ੱਹੇ ਟਿ ਮਅਟ-ਟਏਰਸ?' ਦਾ ਉਦੇਸ਼ ਇਹ ਸਮਝਣਾ ਹੈ ਕਿ ਦੁਨੀਆ ਵਿਚ ਏਨਾ ਅਵਿਵੇਕ ਕਿਉਂ ਹੈ? ਇੱਕੀਵੀਂ ਸਦੀ ਵਿਚ ਮਨੁੱਖਤਾ ਵਿਗਿਆਨਕ ਸੂਝ ਸਮਝ ਦੀਆਂ ਨਵੀਆਂ ਉਚਾਈਆਂ ਛੂਹ ਰਹੀ ਹੈ ਪਰ ਉਸੇ ਸਮੇਂ ਇਹ ਵੀ ਲੱਗ ਰਿਹਾ ਹੈ ਕਿ ਆਪਣੀ ਸੂਝ-ਬੂਝ ਭਾਵ ਬੁੱਧ-ਬਿਬੇਕ ਗੁਆ ਰਹੀ ਹੈ।

ਜਿਸ ਮਾਨਵ ਪ੍ਰਜਾਤੀ ਨੇ ਏਨੀ ਤਰੱਕੀ ਕੀਤੀ ਕਿ ਸਾਲ ਵਿਚ ਹੀ ਕੋਵਿਡ-19 ਵਰਗੀ ਮਹਾਮਾਰੀ ਦੀ ਵੈਕਸੀਨ ਲੱਭ ਲਈ ਉਹ ਅੱਜ ਝੂਠੇ ਤੱਥਾਂ ਤੇ ਖ਼ਬਰਾਂ, ਨੀਮ-ਹਕੀਮੀ, ਮਿਥਿਆ ਅਭਿਮਾਨਾਂ,


**ਮਨਮੋਹਨ**
**ਫੋਨ: 82839-48811**

ਹੰਕਾਰਾਂ ਅਤੇ ਸਾਜ਼ਿਸ਼ੀ ਸਿਧਾਂਤ ਘੜਨ ਵਿਚ ਮਾਹਿਰ ਹੋ ਗਈ ਹੈ। ਪਿੰਕਰ ਇਨ੍ਹਾਂ ਘਸੇ-ਪਿਟੇ ਸਨਕੀ [illegible] ਤਰਕ ਨੂੰ [illegible]ਦਾ ਹੈ ਕਿ ਮਨੁਖ ਮੂਲ ਰੂਪ 'ਚ ਅਵਿਵੇਕੀ ਹੈ। ਗੁਫ਼ਾਵਾਂ ਵਿਚ ਰਹਿਣ ਵਾਲਾ ਸ਼ਿਕਾਰ ਕਰਦਾ ਬੰਦਾ ਜਿਵੇਂ ਜਿਵੇਂ ਸਮਾਂ ਬੀਤਦਾ ਗਿਆ ਪੱਥਰਕਾਲੀ ਜੀਵਨ ਵਿਚ ਵਿਚਰਨ ਕਾਰਨ ਕਈ ਪ੍ਰਕਾਰ ਦੇ ਝੁਕਾਵਾਂ, ਭਰਮਾਂ ਅਤੇ ਭ੍ਰਾਂਤੀਆਂ ਦਾ ਸ਼ਿਕਾਰ ਹੋ ਗਿਆ। ਇਸ ਸਭ ਕੁਝ ਦੇ ਬਾਵਜੂਦ ਮਨੁੱਖ ਨੇ ਕੁਦਰਤ ਦੇ ਨੇਮਾਂ ਤੇ ਭੌਤਿਕ ਤਰਕਾਂ ਨੂੰ ਖੋਜਿਆ। ਇਨ੍ਹਾਂ ਨਾਲ ਮਨੁੱਖੀ ਸਮਝ ਹੋਰ ਅਮੀਰ ਹੋਈ। ਇਸ ਨਾਲ ਵਿਵੇਕ ਦੇ ਪੈਮਾਨੇ ਸਥਾਪਤ ਹੋਏ ਪਰ ਪਿਛਲੇ ਸਮਿਆਂ 'ਚ ਤਰਕ, ਆਲੋਚਨਾਤਮਕ ਸੋਚ, ਸੰਭਾਵਿਤਾ, ਸਹਿਸਬੰਧਿਕਤਾ ਅਤੇ ਕਾਰਨ-ਕਾਰਜਤਾ ਜਿਹੇ ਸੰਦਾਂ ਤੋਂ ਕੋਈ ਬਹੁਤਾ ਫ਼ਾਇਦਾ ਨਹੀਂ ਉਠਾ ਸਕੇ। ਇਹ ਸੰਦ ਸਾਡੀ ਸਿੱਖਿਆ ਅਤੇ ਵਿਦਿਆ ਪ੍ਰਣਾਲੀ ਦਾ ਵੱਡਾ ਹਿੱਸਾ ਨਹੀਂ ਬਣ ਸਕੇ। ਇਸ ਕਿਤਾਬ ਰਾਹੀਂ ਪਿੰਕਰ ਇਹ ਦੱਸਣਾ ਚਾਹੁੰਦਾ ਹੈ ਕਿ ਕਿਵੇਂ ਵਿਵੇਕ ਨਾਲ ਸੱਚ ਅਤੇ ਵਸਤੂਪਰਕਤਾ ਨਾਲ ਅਵਿਵੇਕ ਨੂੰ ਮਿਟਾਇਆ ਜਾ ਸਕਦਾ ਹੈ। ਵਿਵੇਕ ਦੀ ਲੋੜ ਰਹੀ ਹੈ। ਇਸ ਨਾਲ ਜੀਵਨ ਵੱਧ ਚੰਗੇ ਢੰਗ ਨਾਲ ਜੀਵਿਆ ਜਾ ਸਕਦਾ ਹੈ। ਇਸ ਨਾਲ ਅੰਤ ਨੂੰ ਸਮਾਜਿਕ ਨਿਆਂ ਅਤੇ ਸਦਾਚਾਰਕ ਪ੍ਰਗਤੀ ਹੁੰਦੀ ਹੈ। ਇਸ ਕਿਤਾਬ ਨੂੰ ਸਮੁੱਚੇ ਰੂਪ ਵਿਚ ਪੜ੍ਹਦਿਆਂ ਪਾਠਕ ਪਹਿਲਾਂ ਤੋਂ ਵੱਧ ਜਾਗਰਿਤ, ਪ੍ਰੇਰਿਤ ਅਤੇ ਊਰਜਿਤ ਅਨੁਭਵ ਕਰਦਾ ਹੈ। ਸਾਡੇ ਸਮਾਜ 'ਚ ਅਜੇ ਵੀ ਬਹੁਤ ਲੋਕ ਵਹਿਮਾਂ-ਭਰਮਾਂ ਅਤੇ ਭੂਤ-ਪ੍ਰੇਤਾਂ ਵਿਚ ਵਿਸ਼ਵਾਸ ਰੱਖਦੇ ਹਨ। ਸਹੀ ਇਲਾਜ ਦੀ ਬਜਾਏ ਧਾਗੇ ਤਵੀਤਾਂ ਨੂੰ ਪਹਿਲ ਦਿੰਦੇ ਹਨ। ਸਟੀਵਨ ਪਿੰਕਰ ਦਾ ਕਹਿਣਾ ਹੈ ਕਿ ਬਹੁਤੇ ਲੋਕ ਭੂਤਾਂ 'ਚ ਵਿਸ਼ਵਾਸ ਰੱਖਦੇ ਹਨ ਭਾਵੇਂ ਕਿ ਉਨ੍ਹਾਂ 'ਚੋਂ ਕਿਸੇ ਨੇ ਕਦੇ ਵੀ ਭੂਤ ਨਹੀਂ ਦੇਖਿਆ ਹੁੰਦਾ। ਪਿੰਕਰ ਮੂਲ ਰੂਪ 'ਚ ਸੰਗਿਆਨਕ ਮਨੋਵਿਸ਼ਲੇਸ਼ਕ ਅਤੇ ਭਾਸ਼ਾ ਵਿਗਿਆਨੀ ਹੈ। ਉਹ ਸਦਾ ਇਸ ਗੱਲ 'ਤੇ ਜ਼ੋਰ ਦਿੰਦਾ ਰਿਹਾ ਹੈ ਕਿ ਸਾਡੇ ਸਕੂਲਾਂ 'ਚ ਪੜ੍ਹਨ ਲਿਖਣ ਅਤੇ ਗਣਿਤ ਦੇ ਨਾਲ ਨਾਲ 'ਵਿਵੇਕ' ਦੀ ਪੜ੍ਹਾਈ ਹੋਣੀ ਵੀ ਬਹੁਤ ਜ਼ਰੂਰੀ ਹੈ। ਦਰਅਸਲ ਇਸ ਕਿਤਾਬ ਦੇ ਮੁੱਢਲੇ ਅਧਿਆਇ ਨੂੰ ਵਿਵੇਕ ਪੜ੍ਹਾਉਣ ਦੇ ਕਾਇਦੇ ਵਜੋਂ ਦੇਖਿਆ ਜਾ ਸਕਦਾ ਹੈ ਜਿਸ ਵਿਚ ਨਿਗਨਾਤਮਕ ਅਤੇ ਆਗਨਾਤਮਕ ਤਰਕ, ਵਿਵੇਕੀ ਚੋਣ ਸਿਧਾਂਤ ਅਤੇ ਗਣਨਾ ਵਿਗਿਆਨ ਦੀਆਂ ਕਈ ਸ਼ਾਖਾਵਾਂ ਦੇ ਤੱਤ ਅਤੇ ਵਿਸਤ੍ਰਿਤ ਵੇਰਵੇ ਸ਼ਾਮਿਲ ਹਨ। ਪਿੰਕਰ ਅਨੁਸਾਰ ਸਾਡੇ ਬਹੁਤ ਸਾਰੇ ਸਿਹਤ ਮਾਹਿਰ ਜਾਂਚ ਰਿਪੋਰਟਾਂ ਦੇ ਬਾਵਜੂਦ ਕਿਸੇ ਬਿਮਾਰੀ ਦਾ ਇਲਾਜ ਸੰਭਾਵਿਤਾ ਦੇ 'ਭਐਸ' ਨਿਯਮ ਦੇ ਆਧਾਰ 'ਤੇ ਅੰਦਾਜ਼ੇ ਨਾਲ ਕਰਦੇ ਹਨ। ਪਿੰਕਰ ਦਾ ਕਹਿਣਾ ਹੈ ਕਿ ਵਿਵੇਕ ਸਮਾਜ ਵਿਚ ਤਰਕਸ਼ੀਲਾਂ ਅਤੇ ਵਿਚਾਰਵਾਨਾਂ ਦੀ ਬਿਰਾਦਰੀ ਵਿੱਚੋਂ ਉਭਰਦਾ ਹੈ ਜੋ ਇਕ ਦੂਜੇ ਦੇ ਵਹਿਮਾਂ ਭਰਮਾਂ ਦੀ ਨਿਸ਼ਾਨਦੇਹੀ ਕਰਦੇ ਹਨ। ਦੂਜੇ ਸ਼ਬਦਾਂ ਵਿਚ ਇਸ ਬਿਆਨ ਦਾ ਸਮਾਜਿਕ ਆਯਾਮ ਅਤੇ ਪਾਸਾਰ ਹੈ। ਇਸ ਲਈ ਇਹ ਵੱਡੀਆਂ ਸਮੱਸਿਆਵਾਂ ਜਿਵੇਂ ਨਸ਼ੇ, ਪ੍ਰਦੂਸ਼ਣ, ਬੇਰੁਜ਼ਗਾਰੀ, ਧਰਤੀ ਹੇਠਲੇ ਨਿਘਰਦੇ ਹੋਏ ਪਾਣੀ ਦੇ ਪੱਧਰ ਅਤੇ ਵਾਤਾਵਰਣਿਕ ਸਮੱਸਿਆਵਾਂ ਆਦਿ 'ਤੇ ਚਰਚਾ ਅਤੇ ਬਹਿਸ ਉਪਰ ਮਾਹੌਲ ਪੈਦਾ ਕਰਨ ਵਿਚ ਸਾਜ਼ਗਾਰ ਸਾਬਿਤ ਹੋ ਸਕਦਾ ਹੈ। ਇਨ੍ਹਾਂ ਸਮੱਸਿਆਵਾਂ ਨਾਲ ਨਜਿੱਠਣ ਵਾਸਤੇ ਜੇਕਰ ਕੁਝ ਹੱਲ ਮੌਜੂਦ ਵੀ ਹਨ ਪਰ ਕਈ ਕਾਰਨਾਂ ਕਰਕੇ ਲੋਕ ਇਨ੍ਹਾਂ ਹੱਲਾਂ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਹੁੰਦੇ। ਇਸ ਦੀ ਵਜ੍ਹਾ ਹੈ ਕਿ ਬਹੁਤ ਸਾਰੇ ਲੋਕ ਅਵਿਵੇਕੀ ਰੂਪ ਵਿਚ ਪੂਰਵਗ੍ਰਹਿਆਂ ਅਤੇ ਪੂਰਵਭਾਸ਼ਿਤ ਧਾਰਨਾਵਾਂ ਵਿਚ ਗ੍ਰਸੇ ਹੋਏ ਹਨ। ਪਿੰਕਰ ਦਾ ਮੱਤ ਹੈ ਕਿ ਵਿਵੇਕ ਤੇ ਤਰਕ ਇਕ ਚੀਜ਼ ਨਹੀਂ ਭਾਵੇਂ ਦੋਹਾਂ 'ਚ ਕਾਫ਼ੀ ਸਾਂਝਾਂ ਵੀ ਹਨ। ਇਸ ਲਈ ਉਹ ਪ੍ਰਵਿਰਤੀ ਅਤੇ ਸੰਭਾਵਿਤਾ ਵਿਚਲਾ ਅੰਤਰ ਪਛਾਣਨ ਦਾ ਯਤਨ ਕਰਦਾ ਹੈ। ਇਸ ਵਾਸਤੇ ਉਹ ਆਪ ਘੜੇ ਪੂਰਵਗ੍ਰਹਿਆਂ (ਜੋ ਸਬੂਤਾਂ ਦੇ ਐਨ ਉਲਟ ਹੁੰਦੇ ਹਨ) ਅਤੇ ਤੱਥਾਂ ਤੋਂ ਪਰ੍ਹੇ ਅਨੁਮਾਨਾਂ ਨੂੰ ਮੁੱਖ ਕਾਰਨ ਮੰਨਦਾ ਹੈ ਜੋ ਕਿ ਸਮਾਜ ਤੇ ਨਾਗਰਿਕਾਂ ਦੇ ਸੋਚ-ਪੈਟਰਨਾਂ ਵਿਚੋਂ ਪ੍ਰਤੱਖ ਝਲਕਦੇ ਹਨ। ਉਹ ਇਨ੍ਹਾਂ ਤੋਂ ਮੁਕਤ ਹੋਣ ਲਈ ਕਈ ਮਨੋਵਿਗਿਆਨਕ ਅਤੇ ਦਿਮਾਗ਼ੀ ਕਸਰਤਾਂ ਅਤੇ ਸੋਚ ਵਿਚਾਰਾਂ ਦੀਆਂ ਮਸ਼ਕਾਂ ਦਾ ਸੁਝਾਅ ਦਿੰਦਾ ਹੈ। ਜੇਕਰ ਇਹ ਕਿਤਾਬ ਸਿਰਫ਼ ਸੰਭਾਵਿਤਾ, ਗਣਨ ਵਿਗਿਆਨ ਅਤੇ ਸਾਧਾਰਨ ਅੰਕ ਗਣਿਤ ਹੀ ਹੈ ਤਾਂ ਫਿਰ ਪਹਿਲਾਂ ਹੀ ਅਜਿਹੀਆਂ ਬਹੁਤ ਸਾਰੀਆਂ ਕਿਤਾਬਾਂ ਪ੍ਰਾਪਤ ਹਨ ਜਿਵੇਂ ਜੈਫ ਰੋਜ਼ੇਨਥਾਲਦੀ ੰਟਰੁਚਕ ਬੇ ਗਿਹਟਨਨਿਗ ਅਤੇ ਕਿਟ ਯੇਟਸ ਦੀ ਠਹਏ ੰਅਟਹੋ ਾ ਇਿ ਅਨਦ ਧਏਅਟਹ ਆਦਿ। ਇਸ ਤੋਂ ਇਲਾਵਾ ਕਾਰਲ ਸਾਗਾਨ ਅਤੇ ਐਨ. ਡ੍ਰੂਐਨ ਦੀ ਠਹਏ ਧਏਮੋਨ-ਹੁਨਟਏਦ ੱਰਲਦ ਅਤੇ ਮਿਸ਼ੇਲ ਸ਼ੇਰਮਰ ਦੀ ੱਹੇ ਫਏਪਲਏ ਭਏ-ਲਇਵਏ ੱਏਰਿਦ ਠਹਨਿਗਸ ਵੀ ਪੜ੍ਹਨ ਲਈ ਮਿਲਦੀਆਂ ਨੇ। ਪਰ ਪਿੰਕਰ ਦੀ ਇਸ ਕਿਤਾਬ ਦੀ ਪੜ੍ਹਤ ਇਨ੍ਹਾਂ ਸਾਰੀਆਂ ਕਿਤਾਬਾਂ ਨਾਲੋਂ ਵੱਧ ਰੌਚਕ ਅਤੇ ਪ੍ਰਮਾਣਿਕ ਹੈ। ਪਿੰਕਰ ਦੀ ਕਿਤਾਬ ਕ੍ਰਿਟੀਕਲ ਸਿਧਾਂਤ ਵਿਚ ਦਖ਼ਲਅੰਦਾਜ਼ੀ ਵਿਰੁੱਧ ਕ੍ਰਿਟੀਕਲ ਸੋਚ ਦੀ ਮੁੜ ਸਥਾਪਤੀ ਵੀ ਕਰਦੀ ਜਾਪਦੀ ਹੈ। ਪਿੰਕਰ ਦੀ ਇਹ ਕਿਤਾਬ ਬਾਹਰੀ ਰੂਪ ਵਿਚ ਇਹ ਪ੍ਰਭਾਵ ਦਿੰਦੀ ਜਾਪਦੀ ਹੈ ਕਿ ਇਸ 'ਤੇ ਗਣਿਤ ਵਿਗਿਆਨ ਖ਼ਾਸਾ ਭਾਰੂ ਹੈ ਪਰ ਜੇਕਰ ਗਹਿਰਾਈ ਨਾਲ ਦੇਖੀਏ ਤਾਂ ਇਹ ਭਲੀਭਾਂਤ ਉਜਾਗਰ ਹੁੰਦਾ ਹੈ ਕਿ ਪਿੰਕਰ ਦੇ ਸਰੋਕਾਰ ਸਮੁੱਚੇ ਰੂਪ ਵਿਚ ਗਣਿਤ ਤੋਂ ਪਰ੍ਹਾਂ ਦੇ ਹਨ। ਉਸ ਦਾ ਕਹਿਣਾ ਹੈ ਕਿ ਲੋਕ ਮੌਤ ਦੇ ਡਰ ਕਾਰਨ ਹਵਾਈ ਸਫ਼ਰ ਕਰਨੋਂ ਭੈਅ ਖਾਂਦੇ ਹਨ ਅਤੇ ਕਾਰ 'ਚ ਵੱਧ ਯਾਤਰਾ ਕਰਦੇ ਹਨ ਭਾਵੇਂ ਕਾਰ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਹਵਾਈ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਤੋਂ ਕਿਤੇ ਵੱਧ ਹੁੰਦੀ ਹੈ। ਇਉਂ ਹੀ ਪ੍ਰਮਾਣੂ ਊਰਜਾ ਨੂੰ ਹੋਰ ਸਭ ਬਿਜਲੀ ਉਤਪਾਦਨ ਪ੍ਰਣਾਲੀਆਂ ਤੋਂ ਵੱਧ ਸੁਰੱਖਿਅਤ ਮੰਨਿਆ ਗਿਆ ਹੈ ਪਰ ਫਿਰ ਵੀ ਇਹ ਆਮ



ਲੇਖਕ ਸਟੀਵਨ ਪਿੰਕਰ

ਧਾਰਨਾ ਹੈ ਕਿ ਇਹ ਖ਼ਤਰਨਾਕ ਹੈ। ਇਸ ਦੇ ਵਿਰੋਧ 'ਚ ਪਿੰਕਰ ਦਾ ਕਹਿਣਾ ਹੈ ਕਿ ਅੱਜ ਤੱਕ ਪ੍ਰਮਾਣੂ ਹਾਦਸਿਆਂ ਬਾਰੇ ਤਿੰਨ ਹੀ ਘਟਨਾਵਾਂ ਸਾਡੀਆਂ ਸਿਮਰਤੀਆਂ 'ਚ ਸਾਨੂੰ ਦਿਖਾਈ ਦਿੰਦੀਆਂ ਹਨ ਜਿਵੇਂ ਸੰਨ ਉੱਨੀ ਸੌ ਉਨਾਸੀ 'ਚ ਥ੍ਰੀ ਮਾਈਲਜ਼ ਆਈਲੈਂਡ, ਸੰਨ ਦੋ ਹਜ਼ਾਰ ਗਿਆਰਾਂ 'ਚ ਫੁਕੂਸ਼ੀਮਾ ਜਿਨ੍ਹਾਂ 'ਚ ਸਿਰਫ਼ ਇਕ ਇਕ ਬੰਦੇ ਨੇ ਜਾਨ ਗੁਆਈ ਅਤੇ ਸੰਨ ਉੱਨੀ ਸੌ ਛਿਆਸੀ 'ਚ ਸੋਵੀਅਤ ਰੂਸ ਵਿਚ ਚਰਨੋਬਿਲ ਦੀ ਘਟਨਾ ਜਿਸ ਵਿਚ ਇਕੱਤੀ ਜਾਨਾਂ ਗਈਆਂ। ਪਿੰਕਰ ਅਨੁਸਾਰ ਜੇ ਦੇਖਿਆ ਜਾਵੇ ਤਾਂ ਇਸ ਦੇ ਬਰਅਕਸ ਸੈਂਕੜੇ ਹਜ਼ਾਰਾਂ ਲੋਕ ਹਰ ਰੋਜ਼ ਕੈਂਸਰ ਅਤੇ ਕੋਲ਼ੇ ਤੇ ਪੈਟਰੋਲ ਕਾਰਨ ਪੈਦਾ ਹੋਏ ਪ੍ਰਦੂਸ਼ਣ ਨਾਲ ਮਰਦੇ ਹਨ। ਪਿਛਲੇ ਸਮਿਆਂ 'ਚ ਸੰਸਾਰ ਦੇ ਕਈ ਖਿੱਤਿਆਂ ਜਿਵੇਂ ਸੀਰੀਆ, ਇਰਾਕ, ਅਫ਼ਗਾਨਿਸਤਾਨ ਆਦਿ 'ਚ ਲੱਗੀਆਂ ਜੰਗਾਂ ਦੌਰਾਨ ਮਨੁੱਖੀ ਜਾਨਾਂ ਦੀ ਬਹੁਤ ਵੱਡੀ ਹਾਨੀ ਹੋਈ ਹੈ। ਸੰਸਾਰ ਵਿਚ ਫੈਲੀ ਦਹਿਸ਼ਤਗਰਦੀ 'ਚ ਤਾਂ ਸੈਂਕੜੇ ਲੋਕ ਜਾਨਾਂ ਗੁਆਉਂਦੇ ਹੀ ਰਹੇ ਹਨ ਪਰ ਇਨ੍ਹਾਂ ਦਹਿਸ਼ਤਗਰਦੀ ਘਟਨਾਵਾਂ ਤੋਂ ਬਾਅਦ ਨਿਗਰਾਨੀ ਦੇ ਨਾਮ ਹੇਠ ਜਨਤਕ ਸੁਵਿਧਾਵਾਂ 'ਚ ਜਿੰਨੀ ਸਖ਼ਤੀ ਦਿਖਾਈ ਜਾ ਰਹੀ ਹੈ ਉਹ ਖ਼ਤਰੇ ਦੇ ਅਨੁਪਾਤ 'ਚ ਕਿਤੇ ਵੱਧ ਹੈ। ਅਜਿਹੀਆਂ ਪ੍ਰਤੀਕਿਰਿਆਵਾਂ ਜਾਂ ਅਵਿਵੇਕੀ ਅਤਿ-ਪ੍ਰਤੀਕਿਰਿਆਵਾਂ ਨੂੰ ਪਿੰਕਰ ਨਿਸ਼ਾਨੇ 'ਤੇ ਲੈਂਦਾ ਹੈ। ਉਸ ਦਾ ਕਹਿਣਾ ਹੈ ਕਿ ਕਿਸੇ ਵੀ ਤਰ੍ਹਾਂ ਦੀ ਨੀਤੀ ਘੜ੍ਹਨ ਤੋਂ ਪਹਿਲਾਂ ਸਾਨੂੰ ਉਸ ਵਰਤਾਰੇ ਨਾਲ ਸਬੰਧਿਤ ਅੰਕੜਿਆਂ ਅਤੇ ਡਾਟਾ ਨੂੰ ਧਿਆਨ ਵਿਚ ਰੱਖ ਲੈਣਾ ਚਾਹੀਦਾ ਹੈ। ਇਸ ਸਬੰਧ ਵਿਚ ਉਹ ਅਕਾਦਮਿਕ ਜਗਤ ਅਤੇ ਇਸ ਨਾਲ ਜੁੜੀਆਂ ਸੰਸਥਾਵਾਂ ਨੂੰ ਕਾਂਟੇ ਹੇਠ ਰੱਖਦਾ ਹੈ। ਉਸ ਦਾ ਕਹਿਣਾ ਹੈ ਕਿ ਯੂਨੀਵਰਸਿਟੀਆਂ ਨੂੰ ਤਾਂ ਵਿਵੇਕ ਅਤੇ ਗੂੜ੍ਹ ਗਿਆਨ ਦਾ ਗੜ੍ਹ ਹੋਣਾ ਚਾਹੀਦਾ ਹੈ। ਇਸ ਦੇ ਉਲਟ ਇਹ ਸਾਰੀਆਂ ਸੰਸਥਾਵਾਂ ਬੰਦੇ ਦੀ ਆਮ ਸਾਧਾਰਨ ਸਮਝ 'ਤੇ ਆਪਣੇ ਇਕਹਿਰੇ ਗਿਆਨ




ਨਾਲ ਹਮਲਾ ਕਰ ਰਹੀਆਂ ਹਨ। ਉਹ ਆਪਣੀ ਇਕਪਾਸੜ ਪਹੁੰਚ ਨਾਲ ਲਿੰਗ, ਨਸਲ, ਸਭਿਆਚਾਰ, ਜਣਨ ਵਿਗਿਆਨ, ਬਸਤੀਵਾਦ ਅਤੇ ਕਾਮੁਕ ਪਛਾਣਾਂ ਪ੍ਰਤੀ ਅਸਹਿਣ ਹੀ ਧੁੰਦੂਕਾਰਾ ਪੈਦਾ ਕਰ ਰਹੀਆਂ ਹੁੰਦੀਆਂ ਹਨ। ਪਿੰਕਰ ਦਾ ਇਹ ਵੀ ਕਹਿਣਾ ਹੈ ਕਿ ਇਸੇ ਕਾਰਨ ਕੋਲ ਅਕਾਦਮਿਕ ਜਗਤ ਨੂੰ ਸੰਜੀਦਗੀ ਨਾਲ ਨਹੀਂ ਲੈਂਦਾ। ਇਸ ਨਾਲ ਰੂੜ੍ਹੀਵਾਦੀ ਸੋਚਾਂ ਵੱਧ ਪਨਪਣ ਲੱਗਦੀਆਂ ਹਨ। ਇੰਝ ਪਿੰਕਰ ਦੇ ਸਰੋਕਾਰ ਗਣਿਤ ਤੋਂ ਪਰ੍ਹਾਂ ਦੇ ਹਨ ਪਰ ਜੇ ਦੇਖੀਏ ਤਾਂ ਗਿਣਤੀ ਦੀ ਆਮ ਜ਼ਿੰਦਗੀ ਵਿਚ ਬੜੀ ਅਹਿਮੀਅਤ ਹੈ। ਪਾਠਕ ਪਿੰਕਰ ਦੇ ਦਾਅਵਿਆਂ ਨੂੰ ਕੀ ਪ੍ਰਤੀਕਰਮ ਦਿੰਦੇ ਹਨ ਉਹ ਉਨ੍ਹਾਂ ਦੇ ਰਾਜਨੀਤਕ ਦ੍ਰਿਸ਼ਟੀਕੋਣ 'ਤੇ ਨਿਰਭਰ ਕਰਦਾ ਹੈ। ਪਿੰਕਰ ਆਪਣਾ ਤਰਕ ਉਸਾਰਨ ਲਈ ਵਿਗਿਆਨ ਦਾ ਸਹਾਰਾ ਲੈਂਦਾ ਹੈ ਪਰ ਕਈ ਵਾਰ ਉਸ ਦੇ ਕਹਿਣ 'ਚ ਕੁਝ ਅੰਸ਼ ਅੰਦਾਜ਼ਿਆਂ ਦਾ ਵੀ ਹੁੰਦਾ ਹੈ। ਜਿਵੇਂ ਜਦੋਂ ਕੋਈ ਪੁੱਛਦਾ ਹੈ ਕਿ ਜੇਕਰ ਵਿਵੇਕ ਏਨੀ ਮਹਾਨ ਗੱਲ ਹੈ ਤਾਂ ਬੰਦੇ ਦਾ ਵਿਵਹਾਰ ਐਵੇਂ ਹੀ ਅਵਿਵੇਕੀ ਕਿਉਂ ਹੋ ਜਾਂਦਾ ਹੈ? ਇਸ ਦਾ ਜਵਾਬ ਦੇਣ ਹਿੱਤ ਪਿੰਕਰ ਮਾਨਵੀ ਵਿਗਾਸ ਦੇ ਖੇਤਰ 'ਚ ਸ਼ਰਨ ਲੈਂਦਾ ਹੈ ਤੇ ਕਹਿੰਦਾ ਹੈ ਕਿ ਮਨੁੱਖ ਪ੍ਰਵਿਰਤੀਮੂਲਕ ਪੱਧਰ 'ਤੇ ਵਿਗਿਆਨਕ ਵਜੋਂ ਨਹੀਂ ਸਗੋਂ ਵਕੀਲ ਵਜੋਂ ਵਿਕਸਤ ਹੋਇਆ ਹੈ ਭਾਵ ਬੰਦੇ ਕੋਲ ਆਪਣੀ ਹਰ ਹਰਕਤ ਅਤੇ ਗ਼ਲਤੀ ਨੂੰ ਉਚਿਤ ਠਹਿਰਾਉਣ ਦਾ ਬਹਾਨਾ ਹੁੰਦਾ ਹੈ। ਆਪਣੀਆਂ ਅਖ਼ਤਿਆਰ ਕੀਤੀਆਂ ਪੋਜੀਸ਼ਨਾਂ ਤੋਂ ਬਚ ਨਿਕਲਣ ਕਈ ਉਨ੍ਹਾਂ ਕੋਲ ਕਈ ਅੱਧੇ-ਅਧੂਰੇ ਤਰਕ ਹੁੰਦੇ ਹਨ ਅਤੇ ਇਨ੍ਹਾਂ ਦੀ ਸਾਰੀ ਜ਼ਿੰਮੇਵਾਰੀ ਉਹ ਹੋਰ ਲੋਕਾਂ ਦੇ ਤਰਕਾਂ ਦੇ ਮੱਥੇ ਮੜ੍ਹ ਦਿੰਦੇ ਹਨ। ਪਿੰਕਰ ਸੰਗਿਆਨ-ਵਿਗਿਆਨਕ ਵਜੋਂ ਵਿਵੇਕੀ ਸੋਚ ਦੀ ਉਚਿਚਤਾ ਬਾਰੇ ਬੜੇ ਸਹੀ ਢੰਗ ਨਾਲ ਕਹਿੰਦਾ ਹੈ ਕਿ ਕਈ ਵਾਰ ਸਾਡਾ ਦਿਮਾਗ਼ ਕਿਉਂ ਕਮਲੀਆਂ ਮਾਰਨ ਲੱਗਦਾ ਹੈ। ਪਿੰਕਰ ਲਿਖਦਾ ਹੈ ਕਿ ਉਤਰ ਆਧੁਨਿਕਤਾ ਜਿਹੀਆਂ ਫੈਸ਼ਨੇਬਲ ਅਕਾਦਮਿਕ ਲਹਿਰਾਂ ਅਨੁਸਾਰ ਤਰਕ, ਸੱਚ ਅਤੇ ਵਸਤੂਪਰਕਤਾ ਅਜਿਹੀਆਂ ਸਮਾਜਿਕ ਬਣਤਰਾਂ ਹਨ ਜੋ ਪ੍ਰਬਲ ਸਮੂਹਾਂ ਦੇ ਅਧਿਕਾਰਾਂ ਨੂੰ ਉਚਿਤ ਠਹਿਰਾਉਂਦੀਆਂ ਹਨ। ਉਸ ਅਨੁਸਾਰ ਵਸਤੂਪਰਕ ਸੱਚ ਕੁਝ ਨਹੀਂ ਹੁੰਦਾ ਪਰ ਅਸੀਂ ਵਿਵੇਕੀ ਸਮਝ ਨਾਲ ਇਸ ਦੇ ਲਾਗੇ ਪਹੁੰਚ ਸਕਦੇ ਹਾਂ। ਪਰ ਸਵਾਲ ਉੱਠਦਾ ਹੈ ਕਿ ਵਿਵੇਕ ਅਸਲ 'ਚ ਹੈ ਕੀ? ਬੇਸ਼ੱਕ ਇਹ ਉਨ੍ਹਾਂ ਨਿਯਮਾਂ ਅਤੇ ਸੰਦਾਂ ਦਾ ਸਮੂਹ ਹੈ ਜੋ ਪੂਰਵਧਾਰਨਾਵਾਂ, ਪੂਰਵਗ੍ਰਹਿਆਂ, ਰੂੜ੍ਹੀਆਂ, ਕੁਮੱਤਾਂ, ਵਹਿਮਾਂ ਭਰਮਾਂ ਅਤੇ ਅੰਧ-ਵਿਸ਼ਵਾਸਾਂ ਜਿਨ੍ਹਾਂ ਨੂੰ ਪਿੰਕਰ ਸੰਗਿਆਨਕ ਭਰਮ ਕਹਿੰਦਾ ਹੈ, ਨੂੰ ਖ਼ਤਮ ਕਰਨ 'ਚ ਸਹਾਈ ਹੁੰਦਾ ਹੈ। ਇਹ ਸੰਗਿਆਨਕ ਭਰਮ ਸਾਡੇ ਅਤੇ ਸਾਡੇ ਅਸਲ ਸੱਚ ਬਾਰੇ ਸਪੱਸ਼ਟ ਪ੍ਰਤੱਖਣ ਦਰਮਿਆਨ ਖੜ੍ਹ ਜਾਂਦੇ ਹਨ। ਇਨ੍ਹਾਂ ਸੰਦਾਂ ਵਿਚ ਤਰਕ, ਸੰਭਾਵਿਤਾ ਅਤੇ ਅਨੁਭਵਸ਼ੀਲ ਤਾਰਕਿਕਤਾ ਆਦਿ ਸ਼ਾਮਿਲ ਹਨ। ਪਿੰਕਰ ਵਿਵੇਕ ਦੀ ਵਿਆਖਿਆ ਕਰਦਿਆਂ ਕਈ ਢਿੱਡੀਂ ਪੀੜਾਂ ਪਾਉਣ ਵਾਲੇ ਲਤੀਫ਼ੇ ਸੁਣਾਉਂਦਾ ਹੈ। ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਲਤੀਫ਼ਿਆਂ 'ਚ ਕਈ ਤਰਕ ਨੂੰ ਮਹੀਨ ਅਤੇ ਬਾਰੀਕਬੀਨੀ ਨਾਲ ਬਿਆਨ ਕੀਤਾ ਜਾਂਦਾ ਹੈ। ਲਤੀਫ਼ੇ ਦਾ ਮਤਲਬ ਹੀ ਹੁੰਦਾ ਹੈ ਲਤੀਫ਼ ਭਾਵ ਬਾਰੀਕ ਗੱਲ ਜਾਂ ਤਰਕ। ਇਸੇ ਕਰਕੇ ਚਿੰਤਕ ਅਤੇ ਆਲੋਚਕ ਕਲਾਈਵ ਜੇਮਜ਼ ਦਾ ਕਹਿਣਾ ਹੈ ੰਇਨਸਏ ੋਾ ਹੁਮੌਰ ਸਿ ਚੋਮਮਅਨ ਸਏਨਸਏ, ਦਅਨਚਨਿਗ। ਪਿੰਕਰ ਅਨੁਸਾਰ ਤਰਕ ਦੀ ਕੋਈ ਭਾਵੁਕਤਾ ਨਹੀਂ। ਉਹ ਮਨੋਵਿਗਿਆਨੀ ਵਿਲੀਅਮ ਜੇਮਜ਼ ਦਾ ਹਵਾਲਾ ਦਿੰਦਿਆਂ ਕਹਿੰਦਾ ਹੈ ਕਿ ਪਿਆਰ ਹਿੱਤ ਰੋਮੀਓ ਨੂੰ ਵੀ ਉਸ ਦੇ ਅਤੇ ਜੂਲੀਅਟ ਦਰਮਿਆਨ ਆਉਣ ਵਾਲੇ ਅੜਿੱਕਿਆਂ ਨੂੰ ਸਰ ਕਰਨ ਵਾਸਤੇ ਆਪਣੇ ਵਿਵੇਕੀ ਮਨ ਦਾ ਪ੍ਰਯੋਗ ਕਰਨਾ ਪਿਆ। ਇੰਝ ਵਿਵੇਕ ਤੋਂ ਭਾਵ ਹੈ ਕਿ ਜੋ ਸ਼ੈਅ ਅਸੀਂ ਚਾਹੁੰਦੇ ਹਾਂ ਉਸ ਨੂੰ ਸਚਮੁੱਚ ਹਾਸਿਲ ਕਰਨ ਲਈ ਬਹੁਤ ਅਵਿਵੇਕੀ ਬੰਦੇ ਵੀ ਵਿਵੇਕੀ ਚੋਣ ਕਰ ਲੈਂਦੇ ਹਨ। ਜਦੋਂ ਸਥਿਤੀਆਂ ਔਖੀਆਂ ਹੋ ਜਾਂਦੀਆਂ ਹਨ ਉਦੋਂ ਬੰਦੇ ਦਾ ਦਿਮਾਗ਼ ਜੋ ਸੌਖੇ ਰਾਹ ਅਪਣਾਉਣ ਦਾ ਆਦੀ ਹੋ ਜਾਂਦੈ ਤੇ ਉਹ ਰਾਹ 'ਚ ਓਝਲ ਜਾਂਦਾ ਹੈ ਤੇ ਕਈ ਵਾਰ ਬਹੁਤ ਤੀਖਣ ਬੁੱਧੀ ਵਾਲੇ ਵੀ ਕਿਸਮਤਵਾਦੀ ਹੋ ਨਿਬੜਦੇ ਹਨ। ਕਈ ਵਾਰ ਬੰਦਾ ਅੱਧੋ-ਅੱਧ ਦੀ ਚੋਣ ਵਿਚ ਸੰਭਾਵਿਤਾ ਦੇ ਮੂਲ ਤੱਥ ਨੂੰ ਸਮਝਣ ਲਈ ਸੰਘਰਸ਼ ਕਰਦਾ ਹੈ। ਕੀ ਮੂਲ ਚੋਣ ਨਾਲ ਹੀ ਜੁੜੇ ਰਹਿਣਾ ਜਾਂ ਕਈ ਹੋਰ ਹਜ਼ਾਰਾਂ ਚੋਣਾਂ ਬਿਹਤਰ ਹੋ ਸਕਦੀਆਂ ਹਨ? ਅੰਤ 'ਚ ਕਿਹਾ ਜਾ ਸਕਦਾ ਹੈ ਕਿ ਵਿਵੇਕ ਸਦਾ ਹੀ ਕਿਸੇ ਧੁੰਦੂਕਾਰੇ, ਜ਼ੁਲਮ ਜਾਂ ਵਿਗੋਚੇ 'ਚ ਫਸਣ ਤੋਂ ਬਚਾਉਂਦਾ ਹੈ। ਵਿਵੇਕੀ ਹੋਣ ਵਿਰੁੱਧ ਕੋਈ ਤਰਕ-ਵਿਤਰਕ ਸੰਭਵ ਨਹੀਂ। ਵਿਵੇਕ ਨੂੰ ਘਟਾ ਕੇ ਦੇਖਣਾ ਅਵਿਵੇਕੀ ਹੋਣ ਦੇ ਮੋਹ ਜਾਲ ਵਿਚ ਫਸਣ ਬਰਾਬਰ ਹੈ/

# ਘਰਾਂ ਦੀਆ ਕੰਧਾਂ 'ਤੇ ਵਿਰਾਜਮਾਨ ਬਾਬਾ ਜੀ!

ਇਹ ਇੱਕ ਗਰੀਬ ਦਿਹਾੜੀਦਾਰ ਦਾ ਕੱਚਾ ਕੋਠਾ ਹੈ ਜਿਸ ਦੀ ਕੰਧ 'ਤੇ ਲਟਕ ਰਹੇ ਕੈਲੰਡਰ ਵਿਚ ਬਾਬਾ ਨਾਨਕ ਆਪਣੇ ਸਾਥੀਆਂ ਬਾਲੇ ਅਤੇ ਮਰਦਾਨੇ ਵਿਚਕਾਰ ਬੈਠਾ ਹੈ। ਇੱਕ ਹੱਥ ਵਿਚ ਮਾਲਾ ਹੈ ਦੂਜਾ ਹੱਥ ਕਾਂਗਰਸ ਦੇ ਚੋਣ ਨਿਸ਼ਾਨ ਪੰਜੇ ਵਾਂਗ ਲੋਕਾਈ ਨੂੰ ਧਰਵਾਸ ਦਿੰਦਾ ਜਾਪਦਾ ਹੈ। ਇਸ ਹੱਥ ਵਿਚਕਾਰ ਇਕ ਉਂਕਾਰ ਦਾ ਨਿਸ਼ਾਨ ਵੀ ਹੈ। ਉਂਝ ਮਾਲਾ ਸਹਾਰੇ ਗਿਣਤੀਆਂ



**ਹਰਜੀਤ ਦਿਓਲ, ਬਰੈਂਪਟਨ**

ਮਿਣਤੀਆਂ ਕਰ ਪਰਮਾਤਮਾ ਦਾ ਨਾਂਅ ਜਪਣਾ ਬਾਬੇ ਦੀਆਂ ਤਰਕਸ਼ੀਲ ਕਹਾਉਂਦੀਆਂ ਸਿਖਿਆਵਾਂ ਨਾਲ ਮੇਲ ਤਾਂ ਨਹੀਂ ਖਾਂਦਾ ਪਰ ਚਿੱਤਰਕਾਰ ਨੇ ਲੋਕ ਧਾਰਨਾਵਾਂ ਦੇ ਮੇਚ ਆਉਂਦਾ ਚਿੱਤਰ ਬਣਾ ਦਿੱਤਾ ਹੈ। ਇਹ ਕੈਲੰਡਰ ਆਪਣੇ ਇਕਲੌਤੇ ਕੱਚੇ ਕਮਰੇ ਦੀ ਕੰਧ 'ਤੇ ਟੰਗ ਬਾਬੇ ਦੀਆ ਮੇਹਰਾਂ ਦਾ ਚਾਹਵਾਨ ਟੱਬਰ ਅੱਤ ਦੀ ਗਰਮੀ ਕਾਰਨ ਵਿਹੜੇ ਵਿਚ ਖੜ੍ਹੇ ਨਿੰਮ ਦੇ ਦਰਖਤ ਦੀ ਛਾਂ ਹੇਠ ਲੌਢੇ ਵੇਲੇ ਦੀ ਚਾਹ ਛਕ ਰਿਹਾ ਹੈ। ਇਸ ਟੱਬਰ ਦਾ ਮੁਖੀਆ ਢਿੱਲਾ-ਮੱਠਾ ਹੋਣ ਕਰਕੇ ਦਿਹਾੜੀ 'ਤੇ ਨਹੀਂ ਜਾ ਸਕਿਆ। ਜੁਆਨ ਹੋ ਰਹੇ ਮੁੰਡਾ ਅਤੇ ਕੁੜੀ ਵੀ ਪੜ੍ਹਨੋਂ ਹਟਾ ਲਏ ਗਏ ਹਨ ਇਸ ਨਾਲ ਕਿਤਾਬਾਂ ਕਾਪੀਆਂ ਅਤੇ ਫੀਸਾਂ ਦੀ ਬਚਤ ਦੇ ਨਾਲ ਦੋਵੇਂ ਭੈਣ-ਭਰਾ ਕੰਮ ਕਾਰ ਵਿਚ ਮਾਪਿਆਂ ਨਾਲ ਹੱਥ ਵਟਾ ਉਨ੍ਹਾਂ ਦਾ ਸਹਾਰਾ ਬਣਦੇ ਹਨ। ਇਸ ਟੱਬਰ ਦੀ ਚਿੰਤਾ ਹੈ ਕਿ ਜ਼ਿਮੀਂਦਾਰਾਂ ਨੇ ਜੋ ਦਿਹਾੜੀ ਬੰਨ੍ਹ ਦਿੱਤੀ ਹੈ ਉਸ ਨਾਲ ਇਸ ਅੱਤ ਦੀ ਮਹਿੰਗਾਈ ਨਾਲ ਨਹੀਂ ਨਜਿੱਠਿਆ ਜਾ ਸਕਦਾ।


ਚਲੋ ਛੱਡੋ ਇਨ੍ਹਾਂ ਨੂੰ ਇਨ੍ਹਾਂ ਦੇ ਹਾਲ 'ਤੇ ਅਤੇ ਅਸੀਂ ਧਾਨੂੰ ਇੱਕ ਹੋਰ ਬਾਬੇ ਕੋਲ ਲੈ ਚਲਦੇ ਹਾਂ ਜਿਸ ਦਾ ਚਿੱਤਰ ਨਾ ਸਿਰਫ ਇੱਕ ਬਹੁਤ ਮਹਿੰਗੇ



ਸ਼ੀਸ਼ੇ ਵਾਲੇ ਫਰੇਮ ਵਿਚ ਜੜਿਆ ਹੈ ਬਲਕਿ ਇਸ ਵਿਚ ਰਾਤ ਵੇਲੇ ਜਗਮਗ ਕਰਦੇ ਬਲਬ ਵੀ ਜਗਦੇ ਹਨ। ਇਹ ਇੱਕ ਖਾਂਦੇ-ਪੀਂਦੇ ਜ਼ਿਮੀਂਦਾਰ ਦੇ ਪੱਕੇ ਤਿੰਨ ਕਮਰਿਆਂ ਵਾਲੇ ਘਰ ਦੀ ਕੂਲਰ ਨਾਲ ਠੰਢੀ ਹੋਈ ਬੈਠਕ ਹੈ। ਵਿਹੜੇ ਵਿਚ ਛੋਟੀ ਮਰੂਤੀ ਕਾਰ ਨਾਲ ਇੱਕ ਮੋਟਰਸਾਈਕਲ ਵੀ ਖੜ੍ਹਾ ਹੈ। ਇਸ ਘਰ ਦਾ ਮੁਖੀਆ ਅਤੇ ਉਸ ਦੀ ਸਾਥਣ ਬੈਠਕ ਵਿਚ ਆਰਾਮ ਕਰ ਰਹੇ ਹਨ ਜਦਕਿ ਬੇਟੀ ਕਾਲਜ ਗਈ ਹੋਈ ਹੈ। ਲੜਕਾ ਸ਼ਹਿਰ ਕਿਸੇ ਏਜੰਟ ਨਾਲ ਗੱਲਬਾਤ ਕਰਨ ਗਿਆ ਹੈ ਤਾਂ ਜੋ ਕੁਝ ਲੱਖ ਖਰਚ ਕੇ ਕਿਸੇ ਬਾਹਰਲੇ ਮੁਲਕ ਨਿਕਲਿਆ ਜਾ ਸਕੇ। ਖਿਚ-ਧੂਹ ਕਰ ਥਰਡ ਡਿਵੀਜ਼ਨ 'ਚ ਬਾਰ੍ਹਵੀਂ ਕਰਨ ਉਪਰੰਤ ਉਸ ਪੜ੍ਹਾਈ ਛੱਡ ਦਿੱਤੀ ਹੈ ਕਿਉਂਕਿ ਉਸ ਦਾ ਮੰਨਣਾ ਹੈ ਕਿ ਬਹੁਤਾ ਪੜ੍ਹਿਆਂ ਕਿਹੜਾ ਡੀ ਸੀ ਲੱਗ ਜਾਣਾ ਹੈ। ਆਉ ਇੱਕ ਹੋਰ ਥਾਂ ਵਿਰਾਜਮਾਨ ਬਾਬੇ ਵੱਲੀਂ ਵੀ ਗੇੜਾ ਮਾਰ ਆਈਏ। ਇੱਥੇ ਬਾਬਾ ਜੀ ਚੰਗੀ ਜ਼ਮੀਨ ਵਾਲੇ ਜੱਟ ਦੀ ਪਿੰਡੋਂ ਬਾਹਰਵਾਰ ਬਣੀ ਆਲੀਸ਼ਾਨ ਕੋਠੀ ਦੇ ਏ ਸੀ ਨਾਲ ਬੇਹੱਦ ਠੰਢੇ ਕੀਤੇ ਡਰਾਇੰਗ ਰੂਮ ਵਿਚ ਸੋਭਾ ਸਿੰਘ ਦੀ ਬਣਾਈ ਕੀਮਤੀ ਪੇਂਟਿੰਗ ਦੀ ਸ਼ੋਭਾ ਵਧਾ ਰਹੇ ਹਨ। ਕੋਠੀ ਵਿਚ ਆਲੀਸ਼ਾਨ ਕਾਰ ਨਾਲ ਇਕ ਜੀਪ ਵੀ ਮੌਜੂਦ ਹੈ। ਕੋਠੀ ਦੇ ਚਾਰੇ ਪਾਸੇ ਮਾਲੀ ਦਾ ਸਿਰਜਿਆ ਸ਼ਾਨਦਾਰ ਬਗੀਚਾ ਹੈ।

ਰਾਜ ਦੀ ਸਿਆਸਤ ਵਿਚ ਅਸਰ ਰਸੂਖ ਰੱਖਦਾ ਇਸ ਘਰ ਦਾ ਕਾਕਾ ਸ਼ਹਿਰ ਵਿਚ ਮੋਟੀ ਕਮਾਈ ਵਾਲੀ ਕੋਈ ਏਜੰਸੀ ਲਈ ਬੈਠਾ ਹੈ। ਪਹਿਲੇ ਖਾਂਦੇ-ਪੀਂਦੇ ਅਤੇ ਦੂਜੇ ਇਸ ਅਮੀਰ ਘਰ ਵਿਚ ਵਿਰਾਜਮਾਨ ਬਾਬਿਆਂ ਨੇ ਉਨ੍ਹਾਂ ਘਰਾਂ ਨੂੰ ਉਸੇ ਹਿਸਾਬ ਨਾਲ ਭਾਗ ਲਾਏ ਹਨ ਜਿਵੇਂ ਜਿਵੇਂ ਉਨ੍ਹਾਂ ਬਾਬਿਆਂ ਨੂੰ ਸਤਿਕਾਰਯੋਗ ਥਾਂ 'ਤੇ ਵਿਰਾਜਿਆ ਹੈ। ਕਿਸੇ ਦੁਕਾਨੋਂ ਮਿਲੇ ਮੁਫਤ ਦੇ ਕੈਲੰਡਰ ਵਿਚ ਲਟਕਦਾ ਬਾਬਾ ਉਸ ਗਰੀਬ ਘਰ ਦਾ ਕੀ ਸੁਆਰਦਾ? ਬਸ ਹਵਾ ਨਾਲ ਸੱਜੇ-ਖੱਬੇ ਝੂਲਦਿਆਂ ਕੈਲੰਡਰ ਦੀ ਧਾਤੂ ਦੀ ਪੱਤੀ ਨੇ ਕੱਚੀ ਕੰਧ ਵਿਚ ਲਕੀਰਾਂ ਜ਼ਰੂਰ ਉਕੇਰ ਦਿੱਤੀਆਂ ਹਨ।

# ਖੇਤੀ ਸੰਕਟ ਅਤੇ ਵਿਗੜਦੇ ਵਾਤਾਵਰਨ ਦੀ ਵੰਗਾਰ



> ***ਖੇਤੀ ਸੰਕਟ ਅਤੇ ਵਾਤਾਵਰਨ ਦੇ ਵਿਗਾੜ ਨੂੰ ਇਕੱਠਿਆਂ ਠੀਕ ਕਰਨਾ ਪਵੇਗਾ। ਇਹ ਦੋਵੇਂ ਸਮੱਸਿਆਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ ਅਤੇ ਇਕ ਦੂਜੇ ਨੂੰ ਵਧਾ ਰਹੀਆਂ ਹਨ। ਕਿਸਾਨ ਅੰਦੋਲਨ ਸਮੇਂ ਧਰਨੇ ਵਾਲੀਆਂ ਥਾਵਾਂ 'ਤੇ ਬਹਿਸ ਦਾ ਜੋ ਮਾਹੌਲ ਬਣਿਆ, ਉਸ ਤੋਂ ਆਸ ਬੱਝੀ ਸੀ ਕਿ ਬਹਿਸ ਦਾ ਸਭਿਆਚਾਰ ਜਾਰੀ ਰਹੇਗਾ। ਇਹ ਆਸ ਵੀ ਸੀ ਕਿ ਇਨ੍ਹਾਂ ਮੁੱਦਿਆਂ ਬਾਰੇ ਕਿਸਾਨ ਵੱਖ ਵੱਖ ਥਾਵਾਂ 'ਤੇ ਆਪਸ ਵਿਚ ਅਤੇ ਸਮਾਜਿਕ-ਆਰਥਿਕ ਮਾਹਿਰਾਂ ਨਾਲ ਸੰਵਾਦ ਰਚਾ ਕੇ ਇਨ੍ਹਾਂ ਮਸਲਿਆਂ ਬਾਰੇ ਕੋਈ ਉਸਾਰੂ ਪ੍ਰੋਗਰਾਮ ਪੇਸ਼ ਕਰਨਗੇ ਪਰ ਚੋਣਾਂ ਨੂੰ ਲੈ ਕੇ ਕਿਸਾਨ ਮੋਰਚੇ ਵਿਚ ਮੱਤਭੇਦ ਸਾਹਮਣੇ ਆ ਗਏ ਅਤੇ ਕਿਸਾਨੀ ਤੇ ਇਸ ਨਾਲ ਜੁੜੇ ਵਾਤਾਵਰਨ ਦੇ ਵਿਗਾੜ ਦੇ ਮੁੱਦੇ ਉਤੇ ਸਾਰਥਿਕ ਸੋਚ ਵਿਚਾਰ ਨਹੀਂ ਹੋ ਸਕੀ।***

ਖੇਤੀ ਸੰਕਟ ਅਤੇ ਵਾਤਾਵਰਨ ਦਾ ਵਿਗਾੜ ਪੰਜਾਬ ਦੇ ਲੋਕਾਂ ਅਤੇ ਸਰਕਾਰ ਲਈ ਸਿਰਦਰਦੀ ਬਣੇ ਹੋਏ ਹਨ। ਇਨ੍ਹਾਂ ਬਾਰੇ ਵਿਚਾਰ ਕਰਨਾ ਸਾਰੇ ਚੇਤੰਨ ਵਿਅਕਤੀਆਂ ਅਤੇ ਸਰਗਰਮ ਜਥੇਬੰਦੀਆਂ ਦੀ ਜ਼ਿਮੇਵਾਰੀ ਅਤੇ ਲੋੜ ਹੈ। ਇਹ ਦੋਵੇਂ ਸਮੱਸਿਆਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ ਅਤੇ ਇਕ ਦੂਜੇ ਦਾ ਕਾਰਨ ਵੀ ਹਨ। ਇਸ ਕਰਕੇ ਇਨ੍ਹਾਂ ਬਾਰੇ ਇਕੱਠਿਆਂ ਚਰਚਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਸਮੱਸਿਆਵਾਂ 35-36 ਸਾਲਾਂ ਤੋਂ ਵੱਧ ਸਮੇਂ ਤੋਂ ਹੋਰ ਗੰਭੀਰ ਹੁੰਦੀਆਂ ਗਈਆਂ ਹਨ। ਇਨ੍ਹਾਂ ਦੇ ਹੱਲ ਵਾਸਤੇ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਕੋਈ ਸਾਰਥਕ ਕਦਮ ਨਹੀਂ ਚੁੱਕੇ ਅਤੇ ਕੇਂਦਰ ਸਰਕਾਰ ਇਨ੍ਹਾਂ ਦੇ ਹੱਲ ਵਾਸਤੇ ਲੋੜੀਂਦੇ ਮਾਇਕ ਸਾਧਨਾਂ ਦੇ ਰੂਪ ਵਿਚ ਮਦਦ ਕਰਨ ਨੂੰ ਤਿਆਰ ਨਹੀਂ ਹੈ।

ਚਰਚਾ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਵਿਲੀਅਮ ਏ ਲੂਈਸ-ਸਾਈਮਨ ਕੁਜ਼ਨੇਟਸ ਦੇ ਸਿਧਾਂਤ ਅਨੁਸਾਰ ਪੰਜਾਬ ਜਾਂ ਭਾਰਤ ਵਿਚ ਤਬਦੀਲੀ ਵਾਸਤੇ 19ਵੀਂ ਅਤੇ 20ਵੀਂ ਸਦੀ ਵਾਲੇ ਹਾਲਾਤ ਮੌਜੂਦ ਨਹੀਂ। ਇਸ ਕਰਕੇ ਖੇਤੀ ਖੇਤਰ ਤੋਂ ਸਨਅਤੀ ਖੇਤਰ ਵਿਚ ਉਨ੍ਹਾਂ ਵਾਂਗ ਤਬਦੀਲੀ ਸੰਭਵ ਨਹੀਂ। ਅੱਜ ਕੱਲ੍ਹ ਸਨਅਤੀ ਖੇਤਰ ਦੀਆਂ ਇਕਾਈਆਂ ਵਿਚ ਆਟੋਮੇਸ਼ਨ, ਕੰਪਿਊਟਰੀਕਰਨ ਅਤੇ ਰੋਬੋਟ ਦੀ ਵਰਤੋਂ ਕਾਰਨ ਰੁਜ਼ਗਾਰ ਪੈਦਾ ਨਹੀਂ ਹੋ ਰਿਹਾ। ਹੁਣ ਖੇਤੀ ਵਿਚ ਵੀ ਮਸ਼ੀਨਾਂ ਦੀ ਵਧ ਰਹੀ ਵਰਤੋਂ ਕਾਰਨ ਰੁਜ਼ਗਾਰ ਦੀ ਮਿਕਦਾਰ ਘਟਣ ਲੱਗ ਪਈ ਹੈ। ਇਵੇਂ ਹੀ ਯੂਰਪ ਦੇ ਮੁਲਕਾਂ, ਖਾਸਕਰ ਜਰਮਨੀ ਵਿਚ ਖੇਤੀ ਵਿਚ ਤਬਦੀਲੀਆਂ ਦਾ ਮਾਡਲ ਵੀ ਪੰਜਾਬ ਦੀ ਮੌਜੂਦਾ ਹਾਲਤ ਬਾਰੇ ਕੋਈ ਰਾਹ ਨਹੀਂ ਦਿਖਾ ਸਕਦਾ। ਉਸ ਸਮੇਂ ਇਨ੍ਹਾਂ ਮੁਲਕਾਂ ਵਿਚ ਪੂਰਨ ਮੁਕਾਬਲੇ ਵਾਲਾ ਅਰਥਚਾਰਾ ਸੀ; ਹੁਣ ਅਰਥਚਾਰਾ ਅਪੂਰਨ ਮੁਕਾਬਲੇ ਵਾਲਾ ਬਣ ਚੁੱਕਿਆ ਹੈ। ਪੰਜਾਬ ਦੇ ਆਪਣੇ ਨਿਵੇਕਲੇ ਹਾਲਾਤ ਹਨ ਅਤੇ ਖੇਤੀ ਸੰਕਟ ਤੇ ਵਾਤਾਵਰਨ ਦੇ ਵਿਗਾੜ ਨੂੰ ਲੋਕਲ ਹਾਲਤਾਂ ਮੁਤਾਬਕ ਹੀ ਵਿਚਾਰਨਾ ਪਵੇਗਾ, ਤੇ ਇਸ ਦੇ ਹੱਲ ਬਾਰੇ ਵਿਚਾਰ ਕਰਨੀ ਪਵੇਗੀ।



**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਇਨ੍ਹਾਂ ਮਸਲਿਆਂ ਦੇ ਹੱਲ ਵਾਸਤੇ ਪੰਜਾਬ ਦੇ ਕਿਸਾਨਾਂ, ਕਿਸਾਨ ਲੀਡਰਾਂ ਅਤੇ ਸਿਆਸਤਦਾਨਾਂ ਉੱਤੇ ਹੀ ਟੇਕ ਰੱਖਣੀ ਪਵੇਗੀ ਕਿਉਂਕਿ ਇਨ੍ਹਾਂ ਦੇ ਪੰਜਾਬ ਦੇ ਟਿਕਾਊ ਵਿਕਾਸ ਅਤੇ ਵਾਤਾਵਰਨ ਬਚਾਉਣ ਵਿਚ ਮੁਫਾਦ ਜੁੜੇ ਹੋਏ ਹਨ। ਕਿਸਾਨੀ ਲਹਿਰ ਨੇ ਇਹ ਨੁਕਤਾ ਠੀਕ ਫੜਿਆ ਸੀ ਕਿ ਇਹ ਮਸਲੇ ਕਾਰਪੋਰੇਟ ਕੰਪਨੀਆਂ ਠੀਕ ਨਹੀਂ ਕਰ ਸਕਦੀਆਂ, ਕਿਉਂਕਿ ਉਨ੍ਹਾਂ ਦਾ ਮੁੱਖ ਉਦੇਸ਼ ਮੁਨਾਫੇ ਕਮਾਉਣਾ ਹੁੰਦਾ ਹੈ। ਮੁਨਾਫੇ ਵਧਾਉਣ ਲਈ ਉਹ ਕਿਸਾਨਾਂ ਦੀ ਆਮਦਨ ਨਹੀਂ ਵਧਾ ਸਕਦੇ ਅਤੇ ਵਾਤਾਵਰਨ ਸੰਭਾਲਣ ਦੀ ਬਜਾਇ ਕਾਰਪੋਰੇਟ ਕੰਪਨੀਆਂ ਇਸ ਨੂੰ ਤਬਾਹ ਕਰ ਦਿੰਦਿਆਂ ਹਨ। ਵਾਤਾਵਰਨ ਖਰਾਬ ਕਰਨ ਤੋਂ ਬਾਅਦ ਇਹ ਆਪਣਾ ਕਾਰੋਬਾਰ ਕਿਸੇ ਹੋਰ ਥਾਂ ਸ਼ੁਰੂ ਕਰਨ ਦਿੰਦੀਆਂ ਹਨ। ਸਰਮਾਇਆ ਗਤੀਸ਼ੀਲ ਹੋਣ ਕਰਕੇ ਇਹ ਕੰਪਨੀਆਂ ਕਿਸੇ ਖਾਸ ਇਲਾਕੇ ਦੇ ਟਿਕਾਊ ਵਿਕਾਸ ਵਿਚ ਕੋਈ ਦਿਲਚਸਪੀ ਨਹੀਂ ਰੱਖਦੀਆਂ।

ਪੰਜਾਬ ਦੀ ਖੇਤੀ ਦਾ ਆਧਾਰ ਸੀਮਾਂਤ, ਛੋਟੀ ਅਤੇ ਦਰਮਿਆਨੀ ਕਿਸਾਨੀ 'ਤੇ ਟਿਕਿਆ ਹੋਇਆ ਹੈ। ਨੈਸ਼ਨਲ ਸੈਂਪਲ ਸਰਵੇ ਦੇ 70ਵੇਂ ਗੇੜ ਅਨੁਸਾਰ 2019 ਵਿਚ ਇਹ ਵਰਗ ਕੁਲ ਪੰਜਾਬ ਦੇ ਕਿਸਾਨਾਂ ਦਾ 98% ਦੇ ਕਰੀਬ ਸਨ ਅਤੇ ਖੇਤੀ ਵਾਲੀ 86% ਜ਼ਮੀਨ 'ਤੇ ਖੇਤੀ ਕਰਦੇ ਹਨ। ਸੂਬੇ ਵਿਚ ਬਹੁਤ ਵੱਡੇ ਕਿਸਾਨ ਜਿਨ੍ਹਾਂ ਕੋਲ 25 ਏਕੜ ਤੋਂ ਵੱਧ ਜ਼ਮੀਨ ਹੈ, ਕੁਲ ਕਿਸਾਨਾਂ ਦਾ 2% ਦੇ ਕਰੀਬ ਹਨ, ਤੇ ਉਨ੍ਹਾਂ ਕੋਲ 14% ਖੇਤੀ ਅਧੀਨ ਜ਼ਮੀਨ ਹੈ। ਇਸ ਤੋਂ ਇਲਾਵਾ ਖੇਤੀ 'ਤੇ ਨਿਰਭਰ ਖੇਤ ਮਜ਼ਦੂਰ ਵੀ ਹਨ ਜਿਨ੍ਹਾਂ ਨੂੰ ਬੇਜ਼ਮੀਨੇ ਕਿਸਾਨ ਕਿਹਾ ਜਾ ਸਕਦਾ ਹੈ। ਜ਼ਮੀਨ ਦੇ ਮਾਲਕ ਅਤੇ ਬੇਜ਼ਮੀਨੇ ਕਿਸਾਨਾਂ ਦੀ ਗਿਣਤੀ 36.22 ਲੱਖ ਹੈ। ਇਨ੍ਹਾਂ ਵਿਚੋਂ 19.34 ਲੱਖ ਜ਼ਮੀਨ ਦੇ ਮਾਲਕ ਕਿਸਾਨ ਹਨ ਅਤੇ 15.88 ਲੱਖ ਖੇਤ ਮਜ਼ਦੂਰ ਹਨ। ਇਹ ਅਤੇ ਇਨ੍ਹਾਂ ਦੇ ਪਰਿਵਾਰਾਂ ਦੇ ਮੈਂਬਰ 2011 ਦੀ ਜਨ ਗਣਨਾ ਅਨੁਸਾਰ ਕੁਲ ਆਬਾਦੀ ਦਾ 35.60% ਬਣਦੇ ਹਨ। ਨੈਸ਼ਨਲ ਸੈਂਪਲ ਸਰਵੇ ਦੇ 70ਵੇਂ ਗੇੜ ਅਨੁਸਾਰ 11.17 ਲੱਖ ਜੋਤਾਂ ਤੋਂ ਆਪਣੀ ਰੋਜ਼ੀ ਰੋਟੀ ਕਮਾਉਂਦੇ ਹਨ।

ਇਨ੍ਹਾਂ ਵਿਚੋਂ ਥੋੜ੍ਹੇ ਜਿਹੇ ਜ਼ਮੀਨ ਮਾਲਕਾਂ (13%) ਦੇ ਹਿੱਸੇ ਨੂੰ ਛੱਡ ਕੇ ਬਾਕੀ ਸਾਰੇ ਕਿਸਾਨ ਅਤੇ ਖੇਤ ਮਜ਼ਦੂਰ ਖੇਤੀ ਸੰਕਟ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਨੂੰ ਸਾਰਾ ਸਾਲ ਕੰਮ ਵੀ ਨਹੀਂ ਮਿਲਦਾ ਅਤੇ ਇਹ ਬੇਰੁਜ਼ਗਾਰੀ/ਛੁਪੀ ਹੋਈ ਬੇਰੁਜ਼ਗਾਰੀ ਦੇ ਸ਼ਿਕਾਰ ਹਨ। ਇਨ੍ਹਾਂ ਦੀ ਸਾਰੇ ਸਾਲ ਦੀ ਆਮਦਨ ਸਾਲ ਦੇ ਖਰਚੇ ਪੂਰੇ ਨਹੀਂ ਕਰਦੀ। ਇਸ ਕਰਕੇ ਉਹ ਕਰਜ਼ੇ ਦੇ ਬੋਝ ਹੇਠ ਦੱਬੇ ਪਏ ਹਨ। ਫਸਲ ਨੂੰ ਬਿਮਾਰੀ ਪੈਣ ਜਾਂ ਬੇਮੌਸਮੇ ਮੀਂਹ ਜਾਂ ਗੜੇਮਾਰੀ ਨਾਲ ਫਸਲਾਂ ਮਾਰੇ ਜਾਣ ਕਾਰਨ ਕਰਜ਼ੇ ਦੀ ਸਮੱਸਿਆ ਹੋਰ ਗੰਭੀਰ ਹੋ ਜਾਂਦੀ ਹੈ। ਇਸ ਲਈ ਹਰ ਰੋਜ਼ ਮੀਡੀਆ ਵਿਚ ਇਨ੍ਹਾਂ ਦੀਆਂ ਆਤਮ-ਹਤਿਆਵਾਂ ਦੀਆਂ ਖਬਰਾਂ ਸੁਰਖੀਆਂ ਬਣਦੀਆਂ ਹਨ। ਪੇਂਡੂ ਇਲਾਕਿਆਂ ਵਿਚ ਸਿਹਤ ਸਹੂਲਤਾਂ ਖਤਮ ਹੋਣ ਅਤੇ ਪੇਂਡੂ ਸਰਕਾਰੀ ਸਿੱਖਿਆ ਦੀ ਮਾੜੀ ਹਾਲਤ ਕਾਰਨ ਉਨ੍ਹਾਂ ਨੂੰ ਇਹ ਸੇਵਾਵਾਂ ਕਾਫੀ ਮਹਿੰਗੀਆਂ, ਪ੍ਰਾਈਵੇਟ ਅਦਾਰਿਆਂ ਤੋਂ ਲੈਣੀਆਂ ਪੈਂਦੀਆਂ ਹਨ। ਇਸ ਨਾਲ ਉਨ੍ਹਾਂ ਦੀਆਂ ਜੇਬਾਂ ਵਿਚੋਂ ਕਾਫੀ ਪੈਸੇ ਇਹ ਸੇਵਾਵਾਂ ਪ੍ਰਾਪਤ ਕਰਨ ਵਾਸਤੇ ਖਰਚ ਹੋ ਜਾਂਦੇ ਹਨ। ਇਸ ਖਰਚੇ ਨੇ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਲੱਕ ਤੋੜ ਦਿੱਤਾ ਹੈ। ਉਪਰੋਂ ਪੰਜਾਬ ਦੇ ਹਵਾ-ਪਾਣੀ/ਵਾਤਾਵਰਨ ਦੇ ਮੰਡਰਾਉਂਦੇ ਸੰਕਟ ਨੇ ਇਨ੍ਹਾਂ ਦੀ ਆਰਥਿਕਤਾ ਨੂੰ ਡਗਮਗਾ ਦਿੱਤਾ ਹੈ।

1970ਵਿਆਂ ਵਿਚ ਝੋਨੇ ਦੀ ਖੇਤੀ ਆਉਣ ਨਾਲ ਪਾਣੀ ਦੀ ਮੰਗ ਬਹੁਤ ਵਧ ਗਈ ਸੀ। ਨਹਿਰਾਂ ਦਾ ਪਾਣੀ ਲੋੜੀਂਦੀ ਮਾਤਰਾ ਵਿਚ ਉਪਲਬਧ ਨਾ ਹੋਣ ਕਾਰਨ ਕਿਸਾਨਾਂ ਅਤੇ ਸਰਕਾਰ ਦਾ ਧਿਆਨ ਜ਼ਮੀਨ ਹੇਠਲੇ ਪਾਣੀ ਵੱਲ ਹੋ ਗਿਆ। ਜ਼ਮੀਨ ਹੇਠਲਾ ਪਾਣੀ ਕੱਢਣ ਲਈ ਕਿਸਾਨਾਂ ਨੂੰ ਟਿਊਬਵੈਲਾਂ ਲਈ ਉਤਸ਼ਾਹਿਤ ਕੀਤਾ ਗਿਆ। ਪਹਿਲਾਂ ਕਿਸਾਨਾਂ ਨੂੰ ਟਿਊਬਵੈਲਾਂ ਵਾਸਤੇ ਸਸਤੀ ਬਿਜਲੀ ਤੇ ਕਰਜ਼ੇ ਦਿੱਤੇ ਗਏ ਸਨ। ਫਿਰ 1997 ਤੋਂ ਬਿਜਲੀ ਮੁਫਤ ਕਰ ਦਿੱਤੀ ਗਈ। ਇਸ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ। ਕਿਸਾਨਾਂ ਨੂੰ ਟਿਊਬਵੈਲਾਂ ਦੇ ਬੋਰ ਨੀਵੇਂ ਕਰਨ ਕਾਰਨ ਕਾਫੀ ਖਰਚਾ ਝੱਲਣਾ ਪਿਆ। ਇਸ ਦੌੜ ਵਿਚ ਕਈ ਸੀਮਾਂਤ ਅਤੇ ਛੋਟੇ ਕਿਸਾਨ ਪਛੜ ਗਏ ਅਤੇ ਉਹ ਦੂਜੇ ਕਿਸਾਨਾਂ ਤੋਂ ਪਾਣੀ ਖਰੀਦਦੇ ਹਨ। ਖੇਤੀ ਮਾਹਿਰਾਂ ਦੀਆਂ ਸੁਝਾਈਆਂ ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ ਨਾਲ ਜ਼ਮੀਨ ਵਿਚ ਜ਼ਹਿਰਾਂ ਦੀ ਮਾਤਰਾ ਵਧ ਗਈ। ਇਸ ਦੇ ਨਾਲ ਹੀ ਇਕ ਫਸਲ ਵੱਢ ਕੇ, ਤੁਰੰਤ ਦੂਜੀ ਫਸਲ ਬੀਜਣ ਅਤੇ ਪਾਲਣ ਵਾਸਤੇ ਤੇਜ਼ੀ ਨਾਲ ਖੇਤੀ ਵਿਚ ਮਸ਼ੀਨੀਕਰਨ ਹੋਇਆ ਜਿਸ ਨਾਲ ਫਸਲਾਂ ਬੀਜਣ ਤੋਂ ਵੱਢਣ/ਗਾਹੁਣ ਵਾਸਤੇ ਕਿਸਾਨਾਂ ਨੇ ਮਸ਼ੀਨਾਂ ਖਰੀਦੀਆਂ।

ਇਨ੍ਹਾਂ ਕਾਰਨਾਂ ਕਰਕੇ ਖੇਤੀ ਦੇ ਖਰਚੇ ਬਹੁਤ ਵਧ ਗਏ। ਜਦੋਂ ਫਸਲਾਂ ਦੇ ਝਾੜ ਵਿਚ ਖੜੋਤ ਆਉਣ ਲੱਗੀ ਅਤੇ ਫਸਲਾਂ ਦੇ ਮੁੱਲ ਵਿਚ ਖਰਚੇ ਅਨੁਸਾਰ ਵਾਧਾ ਨਾ ਕੀਤਾ ਗਿਆ ਤਾਂ ਸੰਨ 2000 ਤੋਂ ਬਾਅਦ ਪੰਜਾਬ ਦੀ ਖੇਤੀ ਗਹਿਰੇ ਸੰਕਟ ਵਿਚ ਫਸ ਗਈ। ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਦਾ ਰੁਝਾਨ ਵਧ ਗਿਆ। ਪੰਜਾਬ ਦੇ ਪਾਣੀਆਂ ਨੂੰ ਇਕ ਹੋਰ ਮਾਰ ਸ਼ਹਿਰਾਂ ਦੇ ਗੰਦੇ/ਸੀਵਰੇਜ ਦੇ ਪਾਣੀ ਨਾਲ ਪਈ; ਨਹਿਰਾਂ ਨਦੀਆਂ ਵਿਚ ਇਹ ਪਾਣੀ ਸਾਫ ਕੀਤੇ ਬਗ਼ੈਰ ਹੀ ਪਾਇਆ ਗਿਆ। ਇਵੇਂ ਹੀ ਸਨਅਤੀ ਇਕਾਈਆਂ ਦਾ ਗੰਦਾ ਪਾਣੀ ਵੀ ਨਹਿਰਾਂ ਨਦੀਆਂ ਵਿਚ ਪਾਇਆ ਜਾਂਦਾ ਰਿਹਾ। ਕਈ ਵਾਰ ਤਾਂ ਇਹ ਧਰਤੀ ਹੇਠਲੇ ਪਾਣੀ ਵਿਚ ਮਿਲਾ ਦਿੱਤਾ ਜਾਂਦਾ ਹੈ। ਇਸ ਨਾਲ ਨਹਿਰੀ ਅਤੇ ਧਰਤੀ ਹੇਠਲਾ ਪਾਣੀ ਜ਼ਹਿਰੀਲਾ ਹੋ ਗਿਆ। ਇਸ ਵਰਤਾਰੇ ਕਾਰਨ ਪਾਣੀ ਤੇ ਜ਼ਮੀਨ ਜ਼ਹਿਰੀਲੇ ਅਤੇ ਹਵਾ ਪਲੀਤ ਹੋਣ ਨਾਲ ਪੰਜਾਬ ਦੇ ਲੋਕਾਂ ਨੂੰ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਚੰਬੜ ਗਈਆਂ। ਇਉਂ ਖੇਤੀ ਸੰਕਟ ਅਤੇ ਵਾਤਾਵਰਨ ਵਿਚ ਵਿਗਾੜ ਆਪਸ ਵਿਚ ਜੁੜੇ ਹੋਏ ਹਨ, ਪੰਜਾਬ ਦੀ ਖੇਤੀ ਦਾ ਵਿਕਾਸ ਟਿਕਾਊ ਨਹੀਂ ਰਿਹਾ ਅਤੇ ਖੇਤੀ ਬਹੁਤੇ ਕਿਸਾਨਾਂ ਵਾਸਤੇ ਲਾਹੇਵੰਦ ਧੰਦਾ ਨਹੀਂ ਰਿਹਾ ਹੈ।

ਇਸੇ ਕਰਕੇ ਖੇਤੀ ਸੰਕਟ ਅਤੇ ਵਾਤਾਵਰਨ ਦੇ ਵਿਗਾੜ ਨੂੰ ਪੰਜਾਬ ਵਿਚ ਇਕੱਠਿਆਂ ਹੀ ਠੀਕ ਕਰਨਾ ਪਵੇਗਾ। ਇਹ ਦੋਵੇਂ ਸਮੱਸਿਆਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ ਅਤੇ ਇਕ ਦੂਜੇ ਨੂੰ ਵਧਾ ਰਹੀਆਂ ਹਨ। ਕਿਸਾਨ ਅੰਦੋਲਨ ਸਮੇਂ ਧਰਨੇ ਵਾਲੀਆਂ ਥਾਵਾਂ 'ਤੇ ਬਹਿਸ ਦਾ ਜੋ ਮਾਹੌਲ ਬਣਿਆ, ਉਸ ਤੋਂ ਇਹ ਆਸ ਬੱਝੀ ਸੀ ਕਿ ਬਹਿਸ ਦਾ ਸਭਿਆਚਾਰ ਅੰਦੋਲਨ ਤੋਂ ਬਾਅਦ ਵੀ ਜਾਰੀ ਰਹੇਗਾ। ਇਹ ਆਸ ਵੀ ਸੀ ਕਿ ਇਨ੍ਹਾਂ ਮੁੱਦਿਆਂ ਬਾਰੇ ਕਿਸਾਨ ਵੱਖ ਵੱਖ ਥਾਵਾਂ 'ਤੇ ਆਪਸ ਵਿਚ ਅਤੇ ਸਮਾਜਿਕ-ਆਰਥਿਕ ਮਾਹਿਰਾਂ ਨਾਲ ਸੰਵਾਦ ਰਚਾ ਕੇ ਇਨ੍ਹਾਂ ਮਸਲਿਆਂ ਬਾਰੇ ਕੋਈ ਉਸਾਰੂ ਪ੍ਰੋਗਰਾਮ ਪੇਸ਼ ਕਰਨਗੇ ਪਰ ਅਜਿਹਾ ਹੋ ਨਹੀਂ ਸਕਿਆ ਸਗੋਂ ਚੋਣਾਂ ਦੇ ਮੁੱਦੇ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵਿਚ ਮੱਤਭੇਦ ਸਾਹਮਣੇ ਆ ਗਏ ਅਤੇ ਕਿਸਾਨੀ ਤੇ ਇਸ ਨਾਲ ਜੁੜੇ ਵਾਤਾਵਰਨ ਦੇ ਵਿਗਾੜ ਦੇ ਮੁੱਦੇ ਉਤੇ ਸਾਰਥਿਕ ਸੋਚ ਵਿਚਾਰ ਅਤੇ ਬਹਿਸ ਕੇਂਦਰਤ ਨਹੀਂ ਹੋ ਸਕੀ। ਕਣਕ ਦਾ ਝਾੜ ਘਟਣ ਤੋਂ ਬਾਅਦ ਜਦੋਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਅਤੇ ਬਿਜਲੀ ਦੀ ਤੋਟ ਦੀਆਂ ਖਬਰਾਂ ਸੁਰਖੀਆਂ ਬਣਨ ਲੱਗੀਆਂ ਤਾਂ ਵਾਪਸ ਲਏ ਕਾਨੂੰਨਾਂ ਦੇ ਹਮਾਇਤੀ ਬੁੱਧੀਜੀਵੀ ਇਨ੍ਹਾਂ ਕਾਨੂੰਨਾਂ ਦੀ ਦੁਬਾਰਾ ਵਕਾਲਤ ਕਰਨ ਲੱਗ ਪਏ ਹਨ ਅਤੇ ਇਨ੍ਹਾਂ ਖੇਤੀ ਕਾਨੂੰਨਾਂ ਨੂੰ ਖੇਤੀ ਸੰਕਟ ਦੇ ਹੱਲ ਵਾਸਤੇ ਲੋੜੀਂਦੇ ਕਦਮ ਦੱਸ ਰਹੇ ਹਨ। ਉਹ ਇਹ ਮਿਹਣਾ ਵੀ ਮਾਰ ਰਹੇ ਹਨ ਕਿ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਕਰਨ ਵਾਲੇ ਬੁੱਧੀਜੀਵੀ ਕਿੱਥੇ ਹਨ ਜਦੋਂ ਖੇਤੀ ਸੰਕਟ ਅਤੇ ਵਾਤਾਵਰਨ ਦਾ ਵਿਗਾੜ ਉਸੇ ਤਰ੍ਹਾਂ ਬਰਕਰਾਰ ਹੈ।

ਜ਼ਾਹਿਰ ਹੈ ਕਿ ਇਨ੍ਹਾਂ ਮਸਲਿਆਂ 'ਤੇ ਦੁਬਾਰਾ, ਸੰਜੀਦਗੀ ਨਾਲ ਵਿਚਾਰ/ਬਹਿਸ ਕੇਂਦਰਤ ਕਰਨ ਦੀ ਜ਼ਰੂਰਤ ਹੈ। ਖੇਤੀ ਸੰਕਟ ਅਤੇ ਵਾਤਾਵਰਨ ਦੇ ਵਿਗਾੜ ਨੂੰ ਸੁਲਝਾਉਣ ਤੋਂ ਬਗੈਰ ਪੰਜਾਬ ਦੇ ਕਿਸਾਨਾਂ ਨੂੰ ਰਾਹਤ ਨਹੀਂ ਮਿਲ ਸਕਦੀ। ਇਨ੍ਹਾਂ ਦੇ ਹੱਲ ਬਗੈਰ ਖੇਤੀ ਪ੍ਰਣਾਲੀ ਨੂੰ ਟਿਕਾਊ ਨਹੀਂ ਰੱਖਿਆ ਜਾ ਸਕਦਾ, ਨਾ ਹੀ ਇਸ ਦੇ ਵਿਕਾਸ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਇਸ ਕਰਕੇ ਇਨ੍ਹਾਂ ਮਸਲਿਆਂ ਬਾਰੇ ਵਿਚਾਰ/ਬਹਿਸ ਅਤੇ ਚਿੰਤਨ ਬੇਹੱਦ ਜ਼ਰੂਰੀ ਹੈ।

ਕਿਸਾਨੀ ਸੰਕਟ ਅਤੇ ਵਾਤਾਵਰਨ ਨੂੰ ਠੀਕ ਕਰਨ ਲਈ ਫਸਲੀ ਵੰਨ-ਸਵੰਨਤਾ ਦੇ ਸੁਝਾਅ 1986 ਤੋਂ ਬਾਅਦ ਲਗਾਤਾਰ ਦਿੱਤੇ ਜਾ ਰਹੇ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਵਾਸਤੇ ਕੇਂਦਰ ਸਰਕਾਰ ਨੇ ਸਹਿਯੋਗ ਨਹੀਂ ਦਿੱਤਾ ਅਤੇ ਸੂਬਾ ਸਰਕਾਰਾਂ ਇਸ ਨੂੰ ਕਾਰਪੋਰੇਟ ਕੰਪਨੀਆਂ ਦੀ ਮਦਦ ਨਾਲ ਐਗਰੋ-ਪ੍ਰਾਸੈਸਿੰਗ ਦੇ ਮਾਡਲ ਨੂੰ ਕਿਸਾਨਾਂ ਦੇ ਹਿੱਤਾਂ ਵਿਚ ਲਾਗੂ ਨਹੀਂ ਕਰ ਸਕੀਆਂ। ਇਸ ਕਰਕੇ ਸਾਨੂੰ ਕਾਰਪੋਰੇਟ ਮਾਡਲ ਦੀ ਬਜਾਇ ਕਿਸਾਨਾਂ ਦੇ ਸਾਂਝੇ ਮਾਡਲ ਰਾਹੀਂ ਇਨ੍ਹਾਂ ਸਮੱਸਿਆਵਾਂ ਨਾਲ ਜੂਝਣਾ ਪੈਣਾ ਹੈ। ਮੌਜੂਦਾ ਸਮੇਂ ਵਿਚ ਪੰਜਾਬ ਦਾ ਕਿਸਾਨ ਫਸਲਾਂ ਪੈਦਾ ਕਰਕੇ ਮੰਡੀ ਵਿਚ ਵੇਚਦਾ ਹੈ। ਇਸ ਕਰਕੇ ਉਸ ਨੂੰ ਖਪਤਕਾਰ ਵਲੋਂ ਅਦਾ ਕੀਤੀ ਕੀਮਤ ਦਾ ਛੋਟਾ ਜਿਹਾ ਹਿੱਸਾ ਪ੍ਰਾਪਤ ਹੁੰਦਾ ਹੈ। ਇਸ ਦਾ ਵੱਡਾ ਹਿੱਸਾ ਵਿਚੋਲਿਆਂ, ਵਪਾਰੀਆਂ, ਭੰਡਾਰੀਆਂ ਅਤੇ ਖੇਤੀ ਉਪਜ ਦੇ ਪ੍ਰਾਸੈਸਰਾਂ ਕੋਲ ਚਲਾ ਜਾਂਦਾ ਹੈ। ਕਿਸਾਨ ਨੂੰ ਮਿਲਣ ਵਾਲੀ ਕੀਮਤ ਅਤੇ ਖਪਤਕਾਰ ਵਲੋਂ ਅਦਾ ਕੀਤੀ ਜਾਂਦੀ ਕੀਮਤ ਵਿਚ ਫਰਕ ਘਟਾਉਣ ਵਾਸਤੇ ਜ਼ਰੂਰੀ ਹੈ ਕਿ ਕਿਸਾਨਾਂ ਨੂੰ ਮੰਡੀਕਰਨ, ਭੰਡਾਰੀਕਰਨ ਅਤੇ ਐਗਰੋ-ਪ੍ਰਾਸੈਸਿੰਗ ਵਿਚ ਵੀ ਸ਼ਾਮਲ ਕੀਤਾ ਜਾਵੇ।

ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਿ ਪੰਜਾਬ ਦੇ ਬਹੁਤੇ ਕਿਸਾਨ ਸੀਮਾਂਤ, ਛੋਟੇ ਤੇ ਦਰਮਿਆਨੇ ਹਨ, ਜਾਂ ਬੇਜ਼ਮੀਨੇ ਮਜ਼ਦੂਰ ਹਨ। ਉਨ੍ਹਾਂ ਕੋਲ ਵਿਅਕਤੀਗਤ ਤੌਰ 'ਤੇ ਇਸ ਕਾਰਜ ਨੂੰ ਸਿਰੇ ਚੜ੍ਹਾਉਣ ਦੀ ਸਮਰੱਥਾ ਨਹੀਂ। ਉਨ੍ਹਾਂ ਕੋਲ ਇਨ੍ਹਾਂ ਕਾਰਜਾਂ ਨੂੰ ਨਿਭਾਉਣ ਵਾਸਤੇ ਨਾ ਤਾਂ ਹੁਨਰ ਹੈ ਅਤੇ ਨਾ ਹੀ ਲੋੜੀਂਦਾ ਸਰਮਾਇਆ ਹੈ। ਉਨ੍ਹਾਂ ਕੋਲ ਵਿਅਕਤੀਗਤ ਤੌਰ 'ਤੇ ਇਸ ਸਰਮਾਏ ਦਾ ਇੰਤਜ਼ਾਮ ਕਰਨਾ ਵੀ ਮੁਸ਼ਕਿਲ ਹੈ। ਜੇ ਉਨ੍ਹਾਂ ਕੋਲ ਵਿਅਕਤੀਗਤ ਤੌਰ 'ਤੇ ਇਹ ਸਮਰੱਥਾ ਹੁੰਦੀ ਤਾਂ ਸੰਕਟ ਵਿਚ ਫਸ ਕੇ ਕਰਜ਼ਾਈ ਨਾ ਹੁੰਦੇ ਅਤੇ ਆਤਮ-ਹੱਤਿਆਵਾਂ ਦੇ ਰਸਤੇ ਨਾ ਤੁਰਦੇ ਹੁੰਦੇ। ਇਹ ਸਮਰੱਥਾ ਉਨ੍ਹਾਂ ਦੇ ਸਾਂਝੇ ਗਰੁੱਪ ਕਾਇਮ ਕਰਕੇ ਅਤੇ ਉਨ੍ਹਾਂ ਨੂੰ ਲੋੜੀਂਦੀ ਸਿਖਲਾਈ ਦੇ ਕੇ ਪੈਦਾ ਕੀਤੀ ਜਾ ਸਕਦੀ ਹੈ। ਹੁਸ਼ਿਆਰਪੁਰ ਦੇ ਲਾਂਬੜਾ-ਕਾਂਗੜੀ ਦੀ ਕੋਆਪਰੇਟਿਵ ਸੁਸਾਇਟੀ ਇਸ ਦੀ ਮੁੱਖ ਮਿਸਾਲ ਹੈ। ਪੰਜਾਬ ਵਿਚ ਦੁੱਧ ਉਤਪਾਦਕ ਕੋਆਪਰੇਟਿਵ ਸੁਸਾਇਟੀਆਂ ਰਾਹੀਂ ਦੁੱਧ ਦੀ ਵਿਕਰੀ ਤੋਂ ਕਾਫੀ ਫਾਇਦਾ ਉਠਾ ਰਹੇ ਹਨ। ਇਸ ਤਜਰਬੇ ਨੂੰ ਦੁੱਧ ਦੀ ਪ੍ਰਾਸੈਸਿੰਗ ਵਿਚ ਵਿਕਸਤ ਕਰਕੇ ਉਨ੍ਹਾਂ ਦੇ ਲਾਭ ਨੂੰ ਹੋਰ ਵਧਾਇਆ ਜਾ ਸਕਦਾ ਹੈ।

ਕੇਰਲ ਵਿਚ ਬੇਜ਼ਮੀਨ ਔਰਤਾਂ ਦਾ ਸੰਗਠਨ 'ਕੁਟੰਬ ਸ਼ਿਰੀ' ਚੌਲਾਂ ਦੇ ਉਤਪਾਦਨ ਵਾਸਤੇ ਕੋਆਪਰੇਟਿਵ ਖੇਤੀ ਚਲਾ ਰਹੀ ਹੈ। ਇਸ ਸਬੰਧ ਵਿਚ ਮੌਜੂਦਾ ਸਮੇਂ ਵਿਚ ਦੋ ਬਦਲ ਹਨ। ਇਕ ਹੈ, ਖੇਤੀ ਵਿਚ ਕੋਆਪਰੇਟਿਵ ਸੁਸਾਇਟੀਆਂ ਬਣਾਉਣਾ ਅਤੇ ਉਨ੍ਹਾਂ ਨੂੰ ਕਾਮਯਾਬੀ ਨਾਲ ਚਲਾਉਣਾ; ਦੂਜਾ ਹੈ, ਕਿਸਾਨਾਂ ਦੀਆਂ ਉਤਪਾਦਕ ਜਥੇਬੰਦੀਆਂ ਬਣਾਉਣਾ ਜਿਨ੍ਹਾਂ ਨੂੰ ਅੰਗਰੇਜ਼ੀ ਵਿਚ ਫਾਰਮਰ ਪ੍ਰੋਡਿਊਸਰ ਆਰਗੇਨਾਈਜੇਸ਼ਨਜ਼ () ਕਿਹਾ ਜਾਂਦਾ ਹੈ। ਜੇ ਕਿਸਾਨ ਜੱਥੇਬੰਦੀਆਂ ਨੂੰ ਕੋਆਪਰੇਟਿਵ ਮਾਡਲ ਠੀਕ ਲਗਦਾ ਹੋਵੇ ਤਾਂ ਇਸ ਨੂੰ ਕਾਮਯਾਬ ਕਰਨ ਵਾਸਤੇ ਉਨ੍ਹਾਂ ਨੂੰ ਅੱਗੇ ਆਉਣਾ ਪਵੇਗਾ। ਇਸ ਵਾਸਤੇ ਪੰਜਾਬ ਕੋਆਪਰੇਟਿਵ ਸੁਸਾਇਟੀ ਐਕਟ 1961 ਵਿਚ ਬੁਨਿਆਦੀ ਸੋਧਾਂ ਕਰਕੇ ਇਸ ਨੂੰ ਬਦਲਣਾ ਪਵੇਗਾ। ਮੌਜੂਦਾ ਐਕਟ ਬੇਜ਼ਮੀਨੇ ਕਿਸਾਨਾਂ/ਖੇਤ ਮਜ਼ਦੂਰਾਂ ਨੂੰ ਕੋਆਪਰੇਟਿਵ ਸੁਸਾਇਟੀਆਂ ਦੇ ਮੈਂਬਰ ਬਣਨ ਤੋਂ ਮਨਾਹੀ ਕਰਦਾ ਹੈ। ਇਹ ਐਕਟ ਉਸ ਸਮੇਂ ਹੋਂਦ ਵਿਚ ਆਇਆ ਸੀ ਜਦੋਂ ਇਹ ਧਾਰਨਾ ਸੀ ਕਿ ਕੋਆਪਰੇਟਿਵ ਸੁਸਾਇਟੀਆਂ ਦਾ ਕੰਮ-ਕਾਜ ਸਰਕਾਰੀ ਅਫਸਰਾਂ ਦੀ ਦੇਖ-ਰੇਖ ਵਿਚ ਹੋਵੇਗਾ। ਇਸ ਕਰਕੇ ਇਹ ਅਸਿਸਟੈਂਟ ਰਜਿਸਟਰਾਰ ਨੂੰ ਅਧਿਕਾਰ ਦਿੰਦਾ ਹੈ ਕਿ ਉਹ ਸ਼ੱਕ ਪੈਣ 'ਤੇ ਬਿਨਾਂ ਕਾਰਨ ਦਸੇ ਕਿਸੇ ਵੀ ਸੁਸਾਇਟੀ ਨੂੰ ਮੁਅੱਤਲ ਕਰ ਸਕਦਾ ਹੈ। ਇਸ ਕਾਰਨ ਅਫਸਰਸ਼ਾਹੀ ਦੀ ਬੇਲੋੜੀ ਦਖਲਅੰਦਾਜ਼ੀ ਕੋਆਪਰੇਟਿਵ ਸੁਸਾਇਟੀਆਂ ਦੇ ਕੰਮ-ਕਾਜ ਨੂੰ ਸਿਆਸੀ ਜਾਂ ਭ੍ਰਿਸ਼ਟਾਚਾਰ ਦੇ ਕਾਰਨਾਂ ਕਰਕੇ ਮੁਸ਼ਕਿਲਾਂ ਪੈਦਾ ਕਰ ਦਿੰਦੀ ਹੈ। ਇਸ ਤੋਂ ਇਲਾਵਾ ਕੋਆਪਰੇਟਿਵ ਸੁਸਾਇਟੀਆਂ ਨੂੰ ਆਡਿਟ ਵਿਭਾਗ ਤੋਂ ਮੁਕਤ ਕਰਾਉਣ ਦੀ ਵੀ ਕਾਫੀ ਜ਼ਿਆਦਾ ਲੋੜ ਹੈ। ਇਨ੍ਹਾਂ ਦੇ ਖਾਤਿਆਂ ਦੇ ਨਿਰੀਖਣ ਲਈ ਚਾਰਟਰਡ ਅਕਾਊਂਟੈਂਟ ਵਲੋਂ ਜਾਂਚ ਦੀ ਰਿਪੋਰਟ ਮੰਨ ਲੈਣੀ ਚਾਹੀਦੀ ਹੈ। ਚਾਰਟਰਡ ਅਕਾਊਂਟੈਂਟ ਦੀ ਸਹੂਲਤ ਵੱਡੀਆਂ ਸੁਸਾਇਟੀਆਂ ਜਿਨ੍ਹਾਂ ਦੀ ਸਾਲਾਨਾ ਵਿਕਰੀ ਇਕ ਕਰੋੜ ਰੁਪਏ ਜਾਂ ਇਸ ਤੋਂ ਵੱਧ ਹੋਵੇ, ਵਾਸਤੇ ਹੀ ਲਾਗੂ ਕਰਨੀ ਚਾਹੀਦੀ ਹੈ। ਛੋਟੀਆਂ ਸੁਸਾਇਟੀਆਂ ਲਈ ਲੋਕਲ ਪ੍ਰਾਵਨਿਤ ਮੈਂਬਰਾਂ ਦਾ ਆਡਿਟ ਮੰਨ ਲੈਣਾ ਚਾਹੀਦਾ ਹੈ। ਪੰਜਾਬ ਕੋਆਪਰੇਟਿਵ ਸੁਸਾਇਟੀ ਐਕਟ-1961 ਵਿਚ ਸੋਧ ਕਰਕੇ ਇਸ ਨੂੰ ਕੋਆਪਰੇਟਿਵ ਸਿਧਾਂਤਾਂ ਅਨੁਸਾਰ ਢਾਲਣਾ ਚਾਹੀਦਾ ਹੈ। ਕੋਆਪਰੇਟਿਵ ਸੁਸਾਇਟੀਆਂ ਦੀ ਖੁਦਮੁਖਤਾਰੀ ਸਥਾਪਤ ਕਰਨ ਤੋਂ ਬਗੈਰ ਇਨ੍ਹਾਂ ਦੀ ਕਾਮਯਾਬੀ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ।

ਐਕਟ ਵਿਚ ਬੁਨਿਆਦੀ ਸੋਧਾਂ ਤੋਂ ਬਾਅਦ ਇਸ ਨੂੰ ਲਾਗੂ ਕਰਨ ਲਈ ਆਮ ਕਿਸਾਨਾਂ, ਸੁਸਾਇਟੀ ਮੈਂਬਰਾਂ ਅਤੇ ਕਾਰਕੁਨਾਂ ਦੀ ਸਿਖਲਾਈ

***(ਬਾਕੀ ਅਗਲੇ ਸਫੇ 'ਤੇ)***

# ਦਲਿਤਾਂ ਖਿਲਾਫ ਹਿੰਸਾ ਅਤੇ ਉਨ੍ਹਾਂ ਦੇ ਹੱਕ

ਹਾਲੀਆ ਸਮਿਆਂ ਦੌਰਾਨ ਦਲਿਤਾਂ ਖਿਲਾਫ ਹਿੰਸਾ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਸਮਾਜਕ ਅਪਮਾਨ ਤੇ ਵਿਤਕਰਾ ਤਾਂ ਆਮ ਹੀ ਚੱਲਦਾ ਰਹਿੰਦਾ ਹੈ ਤੇ ਇਸ ਨਾਲ ਹੀ ਕਿਸੇ ਦਲਿਤ ਨੌਜਵਾਨ ਦੇ ਮੁੱਛਾਂ ਰੱਖਣ, ਘੋੜੇ ਦੀ ਸਵਾਰੀ ਕਰਨ, ਆਪਣੀ ਜਾਤ ਤੋਂ ਬਾਹਰਲੀ ਲੜਕੀ ਨਾਲ ਵਿਆਹ ਰਚਾਉਣ ਅਤੇ ਇੱਥੋਂ ਤੱਕ ਕਿ ਬਰਾਬਰ ਉਜਰਤ ਦੀ ਮੰਗ ਕਰਨ 'ਤੇ ਕਤਲ ਦੀਆਂ ਘਟਨਾਵਾਂ ਵੀ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਹਾਲਾਂਕਿ ਲਗਾਤਾਰ ਜਾਤੀ ਹਿੰਸਾ ਦੀਆਂ ਦਿਲ-ਕੰਬਾਊ ਕਹਾਣੀਆਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ ਪਰ ਹਾਕਮ ਸਿਆਸੀ ਜਮਾਤ ਇਸ ਤਰਸਮਈ ਹਾਲਾਤ ਵਿਚ ਮੋੜਾ ਪਾਉਣ ਦਾ

**ਹਰੀਸ਼ ਐਸ. ਵਾਨਖੇੜੇ**

ਕੋਈ ਖਾਕਾ ਪੇਸ਼ ਨਹੀਂ ਕਰਦੀ। ਪ੍ਰਸ਼ਾਸਨ ਦੇ ਅਧਿਕਾਰੀ ਅਕਸਰ ਕਥਿਤ ਰੂਪ ਵਿਚ ਹਿੰਦੁਤਵੀ ਤਾਕਤਾਂ ਦੇ ਇਸ਼ਾਰੇ 'ਤੇ ਕੰਮ ਕਰਦੇ ਹਨ ਜਿਸ ਕਰ ਕੇ ਅਜੋਕੇ ਹਾਲਾਤ ਅੰਦਰ ਦਲਿਤਾਂ ਦੇ ਹੱਕਾਂ ਦੀ ਰਾਖੀ ਦੂਰ ਦੀ ਗੱਲ ਨਜ਼ਰ ਆਉਂਦੀ ਹੈ।

ਇਤਿਹਾਸਕ ਤੌਰ 'ਤੇ ਅਛੂਤਾਂ ਪ੍ਰਤੀ ਘੋਰ ਤ੍ਰਿਸਕਾਰ ਤੇ ਪੱਖਪਾਤ ਕੀਤਾ ਜਾਂਦਾ ਰਿਹਾ ਹੈ ਤੇ ਉਹ ਚਾਕਰੀ ਦੇ ਕਿੱਤਿਆਂ ਤੱਕ ਮਹਿਦੂਦ ਰਹੇ ਹਨ। ਉਨ੍ਹਾਂ ਨੂੰ ਸ਼ਹਿਰੀ ਤੇ ਸਭਿਆਚਾਰਕ ਰੁਝੇਵਿਆਂ ਤੋਂ ਪਰੇ ਰੱਖਿਆ ਜਾਂਦਾ ਰਿਹਾ ਹੈ। ਅੰਬੇਡਕਰ ਨੇ ਅਛੂਤਾਂ ਦੀਆਂ ਸਮੱਸਿਆਵਾਂ ਨੂੰ ਕੌਮੀ ਬਿਰਤਾਂਤ ਦੀ ਮੁੱਖਧਾਰਾ ਵਿਚ ਲੈ ਕੇ ਆਂਦਾ ਅਤੇ ਅਜਿਹੀ ਅਣਮਨੁੱਖੀ ਵਿਵਸਥਾ ਖਿਲਾਫ ਜਹਾਦ ਵਿੱਢਿਆ ਸੀ। ਭਾਰਤ ਦੇ ਨਵੇਂ ਸੰਵਿਧਾਨ ਵਿਚ ਜ਼ਾਹਰਾ ਤੌਰ 'ਤੇ ਦੇਸ਼/ਰਾਜ ਨੂੰ ਨਪੀੜੇ ਜਾਂਦੇ ਸਮਾਜਕ ਸਮੂਹਾਂ ਦੀ ਸਮਾਜਕ ਦਮਨ ਤੋਂ ਰਾਖੀ ਕਰਨ, ਉਨ੍ਹਾਂ ਦਾ ਮਾਣ ਸਨਮਾਨ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਸਨ। ਅੰਬੇਡਕਰ ਦਾ ਖਿਆਲ ਸੀ ਕਿ ਨਵਾਂ ਭਾਰਤੀ ਰਾਜ ਸਮਾਨਤਾ, ਆਜ਼ਾਦੀ ਤੇ ਕੌਮੀ ਏਕਤਾ ਦੀ ਚਾਹਤ ਨਾਲ ਲੈਸ ਹੋਣ ਸਦਕਾ ਆਪਣੇ 'ਬ੍ਰਾਹਮਣੀ ਅਤੀਤ' ਤੋਂ ਅਲੱਗ ਹੋਵੇਗਾ।

ਦੂਜਾ, ਅੰਬੇਡਕਰ ਦੀ ਸਿਆਸੀ ਸਰਗਰਮੀ ਨੇ ਨਾਗਰਿਕਤਾ ਦੇ ਅਰਥ ਨੂੰ ਭਰਵੇਂ ਰੂਪ ਵਿਚ ਉਭਾਰ ਦਿੱਤਾ ਸੀ। ਰਾਖਵਾਂਕਰਨ ਨੀਤੀ ਨੇ ਇਹ ਸੰਭਵ ਬਣਾਇਆ ਕਿ ਰਾਜਕੀ ਸੰਸਥਾਵਾਂ ਵਿਚ ਹਰੇਕ ਤਰ੍ਹਾਂ ਦੇ ਸਮਾਜਕ ਸਮੂਹਾਂ ਦੀ ਭਾਈਵਾਲੀ ਹੋਵੇ ਅਤੇ ਕੌਮੀ ਨਿਰਮਾਣ ਦੀਆਂ ਪ੍ਰਕਿਰਿਆਵਾਂ ਵਿਚ ਸਮਾਜਕ ਤੌਰ 'ਤੇ ਦੱਬੀਆਂ ਹੋਈਆਂ ਜਮਾਤਾਂ ਦੀ ਮਹੱਤਵਪੂਰਨ ਭਾਈਵਾਲੀ ਦੀ ਆਗਿਆ ਦਿੱਤੀ ਜਾਵੇ। ਸੰਵਿਧਾਨਕ ਹੱਕਾਂ ਨਾਲ ਲੈਸ ਦਲਿਤ ਜਲਦੀ ਹੀ ਪੜ੍ਹੇ ਲਿਖੇ ਮੱਧ ਵਰਗ ਦੀ ਅਜਿਹੀ ਯੁਵਾ ਪੀੜ੍ਹੀ ਬਣ ਕੇ ਉੱਭਰੇ ਜੋ ਕੁਸ਼ਲ ਨਾਗਰਿਕਾਂ ਦੇ ਤੌਰ 'ਤੇ ਆਪਣੇ ਹੱਕਾਂ ਦਾ ਇਸਤੇਮਾਲ ਕਰਨ ਦੇ ਯੋਗ ਸਨ।



ਅੰਤ ਵਿਚ ਅੰਬੇਡਕਰ ਨੇ ਦਲਿਤਾਂ ਨੂੰ ਇੱਕ ਆਜ਼ਾਦਾਨਾ ਸਿਆਸੀ ਕਾਰਕੁਨਾਂ ਦੇ ਤੌਰ 'ਤੇ ਲੋਕਰਾਜੀ ਬਹਿਸ ਮੁਬਾਹਿਸੇ ਵਿਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ। ਉਹ ਦਲਿਤਾਂ ਨੂੰ ਨਿਤਾਣੇ ਸਮਾਜਕ ਸਮੂਹਾਂ ਅਤੇ ਪ੍ਰੋਲੇਤਾਰੀ ਜਮਾਤ ਦੇ ਭਵਿੱਖ ਦੇ ਆਗੂਆਂ ਵਜੋਂ ਚਿਤਵਦੇ ਸਨ। ਉਹ ਚਾਹੁੰਦੇ ਸਨ ਕਿ ਦਲਿਤਾਂ ਦੀ ਦਿੱਖ ਹਮੇਸ਼ਾਂ ਲਈ ਸਟੇਟ/ਰਾਜ ਦੀ ਇਮਦਾਦ ਦੇ ਗਰੀਬ ਲਾਭਪਾਤਰੀ ਨਾ ਰਹਿ ਕੇ ਸਮਾਜਕ ਤਬਦੀਲੀ ਲਈ ਮੁਹਰੈਲ ਸਿਆਸੀ ਜਮਾਤ ਵਾਲੀ ਬਣੇ। ਬਾਅਦ ਦੀ ਦਲਿਤ ਲਹਿਰ ਨੇ ਸਮਾਜਕ ਬੇਇਨਸਾਫੀਆਂ ਤੇ ਜਮਾਤੀ ਦਮਨ ਦੇ ਸਵਾਲਾਂ ਨੂੰ ਜ਼ੋਰਦਾਰ ਢੰਗ ਨਾਲ ਉਠਾਇਆ ਅਤੇ ਦਲਿਤ-ਬਹੁਜਨ ਸਿਆਸੀ ਪਾਰਟੀਆਂ ਨੂੰ ਸਿਆਸੀ ਖੇਤਰ 'ਤੇ ਪ੍ਰਭਾਵ ਪਾਉਣ ਦੀ ਖੁੱਲ੍ਹ ਦਿੱਤੀ।

ਸ਼ਹਿਰੀ ਆਜ਼ਾਦੀਆਂ ਦਾ ਆਨੰਦ ਮਾਣਨ ਜਾਂ ਸੱਤਾ ਦੇ ਆਧੁਨਿਕ ਖੇਤਰਾਂ ਵਿਚ ਭਰਵੇਂ ਆਜ਼ਾਦਾਨਾ ਕਾਰਕ ਵਜੋਂ ਵਿਚਰਨ ਦੇ ਦਲਿਤਾਂ ਦੇ ਦਾਅਵੇ ਦਾ ਮੂਲਵਾਦੀ ਸਮਾਜਕ ਕੁਲੀਨਾਂ ਵੱਲੋਂ ਖੈਰ-ਮਕਦਮ ਨਹੀਂ ਕੀਤਾ ਗਿਆ। ਲੋਕਤੰਤਰ ਵਿਚ ਉਨ੍ਹਾਂ ਦੀਆਂ ਨਿਸ਼ਚੇਪੂਰਨ ਆਵਾਜ਼ਾਂ ਨੂੰ ਹਿੰਦੂ ਸਭਿਅਤਾ ਦੇ ਅਸੂਲਾਂ ਲਈ ਚੁਣੌਤੀ ਦੇ ਤੌਰ 'ਤੇ ਦੇਖਿਆ ਜਾਂਦਾ ਰਿਹਾ ਹੈ। ਸਮਕਾਲੀ ਸਮਿਆਂ ਵਿਚ ਦਲਿਤਾਂ ਨੂੰ ਨਾ ਕੇਵਲ ਮੁੱਖਧਾਰਾ ਦੇ ਸਿਆਸੀ ਮੁਹਾਜ਼ 'ਤੇ ਹੀ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਸਗੋਂ ਹੱਕ-ਬਜਾਨਬ ਨਾਗਰਿਕਾਂ ਦੇ ਤੌਰ 'ਤੇ ਜਨਤਕ ਖੇਤਰ ਵਿਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਹੁਣ ਤੱਕ ਦਾ ਸਫਰ ਵੀ ਖਤਰੇ ਦੀ ਜ਼ੱਦ ਵਿਚ ਆ ਗਿਆ ਹੈ। ਉੱਤਰ-ਉਦਾਰੀਕਰਨ ਯੁੱਗ ਅੰਦਰ ਜਨਤਕ ਖੇਤਰ ਦੇ ਅਦਾਰਿਆਂ ਦੇ ਬੇਤਹਾਸ਼ਾ ਨਿੱਜੀਕਰਨ ਨਾਲ ਆਧੁਨਿਕ ਸੰਸਥਾਵਾਂ ਵਿਚ ਦਲਿਤਾਂ ਦਾ ਦਾਖਲਾ ਤੰਗ ਹੋ ਗਿਆ ਹੈ। ਅਗਾਂਹ, ਬਾਜ਼ਾਰ ਜਾਤੀ ਪੱਖਪਾਤਾਂ ਤੋਂ ਮੁਕਤ ਨਹੀਂ ਹੈ ਅਤੇ ਕਿਰਤ ਸ਼ਕਤੀ ਦੀ ਭਰਤੀ ਅਕਸਰ ਰਵਾਇਤੀ ਜਾਤੀ ਜਾਂ ਜਮਾਤੀ ਤਾਣੇ ਬਾਣੇ ਜ਼ਰੀਏ ਸੰਚਾਲਤ ਕੀਤੀ ਜਾਂਦੀ ਹੈ ਜੋ ਦਲਿਤ ਚਾਹਵਾਨਾਂ ਨਾਲ ਸ਼ਰੇਆਮ ਵਿਤਕਰੇ ਕਰਦੇ ਹਨ। ਆਧੁਨਿਕ ਸੰਸਥਾਵਾਂ ਤੇ ਖੁੱਲ੍ਹੇ ਬਾਜ਼ਾਰ ਦੋਵੇਂ ਸਮਾਜਕ ਇਨਸਾਫ ਦੇ ਆਦਰਸ਼ਾਂ ਨੂੰ ਉਭਾਰਨ ਵਿਚ ਨਾਕਾਮ ਰਹੇ ਹਨ। ਇਹੀ ਨਹੀਂ ਸਗੋਂ ਆਜ਼ਾਦਾਨਾ ਦਲਿਤ ਰਾਜਨੀਤੀ ਦਾ ਭਵਿੱਖ ਵੀ ਧੁੰਦਲਾ ਨਜ਼ਰ ਆਉਂਦਾ ਹੈ। ਹਿੰਦੁਤਵੀ ਸਿਆਸਤ ਦੇ ਹੈਰਾਨਕੁਨ ਉਭਾਰ ਨਾਲ, ਉੱਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਜਾਂ ਬਿਹਾਰ ਵਿਚ ਲੋਕ ਜਨਸ਼ਕਤੀ ਜਿਹੀਆਂ ਦਲਿਤਾਂ ਦੀ ਅਗਵਾਈ ਵਾਲੀਆਂ ਪਾਰਟੀਆਂ ਦਾ ਸ਼ਾਨਦਾਰ ਸਮਾਜਕ ਆਧਾਰ ਕਾਫੀ ਹੱਦ ਤੱਕ ਖੁਰ ਗਿਆ ਹੈ। ਅਹਿਮ ਗੱਲ ਇਹ ਹੈ ਕਿ ਸਮਾਜਕ ਖੇਤਰ ਦਲਿਤਾਂ ਲਈ ਹੋਰ ਵੀ ਜ਼ਿਆਦਾ ਮਾਯੂਸੀ ਦਾ ਸਬੱਬ ਬਣਿਆ ਹੋਇਆ ਹੈ। ਇਹ ਸਮਝਿਆ ਜਾਂਦਾ ਹੈ ਕਿ ਦਲਿਤਾਂ ਖਿਲਾਫ ਨਫਰਤ ਰਵਾਇਤੀ ਹਿੰਦੂ ਮਾਨਸਿਕਤਾ ਦਾ ਲਾਜ਼ਮੀ ਅੰਗ ਹੈ ਅਤੇ 'ਬ੍ਰਾਹਮਣਵਾਦੀ ਜਾਤੀ ਵਿਵਸਥਾ' ਨੂੰ ਬਚਾ ਕੇ ਰੱਖਣ ਦਾ ਜ਼ਰੂਰੀ ਆਦਰਸ਼ ਗਿਣੀ ਜਾਂਦੀ ਰਹੀ ਹੈ। ਇਸ ਕਰ ਕੇ ਸਾਡੀ ਸਿਆਸੀ ਤੇ ਨਾਗਰਿਕ ਜ਼ਮੀਰ ਆਮ ਤੌਰ 'ਤੇ ਜਾਤੀ ਅੱਤਿਆਚਾਰਾਂ ਤੋਂ ਬੇਲਾਗ ਰਹੀ ਹੈ ਅਤੇ ਸ਼ਾਇਦ ਹੀ ਕਦੇ ਇਸ ਨੂੰ ਭਿਅੰਕਰ ਸਮਾਜਕ ਅਲਾਮਤ ਗਿਣਦੀ ਹੈ। ਜਿਨ੍ਹਾਂ ਦੇ ਇਸ਼ਾਰੇ 'ਤੇ ਅੱਤਿਆਚਾਰ ਕੀਤੇ ਜਾਂਦੇ ਹਨ, ਉਨ੍ਹਾਂ ਨੂੰ ਅਕਸਰ ਰਾਜ, ਨਿਆਂਪਾਲਿਕਾ ਅਤੇ ਨਾਗਰਿਕ ਸਮਾਜ ਵੱਲੋਂ ਮੁਆਫੀ ਦਿੱਤੇ ਜਾਣ ਕਰ ਕੇ ਜਾਤੀ ਹਿੰਸਾ, ਬਲਾਤਕਾਰ ਅਤੇ ਹੱਤਿਆਵਾਂ ਦੇ ਕੇਸਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ ਤੇ ਇਹ ਪ੍ਰਵਾਨਿਤ ਸਮਾਜਕ ਨੇਮ ਬਣ ਗਏ ਹਨ। ਅਜੋਕੇ ਕਾਰ-ਵਿਹਾਰ 'ਚੋਂ ਗੁੱਝੇ ਜਾਤੀ ਪੱਖਪਾਤ ਤੇ ਦਲਿਤ ਵਿਰੋਧੀ ਭਾਵਨਾਵਾਂ ਨੂੰ ਦੇਖਿਆ ਜਾ ਸਕਦਾ ਹੈ।

ਜਦੋਂ ਜਾਤੀ ਅੱਤਿਆਚਾਰਾਂ ਅਤੇ ਸਮਾਜਕ ਬੇਇਨਸਾਫੀ ਦਾ ਸੁਆਲ ਆਉਂਦਾ ਹੈ ਤਾਂ ਸੱਜੇ ਪੱਖੀ ਸਿਆਸੀ ਵਿਚਾਰਧਾਰਾ ਇਸ ਸਬੰਧੀ ਬਹੁਤਾ ਕੁਝ ਪੇਸ਼ ਨਹੀਂ ਕਰ ਪਾਉਂਦੀ। ਹਿੰਦੁਤਵੀ ਅਲੰਬਰਦਾਰ ਬਹੁਤ ਚਲਾਕੀ ਨਾਲ ਭਾਰਤ ਦੀਆਂ ਅਮੀਰ ਸਮਾਜ ਸੁਧਾਰ ਪਰੰਪਰਾਵਾਂ ਦਾ ਜਜ਼ਬਾਤੀ ਰਟਨ ਕਰਦੇ ਹਨ ਅਤੇ ਇਹ ਕਹਿੰਦੇ ਹਨ ਕਿ ਉਨ੍ਹਾਂ ਦੀਆਂ ਸਭਿਆਚਾਰਕ ਸੰਸਥਾਵਾਂ ਵੱਖ ਵੱਖ ਜਾਤਾਂ ਦਰਮਿਆਨ ਸਮਾਜਕ ਇਕਸੁਰਤਾ ਕਾਇਮ ਕਰਨ ਲਈ ਵਚਨਬੱਧ ਹਨ। ਉਂਜ, ਜ਼ਮੀਨੀ ਪੱਧਰ 'ਤੇ ਜਾਤੀ ਦਮਨ ਦੇ ਪੀੜਤਾਂ ਨੂੰ ਕਾਨੂੰਨੀ ਜਾਂ ਸਮਾਜਕ ਸੁਰੱਖਿਆ ਮੁਹੱਈਆ ਕਰਾਉਣ ਲਈ ਸੱਜੇ ਪੱਖੀ ਜਥੇਬੰਦੀਆਂ ਤੇ ਉਨ੍ਹਾਂ ਦੇ ਆਗੂਆਂ ਤੇ ਕਾਰਕੁਨਾਂ ਦੀ ਭੂਮਿਕਾ ਨਜ਼ਰ ਨਹੀਂ ਆਉਂਦੀ।

## ਜੂਝਦਾ ਸਮਾਜ

ਕੁਝ ਸਮਾਂ ਪਹਿਲਾਂ ਤੱਕ, ਜਾਤੀ ਅੱਤਿਆਚਾਰਾਂ ਦੀਆਂ ਘਟਨਾਵਾਂ ਖਿਲਾਫ ਦਲਿਤ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਵੱਲੋਂ ਕਦੇ ਕਦਾਈਂ ਰੋਸ ਪ੍ਰਦਰਸ਼ਨ ਕੀਤੇ ਜਾਂਦੇ ਸਨ। ਗੁਜਰਾਤ ਦੇ ਊਨਾ ਸ਼ਹਿਰ ਵਿਚ ਰੋਸ ਪ੍ਰਦਰਸ਼ਨ ਹੋਵੇ ਜਾਂ ਦਿੱਲੀ ਵਿਚ ਰੋਹਿਤ ਵੇਮੁਲਾ ਲਈ ਇਨਸਾਫ ਦੀ ਮੁਹਿੰਮ ਜਾਂ ਫਿਰ ਅਪਰੈਲ 2018 ਵਿਚ ਐਸ.ਸੀ./ਐਸ.ਟੀ. ਅੱਤਿਆਚਾਰਾਂ ਦੀ ਰੋਕਥਾਮ ਬਾਰੇ ਕਾਨੂੰਨ ਨੂੰ ਪੇਤਲਾ ਪਾਉਣ ਖਿਲਾਫ ਰੋਸ ਪ੍ਰਦਰਸ਼ਨ ਜਾਂ ਹਾਥਰਸ ਬਲਾਤਕਾਰ ਕੇਸ ਦੇ ਅਸਲ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਜਥੇਬੰਦ ਕੀਤੀ ਕੌਮੀ ਮੁਹਿੰਮ ਹੋਵੇ -ਦਲਿਤ ਗਰੁੱਪਾਂ ਨੇ ਰੋਸ ਪ੍ਰਦਰਸ਼ਨ ਕਰਨ ਤੇ ਇਨਸਾਫ ਲਈ ਲੜਨ ਦਾ ਨੈਤਿਕ ਹੌਸਲੇ ਦਾ ਮੁਜ਼ਾਹਰਾ ਕੀਤਾ ਹੈ। ਉਂਜ, ਦਲਿਤਾਂ ਦੇ ਸਮਾਜਕ ਤੇ ਸਿਆਸੀ ਕਾਰਕੁਨਾਂ 'ਤੇ ਜਿਸ ਕਦਰ ਸਟੇਟ ਦਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ ਤਾਂ ਹੁਣ ਦਲਿਤ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਨਾਗਰਿਕ ਰੋਸ ਪ੍ਰਦਰਸ਼ਨ ਕਰਨ ਦਾ ਕਾਰਜ ਔਖਾ ਹੁੰਦਾ ਜਾ ਰਿਹਾ ਹੈ।

ਦਲਿਤ ਮਨੁੱਖੀ ਅਧਿਕਾਰਾਂ ਦੀ ਵਾਜਬੀਅਤ ਬਹਾਲ ਕਰਨ ਲਈ, ਸੱਤਾ ਦੀਆਂ ਆਧੁਨਿਕ ਸੰਸਥਾਵਾਂ ਵਿਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਅਤੇ ਦਲਿਤ ਬਹੁਜਨ ਸਿਆਸੀ ਵਿਚਾਰਧਾਰਾ ਦੇ ਭਵਿੱਖ ਬਾਰੇ ਮੁੜ ਵਿਚਾਰ ਕਰਨ ਲਈ ਇੱਕ ਸੁਹਿਰਦ ਕੌਮੀ ਵਿਚਾਰ ਚਰਚਾ ਦੀ ਲੋੜ ਹੈ। ਨਾਗਰਿਕ ਆਜ਼ਾਦੀਆਂ ਅਤੇ ਦਲਿਤਾਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਕੌਮੀ ਮੁਹਿੰਮ ਛੇੜਨ ਲਈ ਸਮਾਜਕ ਇਨਸਾਫ ਦੇ ਅਲੰਬਰਦਾਰਾਂ ਨੂੰ ਇਕਜੁੱਟ ਹੋਣ ਦੀ ਲੋੜ ਹੈ। ਇਸ ਕਿਸਮ ਦੇ ਸਾਂਝੇ ਮੁਹਾਜ਼ ਨੂੰ ਰਾਜ ਉੱਪਰ ਆਪਣੇ ਸੰਵਿਧਾਨਕ ਫਰਜ਼ ਉਚਿੱਤ ਢੰਗ ਨਾਲ ਅਦਾ ਕਰਨ ਲਈ ਦਬਾਅ ਪਾਉਣਾ ਚਾਹੀਦਾ ਹੈ ਅਤੇ ਸਮਾਜ ਨੂੰ ਇਹ ਅਪੀਲ ਕਰਨੀ ਚਾਹੀਦੀ ਹੈ ਕਿ ਨਾਗਰਿਕ ਦੇ ਤੌਰ 'ਤੇ ਦਲਿਤਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਨਹੀਂ ਕੀਤੀ ਜਾਣੀ ਚਾਹੀਦੀ। ਇਸ ਕਿਸਮ ਦੇ ਮੰਥਨ 'ਚੋਂ ਕੋਈ ਨਵੇਂ ਕਿਸਮ ਦੀ ਸਮਾਜਕ ਇਨਸਾਫ ਦੀ ਰਾਜਨੀਤੀ ਦਾ ਉਦੈ ਹੋ ਸਕਦਾ ਹੈ।

# ਖੇਤੀ ਸੰਕਟ ਅਤੇ ਵਿਗੜਦੇ ਵਾਤਾਵਰਨ ਦੀ ਵੰਗਾਰ

*(ਪਿਛਲੇ ਸਫੇ ਦੀ ਬਾਕੀ)*

ਦਾ ਪ੍ਰਬੰਧ ਕਰਨਾ ਪਵੇਗਾ ਤਾਂ ਕਿ ਪੇਂਡੂ ਭਾਈਚਾਰੇ ਨੂੰ ਕੋਆਪਰੇਟਿਵ ਸਿਧਾਂਤਾਂ ਅਨੁਸਾਰ ਕੋਆਪਰੇਟਿਵ ਸੁਸਾਇਟੀਆਂ ਦੇ ਫਾਇਦਿਆਂ ਬਾਰੇ ਜਾਣਕਾਰੀ ਅਤੇ ਗਿਆਨ ਹਾਸਲ ਹੋ ਸਕੇ। ਪੇਂਡੂ ਕੋਆਪਰੇਟਿਵ ਸੁਸਾਇਟੀਆਂ ਪਿੰਡਾਂ ਵਿਚ ਖੇਤੀ ਮਸ਼ੀਨਰੀ ਦੇ ਬੈਂਕ ਸਥਾਪਤ ਕਰ ਸਕਦੀਆਂ ਹਨ। ਐਸੇ ਮਸ਼ੀਨਰੀ ਬੈਂਕ ਇਸ ਸਮੇਂ ਪੰਜਾਬ ਦੇ 1200-1300 ਪਿੰਡਾਂ ਵਿਚ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਫਸਲਾਂ ਦੇ ਭੰਡਾਰੀਕਰਨ ਲਈ ਪਿੰਡ ਪੱਧਰ 'ਤੇ ਗੁਦਾਮ/ਛੋਟੇ ਕੋਲਡ ਸਟੋਰ ਬਣਾਏ ਜਾ ਸਕਦੇ ਹਨ। ਇਨ੍ਹਾਂ ਦੀ ਮਦਦ ਨਾਲ ਕਿਸਾਨਾਂ ਨੂੰ ਖੇਤੀ ਉਤਪਾਦਨ ਤੋਂ ਇਲਾਵਾ ਮਾਰਕੀਟਿੰਗ ਅਤੇ ਐਗਰੋ-ਪ੍ਰਾਸੈਸਿੰਗ ਵਿਚ ਲਗਾਇਆ ਜਾ ਸਕਦਾ ਹੈ। ਕਿਸਾਨ ਲਹਿਰ ਅਤੇ ਸਰਕਾਰ ਦੀ ਮਦਦ ਨਾਲ ਇਹ ਮਾਡਲ ਪੰਜਾਬ ਵਿਚ ਖੇਤੀ ਵੰਨ-ਸਵੰਨਤਾ ਨੂੰ ਹੁਲਾਰਾ ਦੇ ਸਕਦਾ ਹੈ। ਜੇ ਕੇਂਦਰ ਸਰਕਾਰ ਸਾਰੀਆਂ 23 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ 'ਤੇ ਟਾਲ-ਮਟੋਲ ਕਰਦੀ ਹੈ ਤਾਂ ਦਾਲਾਂ ਤੇ ਤੇਲ ਬੀਜਾਂ 'ਤੇ ਸੂਬਾ ਸਰਕਾਰ ਮਾਰਕਫੈੱਡ ਰਾਹੀਂ ਕਿਸਾਨਾਂ ਨੂੰ ਐਲਾਨਿਆ ਭਾਅ ਦੇ ਸਕਦੀ ਹੈ। ਇਨ੍ਹਾਂ ਵਸਤਾਂ ਦੀ ਸੂਬੇ ਵਿਚ ਮੰਗ ਹੈ ਅਤੇ ਇਹ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ। ਕਿਸਾਨ ਨਵੀਆਂ/ਘੱਟ ਪਾਣੀ ਮੰਗਣ ਵਾਲੀਆਂ ਫਸਲਾਂ ਪੈਦਾ ਕਰਨ ਦਾ ਜੋਖਿਮ ਇਕੱਲਾ ਨਹੀਂ ਲੈ ਸਕਦੇ ਪਰ ਇਕੱਠੇ ਹੋ ਕੇ ਖੇਤੀ ਹੇਠ ਕੁਝ ਰਕਬੇ 'ਤੇ ਨਵੀਆਂ ਫਸਲਾਂ ਬੀਜਣ ਅਤੇ ਉਨ੍ਹਾਂ ਦੇ ਮੰਡੀਕਰਨ ਦਾ ਪ੍ਰਬੰਧ ਕਰ ਸਕਦੇ ਹਨ। ਇਵੇਂ ਹੀ ਖੇਤੀ ਨੂੰ ਜ਼ਹਿਰਾਂ ਮੁਕਤ ਕਰਨ ਲਈ ਹਰ ਪਿੰਡ ਵਿਚ ਕੁਝ ਰਕਬੇ 'ਤੇ ਕੁਦਰਤੀ ਖੇਤੀ ਦੀ ਪੈਦਾਵਾਰ ਕਰਕੇ ਉਸ ਦੇ ਮੰਡੀਕਰਨ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇਸ ਨਾਲ ਪਾਣੀ ਦੀ ਬੱਚਤ ਦੇ ਨਾਲ ਨਾਲ ਖਰਚੇ ਵੀ ਘਟਣਗੇ ਅਤੇ ਰੁਜ਼ਗਾਰ ਵਧੇਗਾ। ਇਸ ਕਾਰਜ ਵਿਚ ਕਿਸਾਨ ਜਥੇਬੰਦੀਆਂ ਅਤੇ ਸਰਕਾਰੀ ਏਜੰਸੀਆਂ ਦਾ ਸਹਿਯੋਗ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਨਾਲ ਕੋਆਪਰੇਟਿਵ ਲਹਿਰ ਕਿਸਾਨਾਂ ਦੀ ਆਮਦਨ ਵਧਾ ਕੇ, ਵਿਅਕਤੀਗਤ ਜੋਖਮ ਘਟਾ ਕੇ, ਖੇਤੀ ਸੰਕਟ ਅਤੇ ਵਾਤਾਵਰਨ ਬਚਾਉਣ ਲਈ ਠੋਸ ਰੋਲ ਅਦਾ ਕਰ ਸਕਦੀ ਹੈ।



ਦੂਜਾ ਬਦਲ ਕਿਸਾਨਾਂ ਦੀਆਂ ਉਤਪਾਦਕ ਜਥੇਬੰਦੀਆਂ/ਐਫ.ਪੀ.ਓ. ਕਾਇਮ ਕਰਨਾ, ਇਨ੍ਹਾਂ ਨੂੰ ਖੇਤੀ ਸੰਕਟ ਹੱਲ ਕਰਨ ਤੇ ਵਾਤਾਵਰਨ ਦੇ ਵਿਗਾੜ ਨੂੰ ਸੁਲਝਾਉਣ ਵਾਸਤੇ ਵਰਤਿਆ ਜਾ ਸਕਦਾ ਹੈ। ਇਹ ਬਦਲ ਭਾਰਤ ਦੇ ਯੋਜਨਾ ਕਮਿਸ਼ਨ ਨੇ ਬਾਰਵੀਂ ਪੰਜ ਸਾਲਾ ਯੋਜਨਾ (2012-17) ਵਿਚ ਪੇਸ਼ ਕੀਤਾ ਸੀ। ਇਸ ਨੂੰ ਭਾਰਤ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ। ਸੂਬਿਆਂ ਵਿਚ ਇਸ ਨੂੰ ਪ੍ਰਫੁੱਲਤ ਕਰਨ ਦੀ ਜ਼ਿੰਮੇਵਾਰੀ ਹਰ ਸੂਬੇ ਵਿਚ ਸਥਾਪਤ ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਨੂੰ ਦਿੱਤੀ ਗਈ ਹੈ। ਇਸ ਅਨੁਸਾਰ ਕਿਸੇ ਵੀ ਪਿੰਡ ਦੇ ਕੁਝ ਕਿਸਾਨ ਮਿਲ ਕੇ ਆਪਣੀ ਐਫ.ਪੀ.ਓ. ਬਣਾ ਸਕਦੇ ਹਨ। ਇਸ ਕਾਰਜ ਵਾਸਤੇ ਨਾਬਾਰਡ ਮਾਇਕ ਸਹਾਇਤਾ ਦਿੰਦੀ ਹੈ। ਐਫ.ਪੀ.ਓ. ਨੂੰ ਜਥੇਬੰਦ ਕਰਨ ਵਾਸਤੇ ਇਕ ਜਥੇਬੰਦਕ ਨੂੰ ਪਹਿਲੇ ਕੁਝ ਸਾਲਾਂ ਲਈ ਮਾਸਕ ਤਨਖਾਹ ਨਾਬਾਰਡ ਦਿੰਦੀ ਹੈ। ਇਹ ਤਨਖਾਹ ਐਫ.ਪੀ.ਓ. ਨੂੰ ਰਜਿਸਟਰ ਕਰਨ ਤੋਂ ਬਾਅਦ ਮਿਲਦੀ ਹੈ। ਐਫ.ਪੀ.ਓ. ਨੂੰ ਇੰਡੀਅਨ ਕੰਪਨੀ ਐਕਟ ਤਹਿਤ ਰਜਿਸਟਰ ਕੀਤਾ ਜਾਂਦਾ ਹੈ। ਇਹ ਬਦਲ ਇਕ ਦਹਾਕੇ ਤੋਂ ਬਾਅਦ ਵੀ ਬਹੁਤਾ ਪ੍ਰਚਲਿਤ ਨਹੀਂ ਹੋ ਸਕਿਆ। ਪੰਜਾਬ ਵਿਚ ਗਿਣਤੀ ਦੀਆਂ ਐਫ.ਪੀ.ਓ. ਬਣੀਆਂ ਹਨ। ਮੱਧ ਪ੍ਰਦੇਸ਼ ਅਤੇ ਕੁਝ ਹੋਰ ਸੂਬਿਆਂ ਵਿਚ ਇਨ੍ਹਾਂ ਨੂੰ ਥੋੜ੍ਹਾ ਬਿਹਤਰ ਹੁੰਗਾਰਾ ਮਿਲਿਆ ਹੈ। ਇਸ ਮਾਮਲੇ ਵਿਚ ਪੰਜਾਬ ਦੇ ਪਿੱਛੇ ਰਹਿ ਜਾਣ ਦੇ ਦੋ ਮੁੱਖ ਕਾਰਨ ਹਨ। ਇਕ ਕਾਰਨ ਇਹ ਹੈ ਕਿ ਜਿਸ ਏਜੰਸੀ (ਨਾਬਾਰਡ) ਨੂੰ ਐਫ.ਪੀ.ਓ. ਨੂੰ ਵਿਕਸਤ ਕਰਨ ਦੀ ਜ਼ਿੰਮੇਵਾਰੀ ਦਿੱਤੀ ਹੈ, ਉਸ ਦੇ ਪੇਂਡੂ ਇਲਾਕਿਆਂ ਨਾਲ ਸਿੱਧੇ ਸਬੰਧ ਨਾ ਹੋਣ ਕਾਰਨ ਇਹ ਕਿਸਾਨਾਂ ਤਕ ਪਹੁੰਚ ਨਹੀਂ ਕਰ ਸਕੀ। ਇਸ ਦੇ ਮੁਕਾਬਲੇ ਕੋਆਪਰੇਟਿਵ ਸੁਸਾਇਟੀਆਂ ਹਰ ਪਿੰਡ ਵਿਚ ਹਨ। ਦੂਜਾ ਇਨ੍ਹਾਂ ਐਫ.ਪੀ.ਓ. ਦੀ ਰਜਿਸਟ੍ਰੇਸ਼ਨ ਇੰਡੀਅਨ ਕੰਪਨੀ ਐਕਟ ਤਹਿਤ ਹੁੰਦੀ ਹੈ ਜਿਸ ਲਈ ਲੋੜੀਂਦੀਆਂ ਸ਼ਰਤਾਂ ਬਾਰੇ ਪੰਜਾਬ ਦੇ ਕਿਸਾਨ ਜਾਗਰੂਕ ਵੀ ਨਹੀਂ ਹਨ। ਪੰਜਾਬ ਵਿਚ ਗੈਰ-ਸਰਕਾਰੀ ਸੰਗਠਨ ਵੀ ਇਸ ਬਾਰੇ ਕਿਸਾਨਾਂ ਵਿਚ ਸਰਗਰਮ ਨਹੀਂ। ਇਸ ਕਰਕੇ ਇਸ ਬਦਲ ਦੀਆਂ ਸੰਭਾਵਨਾਵਾਂ ਪੰਜਾਬ ਵਿਚ ਅਣਗੌਲੀਆਂ ਹਨ। ਖੈਰ, ਇਨ੍ਹਾਂ ਬਦਲਾਂ ਵਿਚੋਂ ਕੋਈ ਇਕ ਚੁਣਨਾ ਪੈਣਾ ਹੈ। ਇਹ ਫੈਸਲਾ ਕਿਸਾਨਾਂ ਨੇ ਆਪਣੀਆਂ ਜਥੇਬੰਦੀਆਂ ਦੀ ਅਗਵਾਈ ਵਿਚ ਕਰਨਾ ਹੈ ਪਰ ਇਕ ਗੱਲ ਪੱਕੀ ਹੈ ਕਿ ਮੌਜੂਦਾ ਵਿਅਕਤੀਗਤ ਖੇਤੀ ਕਰਨ ਮਾਡਲ ਨੂੰ ਬਦਲਣ ਬਗੈਰ ਨਾ ਤਾਂ ਖੇਤੀ ਸੰਕਟ ਦਾ ਹੱਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਵਾਤਾਵਰਨ ਵਿਗਾੜ ਸੁਲਝਾਏ ਜਾ ਸਕਦੇ ਹੈ।

ਮੌਜੂਦਾ ਮੰਡੀਕਰਨ ਸਿਸਟਮ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਵੀ ਹੈ। ਮਾਰਕੀਟ ਕਮੇਟੀਆਂ ਦੀਆਂ ਕਈ ਸਾਲਾਂ ਤੋਂ ਚੋਣਾਂ ਨਹੀਂ ਹੋਈਆਂ, ਇਹ ਨਾਮਜ਼ਦਗੀ ਜਾਂ ਅਫਸਾਹੀ ਰਾਹੀਂ ਚਲਾਈਆਂ ਜਾ ਰਹੀਆਂ ਹਨ। ਇਨ੍ਹਾਂ ਕਮੇਟੀਆਂ ਦੀ ਜਮੂਹਰੀ ਤਰੀਕੇ ਨਾਲ ਚੋਣ ਕਰਵਾ ਕੇ ਇਨ੍ਹਾਂ ਨੂੰ ਕਿਸਾਨਾਂ ਦੇ ਨੁਮਾਇੰਦਿਆਂ ਦੇ ਕੰਟਰੋਲ ਹੇਠ ਦੇਣਾ ਚਾਹੀਦਾ ਹੈ। ਮਾਰਕੀਟ ਕਮੇਟੀਆਂ ਦਾ ਇਕੱਠਾ ਕੀਤਾ ਪੇਂਡੂ ਵਿਕਾਸ ਫੰਡ ਅਤੇ ਮਾਰਕੀਟ ਫੀਸ ਪਿੰਡਾਂ ਦੇ ਵਿਕਾਸ ਤੇ ਮੰਡੀ ਸੇਵਾਵਾਂ ਦੇ ਸੁਧਾਰ ਲਈ ਵਰਤੇ ਜਾਣ। ਪਿਛਲੇ ਸਮੇਂ ਤੋਂ ਸਰਕਾਰਾਂ ਇਸ ਦੀ ਦੁਰਵਰਤੋਂ ਕਰਦੀਆਂ ਰਹੀਆਂ ਹਨ। ਇਸ ਪੈਸੇ ਨਾਲ ਪੰਜਾਬ ਦੀਆਂ ਸਾਰੀਆਂ ਮੁੱਖ ਮੰਡੀਆਂ ਵਿਚ ਆਧੁਨਿਕ ਸਾਈਲੋ ਬਣਾਏ ਜਾਣ ਤਾਂ ਕਿ ਕਿਸਾਨਾਂ ਨੂੰ ਅਡਾਨੀ ਦੇ ਸਾਈਲੋ ਵੱਲ ਫਸਲ ਵੇਚਣ ਨਾ ਜਾਣਾ ਪਵੇ। ਇਸ ਪੈਸੇ ਦਾ ਤੁਰੰਤ ਪ੍ਰਬੰਧ ਬੈਂਕਾਂ ਤੋਂ ਕਰਜ਼ੇ ਲੈ ਕੇ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਬਜ਼ੀ ਮੰਡੀਆਂ ਦੇ ਨਾਲ ਸਬਜ਼ੀਆਂ ਤੇ ਫਲਾਂ ਵਾਸਤੇ ਕੋਲਡ ਸਟੋਰ ਬਣਾਏ ਜਾ ਸਕਦੇ ਹਨ। ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਰੀਆਂ ਮੰਡੀਆਂ ਦੇ ਆਧੁਨਿਕੀਕਰਨ ਦੀ ਜ਼ਰੂਰਤ ਹੈ। ਪੰਜਾਬ ਮੰਡੀ ਬੋਰਡ ਖੋਜ ਕੇਂਦਰ ਬਣਾ ਕੇ ਕੌਮਾਤਰੀ, ਕੌਮੀ ਅਤੇ ਲੋਕਲ ਮੰਡੀਆਂ ਵਿਚ ਫਸਲਾਂ ਦੀ ਸਥਿਤੀ, ਭਾਅ, ਮੰਗ ਤੇ ਪੂਰਤੀ ਬਾਰੇ ਜਾਣਕਾਰੀ ਇਕੱਠੀ ਕਰਕੇ ਕਿਸਾਨਾਂ ਅਤੇ ਸੁਸਾਇਟੀਆਂ ਨੂੰ ਦੇਵੇ ਤਾਂ ਜੋ ਕਿਸਾਨ ਉਹ ਫਸਲਾਂ ਪੈਦਾ ਕਰਨ ਜਿਨ੍ਹਾਂ ਦੀ ਮੰਗ ਅਤੇ ਕੀਮਤ ਵੱਧ ਮਿਲ ਸਕਦੀ ਹੋਵੇ। ਇਸ ਲਈ ਕੰਪਿਊਟਰ, ਇੰਟਰਨੈੱਟ ਅਤੇ ਮੋਬਾਈਲ ਤਕਨਾਲੋਜੀ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਮੰਡੀਕਰਨ ਦੇ ਸੁਧਾਰਾਂ ਨੂੰ ਸਮੂਹਿਕ/ਗਰੁੱਪ ਖੇਤੀ ਉਤਪਾਦਨ, ਮਾਰਕੀਟਿੰਗ ਅਤੇ ਐਗਰੋ-ਪ੍ਰਾਸੈਸਿੰਗ ਨਾਲ ਜੋੜ ਕੇ ਖੇਤੀ ਵੰਨ-ਸਵੰਨਤਾ ਨਾਲ ਖੇਤੀ ਸੰਕਟ ਅਤੇ ਵਾਤਾਵਰਨ ਦੀ ਸੰਭਾਲ ਕੀਤੀ ਜਾ ਸਕਦੀ ਹੈ। ਖੇਤੀ ਦੀ ਰਹਿੰਦ-ਖੂੰਹਦ/ਪਰਾਲੀ ਤੋਂ ਆਰਗੈਨਿਕ ਖਾਦ ਆਦਿ ਪੈਦਾ ਕੀਤੀ ਜਾ ਸਕਦੀ ਹੈ। ਇਸ ਨਾਲ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਾਸਤੇ ਰੁਜ਼ਗਾਰ ਪੈਦਾ ਕਰਕੇ ਉਨ੍ਹਾਂ ਦੀ ਆਮਦਨ ਵਧਾ ਕੇ ਉਨ੍ਹਾਂ ਨੂੰ ਵਿਕਾਸ ਵਿਚ ਹਿੱਸੇਦਾਰ ਬਣਾਇਆ ਜਾ ਸਕਦਾ ਹੈ। ਸ਼ਹਿਰਾਂ ਦੇ ਸੀਵਰੇਜ ਅਤੇ ਸਨਅਤੀ ਇਕਾਈਆਂ ਦੇ ਪਾਣੀ ਨੂੰ ਸਾਫ ਕਰਨ ਬਗੈਰ ਨਹਿਰਾਂ ਨਦੀਆਂ ਵਿਚ ਪੈਣ ਤੋਂ ਰੋਕਣਾ ਸਰਕਾਰ ਦੀ ਜ਼ਿੰਮੇਵਾਰੀ ਹੈ। ਪਹਾੜਾਂ ਨਾਲ ਲਗਦੇ ਜ਼ਿਲ੍ਹਿਆਂ ਨੂੰ ਛੱਡ ਕੇ ਬਾਕੀ ਪੰਜਾਬ ਵਿਚੋਂ ਪੜਾਵਾਰ ਤਰੀਕੇ ਨਾਲ ਰਿਟਾਇਰ ਕਰਨ ਵਾਸਤੇ ਏਰੀਆ ਪਲਾਨਿੰਗ ਕਰਨਾ ਵੀ ਸਮੇਂ ਦੀ ਜ਼ਰੂਰਤ ਹੈ। ਇਸ ਕਰਕੇ ਸਰਕਾਰ ਨੂੰ ਕਿਸਾਨਾਂ ਦੀਆਂ ਜਥੇਬੰਦੀਆਂ ਨਾਲ ਸੰਵਾਦ ਅਤੇ ਗੱਲਬਾਤ ਕਰਨ ਦੀ ਲੋੜ ਹੈ।

ਕਹਾਣੀ

# ਦਹਿਸ਼ਤ ਭਰੇ ਦਿਨਾਂ 'ਚ

ਗੁਰਮੀਤ ਸਿੰਘ ਮਰਾੜ੍ਹ
ਫੋਨ: 95014-00397

ਮੈਂ ਪਿੰਡ ਵਿਚਲੀ ਕੋਆਪ੍ਰੇਟਿਵ ਸੁਸਾਇਟੀ ਦੀ ਕੰਧ ਉਪਰ ਲੱਗਿਆ ਪੋਸਟਰ ਪੜ੍ਹਨਾ ਸ਼ੁਰੂ ਕੀਤਾ ਤਾਂ ਅੱਖਾਂ ਅੱਗੇ ਹਨੇਰਾ ਆ ਗਿਆ। ਕੰਨਾਂ 'ਚ ਛਾਂ-ਛਾਂ ਹੋਣ ਲੱਗੀ। ਮੈਨੂੰ ਲੱਗਾ ਜਿਵੇਂ ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾ ਰਹੀ ਹੋਵੇ। ਜੇ ਧਰਤੀ ਵਿਹਲ ਦਿੰਦੀ ਮੈਂ ਥਾਏਂ ਗਰਕ ਜਾਂਦਾ। ਮੈਂ ਹੱਥ ਲਿਖਤ ਪੋਸਟਰ ਲਾਹ ਕੇ ਜੇਬ 'ਚ ਪਾ ਲਿਆ।

ਪਹਿਲਾਂ ਤੋਂ ਹੀ ਦਹਿਲਿਆ ਪਿਆ ਮਨ ਹੋਰ ਦਹਿਲ ਗਿਆ। ਆਪਣਾ ਜਾਂ ਆਪਣੇ ਪਰਿਵਾਰ ਦੇ ਕਿਸੇ ਜੀਅ ਦੇ ਨੁਕਸਾਨ ਬਾਰੇ ਸੋਚਦਿਆਂ ਵੱਡੇ ਤੋਂ ਵੱਡੇ ਜਿਗਰੇ ਵਾਲੇ ਬੰਦੇ ਦਾ ਵੀ ਡੋਲ ਜਾਣਾ ਸੁਭਾਵਿਕ ਹੈ ਮੈਂ ਤਾਂ ਫਿਰ ਵੀ ਸੰਵੇਦਨਸ਼ੀਲ ਸਾਹਿਤਕ ਮਨੁੱਖ ਸਾਂ। ਮੈਨੂੰ ਕੁੱਝ ਸੁੱਝ ਨਹੀਂ ਸੀ ਰਿਹਾ। ਇਹ ਪੋਸਟਰ ਕਿਉਂ ਲਾਇਆ ਗਿਆ, ਕਦੋਂ ਲਾਇਆ ਗਿਆ ਤੇ ਕਿਸਨੇ ਲਾਇਆ? ਸਾਰੀ ਰਾਤ ਇਸੇ ਉਧੇੜ-ਬੁਣ 'ਚ ਹੀ ਲੱਗਾ ਰਿਹਾ। ਨੀਂਦ ਅੱਖਾਂ ਦੇ ਨੇੜੇ ਨਾ ਫੜਕੀ। ਸਿਮਰ ਨਾਲ ਮੈਂ ਪੋਸਟਰ ਵਾਲੀ ਗੱਲ ਸਾਂਝੀ ਨਾ ਕੀਤੀ।

ਅਗਲੇ ਦਿਨ ਮੈਂ ਤੇ ਤਰਸੇਮ ਬਾਹਰ ਖੇਤਾਂ ਵੱਲ ਘੁੰਮਣ ਚਲੇ ਗਏ। ਮੈਂ ਪੋਸਟਰ ਜੇਬ 'ਚੋਂ ਕੱਢ ਕੇ ਉਸਦੇ ਵੱਲ ਕਰ ਦਿੱਤਾ। ਹਰ ਨਿੱਕੀ-ਵੱਡੀ ਗੱਲ ਮੈਂ ਉਸ ਨਾਲ ਸਾਂਝੀ ਕਰ ਲੈਂਦਾ ਸਾਂ। ਉਸ ਨੇ ਗੁੱਛੀ-ਮੁੱਛੀ ਕੀਤਾ ਪੋਸਟਰ ਸਿੱਧਾ ਕਰ ਕੇ ਪੜ੍ਹਿਆ ਤੇ ਮੈਨੂੰ ਫੜਾ ਦਿੱਤਾ।

'ਤੈਨੂੰ ਹਰ ਤਰ੍ਹਾਂ ਨਾਲ ਚੌਕਸ ਰਹਿਣਾ ਚਾਹੀਦੈ। ਥੋਡਾ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਹੋ ਸਕਦੈ। ਬਚਾਅ ਵਿਚ ਹੀ ਬਚਾਅ ਐ। ਅੱਜ ਹੋਜੇ, ਕੱਲ੍ਹ ਹੋਜੇ, ਥੋਡੇ 'ਤੇ ਅਟੈਕ ਹੋਊ ਜ਼ਰੂਰ।' ਤਰਸੇਮ ਨੇ ਲਕੀਰਦਾਰ ਪੇਪਰ 'ਤੇ ਗੰਦੀ ਜਿਹੀ ਲਿਖਾਈ 'ਚ ਲਿਖੇ ਇਸ਼ਤਿਹਾਰ ਦੀ ਸ਼ਬਦਾਵਲੀ ਦੇ ਆਧਾਰ 'ਤੇ ਆਪਣਾ ਨਿਰਣਾ ਸੁਣਾਇਆ।

ਇਸ ਨੂੰ ਅਜੇ ਦੋ ਕੁ ਦਿਨ ਹੀ ਹੋਏ ਸਨ ਕਿ ਪਿੰਡ ਦੀ ਕਿਸੇ ਹੋਰ ਸੱਥ 'ਚ ਕੰਧ ਉਪਰ ਨਵਾਂ ਪੋਸਟਰ ਲਟਕਣ ਲੱਗਾ। ਲੋਕਾਂ ਦੀ ਨਿਗ੍ਹਾ ਪੈਣ ਤੋਂ ਪਹਿਲਾਂ ਹੀ ਸੂਚਨਾ ਮਿਲ ਗਈ ਤੇ ਮੈਂ ਤੁਰੰਤ ਲਾਹ ਕੇ ਜੇਬ 'ਚ ਰੱਖ ਲਿਆ।

ਇਹ ਲਿਖਤ ਪਹਿਲੇ ਨਾਲੋਂ ਵੀ ਵੱਧ ਖਤਰਨਾਕ ਅਤੇ ਦੁੱਖ ਦੇਣ ਵਾਲੀ ਸੀ। ਇਸ ਵਿਚ ਸਾਡੇ ਬਾਹਰ ਜਾਣ, ਵਾਪਸ ਆਉਣ ਅਤੇ ਸਾਡੇ ਜਾਣ-ਆਉਣ ਦੇ ਟਿਕਾਣਿਆਂ ਬਾਰੇ ਲਿਖਿਆ ਗਿਆ ਸੀ। ਇਹ ਇਸ਼ਤਿਹਾਰ ਮੈਨੂੰ ਨਹੀਂ ਸਿਮਰ ਨੂੰ ਸੰਬੋਧਨ ਕੀਤਾ ਗਿਆ ਸੀ। ਧਮਕੀ ਦੇਣ ਵਾਲੇ ਨੇ ਲਿਖਿਆ ਸੀ ਕਿ ਤੈਨੂੰ ਬਹੁਤੇ ਦਿਨ ਰਹਿਣ ਨਹੀਂ ਦੇਣਾ।

ਇਸ ਇਸ਼ਤਿਹਾਰ ਦੀ ਸ਼ਬਦਾਵਲੀ ਨੇ ਤਾਂ ਮੇਰਾ ਅੰਦਰ ਹੋਰ ਵੀ ਹਿਲਾ ਦਿੱਤਾ। ਮਸੀਂ-ਮਸੀਂ ਤਾਂ ਜ਼ਿੰਦਗੀ ਦੀ ਗੱਡੀ ਲੀਹ 'ਤੇ ਚੜ੍ਹਨ ਲੱਗੀ ਸੀ। ਦੋ ਮਹੀਨੇ ਪੰਜਾਬ ਤੋਂ ਬਾਹਰ ਅਤੇ ਪੰਜ ਛੇ ਮਹੀਨੇ ਘਰ ਤੋਂ ਬਾਹਰ ਇਧਰ-ਉਧਰ ਕੱਟੇ ਸਨ। ਮੇਰੇ ਤੇ ਸਿਮਰ ਦੇ ਫੈਸਲੇ ਨੂੰ ਮਾਨਤਾ ਨਹੀਂ ਸੀ ਮਿਲੀ। ਅਸੀਂ ਆਪਣੇ ਰਾਹਾਂ ਦੀ ਤਲਾਸ਼ ਆਪ ਕਰ ਲਈ ਸੀ। ਮੁਹੱਬਤ ਦੀ ਪਗਡੰਡੀ 'ਤੇ ਤੁਰਦਿਆਂ ਇੱਕ-ਦੂਜੇ ਦਾ ਹੱਥ ਫੜ ਕੇ ਦੂਰ ਤੱਕ ਚੱਲਣ ਦਾ ਤਹੱਈਆ ਕਰ ਲਿਆ ਸੀ। ਜੇ ਸਾਡਾ ਇਹ ਫੈਸਲਾ ਸਮਾਜਿਕ ਵਲਗਣਾਂ ਨੂੰ ਮਨਜ਼ੂਰ ਨਹੀਂ ਸੀ ਤਾਂ ਸਮਾਜ ਦੀ ਕੋਈ ਰੋਕ ਸਾਨੂੰ ਵੀ ਕਤੱਈ ਮਨਜ਼ੂਰ ਨਹੀਂ ਸੀ। ਕਿਸੇ ਵੀ ਕਿਸਮ ਦੀਆਂ ਬੰਦਸ਼ਾਂ, ਵਧੀਕੀਆਂ ਤੇ ਧਮਕੀਆਂ ਸਾਨੂੰ ਆਪਣੇ ਫੈਸਲੇ ਤੋਂ ਥਿੜਕਾ ਨਹੀਂ ਸਨ ਸਕੀਆਂ।

ਇਹ ਉਹ ਦਿਨ ਸਨ ਜਦੋਂ ਸਾਡੇ ਖ਼ਿਲਾਫ਼ ਬੜੀ ਗੁਸਤਾਖ਼ ਹਵਾ ਚੱਲਣ ਲੱਗੀ ਸੀ। ਅਸੀਂ ਪੰਜਾਬ ਤੋਂ ਸੈਂਕੜੇ ਮੀਲ ਦੂਰ ਕਿਸੇ ਅਣਦੱਸੀ ਥਾਂ ਜਾ ਟਿਕਾਣੇ ਲਾਏ। ਉਦੋਂ ਅੱਜ ਵਾਂਗ ਪੰਜਾਬ ਦੀ ਪਰਾਲੀ ਦਾ ਧੂੰਆਂ ਵੀ ਦਿੱਲੀ ਵੱਲ ਨੂੰ ਨਹੀਂ ਸੀ ਜਾਣ ਲੱਗਾ। ਡੀ ਟੀ ਸੀ ਦੀਆਂ ਬੰਦੇ ਮਾਰਨ ਲਈ ਮਸ਼ਹੂਰ ਹੋਈਆਂ ਲਾਲ ਰੰਗੀਆਂ ਬੱਸਾਂ ਦਾ ਕਾਲਾ ਧੂੰਆਂ ਆਥਣ ਵੇਲੇ ਦਿੱਲੀ 'ਤੇ ਕਾਲੀ ਛੱਤਰੀ ਤਾਣ ਦਿੰਦਾ ਸੀ। ਅਸੀਂ ਆਪਣੇ ਲਈ ਰੁਜ਼ਗਾਰ ਦੀ ਤਾਲਾਸ਼ ਕਰਦੇ ਦਿਨ ਭਰ ਦਿੱਲੀ ਦੀਆਂ ਇਨ੍ਹਾਂ ਬੱਸਾਂ ਦਾ ਕਾਲਾ ਧੂੰਆਂ ਫੱਕਦੇ। ਦਿੱਲੀ ਦੀਆਂ ਸੜਕਾਂ ਦੀ ਰੇਤ ਛਾਣਦੇ ਵੱਖ ਵੱਖ ਹਸਪਤਾਲਾਂ 'ਚ ਨੌਕਰੀ ਲਈ ਅਪਲਾਈ ਕਰ ਆਉਂਦੇ। ਰੁਜ਼ਗਾਰ ਦੀ ਸਖ਼ਤ ਲੋੜ ਸੀ। ਘਰੋਂ ਲਿਆਂਦੇ ਪੈਸੇ ਬਰਫ ਵਾਂਗ ਖੁਰਦੇ ਜਾਂਦੇ ਸਨ। ਜਿਵੇਂ-ਜਿਵੇਂ ਪੈਸੇ ਘਟਦੇ ਜਾਂਦੇ, ਤਿਵੇਂ-ਤਿਵੇਂ ਚਿੰਤਾ ਵਧਦੀ ਜਾਂਦੀ ਸੀ।

ਭਟਕਣਾ ਦੇ ਇਨ੍ਹੀਂ ਦਿਨੀਂ ਡਾ. ਸਤਿੰਦਰ ਸਿੰਘ ਨੂਰ ਰੱਬ ਬਣ ਕੇ ਬਹੁੜਿਆ ਸੀ। ਪੰਜਾਬੀ ਅਕੈਡਮੀ ਵਿਚ ਨੌਕਰੀ ਹਾਸਲ ਕਰਨ ਲਈ ਉਨ੍ਹਾਂ ਦੀ ਮਦਦ ਮਿਲ ਗਈ ਸੀ। ਉਦੋਂ ਪ੍ਰੀਤਮ ਸਿੰਘ ਬਤਰਾ ਅਕਾਦਮੀ ਦੇ ਸਕੱਤਰ ਸਨ। ਡਾ. ਨੂਰ ਨੇ ਉਨ੍ਹਾਂ ਕੋਲ ਮੇਰੀ ਸਿਫਾਰਸ਼ ਕੀਤੀ ਸੀ। ਸਕੱਤਰ ਸਾਹਿਬ ਦੇ ਆਖੇ ਮੈਂ ਆਪਣੀ ਗੁਲਾਬੀ ਜਿਹੀ ਅੰਗਰੇਜ਼ੀ 'ਚ ਅਰਜ਼ੀ ਲਿਖ ਦਿੱਤੀ। ਅਰਜ਼ੀ ਪੜ੍ਹਦਿਆਂ ਉਹ ਕੁੱਝ ਚਿਰ ਕੰਨ ਦੇ ਕੋਲ ਖੁਰਕ ਕਰਦਾ ਰਿਹਾ ਤੇ ਫੇਰ ਹੌਲੀ ਜਿਹੇ ਬੋਲਿਆ, 'ਤੁਹਾਡੀ ਅੰਗਰੇਜ਼ੀ 'ਤੇ ਪੂਰੀ ਪਕੜ ਨਹੀਂ।'

'ਜੀ ਸਰ!' ਮੈਨੂੰ ਨੌਕਰੀ ਦੀ ਆਸ ਜਾਂਦੀ ਦਿਖਾਈ ਦਿੱਤੀ।

'ਖੈਰ ਇਹ ਕੋਈ ਐਨਾ ਵੱਡਾ ਇਸ਼ੂ ਨਹੀਂ ਹੈ। ਅੰਗਰੇਜ਼ੀ ਚੀਜ਼ ਹੀ ਐਸੀ ਹੈ ਜਿਸਦੀ ਪੇਂਡੂ ਬੈਕਗਰਾਊਂਡ ਵਾਲਿਆਂ ਨਾਲ ਘੱਟ ਬਣਦੀ ਹੈ। ਹੌਲੀ ਹੌਲੀ ਪ੍ਰੈਕਟਿਸ ਨਾਲ ਇੰਪਰੂਵ ਹੋ ਜਾਊ। ਇਹ ਇੰਪਰੂਵ ਕਰਨੀ ਜ਼ਰੂਰੀ ਵੀ ਹੋ ਜਾਂਦੀ। ਦਿੱਲੀ ਸਰਕਾਰ ਨਾਲ ਸਾਰਾ ਪੱਤਰ ਵਿਹਾਰ ਅੰਗਰੇਜ਼ੀ 'ਚ ਹੀ ਹੁੰਦਾ ਹੈ ਬੱਟ ਤੁਸੀਂ ਬੇਫਿਕਰ ਰਹੋ। ਜਦੋਂ ਨੂਰ ਸਾਹਿਬ ਨੇ ਹੁਕਮ ਲਾਇਆ ਹੈ ਤਾਂ ਕੁੱਝ ਨਾ ਕੁੱਝ ਤਾਂ ਕਰਨਾ ਹੀ ਪਊ। ਤੁਸੀਂ ਡਾ. ਨੂਰ ਨਾਲ ਇਨਟੱਚ ਰਹਿਣਾ, ਅਸੀਂ ਉਨ੍ਹਾਂ ਨੂੰ ਫੋਨ ਕਰ ਦਿਆਂਗੇ।' ਬਤਰਾ ਸਾਹਿਬ ਨੇ ਆਖਿਆ ਤਾਂ ਮੈਂ ਸਹਿਮਤੀ 'ਚ ਆਪਣਾ ਸਿਰ ਹਿਲਾ ਦਿੱਤਾ।

ਬਤਰਾ ਵਲੋਂ ਭਰੇ ਹੁੰਗਾਰੇ ਸਦਕਾ ਮੈਨੂੰ ਔਖੇ ਦਿਨਾਂ ਦੇ ਲੰਘ ਜਾਣ ਦਾ ਭਰੋਸਾ ਹੋਣ ਲੱਗਾ। ਹੋਰ ਲੇਖਕਾਂ ਵਾਂਗ ਮੈਂ ਵੀ ਇਸ ਮਹਾਂਨਗਰ ਵਿਚ ਜਜ਼ਬ ਹੋ ਜਾਣ ਦੇ ਸੁਪਨੇ ਵੇਖਣ ਲੱਗਾ। ਮੈਨੂੰ ਦਿੱਲੀ ਰਹਿੰਦੇ ਗੁਰਬਚਨ ਸਿੰਘ ਭੁੱਲਰ, ਗੁਰਦੇਵ ਰੁਪਾਣਾ, ਨਛੱਤਰ ਤੇ ਅਜੀਤ ਕੌਰ ਵਰਗੇ ਨਾਮਵਰ ਲੇਖਕ ਚੇਤੇ ਆਏ। ਦਿੱਲੀ 'ਚ ਲੇਖਕਾਂ ਦੀਆਂ ਲੱਗਦੀਆਂ ਵੱਡੀਆਂ ਵੱਡੀਆਂ ਮਹਿਫਲਾਂ ਅੱਖਾਂ ਮੂਹਰੇ ਆਈਆਂ ਜਿਹੜੀਆਂ ਮੈਂ ਅਖਬਾਰਾਂ ਜਾਂ ਰਸਾਲਿਆਂ 'ਚੋਂ ਪੜ੍ਹਦਾ ਰਹਿੰਦਾ ਸਾਂ। ਲਾਲ ਕਿਲੇ ਤੋਂ ਲੈ ਕੇ ਪਾਰਲੀਮੈਂਟ ਦੀ ਗੋਲ ਇਮਾਰਤ ਤੱਕ ਮੇਰਾ ਜ਼ਿਹਨ ਮੱਲ ਖਲੋਤੇ।

ਪੰਜਾਬ ਤੋਂ ਬਾਹਰ ਸਾਡੇ ਟਿਕਾਣੇ ਦਾ ਕਿਸੇ ਨੂੰ ਦੱਸਣਾ ਵਾਜਬ ਵੀ ਨਹੀਂ ਸੀ। ਅਸੀਂ ਇਸ ਮਾਮਲੇ 'ਚ ਪਹਿਲਾਂ ਹੀ ਬਥੇਰੇ ਦੁੱਖ ਭੋਗ ਲਏ ਸਨ। ਘਰ 'ਚ ਜੇ ਭੂਆ ਨੂੰ ਪਤਾ ਲੱਗ ਜਾਂਦਾ ਤਾਂ ਸਾਡੇ ਲਈ ਇੱਕ ਵਾਰ ਫੇਰ ਵੱਡੀ ਮੁਸੀਬਤ ਬਣ ਸਕਦੀ ਸੀ। ਹੋ ਸਕਦੈ, ਜਾਨੀ ਨੁਕਸਾਨ ਹੋ ਜਾਂਦਾ। ਹੋ ਸਕਦਾ ਦੁਬਾਰਾ ਵਿਛੜ ਜਾਂਦੇ। ਫਿਰ ਤਾਂ ਮਿਲਣ ਦਾ ਕੋਈ ਸਬੱਬ ਵੀ ਨਹੀਂ ਸੀ ਬਚਣਾ।

ਇੱਕ ਦਿਨ ਆਥਣੇ ਜਿਹੇ ਅਸੀਂ ਪੰਜਾਬ ਦੇ ਹਾਲਾਤ ਦੀ ਸੂਹ ਲੈਣ ਲਈ ਤਰਸੇਮ ਨੂੰ ਫੋਨ ਕੀਤਾ।

'ਕਿੱਥੇ ਏਂ?'

'ਪੰਜਾਬ ਤੋਂ ਬਹੁਤ ਦੂਰ।'

'ਜਿੱਥੇ ਵੀ ਏਂ ਰਾਤੋ-ਰਾਤ ਪਿੰਡ ਪਹੁੰਚ ਜਾ। ਤੇਰੇ ਫਾਦਰ ਬਹੁਤ ਸੀਰੀਅਸ ਨੇ। ਸਮਝ ਲਾ ਤੈਨੂੰ ਹੀ ਉਡੀਕ ਰਹੇ ਆ।'

ਤਰਸੇਮ ਦੇ ਇੰਨਾ ਆਖਣ ਨਾਲ ਮੈਨੂੰ ਫੋਨ ਸੁਣਨਾ ਮੁਸ਼ਕਲ ਹੋ ਗਿਆ। ਅੱਗੇ ਉਹ ਕੀ ਆਖਦਾ ਰਿਹਾ ਮੈਨੂੰ ਕੁੱਝ ਸੁਣਾਈ ਨਾ ਦਿੱਤਾ। ਮੈਂ ਪੀ ਸੀ ਓ ਤੋਂ ਬਾਹਰ ਨਿਕਲਦਿਆਂ ਹੀ ਸਿਮਰ ਦੇ ਮੋਢੇ 'ਤੇ ਸਿਰ ਰੱਖ ਕੇ ਧਾਹਾਂ ਮਾਰਨ ਲੱਗਾ।

'ਪਾਪਾ ਜੀ ਨਹੀਂ ਹਨ।'

'ਆਏਂ ਕਿਉਂ ਸੋਚਦੈਂ? ਆਪਾਂ ਹੁਣੇ ਹੀ ਪਿੰਡ ਚੱਲ ਪੈਂਦੇ ਹਾਂ। ਉਨ੍ਹਾਂ ਨੂੰ ਪਟਿਆਲੇ ਲੈ ਆਵਾਂਗੇ। ਰਾਜਿੰਦਰਾ 'ਚ ਦਾਖਲ ਕਰਵਾ ਦਿਆਂਗੇ।' ਸਿਮਰ ਨੇ ਹੌਸਲਾ ਦਿੱਤਾ ਸੀ।

ਅਸੀਂ ਰਾਤੋ-ਰਾਤ ਹੀ ਪਿੰਡ ਨੂੰ ਚਾਲੇ ਪਾ ਦਿੱਤੇ। ਸਾਰੇ ਰਾਹ ਅਸੀਂ ਪਾਪਾ ਜੀ ਨੂੰ ਰਾਜਿੰਦਰਾ ਹਸਪਤਾਲ 'ਚ ਦਾਖਲ ਕਰਾਉਣ ਦੀਆਂ ਸਕੀਮਾਂ ਘੜਦੇ ਰਹੇ। ਏਥੇ ਸਿਮਰ ਦੀ ਬਹੁਤ ਜ਼ਿਆਦਾ ਜਾਣ-ਪਛਾਣ ਸੀ। ਰਾਜਿੰਦਰਾ ਤੋਂ ਹੀ ਉਸਨੇ ਆਪਣੀ ਟਰੇਨਿੰਗ ਕੀਤੀ ਸੀ। ਬੱਸ ਵਿਚ ਬੈਠਿਆਂ ਮੈਂ ਬਹੁਤ ਦੂਰ ਪਹੁੰਚਿਆ ਹੋਇਆ ਸਾਂ। ਕਦੇ ਕਦੇ ਮੈਨੂੰ ਜਾਪਦਾ ਜਿਵੇਂ ਪਾਪਾ ਜੀ ਹਸਪਤਾਲ ਦੇ ਬੈੱਡ 'ਤੇ ਬੇਹੋਸ਼ ਪਏ ਹੋਣ। ਕਦੇ ਉਨ੍ਹਾਂ ਦੀ ਸਿਵਿਆਂ 'ਚ ਬਲਦੀ ਹੋਈ ਚਿਖਾ ਦਿਖਾਈ ਦਿੰਦੀ। ਜੇ ਇੱਕ ਪਲ ਮਨ ਹੌਸਲਾ ਫੜਦਾ ਤਾਂ ਦੂਜੇ ਹੀ ਪਲ ਉਨ੍ਹਾਂ ਦੇ ਇਸ ਦੁਨੀਆਂ 'ਚ ਨਾ ਹੋਣ ਦਾ ਸੋਚ ਕੇ ਹੰਝੂਆਂ ਦੇ ਸਾਗਰ ਵਿਚ ਡੁੱਬਣ-ਤਰਨ ਲੱਗਦਾ।

ਜੀਅ ਕਰਦਾ ਉੱਡ ਕੇ ਪਿੰਡ ਪਹੁੰਚ ਜਾਵਾਂ। ਮੈਨੂੰ ਪਾਪਾ ਜੀ ਦਾ ਗੁਸੈਲ ਚਿਹਰਾ ਘੂਰਦਾ ਨਜ਼ਰ ਆਉਂਦਾ। ਕਦੇ ਅਰਧ ਬੇਹੋਸ਼ੀ ਦੀ ਹਾਲਤ ਵਿਚ ਬੁੜਬੁੜਾਉਂਦੇ ਤੇ ਮੈਨੂੰ ਆਵਾਜ਼ਾਂ ਮਾਰਦੇ ਦਿਖਾਈ ਦਿੰਦੇ। ਆਪਣੇ ਜਵਾਨ ਪੁੱਤਰ ਦੇ ਇੰਜ ਬਿਨਾ ਦੱਸੇ ਤੁਰ ਜਾਣ ਦੀ ਪੀੜ ਉਨ੍ਹਾਂ ਦੇ ਚਿਹਰੇ ਤੋਂ ਝਲਕਦੀ ਦਿਖਾਈ ਦਿੰਦੀ। ਮੈਂ ਸਾਰੇ ਰਾਹ ਸੋਚਾਂ ਦੇ ਸਮੁੰਦਰ 'ਚ ਗੋਤੇ ਖਾਂਦਾ ਰਿਹਾ। ਸਿਮਰ ਚੁੱਪ ਕਰਾਉਂਦੀ ਰਹੀ।



ਮੈਂ ਆਪਣੇ-ਆਪ ਨੂੰ ਕੋਸ ਰਿਹਾ ਸਾਂ ਕਿ ਪਾਪਾ ਜੀ ਬਾਰੇ ਗੰਭੀਰਤਾ ਨਾਲ ਸੋਚਿਆ ਹੀ ਨਹੀਂ ਸੀ।

ਅਸੀਂ ਅਜੇ ਮੋਗੇ ਹੀ ਸਾਂ ਜਦੋਂ ਵਾਪਰ ਚੁੱਕੀ ਭਾਵੀ ਬਾਰੇ ਪਤਾ ਲੱਗ ਗਿਆ। ਬਾਪ ਤਾਂ ਕਈ ਦਿਨ ਪਹਿਲਾਂ ਹੀ ਬੜੇ ਲੰਮੇ ਸਫਰ 'ਤੇ ਨਿਕਲ ਚੁੱਕਾ ਸੀ। ਉਸਦੀ ਤਾਂ ਰਾਖ ਵੀ ਨੇੜਲੇ ਦਰਿਆ ਵਿਚ ਵਹਾਈ ਜਾ ਚੁੱਕੀ ਸੀ। ਮੈਂ ਹੁਣ ਉਨ੍ਹਾਂ ਨੂੰ ਮਹਿਜ਼ ਦੀਵਾਰ 'ਤੇ ਤਸਵੀਰ ਬਣ ਕੇ ਲਟਕਦਿਆਂ ਹੀ ਦੇਖ ਸਕਦਾ ਸਾਂ। ਭਾਰੀ ਭਰਕਮ ਦੇਹ ਵਾਲਾ ਬਾਪ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਤੋਂ ਮੁਕਤੀ ਪਾ ਗਿਆ ਸੀ। ਹੁਣ ਉਸਨੇ 'ਆਪਾਂ ਅਹਿ ਕਰਾਂਗੇ, ਆਪਾਂ ਔਹ ਕਰਾਂਗੇ' ਵਰਗੀਆਂ ਸਕੀਮਾਂ ਕਦੇ ਨਹੀਂ ਸੀ ਘੜਨੀਆਂ।

ਜਿਉਂਦੇ-ਜੀਅ ਉਹ ਬਹੁਤ ਸਕੀਮਾਂ ਘੜਦਾ, ਜਿਨ੍ਹਾਂ 'ਚੋਂ ਮੁਸ਼ਕਲ ਨਾਲ ਇੱਕ ਅੱਧ ਪੂਰੀ ਹੁੰਦੀ। ਮੈਨੂੰ ਉਸ ਦੀਆਂ ਹਵਾਈ ਸਕੀਮਾਂ ਸੁਣ ਕੇ ਗੁੱਸਾ ਵੀ ਆਉਂਦਾ। ਉਹ ਅਜਿਹੀਆਂ ਸਕੀਮਾਂ ਆਂਢ-ਗੁਆਂਢ ਨਾਲ ਵੀ ਸਾਂਝੀਆਂ ਕਰਨ ਬਹਿ ਜਾਂਦਾ। ਕਦੇ ਆਖਦਾ, 'ਰਿਟਾਇਰਮੈਂਟ 'ਤੇ ਜੀਪ ਲੈ ਆਉਣੀ ਐ।' ਕਦੇ ਘਰਦੇ ਜੀਆਂ ਦੇ ਵਤੀਰੇ ਤੋਂ ਦੁਖੀ ਹੋ ਕੇ ਪੋਤਿਆਂ ਨੂੰ ਬੁੱਕਲ 'ਚ ਲੈ ਕੇ ਐਲਾਨ ਕਰਦਾ, 'ਸ਼ਹਿਰ ਰਹਿਣ ਲੱਗ ਜਾਣਾ ਲਵੀ ਸ਼ਨੀ ਨੂੰ ਲੈ ਕੇ। ਤੁਸੀਂ ਖਾਇਓ ਇੱਥੇ ਧੱਕੇ।' ਲਵੀ ਤੇ ਸ਼ਨੀ ਮੇਰੇ ਛੋਟੇ ਭਰਾ ਦੇ ਜਵਾਕ ਸਨ। ਕਈ ਵਾਰ ਗਲੀ ਮੁਹੱਲੇ ਵਾਲੇ ਸਾਨੂੰ ਛੇੜਨ ਲੱਗ ਜਾਂਦੇ, 'ਜੀਪ ਕਦੋਂ ਲਿਆਉਣੀ ਐ ਫਿਰ? ਮਹਿੰਦਰਾ ਲਿਆਉਣੀ ਕਿ ਫੌਜ 'ਚੋਂ ਨਿਲਾਮੀ ਆਲੀ?'

'ਥੋਨੂੰ ਕੌਣ ਕਹਿੰਦਾ ਅਸੀਂ ਜੀਪ ਲਿਆਉਣੀ ਐ?'

'ਥੋਡਾ ਭਾਪਾ ਈ ਆਂਹਦਾ। ਉਹਨੇ ਤਾਂ ਸਾਰੇ ਪਿੰਡ 'ਚ ਰੌਲਾ ਪਾਇਆ ਹੋਇਆ।'

'ਪਾਪੇ ਨੂੰ ਪਤਾ ਹੋਊ ਜਾਂ ਥੋਨੂੰ ਪਤਾ ਹੋਊ ਜਿਨ੍ਹਾਂ ਨਾਲ ਗੁਰਮਤੇ ਕਰਦੈ। ਸਾਨੂੰ ਤਾਂ ਪਤਾ ਨ੍ਹੀ ਕਿਸੇ ਗੱਲ ਦਾ।' ਅਸੀਂ ਚਿੜ੍ਹ ਜਾਂਦੇ।

ਹੁਣ ਸਕੀਮਾਂ ਘੜ੍ਹਨ ਵਾਲਾ ਬਾਪ ਇਸ ਦੁਨੀਆਂ 'ਤੇ ਨਹੀਂ ਸੀ ਰਿਹਾ। ਮੈਂ ਘਰ ਦੇ ਕਮਰਿਆਂ 'ਚੋਂ ਕਮਲਿਆਂ ਵਾਂਗ ਬਾਪ ਨੂੰ ਭਾਲਦਾ ਫਿਰਦਾ ਸਾਂ। ਮੈਨੂੰ ਵਾਰ-ਵਾਰ ਭੁਲੇਖਾ ਪੈਂਦਾ, ਜਿਵੇਂ ਉਸ ਨੇ ਘਰ ਦੇ ਕਿਸੇ ਖੂੰਝੇ 'ਚੋਂ ਆਵਾਜ਼ ਮਾਰੀ ਹੋਵੇ, 'ਆ ਗਿਐਂ? ਦੱਸ ਤਾਂ ਜਾਂਦਾ ਜਾਣ ਲੱਗਾ। ਕੁਛ ਦੇ ਕੇ ਈ ਤੋਰਦਾ? ਚੱਲ ਚੰਗਾ ਕੀਤਾ ਆ ਗਿਐਂ। ਹੁਣ ਫਿਕਰ ਨਾ ਕਰੀਂ। ਰਾਹ 'ਤੇ ਬੈਠਕ ਪਾ ਲਵਾਂਗੇ। ਸਿਮਰ ਨੂੰ ਕਲੀਨਿਕ ਖੋਲ੍ਹ ਦਿਆਂਗੇ। ਟੌਪ ਦਾ ਕੰਮ ਚੱਲੂ।'

ਚੰਗੇ ਮੂਡ੍ਹ 'ਚ ਆਇਆ ਉਹ ਮੇਰੇ ਨਾਲ ਐਹੋ ਜਿਹੀਆਂ ਗੱਲਾਂ ਕਰ ਲੈਂਦਾ ਸੀ।

ਹੁਣ ਅਜਿਹਾ ਕੁੱਝ ਵੀ ਨਹੀਂ ਸੀ ਹੋਣਾ। ਆਪਣੇ ਅੰਦਰਲੇ ਖਲਾਅ ਨੂੰ ਕਿਵੇਂ ਭਰ ਸਕਾਂਗਾ? ਕਾਸ਼! ਮੈਂ ਬਾਪ ਦਾ ਆਖਰੀ ਵਾਰ ਮੂੰਹ ਵੇਖ ਲਿਆ ਹੁੰਦਾ। ਉਸਦੀ ਛਾਤੀ ਨਾਲ ਲੱਗ ਕੇ ਆਪਣੇ ਦਰਦ ਨੂੰ ਹੰਝੂਆਂ ਦੇ ਰੂਪ 'ਚ ਪਿਘਲਾ ਕੇ ਬਾਹਰ ਕੱਢ ਲਿਆ ਹੁੰਦਾ ਤਾਂ ਮੇਰੇ ਅੰਦਰ ਗਮ ਦਾ ਗੋਲਾ ਨਾ ਬੱਝਦਾ। ਜੇ ਆਪਣੇ ਹੱਥੀਂ ਬਾਪ ਦੀ ਚਿਖਾ ਨੂੰ ਅਗਨੀ ਵਿਖਾਈ ਹੁੰਦੀ ਤਾਂ ਹੁਣ ਕਮਲਿਆਂ ਵਾਂਗ ਉਸਨੂੰ ਏਧਰ-ਓਧਰ ਨਾ ਟੋਲਦਾ।

ਮੈਂ ਤਾਂ ਖੁੱਲ੍ਹ ਕੇ ਰੋ ਵੀ ਨਹੀਂ ਸੀ ਸਕਦਾ। ਗਹੁ ਨਾਲ ਝਾਕਦੀਆਂ ਨਿਗਾਹਾਂ ਮੈਨੂੰ ਘੂਰਦੀਆਂ ਜਾਪਦੀਆਂ, 'ਵੇਖ ਕਿਵੇਂ ਖੇਖਣ ਕਰਦੈ। ਉਦੋਂ ਸੋਚਿਆ ਨ੍ਹੀ ਪਿਛਲਿਆਂ ਦਾ ਕੀ ਬਣੂ। ਪਤਾ ਨ੍ਹੀ ਕਿੱਥੇ ਟਿੱਭ ਗਿਆ ਸੀ ਬਿਗਾਨੀ ਧੀ ਨੂੰ ਲੈ ਕੇ। ਬਾਵਾ ਸਿਹੁੰ ਦਾ ਤਾਂ ਦਿਲ ਈ ਪੁੱਛਿਆ ਜਾਣਦਾ ਹੋਊ। ਸੌ ਚੰਗੀਆਂ ਮਾੜੀਆਂ ਸੋਚਾਂ ਡਮਾਕ 'ਚ ਆਉਂਦੀਆਂ ਹੋਣਗੀਆਂ ਵਈ ਕਿਸੇ ਨੇ ਮਾਰ ਕੇ ਈ ਨਾ ਖਪਾਤਾ ਹੋਵੇ। ਜਵਾਨ ਪੁੱਤ ਘਰੋਂ ਗੈਬ ਹੋ ਜੇ ਮਾਂ-ਬਾਪ ਨੂੰ ਚੈਨ ਆਉਂਦੀ ਕਿਤੇ? ਕੀ ਪਤਾ ਅੰਦਰੇ-ਅੰਦਰ ਏਹੀ ਹਉਕਾ ਖਿੱਚ ਗਿਆ ਹੋਵੇ।'

ਕਦੇ ਮੇਰਾ ਜੀਅ ਕਰਦਾ ਭਰਾਵਾਂ ਜਾਂ ਰਿਸ਼ਤੇਦਾਰ ਨੂੰ ਪੁੱਛਾਂ, 'ਪਾਪਾ ਜੀ ਮੈਨੂੰ ਯਾਦ ਨ੍ਹੀ ਸੀ ਕਰਦੇ?' ਪੁੱਛਦਾ ਵੀ ਕਿਵੇਂ? ਮੈਨੂੰ ਪਾਪਾ ਜੀ ਦੇ ਪਲ 'ਚ ਤੋਲਾ ਤੇ ਪਲ 'ਚ ਮਾਸਾ ਹੋ ਜਾਣ ਵਾਲੇ ਸੁਭਾਅ ਦਾ ਪਤਾ ਸੀ। ਉਹ ਉਭਾਸਰ ਕੇ ਕਿਸੇ ਨੂੰ ਕੁੱਝ ਨਹੀਂ ਸੀ ਕਹਿੰਦੇ ਪਰ ਅੰਦਰੇ-ਅੰਦਰ ਘੁਲਦੇ ਜ਼ਰੂਰ ਰਹਿੰਦੇ।

ਇੰਜ ਬੜੀ ਵੱਡੀ ਕੀਮਤ ਤਾਰ ਕੇ ਮੈਂ ਤੇ ਸਿਮਰ ਇਕੱਠੇ ਹੋਏ ਸਾਂ। ਘਰ ਦਾ ਮਾਹੌਲ ਤਣਾਅ ਭਰਿਆ ਸੀ। ਭਰਾ ਤੇ ਖਾਸ ਕਰ ਭਰਜਾਈਆਂ ਘੁੱਟੀਆਂ-ਘੁੱਟੀਆਂ ਫਿਰਦੀਆਂ। ਪਿੰਡ ਰਹਿੰਦੀ ਭੂਆ ਨੇ ਅੱਗ 'ਤੇ ਫੂਸ ਪਾਇਆ ਹੋਇਆ ਸੀ। ਉਸ ਨੇ ਮੇਰੇ ਖਿਲਾਫ਼ ਸਾਰਿਆਂ ਨੂੰ ਭੜਕਾ ਦਿੱਤਾ। ਉਹ ਪਹਿਲਾਂ ਤੋਂ ਹੀ ਦਿਲ ਲੂਹਣ ਵਾਲੀਆਂ ਸੜੀਆਂ-ਭੁੱਜੀਆਂ ਗੱਲਾਂ ਕਰਨ ਦੀ ਆਦੀ ਰਹੀ ਹੈ। ਉਸ ਦੇ ਸੜੀਅਲ ਸੁਭਾਅ ਨੇ ਅੱਧੇ ਪਿੰਡ ਨੂੰ ਵਖ਼ਤ ਪਾਇਆ ਹੋਇਆ ਸੀ। ਉਹ ਪੁਰਾਣੀਆਂ ਹਿੰਦੀ ਫਿਲਮਾਂ ਦੀ ਖਲਨਾਇਕਾ ਵਾਂਗ ਹਰ ਵੇਲੇ ਅੱਗ ਮਚਾਈ ਰੱਖਦੀ। ਆਪਣੇ ਨੰਬਰ ਬਣਾਉਣ ਲਈ ਉਹ ਸ਼ਰੀਕੇ 'ਚੋਂ ਭਰਾ ਲੱਗਦੇ ਇੱਕ ਕਾਂਗਰਸੀ ਆਗੂ ਨੂੰ ਸਾਡੇ ਖਿਲਾਫ਼ ਭੜਕਾਉਂਦੀ ਤੇ ਬਿਨਾ ਵਜ੍ਹਾ ਸਾਡੇ ਨਾਲ ਵੈਰ ਪਵਾਈ ਰੱਖਦੀ। ਲੰਮਾ ਸਮਾਂ ਇਹ ਆਗੂ ਸਾਡੀ ਜਾਨ ਦਾ ਵੈਰੀ ਬਣਿਆ ਰਿਹਾ। ਭੂਆ ਨੇ ਉਸਦੇ ਦਿਮਾਗ 'ਚ ਕੁੱਟ-ਕੁੱਟ ਕੇ ਭਰ ਦਿੱਤਾ ਕਿ ਅਸੀਂ ਉਸਦੀ ਚੋਣਾਂ 'ਚ ਮਦਦ ਨਹੀਂ ਕੀਤੀ। ਇਹ ਗੱਲ ਦਰੁਸਤ ਨਹੀਂ ਸੀ। ਸਾਡੇ ਸਾਰੇ ਪਰਿਵਾਰ ਨੇ ਹੀ ਉਸਦੇ ਇਲੈਕਸ਼ਨ ਸਮੇਂ ਦਿਨ-ਰਾਤ ਇੱਕ ਕੀਤਾ ਸੀ।

ਭੂਆ ਦੀ ਸਾਰੀ ਉਮਰ ਬੀਬੀ ਨਾਲ ਨਹੀਂ ਸੀ ਬਣੀ। ਬੀਬੀ ਨੂੰ ਜਿਉਂਦੇ ਜੀਅ ਟਿੰਡੀ ਦੇ ਬੀਅ 'ਤੇ ਚੜ੍ਹਾਈ ਰੱਖਣ ਵਾਲੀ ਭੂਆ ਹੁਣ ਘਰ ਦੀ ਮਾਲਕਣ ਬਣ ਗਈ। ਆਪਣੇ ਹੁਨਰ ਨਾਲ ਉਸ ਨੇ ਭਤੀਜਿਆਂ ਤੇ ਭਤੀਜ ਨੂੰਹਾਂ ਨੂੰ ਉਂਗਲਾਂ 'ਤੇ ਚੜ੍ਹਾ ਲਿਆ ਸੀ। ਮੇਰੇ ਮੂੰਹ 'ਤੇ ਭਾਵੇਂ ਮਿੱਠੀ ਮੋਮਣੀ ਬਣ ਜਾਂਦੀ ਪਰ ਅੱਗੋਂ ਪਿੱਛੋਂ ਸਿਮਰ ਨੂੰ ਬੁਰਾ ਭਲਾ ਬੋਲਦੀ ਤੇ ਘੜੂਸਾਂ ਛੱਡਦੀ, 'ਕੀ ਲੋੜ ਸੀ ਥੋਨੂੰ ਵਿਆਹ ਕਰਾਉਣ ਦੀ? ਫਿਰ ਤੁਰ ਲਿਆ ਸੀ ਠੀਕ ਸੀ। ਅਸੀਂ ਤਾਂ ਆਵਦੀ ਮਰਜ਼ੀ ਨਾਲ ਵਿਆਹ ਕਰਨਾ ਸੀ ਆਵਦੇ ਮੁੰਡੇ ਦਾ।...ਆਵਦੀ ਭਤੀਜੀ ਦੇ ਰਿਸ਼ਤੇ ਲਈ ਜ਼ੋਰ ਲਾਉਂਦੀ ਸੀ। ਵਾਧੂ ਦਾਜ ਦਹੇਜ ਦੇਣਾ ਸੀ ਅਗਲਿਆਂ ਨੇ।' ਭੂਆ ਲਾ ਲਾ ਕੇ ਦਿਲ ਭੁੰਨਣ ਵਾਲੀਆਂ ਗੱਲਾਂ ਕਰਦੀ। ਉਸਦੀ ਰੀਸੇ ਭਰਜਾਈਆਂ ਵੀ ਮਾਂ-ਬਾਪ ਛੱਡ ਕੇ ਆਈ ਸਿਮਰ ਨਾਲ ਹਮਦਰਦੀ ਕਰਨ ਦੀ ਬਜਾਏ ਜ਼ਿਦਾਂ ਕਰਦੀਆਂ ਜਿਸ ਕਰਕੇ ਉਸਦਾ ਸੁਭਾਅ ਚਿੜਚਿੜਾ ਹੁੰਦਾ ਜਾਂਦਾ ਸੀ। ਸਿਮਰ ਕਈ ਵਾਰ ਮੇਰੇ ਨਾਲ ਉੱਚਾ ਨੀਵਾਂ ਹੋ ਜਾਂਦੀ।

ਘਰਦਿਆਂ ਦਾ ਅਭੱਦਰ ਵਤੀਰਾ ਸਿਮਰ ਨੂੰ ਪਾਗਲਪਨ ਵੱਲ ਧੱਕਦਾ ਜਾ ਰਿਹਾ ਸੀ। ਕਵਿਤਾਵਾਂ ਦੀ ਥਾਂ ਰੋਣ ਕੁਰਲਾਣ ਨੇ ਲੈ ਲਈ ਸੀ। ਦਰਅਸਲ ਭੂਆ ਦੀ ਮਨਸ਼ਾ ਸਿਮਰਜੀਤ ਨੂੰ ਤੰਗ ਕਰ ਕੇ ਭਜਾਉਣ ਦੀ ਸੀ। ਸਿਮਰ ਤੋਂ ਮੇਰਾ ਖਹਿੜਾ ਛੁਡਾਉਣ ਲਈ ਤਾਂ ਉਸਨੇ ਕਿਸੇ ਬੂਬਨੇ ਸਾਧ ਤੋਂ ਤਾਵੀਜ਼ ਵੀ ਕਰਾ ਕੇ ਮੇਰੇ ਕਮਰੇ ਦੇ ਪੱਖੇ ਨਾਲ ਲਟਕਾਇਆ ਸੀ। ਇੱਕ ਦਿਨ ਅਚਾਨਕ ਮੇਰੀ ਨਿਗਾਹ ਇਸ ਤਾਵੀਜ਼ 'ਤੇ ਚਲੇ ਗਈ। ਭੂਆ ਤੋਂ ਇਸ ਬਾਰੇ ਪੁੱਛਿਆ ਤਾਂ ਉਹ ਪੋਚੇ ਪਾਉਣ ਲੱਗੀ, 'ਇਹ ਤਾਂ ਕਿਸੇ ਸਾਧ ਨੇ ਥੋਡੇ ਭਾਪੇ ਨੂੰ ਦਿੱਤਾ ਸੀ ਜਦੋਂ ਥੋਡੀ ਬੀਬੀ ਜ਼ਿਆਦਾ ਬਿਮਾਰ ਸੀ।'

'ਭੂਆ! ਲਾ ਲਓ ਜਿੰਨਾ ਜ਼ੋਰ ਲੱਗਦੈ। ਜੇ ਇਸ ਘਰ ਦੀ ਨੂੰਹ ਬਣੂ ਤਾਂ ਸਿਮਰ, ਨਹੀਂ ਹੋਰ ਕੋਈ ਨ੍ਹੀ ਇਸ ਕਮਰੇ 'ਚ ਆਉਂਦੀ। ਨਾਲੇ ਸੁਣ ਲਾ, ਮੈਂ ਇਹ ਤਾਵੀਜ਼ ਲਾਹੁਣਾ ਨ੍ਹੀ। ਇਹ ਏਸੇ ਤਰ੍ਹਾਂ ਲਟਕਦਾ ਰਹੂ। ਵੇਹਨੇ ਆਂ ਤੇਰੇ ਬੂਬਨੇ ਸਾਧ ਦੇ ਤਾਵੀਜ਼ 'ਚ ਜ਼ਿਆਦਾ ਸ਼ਕਤੀ ਐ ਕਿ ਸਾਡੇ ਪਿਆਰ 'ਚ।'

ਵੱਡੀ ਭੂਆ ਵੀ ਆਪਣੀ ਇਸ ਭੈਣ ਦੀਆਂ ਗੱਲਾਂ 'ਚ ਆ ਗਈ ਸੀ। ਉਹ ਵੀ ਮੇਰੇ ਛੋਟੇ ਭਰਾ ਨੂੰ ਭੜਕਾ ਦਿੰਦੀ, 'ਗੁਰਮੀਤ ਦਾ ਫਰਜ਼ ਬਣਦਾ ਸੀ ਪਹਿਲਾਂ ਤੈਨੂੰ ਸੈੱਟ ਕਰਦਾ। ਉਹਨੂੰ ਤਾਂ ਆਵਦਾ ਵਿਆਹ ਕਰਾਉਣ ਦੀ ਪੈਗੀ।' ਇਹ ਭਰਾ ਮੇਰੇ ਤੋਂ ਕਈ ਵਰ੍ਹੇ ਪਹਿਲਾਂ ਵਿਆਹਿਆ ਜਾ ਚੁੱਕਾ ਸੀ ਤੇ ਉਸਦੇ ਦੋ ਜੁਆਕ ਵੀ ਸਨ।

'ਲੈ ਕੀ ਫਰਕ ਪੈ ਜਾਂਦਾ ਜੇ ਤੈਨੂੰ ਦੋ ਲੱਖ ਲਾ ਕੇ ਟੈਂਪੂ ਪਾ ਦਿੰਦਾ।' ਪਿੰਡ ਵਾਲੀ ਕਾਰਜ ਮੁਖਤਿਆਰ ਭੂਆ ਕਿਵੇਂ ਪਿੱਛੇ ਰਹਿੰਦੀ। ਉਹਦੀ ਚੁੱਕ 'ਚ ਆਇਆ ਛੋਟਾ ਭਰਾ ਗਾਹਲਾਂ ਕੱਢਦਾ ਤੇ ਖਰੂਦ ਕਰਨ ਲੱਗਦਾ। ਕਈ ਵਾਰ ਭੂਆ ਸਾਡੀਆਂ ਲੋੜ ਵਾਲੀਆਂ ਚੀਜ਼ਾਂ ਹੀ ਲੁਕਾ ਦਿੰਦੀ। ਉਸਨੇ ਸਿਮਰ ਦਾ ਸੂਟ ਚੁੱਕ ਕੇ ਰਿਸ਼ਤੇਦਾਰੀ 'ਚ ਕਿਸੇ ਕੁੜੀ ਨੂੰ ਦੇ ਦਿੱਤਾ। ਉਸ ਕੋਲ ਸੀ ਵੀ ਗੁਜ਼ਾਰੇ ਜੋਗੇ ਤਿੰਨ ਕੁ ਸੂਟ। ਮੇਰੀ ਇੱਕ ਪੈਂਟ ਵੀ ਉਸਨੇ ਆਪਣੀ ਪੇਟੀ 'ਚ ਲੁਕਾ ਲਈ ਜੋ ਮੈਂ ਲੜ ਕੇ ਕਢਵਾ ਲਈ।

ਅਸੀਂ ਤਾਂ ਘਰੇਲੂ ਹਾਲਾਤ ਦੀ ਵਜ੍ਹਾ ਨਾਲ ਪਹਿਲਾਂ ਹੀ ਚੱਕੀ ਦੇ ਪੁੜਾਂ ਵਿਚਾਲੇ ਫਸੇ ਪਏ ਸਾਂ, ਉੱਤੋਂ ਪਿੰਡ ਦੀਆਂ ਕੰਧਾਂ 'ਤੇ ਧਮਕੀ ਭਰੇ ਪੱਤਰ ਲੱਗਣ ਲੱਗੇ ਸਨ। ਇੰਜ ਲੱਗਦਾ ਸੀ ਜਿਵੇਂ ਗਲੀਆਂ ਦੇ ਕੱਖ ਵੀ ਵੈਰੀ ਬਣ ਗਏ ਹੋਣ।

ਸਿਮਰਜੀਤ ਦੀ ਡਿਊਟੀ ਫਰੀਦਕੋਟ ਮੈਡੀਕਲ ਕਾਲਜ ਤੇ ਹਸਪਤਾਲ ਦੇ ਓਪਰੇਸ਼ਨ ਵਾਰਡ 'ਚ ਸੀ। ਡਿਊਟੀ ਸਵੇਰੇ ਅੱਠ ਵਜੇ ਸ਼ੁਰੂ ਹੁੰਦੀ। ਪੋਹ ਮਾਘ ਦੇ ਧੁੰਦ ਤੇ ਕੋਰੇ ਵਾਲੇ ਦਿਨਾਂ 'ਚ ਮੈਂ ਉਸਨੂੰ ਸਵੇਰੇ ਪੰਜ ਵਜੇ ਸਕੂਟਰ 'ਤੇ ਮੋਗੇ ਛੱਡ ਕੇ ਆਉਂਦਾ ਜਿੱਥੋਂ ਉਹ ਬੱਸ ਫੜ ਕੇ ਫਰੀਦਕੋਟ ਜਾਂਦੀ। ਓਪਰੇਸ਼ਨ ਥੀਏਟਰ 'ਚ ਸਾਰੀ ਦਿਹਾੜੀ ਖੜ੍ਹੀ ਲੱਤ ਡਿਉਟੀ ਕਰ ਕੇ ਦੇਰ ਰਾਤ ਘਰ ਪਰਤਦੀ। ਜਦੋਂ ਤੱਕ ਉਹ ਘਰ ਨਾ ਆ ਜਾਂਦੀ, ਦਿਲ ਡਰ ਨਾਲ ਧੜਕਦਾ ਰਹਿੰਦਾ।

ਇਨ੍ਹਾਂ ਦਿਨਾਂ 'ਚ ਅਖਬਾਰ ਪੜ੍ਹਨ ਤੋਂ ਵੀ ਡਰ ਲੱਗਣ ਲੱਗ ਪਿਆ ਸੀ। ਅਖਬਾਰ 'ਚ ਆਨਰ ਕਿਲਿੰਗ ਦੀ ਕੋਈ ਨਾ ਕੋਈ ਖਬਰ ਛਪੀ ਹੀ ਹੁੰਦੀ। ਮੈਂ ਕਾਹਲੀ-ਕਾਹਲੀ ਅਗਲਾ ਪੰਨਾ ਪਲਟ ਦਿੰਦਾ। ਅਜਿਹੀ ਖ਼ਬਰ ਧੁਰ ਅੰਦਰ ਤੱਕ ਹਿਲਾ ਜਾਂਦੀ। ਆਪਣੇ ਜਾਂ ਸਿਮਰ ਨਾਲ ਵਾਪਰ ਜਾਣ ਵਾਲੀ ਕਿਸੇ ਬੁਰੀ ਘਟਨਾ ਦਾ ਖਿਆਲ ਆਉਂਦਾ ਰਹਿੰਦਾ। ਸਾਰਾ

ਦਿਨ ਖਬਰ 'ਚ ਹੀ ਉਲਝਿਆ ਅਨਹੋਣੀ ਤੋਂ ਬਚਣ ਦੀਆਂ ਸਕੀਮਾਂ ਘੜਦਾ ਰਹਿੰਦਾ।

ਸਿਮਰ ਘਰ ਆਉਂਦੀ ਤਾਂ ਜਾਨ 'ਚ ਜਾਨ ਆਉਂਦੀ। ਦੇਰ ਰਾਤ ਤੱਕ ਉਸਦੇ ਹੱਥਾਂ ਨੂੰ ਆਪਣੇ ਹੱਥਾਂ 'ਚ ਲੈ ਕੇ ਪਲੋਸਦਾ। ਆਪਣੀ ਮਾਨਸਿਕ ਹਾਲਤ ਉਸ ਅੱਗੇ ਜ਼ਾਹਰ ਨਹੀਂ ਸੀ ਕਰ ਸਕਦਾ। ਉਸਦੇ ਅੰਦਰ ਚੱਲ ਰਹੀ ਟੁੱਟ-ਭੱਜ ਨੂੰ ਸਮਝਦਾ ਜ਼ਰੂਰ ਸਾਂ ਪਰ ਕਰ ਕੁੱਝ ਨਹੀਂ ਸੀ ਸਕਦਾ। ਉਸਦੇ ਪੀਲੇ ਪੈਂਦੇ ਜਾ ਰਹੇ ਰੰਗ ਨੇ ਚਿਹਰੇ ਦੀ ਲਿਸ਼ਕ ਧੁੰਦਲੀ ਕਰ ਦਿੱਤੀ। ਉਹ ਹੱਡੀਆਂ ਦੀ ਮੁੱਠ ਬਣਦੀ ਜਾ ਰਹੀ ਸੀ।

ਨਿੱਤ ਆਉਣ-ਜਾਣ ਦੇ ਝੰਜਟ ਤੋਂ ਖਹਿੜਾ ਛੁਡਾਉਣ ਲਈ ਸਿਮਰ ਨੇ ਵਰਕਿੰਗ ਵਿਮੈੱਨ ਹੋਸਟਲ 'ਚ ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦਿੱਤਾ। ਉਹ ਦੂਜੇ-ਤੀਜੇ ਦਿਨ ਘਰ ਆ ਜਾਂਦੀ। ਜਿਸ ਦਿਨ ਨਾ ਆਉਣਾ ਹੁੰਦਾ, ਦੱਸ ਜਾਂਦੀ। ਇੱਕ ਦਿਨ ਸੱਤ ਵਜੇ ਵਾਲੀ ਅਖੀਰਲੀ ਬੱਸ ਵੀ ਲੰਘ ਗਈ ਪਰ ਉਹ ਨਾ ਆਈ। ਮੈਨੂੰ ਹੱਥਾਂ ਪੈਰਾਂ ਦੀ ਪੈ ਗਈ। ਦਿਮਾਗ ਪੁੱਠੀਆਂ-ਸਿੱਧੀਆਂ ਗੱਲਾਂ ਸੋਚਣ ਲੱਗਾ। ਭਰ ਸਿਆਲੂ ਦਿਨ ਸਨ। ਸੱਤ ਵਜੇ ਹੀ ਕਾਲੀ ਸ਼ਾਹ ਰਾਤ ਧਰਤੀ 'ਤੇ ਉਤਰ ਆਈ ਸੀ। ਚਾਰ-ਚੁਫੇਰੇ ਮੜੀਆਂ ਵਰਗੀ ਚੁੱਪ ਪਸਰੀ ਸੀ। ਨਿਆਣੇ-ਸਿਆਣੇ ਰੋਟੀ ਟੁੱਕ ਖਾ ਕੇ ਰਜਾਈਆਂ 'ਚ ਜਾ ਵੜੇ ਸਨ। ਔਰਤਾਂ ਨੇ ਭਾਂਡੇ-ਟੀਂਡੇ ਨਿਬੇੜ ਕੇ ਤਵੇ ਮੂਧੇ ਮਾਰ ਦਿੱਤੇ ਸਨ। ਜਦੋਂ ਮੈਂ ਸਕੂਟਰ ਫਰੀਦਕੋਟ ਨੂੰ ਸਿੱਧਾ ਕੀਤਾ, ਪਿੰਡ ਦੇ ਬਹੁਤੇ ਘਰਾਂ ਦੀਆਂ ਬੱਤੀਆਂ ਬੁੱਝ ਗਈਆਂ ਸਨ। ਫਰੀਦਕੋਟ ਘਰ ਤੋਂ ਪੈਂਹਟ ਕਿਲੋਮੀਟਰ ਸੀ। ਮੇਰੀ ਸੋਚ ਦੇ ਘੋੜੇ ਸਕੂਟਰ ਨਾਲੋਂ ਵੀ ਕਈ ਗੁਣਾ ਵੱਧ ਤੇਜ਼ ਦੌੜ ਰਹੇ ਸਨ। ਪਤਾ ਨਹੀਂ ਕਿਉਂ ਮੈਨੂੰ ਆਪਣਾ ਸਭ ਕੁੱਝ ਲੁੱਟਿਆ ਗਿਆ ਮਹਿਸੂਸ ਹੋਈ ਜਾਂਦਾ ਸੀ। ਬੁਰੇ-ਬੁਰੇ ਖਿਆਲ ਆਂਦਰਾਂ ਕੁਤਰੀ ਜਾਂਦੇ ਸਨ। ਖਿਆਲਾਂ 'ਚ ਗਵਾਚੇ ਨੂੰ ਪਤਾ ਹੀ ਨਾ ਲੱਗਾ ਕਦੋਂ ਫਰੀਦਕੋਟ ਦੀ ਜੂਹ 'ਚ ਆ ਪੁੱਜਿਆ ਸਾਂ। ਹਰੀਕੇ ਨੇੜੇ ਸਤਲੁਜ ਦਰਿਆ 'ਚੋਂ ਨਿਕਲਣ ਵਾਲੀਆਂ ਜੌੜੀਆਂ ਨਹਿਰਾਂ ਸਾਹਮਣੇ ਦਿਖਾਈ ਦੇਣ ਲੱਗੀਆਂ। ਮੇਰਾ ਹੱਥ ਰੇਸ ਵਾਲੇ ਮੁੱਠੇ ਨੂੰ ਹੋਰ ਜ਼ੋਰ ਨਾਲ ਮਰੋੜਨ ਲੱਗਾ। ਅਚਾਨਕ 'ਧੜਾਕ!' ਦੀ ਉੱਚੀ ਆਵਾਜ਼ ਆਈ। ਸਕੂਟਰ ਦਾ ਮੂਹਰਲਾ ਪਹੀਆ ਸੜਕ ਵਿਚਲੇ ਡੂੰਘੇ ਖੱਡੇ 'ਚ ਜਾ ਵੱਜਾ। ਮੌਤ ਦਾ ਦੈਂਤ ਅੱਖਾਂ ਅੱਗੇ ਤਾਂਡਵ ਨਾਚ ਕਰਨ ਲੱਗਾ। ਸਕੂਟਰ ਬੇਕਾਬੂ ਹੋ ਕੇ ਵੱਡੀ ਨਹਿਰ 'ਚ ਜਾਂਦਾ ਲੱਗਾ। ਸਕੂਟਰ ਦੇ ਕਲੱਚ, ਬਰੇਕ ਤੇ ਰੇਸ ਭਾਵੇਂ ਮੇਰੇ ਕੋਲ ਸਨ ਪਰ ਹੁਣ ਮੇਰੇ ਕਰਨ ਵਾਲਾ ਕੁੱਝ ਵੀ ਨਹੀਂ ਸੀ। ਮੈਂ ਅੱਖਾਂ ਮੀਚ ਲਈਆਂ।

ਸਕੂਟਰ ਨਹਿਰ ਦੇ ਡੂੰਘੇ ਪਾਣੀਆਂ 'ਚ ਨਹੀਂ ਫਰੀਦਕੋਟ ਦੇ ਵਰਕਿੰਗ ਵਿਮੈੱਨ ਹੋਸਟਲ 'ਚ ਲੈ ਆਇਆ ਸੀ। ਡਿਕਡੋਲੇ ਖਾਂਦਾ ਸਕੂਟਰ ਕਿਵੇਂ ਪੁਲ 'ਤੇ ਚੜ੍ਹਿਆ, ਮੈਨੂੰ ਕੁੱਝ ਪਤਾ ਹੀ ਨਾ ਲੱਗਾ। ਸਿਮਰ ਮੇਰੇ ਸਾਹਮਣੇ ਖੜ੍ਹੀ ਸੀ ਪਰ ਮੈਨੂੰ ਯਕੀਨ ਨਹੀਂ ਸੀ ਹੋ ਰਿਹਾ। ਮੇਰਾ ਦਿਲ ਅਜੇ ਵੀ ਧੱਕ-ਧੱਕ ਕਰੀ ਜਾਂਦਾ ਸੀ। ਮੇਰਾ ਰੋਣ ਨਿਕਲ ਚੱਲਿਆ ਸੀ ਪਰ ਹੋਸਟਲ 'ਚ ਮੌਜੂਦ ਨੌਕਰੀਸ਼ੁਦਾ ਔਰਤਾਂ ਨੂੰ ਵੇਖ ਪੂਰਾ ਜ਼ੋਰ ਲਾ ਕੇ ਡੱਕ ਲਿਆ। ਐਨੀ ਰਾਤ ਗਏ ਮੈਨੂੰ ਹੋਸਟਲ 'ਚ ਵੇਖ ਕੇ ਸਿਮਰ ਵੀ ਇੱਕ ਵਾਰ ਤਾਂ ਘਬਰਾ ਗਈ। ਉਸਨੇ ਆਉਣ ਦਾ ਕਾਰਨ ਪੁੱਛਿਆ ਤਾਂ ਮੇਰਾ ਡੱਕਿਆ ਗੁੱਸਾ ਬਾਹਰ ਆ ਗਿਆ।

'ਮੈਂ ਆਉਣ ਲੱਗੀ ਦੱਸ ਕੇ ਤਾਂ ਆਈ ਸਾਂ ਕਿ ਅੱਜ ਨਹੀਂ ਆਉਣਾ।' ਉਹ ਆਪਣੇ ਨਾ ਆਉਣ ਬਾਰੇ ਸਫਾਈਆਂ ਦੇਣ ਲੱਗੀ ਪਰ ਮੈਂ ਤਾਂ ਕੁੱਝ ਸੁਣ ਹੀ ਨਹੀਂ ਸਾਂ ਰਿਹਾ।

ਮੌਕੇ ਦੀ ਨਜ਼ਾਕਤ ਵੇਖਦਿਆਂ ਹੋਸਟਲ ਇੰਚਾਰਜ ਨੇ ਰੂਲਾਂ ਤੋਂ ਬਾਹਰ ਜਾ ਕੇ ਵੀ ਮੈਨੂੰ ਸਿਮਰ ਦੇ ਕਮਰੇ 'ਚ ਰਹਿਣ ਦੀ ਆਗਿਆ ਦੇ ਦਿੱਤੀ ਸੀ। ਦਿਲ ਦਿਮਾਗ 'ਤੇ ਛਾਈ ਦਹਿਸ਼ਤ ਦਾ ਆਲਮ ਇਹ ਸੀ ਕਿ ਸਾਰੀ ਰਾਤ ਸਿਮਰ ਨੂੰ ਮੇਰੇ ਦਿਲ ਦੀ ਫਟੱਕ ਫਟੱਕ ਵੱਜਦੀ ਧੜਕਣ ਸੁਣਦੀ ਰਹੀ।

ਧਮਕੀ ਭਰੇ ਪੱਤਰਾਂ ਦੀ ਸੰਖਿਆ ਦਿਨੋਂ-ਦਿਨ ਵਧਦੀ ਜਾਂਦੀ ਸੀ। ਇਸ਼ਤਿਹਾਰਾਂ ਵਿਚਲੀ ਭਾਸ਼ਾ ਵੀ ਦਿਨੋ-ਦਿਨ ਜ਼ਹਿਰੀਲੀ ਤੇ ਭੱਦੀ ਹੋ ਰਹੀ ਸੀ। ਇਸ਼ਤਿਹਾਰ ਲਾਉਣ ਵਾਲੇ ਦਾ ਕੋਈ ਪਤਾ ਨਹੀਂ ਸੀ ਲੱਗ ਰਿਹਾ। ਸਥਿਤੀ ਵੇਦ ਪ੍ਰਕਾਸ਼ ਦੇ ਜਾਸੂਸੀ ਨਾਵਲਾਂ ਵਰਗੀ ਹੋਈ ਪਈ ਸੀ। ਓਧਰ ਸਾਡੀ ਮਾਨਸਿਕ ਹਾਲਤ ਦਿਨੋ-ਦਿਨ ਖਰਾਬ ਹੋਈ ਜਾਂਦੀ ਸੀ। ਪੜ੍ਹਨ-ਲਿਖਣ 'ਚ ਉੱਕਾ ਹੀ ਮਨ ਨਹੀਂ ਸੀ ਲੱਗ ਰਿਹਾ। ਉੱਤੋਂ ਤੀਜੇ ਦਿਨ ਕੋਈ ਨਾ ਕੋਈ ਟੈਸਟ ਆਇਆ ਹੀ ਰਹਿੰਦਾ ਜਿਸਦੀ ਤਿਆਰੀ ਕਰਨੀ ਜ਼ਰੂਰੀ ਹੁੰਦੀ ਸੀ। ਮੈਂ ਕਿੰਨਾ-ਕਿੰਨਾ ਚਿਰ ਕਿਤਾਬ ਖੋਲ੍ਹ ਕੇ ਬੈਠਾ ਰਹਿੰਦਾ ਪਰ ਧਿਆਨ ਮੁੜ ਮੁੜ ਕੇ ਬਾਹਰਲੇ ਬੂਹੇ ਵੱਲ ਚਲਾ ਜਾਂਦਾ। ਬੂਹੇ ਦੇ ਨਾਲ ਕਰਕੇ ਇੱਕ ਅੱਧਖੜ ਜਿਹੀ ਡੇਕ ਸੀ। ਮੈਨੂੰ ਮੌਤ ਦਾ ਪਰਿੰਦਾ ਡੇਕ ਦੀ ਟਾਹਣੀ 'ਤੇ ਸ਼ਹਿ ਲਾ ਕੇ ਬੈਠਾ ਦਿਖਾਈ ਦਿੰਦਾ।

ਮੈਂ ਯੂ ਜੀ ਸੀ ਵਲੋਂ ਕਾਲਜ ਲੈਕਚਰਾਰ ਦੀ ਯੋਗਤਾ ਲਈ ਨਿਰਧਾਰਤ ਕੀਤੇ ਨੈੱਟ ਦੀ ਤਿਆਰੀ ਕਰ ਰਿਹਾ ਸਾਂ। ਮੇਰੀ ਇਹ ਤਿਆਰੀ ਵੀ ਅੱਧ ਵਿਚਾਲੇ ਲਟਕਣ ਲੱਗੀ। ਮੈਂ ਅਖਬਾਰਾਂ-ਰਸਾਲਿਆਂ ਨੂੰ ਧੜਾ-ਧੜ ਲੇਖ ਤੇ ਹੋਰ ਰਚਨਾਵਾਂ ਭੇਜਦਾ ਸਾਂ, ਉਹ ਵੀ ਲਗਪਗ ਬੰਦ ਹੋ ਗਈਆਂ। ਅਖਬਾਰਾਂ ਤੋਂ ਮਿਲਣ ਵਾਲੇ ਪੈਸੇ ਹੀ ਰੁਜ਼ਗਾਰ ਦਾ ਨਿੱਕਾ ਜਿਹਾ ਵਸੀਲਾ ਸਨ। ਆਥਣ ਨੇ ਰਾਤ ਵੱਲ ਨੂੰ ਕੁੱਝ ਕਦਮ ਹੀ ਪੁੱਟੇ ਹੋਣਗੇ ਜਦੋਂ ਘਰ ਦਾ ਬੂਹਾ ਦੋ-ਤਿੰਨ ਵਾਰ ਖੜਕਿਆ।

'ਕੌਣ?' ਮੈਂ ਪੁੱਛਿਆ ਪਰ ਬਾਹਰੋਂ ਕੋਈ ਜਵਾਬ ਨਾ ਆਇਆ। ਕੁੱਝ ਪਲ ਦੀ ਚੁੱਪ ਤੋਂ ਬਾਅਦ ਬੂਹਾ ਫੇਰ ਜ਼ੋਰ ਜ਼ੋਰ ਦੀ ਖੜਕਣ ਲੱਗਾ। ਮੈਂ ਧੜਕਦੇ ਦਿਲ ਨੂੰ ਥਾਂ ਸਿਰ ਕੀਤਾ ਤੇ ਹੱਥ 'ਚ ਬਰਛੀ ਲੈ ਕੇ ਕਮਾਂਡੋ ਵਾਂਗ ਬੂਹਾ ਜਾ ਖੋਲ੍ਹਿਆ। ਬਾਹਰ ਤਾਂ ਕੋਈ ਵੀ ਨਹੀਂ ਸੀ। ਦੂਰ ਕਿਧਰੋਂ 'ਦਗੜ ਦਗੜ' ਕਰਦੀ ਆਵਾਜ਼ ਸੁਣਾਈ ਦਿੱਤੀ। ਮੈਂ ਦੌੜਦੇ ਕਦਮਾਂ ਦਾ ਪਿੱਛਾ ਕਰਨ ਦਾ ਯਤਨ ਕੀਤਾ ਪਰ ਉਹ ਪਰਛਾਵਾਂ ਰਾਤ ਦੇ ਸੰਘਣੇ ਹਨ੍ਹੇਰੇ 'ਚ ਗੁਆਚ ਗਿਆ।

ਫਿਰ ਅਜਿਹੀ ਘਟਨਾ ਹਰ ਦੂਜੇ-ਚੌਥੇ ਦਿਨ ਦੁਹਰਾਈ ਜਾਣ ਲੱਗੀ। ਘਰ ਦੇ ਸਾਰੇ ਜੀਅ ਆਪੋ-ਆਪਣੇ ਰੰਗਾਂ 'ਚ ਮਸਤ ਸਨ। ਕਿਸੇ ਨੂੰ ਵੀ ਸਾਡੇ ਨਾਲ ਵਰਤ ਰਹੀ ਭਾਵੀ ਦਾ ਗਿਆਨ ਨਹੀਂ ਸੀ। ਹੋ ਸਕਦਾ ਕਿਸੇ ਨੂੰ ਪਤਾ ਵੀ ਹੋਵੇ। ਜੇ ਕਿਸੇ ਨੂੰ ਪਤਾ ਵੀ ਸੀ ਤਾਂ ਉਹ ਕੰਨਾਂ ਮੁੱਢ ਮਾਰੀ ਬੈਠਾ ਸੀ। ਘਰ ਦਾ ਸਾਰਾ ਮਾਹੌਲ ਹੀ ਸਾਜ਼ਿਸ਼ੀ ਹੋਇਆ ਪਿਆ ਸੀ। ਉੱਥੇ ਮੇਰੇ ਲਈ ਹਮਦਰਦੀ ਘੱਟ ਗੁੱਸਾ ਵਧੇਰੇ ਸੀ। ਘਰਦਿਆਂ ਦੇ ਗੁੱਸੇ ਦਾ ਕਾਰਨ ਵੀ ਸਮਝ ਨਹੀਂ ਸੀ ਆਉਂਦਾ। ਭੂਆ ਦੀ ਸੀਖ ਪਰਿਵਾਰ ਦੇ ਬਾਕੀ ਮੈਂਬਰਾਂ ਦੇ ਸਿਰ ਚੜ੍ਹੀ ਰਹਿੰਦੀ। ਮੈਂ ਹੈਰਾਨ ਹੁੰਦਾ ਕਿ ਇੱਕ ਅਨਪੜ੍ਹ ਔਰਤ ਪੜ੍ਹਿਆਂ-ਲਿਖਿਆਂ ਨੂੰ ਊਰੀ ਵਾਂਗ ਘੁਮਾਈ ਫਿਰਦੀ ਸੀ। ਭੂਆ ਇੱਕ ਸਾਜ਼ਿਸ਼ ਤਹਿਤ ਕੰਮ ਕਰਦੀ। ਉਹ ਸਾਨੂੰ ਘਰੋਂ ਕੱਢ ਕੇ ਸਾਡੀ ਥਾਂ 'ਤੇ ਕਬਜ਼ਾ ਕਰਨ ਦੀ ਤਾਕ 'ਚ ਸੀ। ਆਨੇ-ਬਹਾਨੇ ਸਾਨੂੰ ਘਰ ਛੱਡ ਜਾਣ ਲਈ ਆਖਦੀ ਵੀ ਰਹਿੰਦੀ। ਮੇਰੀ ਹਾਜ਼ਰੀ ਉਸਨੂੰ ਤੰਗ ਕਰਦੀ ਸੀ। ਮੇਰੇ ਹੁੰਦਿਆਂ ਉਸ ਦੀਆਂ ਮਨਮਾਨੀਆਂ ਚੱਲਣੀਆਂ ਨਹੀਂ ਸਨ।

ਇੱਕ ਦਿਨ ਮੈਂ ਨੈੱਟ ਦੀ ਤਿਆਰੀ ਕਰਨ ਦਾ ਯਤਨ ਕਰ ਰਿਹਾ ਸਾਂ ਕਿ ਤਰਸੇਮ ਆ ਗਿਆ। ਉਸਨੇ ਰੈਕ 'ਚੋਂ ਆਪਣੀ ਪਸੰਦ ਦੀਆਂ ਕਿਤਾਬਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਹੋਰ ਕਿਤਾਬਾਂ ਦੇ ਨਾਲ ਅੰਮ੍ਰਿਤਾ ਪ੍ਰੀਤਮ ਦਾ ਕਹਾਣੀ ਸੰਗ੍ਰਹਿ 'ਜੰਗਲੀ ਬੂਟੀ' ਵੀ ਚੁੱਕ ਲਈ। ਮੈਂ ਇਹ ਕਿਤਾਬ ਬੜੀ ਸਾਂਭ-ਸਾਂਭ ਕੇ ਰੱਖਦਾ ਸਾਂ। ਮੇਰੇ ਲਈ ਤਾਂ ਇਹ ਇੱਕ ਇਤਿਹਾਸਕ ਸਰਮਾਇਆ ਸੀ। ਜਦੋਂ ਮੈਂ ਤੇ ਸਿਮਰ ਅੰਮ੍ਰਿਤਾ ਜੀ ਨੂੰ ਉਨ੍ਹਾਂ ਦੇ ਦਿੱਲੀ ਵਾਲੇ ਕੇ-25 ਹੌਜ਼ ਖਾਸ ਵਾਲੇ ਘਰ ਮਿਲਣ ਗਏ ਸਾਂ ਤਾਂ ਇਹ ਪੁਸਤਕ ਅੰਮ੍ਰਿਤਾ ਤੇ ਇਮਰੋਜ਼ ਹੁਰਾਂ ਨੇ ਬੜੇ ਮੋਹ ਨਾਲ ਪਹਿਲੇ ਪੰਨੇ 'ਤੇ ਮੁਹੱਬਤੀ ਸ਼ਬਦ ਲਿਖ ਕੇ ਭੇਟ ਕੀਤੀ ਸੀ। ਇਮਰੋਜ਼ ਨੇ ਸਾਨੂੰ ਬੜੀ ਰੀਝ ਨਾਲ ਸਾਰਾ ਘਰ ਦਿਖਾਇਆ ਸੀ। ਪੂਰਾ ਘਰ ਇਮਰੋਜ਼ ਦੀਆਂ ਸ਼ਾਨਦਾਰ ਪੇਂਟਿੰਗਜ਼ ਨਾਲ ਸ਼ਿੰਗਾਰਿਆ ਹੋਇਆ ਸੀ। ਜਿਵੇਂ ਘਰ ਨਾ ਹੋ ਕੇ ਦੋਵਾਂ ਦੀ ਮੁਹੱਬਤ ਦਾ ਕੋਈ ਅਜਾਇਬਘਰ ਹੋਵੇ। ਘਰ ਦਿਖਾਉਣ ਤੋਂ ਬਾਅਦ ਇਮਰੋਜ਼ ਨੇ ਆਪਣੇ ਹੱਥੀਂ ਅਦਰਕ ਵਾਲੀ ਬਹੁਤ ਹੀ ਸੁਆਦੀ ਚਾਹ ਬਣਾ ਕੇ ਪਿਆਈ। ਕਈ ਘੰਟੇ ਅਸੀਂ ਦੋਵਾਂ ਦੀਆਂ ਪਰੀ ਲੋਕ ਵਰਗੀਆਂ ਗੱਲਾਂ ਸੁਣਦੇ ਰਹੇ ਸਾਂ। 'ਜੰਗਲੀ ਬੂਟੀ' ਉਸ ਮਿਲਣੀ ਦੀ ਖੂਬਸੂਰਤ ਯਾਦ ਸੀ।

ਹੁਣ ਜਦੋਂ ਇਹ ਪੁਸਤਕ ਤਰਸੇਮ ਨੇ ਚੁੱਕੀ ਤਾਂ ਮੇਰਾ ਦਿਲ ਘਟਨ ਲੱਗਾ। 'ਪਰ ਘਰ ਗਈ ਨਾ ਬਹੁੜਦੀ, ਪੋਥੀ ਕਾਨੀ ਨਾਰ' ਦਾ ਅਖਾਣ ਚੇਤੇ ਆ ਗਿਆ। ਉਹ ਪਹਿਲਾਂ ਵੀ ਬਹੁਤ ਸਾਰੀਆਂ ਬਹੁਮੁੱਲੀਆਂ ਕਿਤਾਬਾਂ ਗੁਆ ਚੁੱਕਾ ਸੀ। ਕਿਤਾਬ ਲਿਜਾ ਕੇ ਸੰਭਾਲਣੀ ਉਸਦੀ ਆਦਤ ਦਾ ਹਿੱਸਾ ਨਹੀਂ ਸੀ। ਮੈਂ ਦੁਚਿਤੀ ਵਿਚ ਤਾਂ ਸਾਂ ਪਰ ਕਿਤਾਬ ਦੇਣ ਤੋਂ ਨਾਂਹ ਕਰਨਾ ਮੈਨੂੰ ਦੋਸਤੀ ਦੀ ਤੌਹੀਨ ਜਾਪਿਆ।

'ਯਾਰ, ਹਾਅ ਕੀ ਪੜ੍ਹਦਾ ਰਹਿਨੈ?'

'ਯੂ ਜੀ ਸੀ ਦੇ ਨੈੱਟ ਦੀ ਤਿਆਰੀ ਕਰ ਰਿਹਾਂ।'

'ਤੇਰੇ ਟੈਸਟ ਈ ਨ੍ਹੀ ਮੁੱਕਦੇ। ਕੀ ਐਵੇਂ ਝੱਖ ਮਾਰੀ ਜਾਨੈ। ਨੌਕਰੀ-ਨੂਕਰੀ ਤਾਂ ਮਿਲਣੀ ਨ੍ਹੀ।' ਇਹ ਗੱਲ ਉਹ ਪਹਿਲਾਂ ਵੀ ਕਿੰਨੀ ਦਫ਼ਾ ਆਖ ਚੁੱਕੈ, ਤਰਸੇਮ ਨੂੰ ਖੁਦ ਵੀ ਯਾਦ ਨਹੀਂ ਸੀ।

'ਨਹੀਂ ਮਿਲਦੀ ਤਾਂ ਨਾ ਮਿਲੇ। ਨੌਕਰੀ ਮਿਲਣੀ ਕੋਈ ਜ਼ਰੂਰੀ ਤਾਂ ਨ੍ਹੀ। ਆਹ ਕਿਤਾਬਾਂ ਪੜ੍ਹ ਕੇ ਜਿਹੜਾ ਗਿਆਨ ਹਾਸਲ ਹੋਜੂ, ਉਹ ਤਾਂ ਨ੍ਹੀ ਖੋਹ ਸਕਦੀ ਕੋਈ ਸਰਕਾਰ?' ਮੈਂ ਆਖ ਤਾਂ ਦਿੱਤਾ ਪਰ ਉਸਦੀ ਆਖੀ ਗੱਲ ਦਾ ਅਸਰ ਦਿਮਾਗ 'ਤੇ ਹੋ ਹੀ ਜਾਂਦਾ ਸੀ।

'ਤਰਸੇਮ, ਮੈਨੂੰ ਸਮਝ ਨ੍ਹੀ ਲੱਗਦੀ ਮੇਰੇ ਨਾਲ ਹੋ ਕੀ ਰਿਹੈ? ਪਹਿਲਾਂ ਪਿੰਡ ਦੇ ਸਾਂਝੇ ਥਾਂ 'ਤੇ ਪੋਸਟਰ ਲੱਗਦੇ ਸਨ। ਫਿਰ ਘਰ ਦੇ ਨੇੜੇ ਲੱਗਣ ਲੱਗੇ। ਹੁਣ ਕੋਈ ਹਨੇਰਾ ਹੋਏ ਜ਼ੋਰ ਜ਼ੋਰ ਦੀ ਦਰਵਾਜ਼ਾ ਖੜਕਾਉਣ ਲੱਗਦੈ। ਬੂਹਾ ਖੋਲ੍ਹਦਾਂ, ਖੜਕਾਉਣ ਵਾਲਾ ਭੂਤ ਵਾਂਗ ਰਾਤ ਦੇ ਹਨੇਰੇ 'ਚ ਗਾਇਬ ਹੋ ਜਾਂਦੈ।'

'ਇਹ ਕੀ ਗੱਲ ਹੋਈ?' ਉਹ ਕੁੱਝ ਚਿਰ ਸ਼ਸ਼ੋਪੰਜ 'ਚ ਪਿਆ ਰਿਹਾ।

'ਇਹ ਤਾਂ ਬੜੀ ਖਤਰਨਾਕ ਸਥਿਤੀ ਐ। ਏਸ ਹਿਸਾਬ ਨਾਲ ਤਾਂ ਥੋਡਾ ਕੋਈ ਨੁਕਸਾਨ ਵੀ ਹੋ ਸਕਦੈ।' ਉਹ ਚਿੰਤਾਤੁਰ ਜਾਪਦਾ ਸੀ।

'ਪਰ ਇਹ ਹੋਇਆ ਕੌਣ?'

'ਹੋਣੈ ਕੌਣ, ਕੋਈ ਆਵਦਾ ਈ ਹੋਊ। ਆਵਦੇ ਤੋਂ ਬਿਨਾ ਹੋਰ ਕਿਸੇ ਨੂੰ ਥੋਡਾ ਕੀ ਭੇਤ?'

'ਆਵਦਾ?' ਮੈਂ ਸਵਾਲ ਬਣਿਆ ਹੋਇਆ ਸਾਂ।

'ਓਹੀ ਹੋਣਗੇ। ਹੋਰ ਕੀਹਨੇ ਹੋਣਾ? ਪਿੰਡ ਦਾ ਬੰਦਾ ਵੀ ਨਾਲ ਹੋਊ ਉਨ੍ਹਾਂ ਦੇ।'

'ਨਹੀਂ ਯਾਰ, ਉਹ ਨ੍ਹੀ ਹੋ ਸਕਦੇ। ਜੇ ਉਨ੍ਹਾਂ ਨੇ ਸਾਡਾ ਨੁਕਸਾਨ ਕਰਨਾ ਹੁੰਦਾ ਹੁਣ ਨੂੰ ਕਰ ਦਿੰਦੇ। ਅਸੀਂ ਕਿੰਨਾ ਕੁ ਬਚਾਅ ਕਰ ਸਕਦੇ ਸਾਂ? ਨਾਲੇ ਮੈਂ ਜਾਣਦਾ ਹਾਂ ਉਨ੍ਹਾਂ ਨੂੰ। ਆਵਦੀ ਧੀ ਨੂੰ ਭਲਾ ਕਿਉਂ ਮਾਰਨਗੇ? ਅਗਲਿਆਂ ਨੇ ਨਾਤਾ ਤੋੜ ਲਿਆ ਗੱਲ ਖਤਮ।' ਮੈਂ ਅੱਧਮੰਨੇ ਜਿਹੇ ਮਨ ਨਾਲ ਆਖਿਆ ਸੀ।

'ਤੈਨੂੰ ਕੀ ਪਤਾ। ਖੋਰ ਨ੍ਹੀ ਗੁਆਉਂਦਾ ਹੁੰਦਾ ਕੋਈ ਵੀ।' ਉਹ ਜੰਗਲੀ ਬੂਟੀ ਪੁਸਤਕ ਦੇ ਵਰਕੇ ਪਲਟਣ ਲੱਗਾ। ਅੰਮ੍ਰਿਤਾ ਤੇ ਇਮਰੋਜ਼ ਵਲੋਂ ਦਿੱਤੇ ਆਟੋਗ੍ਰਾਫਾਂ 'ਤੇ ਆ ਕੇ ਉਸਦੀ ਨਿਗ੍ਹਾ ਜੰਮ ਗਈ ਸੀ।

'ਸੀਰਾ ਵੀ ਹੋ ਸਕਦੈ!' ਤਰਸੇਮ ਨੇ ਅਗਲਾ ਡੱਕਾ ਸੁੱਟਿਆ। ਉਸਨੇ ਮੇਰੇ ਸ਼ਰੀਕੇ 'ਚੋਂ ਲੱਗਦੇ ਭਰਾ ਦਾ ਨਾਂ ਸ਼ੱਕੀਆਂ 'ਚ ਰੱਖ ਦਿੱਤਾ ਸੀ।

'ਉਹਨੂੰ ਕੀ ਤਕਲੀਫ਼ ਹੋਈ? ਉਹਦੇ ਨਾਲ ਕਦੇ ਉੱਚੀ ਨੀਵੀਂ ਹੋਈ ਤਾਂ ਹੈਨੀ। ਮੇਰੇ ਨਾਲ ਤਾਂ ਉਹ ਤਰੀਕਾਂ 'ਤੇ ਵੀ ਜਾਂਦਾ ਰਿਹੈ।'

'ਤੈਨੂੰ ਨ੍ਹੀ ਪਤਾ ਉਦ੍ਹਾ। ਅੰਦਰੋ ਬੜਾ ਈਰਖਾਲੂ ਐ। ਹੋ ਸਕਦੈ ਕੋਈ ਪੁਰਾਣੀ ਗੱਲ ਚੇਤੇ ਆ ਗਈ ਹੋਵੇ।'

'ਹੋ ਸਕਦੈ।' ਮੈਂ ਜੱਕੋ-ਤੱਕੀ 'ਚ ਪੈ ਗਿਆ ਤੇ ਸੀਰੇ ਨਾਲ ਲੰਬੇ ਸਮੇਂ ਦੇ ਆਪਣੇ ਸਬੰਧਾਂ ਬਾਰੇ ਸੋਚਣ ਲੱਗਾ।

'ਇਹ ਐਮ ਐਲ ਏ ਕਿਆਂ ਦਾ ਕਾਰਾ ਵੀ ਹੋ ਸਕਦਾ। ਕਿੰਨਾ ਕੁੱਝ ਤਾਂ ਕੀਤਾ ਉਨ੍ਹਾਂ ਨੇ ਥੋਡੇ ਨਾਲ।'

'ਹਾਂ! ਹੋ ਸਕਦੈ। ਪਰ ਹੁਣ ਤਾਂ ਉਨ੍ਹਾਂ ਨਾਲੋਂ ਸਬੰਧ ਤੋੜਿਆਂ ਵੀ ਕਿੰਨੇ ਸਾਲ ਹੋਗੇ?' ਤਰਸੇਮ ਦੀ ਗੱਲ ਨਾਲ ਸਹਿਮਤੀ ਪ੍ਰਗਟ ਕਰਨ ਲੱਗਾ ਵੀ ਸ਼ੱਕ 'ਚ ਹੋ ਗਿਆ ਸਾਂ।

'ਦੇਖ! ਐਹੋ ਜਿਹੇ ਮੌਕੇ ਨੂੰ ਅਗਲਾ ਦੁਸ਼ਮਣੀ ਕੱਢਣ ਲਈ ਵਰਤ ਲੈਂਦਾ। ਉਨ੍ਹਾਂ ਨੂੰ ਪਤੈ ਨਾਂ ਤਾਂ ਸਿਮਰ ਦੇ ਘਰਦਿਆਂ ਦਾ ਹੀ ਲੱਗ ਜਾਣਾ। ਹੈ ਕ'ਨ੍ਹੀ?'

ਗੱਲ ਮੈਨੂੰ ਜਚ ਗਈ ਸੀ। ਮੈਂ ਐਮ ਐਲ ਏ ਨਾਲ ਆਪਣੇ ਸਬੰਧਾਂ ਬਾਰੇ ਸੋਚਣ ਲੱਗਾ। ਐਮ ਐਲ ਏ ਸਾਹਿਬ ਦਾ ਰਾਜਨੀਤਕ ਜੀਵਨ ਖਾਤਮੇ ਵੱਲ ਸੀ। ਇਸ ਵਿਚ ਉਸਦੀਆਂ ਹੋਰ ਆਦਤਾਂ ਤੋਂ ਇਲਾਵਾ ਹਾਲਾਤ ਦਾ ਵੀ ਅਹਿਮ ਰੋਲ ਸੀ। ਪੰਜਾਬ ਵਿਚਲੇ ਸੰਤਾਪ ਭਰੇ ਦੌਰ ਨੇ ਕਾਂਗਰਸ ਦੀ ਹਾਲਤ ਪਾਣੀਓਂ ਪਤਲੀ ਕਰ ਦਿੱਤੀ ਹੋਈ ਸੀ। ਤੇਜ਼ੀ ਨਾਲ ਉਭਰ ਰਹੀ ਨਵੀਂ ਪਾਰਟੀ ਨੇ ਕਾਂਗਰਸ ਦਾ ਆਧਾਰ ਰਹੀ ਦਲਿਤ ਵੋਟ ਖਿਸਕਾ ਲਈ ਸੀ। ਐਮ ਐਲ ਏ ਸਾਹਿਬ ਆਪਣੇ ਰਾਜਨੀਤਕ ਪਤਨ ਲਈ ਮੈਨੂੰ ਕਿਤੇ ਵੱਧ ਜ਼ਿੰਮੇਵਾਰ ਸਮਝਦੇ ਸਨ।

ਉਨ੍ਹਾਂ ਦਿਨਾਂ 'ਚ ਹਜ਼ਾਰਾਂ ਨੌਜੁਆਨ ਜਵਾਨੀ ਦੇ ਜੋਸ਼ 'ਚ ਵੱਡੀਆਂ ਰਾਜਨੀਤਕ ਤਬਦੀਲੀਆਂ ਕਰਨ ਲਈ ਉਤਾਰੂ ਹੋਏ ਫਿਰਦੇ ਸਨ। ਉਹ ਸਮਝਣ ਲੱਗੇ ਸਨ ਕਿ ਰਾਜਨੀਤਕ ਪਾਰਟੀਆਂ ਨੇ ਦਲਿਤ ਲੋਕਾਂ ਨੂੰ ਵੋਟ ਤੋਂ ਵਧ ਕੇ ਕੁੱਝ ਨਹੀਂ ਸਮਝਿਆ। ਰਵਾਇਤੀ ਪੂੰਜੀਵਾਦੀ ਪਾਰਟੀਆਂ ਵਲੋਂ ਰਾਖਵੀਆਂ ਸੀਟਾਂ ਤੋਂ ਚੁਣੇ ਐਮ ਐਲ ਏ ਤੇ ਐਮ ਪੀ ਗਰੀਬ ਸਮਾਜ ਦੀ ਬਿਹਤਰੀ ਵੱਲ ਘੱਟ, ਆਪਣੀ ਕੁਰਸੀ ਬਚਾਉਣ ਵੱਲ ਵੱਧ ਲੱਗੇ ਰਹਿੰਦੇ। ਉਨ੍ਹਾਂ ਦੀ ਐਨੀ ਹੈਸੀਅਤ ਵੀ ਨਹੀਂ ਹੁੰਦੀ ਕਿ ਉਹ ਗਰੀਬ ਪੱਖੀ ਨੀਤੀਆਂ ਬਣਵਾ ਕੇ ਲਾਗੂ ਕਰਵਾ ਸਕਣ। ਸਾਰਾ ਧਿਆਨ ਅਗਲੀ ਵਾਰ ਪਾਰਟੀ ਦੀ ਟਿਕਟ ਹਾਸਲ ਕਰਨ 'ਤੇ ਹੀ ਕੇਂਦਰਿਤ ਰਹਿੰਦਾ ਹੈ।

ਦਲਿਤਾਂ 'ਚ ਆਈ ਨਵੀਂ ਚੇਤਨਾ ਨੇ ਵਿਵਸਥਾ ਦੇ ਪਰਿਵਰਤਨ ਲਈ ਲੋਕਾਂ ਅੰਦਰ ਬਾਰੂਦ ਭਰ ਦਿੱਤਾ ਸੀ। ਰਾਜਨੀਤਕ ਉਥਲ-ਪੁਥਲ ਕਰਨ ਦੇ ਸੁਪਨੇ ਲਈ ਫਿਰਦੇ ਲੋਕਾਂ ਦੇ ਹਜ਼ਾਰਾਂ ਸਾਈਕਲਾਂ-ਸਕੂਟਰਾਂ ਦੇ ਕਾਫ਼ਲੇ ਦਿੱਲੀ ਦੇ ਲਾਲ ਕਿਲੇ 'ਤੇ ਕਬਜ਼ੇ ਦੇ ਨਾਅਰੇ ਮਾਰਦੇ ਪਿੰਡਾਂ ਤੇ ਸ਼ਹਿਰਾਂ 'ਚ ਮਾਰਚ ਕਰਦੇ। ਝੁੱਗੀਆਂ-ਝੌਂਪੜੀਆਂ ਨੂੰ ਰਾਜ ਭਾਗ ਵਾਲੇ ਤਖ਼ਤ 'ਤੇ ਬਹਾਉਣ ਦੇ ਸੁਪਨੇ ਲੈਂਦਿਆਂ ਅਸੀਂ ਵੱਡੇ ਵੱਡੇ ਧੁਰੰਤਰਾਂ ਨਾਲ ਟਕਰਾ ਗਏ ਸਾਂ। ਪੂਰੇ ਦੇਸ਼ 'ਚ ਕਾਂਗਰਸ ਦੀ ਸੱਤਾ ਦਾ ਸਿੰਘਾਸਣ ਡੋਲਣ ਲੱਗਾ। ਗਰੀਬ ਵੋਟ ਕਾਂਗਰਸ ਨਾਲੋਂ ਟੁੱਟ ਕੇ 'ਦੇਸ਼ ਕਾ ਨੇਤਾ ਕੈਸਾ ਹੋ...ਜੈਸਾ ਹੋ' ਦੇ ਨਾਅਰੇ ਮਾਰਨ ਲੱਗੀ। ਇੱਕੋ ਬੰਦੇ ਨੇ ਦਿਨ-ਰਾਤ ਦੀ ਮਿਹਨਤ ਨਾਲ ਪਾਰਟੀ ਖੜ੍ਹੀ ਕਰ ਕੇ ਸਦੀ ਪੁਰਾਣੀ ਪਾਰਟੀ ਦੀਆਂ ਜੜ੍ਹਾਂ 'ਚ ਤੇਲ ਚੋਅ ਦਿੱਤਾ। ਉਨ੍ਹਾਂ ਦੇ ਹੱਥਾਂ 'ਚ 'ਹੱਥ' ਦੀ ਥਾਵੇਂ 'ਹਾਥੀ' ਵਾਲੇ ਝੰਡੇ ਆ ਗਏ ਸਨ।

ਅਜਿਹੇ ਸਮੇਂ ਜਦੋਂ ਦੇਸ਼ ਪੱਧਰ 'ਤੇ ਹੀ ਕਾਂਗਰਸ ਦੀ ਹਾਲਤ ਵੈਂਟੀਲੇਟਰ 'ਤੇ ਪਏ ਮਰੀਜ਼ ਵਰਗੀ ਹੋ ਗਈ ਸੀ, ਇੱਕ ਛੋਟੇ ਜਿਹੇ ਸੂਬੇ ਦੇ ਐਮ ਐਲ ਏ ਦਾ ਰਾਜਨੀਤਕ ਜੀਵਨ ਕਿੰਨਾ ਕੁ ਚਿਰ ਬਚ ਸਕਦਾ ਸੀ। ਇਹ ਵਿਧਾਇਕ ਕਿਉਂਕਿ ਸਾਡੇ ਸ਼ਰੀਕੇ 'ਚੋਂ ਸੀ, ਆਪਣੀ ਰਾਜਨੀਤਕ ਪਾਰਟੀ ਦੇ ਖਾਤਮੇ ਲਈ ਮੈਨੂੰ ਜ਼ਿੰਮੇਵਾਰ ਠਹਿਰਾਉਣਾ ਉਸ ਲਈ ਸੌਖਾ ਸੀ। ਇਹ ਵਿਧਾਇਕ ਸਾਡੇ ਪਰਿਵਾਰ ਨਾਲ ਕਿੰਨਾ ਕੁ ਖਹਿੰਦਾ ਰਿਹਾ ਸੀ ਤੇ ਕਿਵੇਂ ਸਾਨੂੰ ਤੰਗ ਪਰੇਸ਼ਾਨ ਕਰਦਾ ਰਿਹਾ ਸੀ, ਇਹ ਇਕ ਲੰਬੀ ਕਹਾਣੀ ਹੈ।

'ਹੋ ਸਕਦਾ ਐਮ ਐਲ ਏ ਕਾ ਹੀ ਹੱਥ ਹੋਵੇ, ਪਰ ਹੁਣ ਮੈਂ ਕੀ ਕਰਾਂ?' ਮੈਂ ਸੋਚਾਂ 'ਚੋਂ ਬਾਹਰ ਆਉਂਦਿਆਂ ਆਪਣਾ ਫਿਕਰ ਤਰਸੇਮ ਅੱਗੇ ਰੱਖ ਦਿੱਤਾ।

'ਮੇਰੇ ਹਿਸਾਬ ਨਾਲ ਤੂੰ ਸਿਮਰਜੀਤ ਤੋਂ ਨੌਕਰੀ ਛੁਡਾ ਲੈ। ਐਨੀ ਦੂਰ ਡਿਊਟੀ ਕਰਨ ਜਾਂਦੀ ਹੈ, ਕੋਈ ਦੁਰਘਟਨਾ ਹੋ ਜਾਊ।' ਕਿਤਾਬ ਦੇ ਵਰਕੇ ਉਲੱਦਦਾ ਤਰਸੇਮ ਤਾਂ ਚਲਾ ਗਿਆ ਪਰ ਮੈਨੂੰ ਚਿੰਤਾ ਦੀ ਡੂੰਘੀ ਖੱਡ 'ਚ ਧੱਕ ਗਿਆ।

ਮੇਰੀ ਚਿੰਤਾ ਵਾਜਬ ਸੀ। ਜੇਕਰ ਸਾਡੇ 'ਚੋਂ ਇੱਕ ਦਾ ਵੀ ਨੁਕਸਾਨ ਹੋ ਜਾਂਦਾ ਤਾਂ ਦੂਸਰੇ ਦੀ ਜ਼ਿੰਦਗੀ ਆਪਣੇ ਆਪ ਹੀ ਖ਼ਤਮ ਹੋ ਜਾਣੀ ਸੀ। ਮੈਂ ਆਪਣੇ ਕੁੱਝ ਫਿਕਰ ਸਿਮਰ ਨਾਲ ਸਾਂਝੇ ਕਰ ਲੈਂਦਾ ਪਰ ਬਹੁਤੇ ਸੀਨੇ 'ਚ ਹੀ ਦਫ਼ਨ ਕਰ ਲੈਂਦਾ। ਮੇਰਾ ਸੁਭਾਅ ਪਹਿਲਾਂ ਤੋਂ ਹੀ ਚੁੱਪ ਰਹਿਣਾ ਸੀ ਪਰ ਹੁਣ ਕੁੱਝ ਵਧੇਰੇ ਹੀ ਅੰਤਰਮੁਖੀ ਹੁੰਦਾ ਜਾ ਰਿਹਾ ਸਾਂ। ਮੇਰਾ ਅੰਦਰ ਹੀ ਅੰਦਰ ਸਿਮਟਦੇ ਜਾਣਾ ਸਿਮਰ ਨੂੰ ਦੁਖੀ ਕਰਦਾ। ਉਸ ਨੂੰ ਜਾਪਦਾ, ਜਿਵੇਂ ਮੈਂ ਉਸਤੋਂ ਭਗੌੜਾ ਹੋ ਰਿਹਾ ਹੋਵਾਂ। ਜਿਵੇਂ ਉਸ ਖਿਲਾਫ਼ ਘਰ 'ਚ ਚੱਲਦੀਆਂ ਸਾਜ਼ਿਸ਼ੀ ਲਹਿਰਾਂ 'ਚ ਸ਼ਾਮਲ ਹੋ ਗਿਆ ਹੋਵਾਂ। ਮੈਂ ਆਪਣੇ-ਆਪ ਨੂੰ ਆਲੇ-ਦੁਆਲੇ ਨਾਲੋਂ ਤੋੜਨ ਲੱਗਾ। ਬਹੁਤ ਸਾਰੇ ਖਾਸ ਦੋਸਤਾਂ ਨੂੰ ਵੀ ਸ਼ੱਕ ਦੀ ਨਿਗਾਹ ਨਾਲ ਦੇਖਣ ਲੱਗਾ। ਮੇਰੀਆਂ ਅੱਖਾਂ ਉੱਪਰ ਸ਼ੱਕ ਦੀਆਂ ਐਨਕਾਂ ਪੱਕੇ ਤੌਰ 'ਤੇ ਲੱਗ ਗਈਆਂ ਸਨ।

ਮੈਂ ਸਿਮਰ ਦੀ ਬਦਲੀ ਘਰ ਦੇ ਨੇੜੇ ਕਰਵਾਉਣ ਲਈ ਕੋਸ਼ਿਸ਼ਾਂ ਆਰੰਭ ਦਿੱਤੀਆਂ। ਤਰਸੇਮ ਦੀ ਘਰਵਾਲੀ ਵੀ ਫਰੀਦਕੋਟ ਮੈਡੀਕਲ ਕਾਲਜ ਵਿਚ ਹੀ ਨੌਕਰੀ ਕਰਦੀ ਸੀ। ਉਹ ਵੀ ਇਲਾਕੇ ਦੇ ਪਹੁੰਚ ਵਾਲੇ ਲੀਡਰਾਂ ਰਾਹੀਂ ਬਦਲੀ ਵਾਸਤੇ ਜ਼ੋਰ ਮਾਰਨ ਲੱਗਾ। ਬਦਲੀ ਕਰਵਾਉਣ ਲਈ ਉਨ੍ਹਾਂ ਦਿਨਾਂ 'ਚ ਪੈਸਿਆਂ ਦਾ ਖਾਸਾ ਆਦਾਨ-ਪ੍ਰਦਾਨ ਚੱਲਣ ਦੇ ਚਰਚੇ ਸਨ। ਤਰਸੇਮ ਘਰਵਾਲੀ ਦੀ ਬਦਲੀ ਕਰਵਾਉਣ ਲਈ ਗਾਂਧੀ ਬਾਬੇ ਦੀ ਸਹਾਇਤਾ ਵੀ ਲੈ ਰਿਹਾ ਸੀ ਪਰ ਸਾਡੇ ਕੋਲ ਗਾਂਧੀ ਬਾਬਾ ਕਿੱਥੇ ਸੀ? ਗਾਂਧੀ ਨਾਲ ਤਾਂ ਮੁੱਢ ਤੋਂ ਹੀ ਨਹੀਂ ਸੀ ਬਣੀ। ਨਾ ਉਸਦੀ ਵਿਚਾਰਧਾਰਾ ਨਾਲ ਤੇ ਨਾ ਹੀ ਉਸਦੀ ਫੋਟੋ ਵਾਲੇ ਨੋਟਾਂ ਨਾਲ।

ਬਦਲੀਆਂ ਦੀ ਆਖਰੀ ਤਾਰੀਖ ਵਾਲੇ ਦਿਨ ਸਿਮਰ ਦੀ ਬਦਲੀ ਜ਼ੀਰੇ ਨੇੜੇ ਪਿੰਡ ਕੱਸੋਆਣਾ ਦੇ ਸਿਵਲ ਹਸਪਤਾਲ ਦੀ ਹੋ ਗਈ ਪਰ ਗਾਂਧੀ ਬਾਬਾ ਤਰਸੇਮ ਦੇ ਕਿਸੇ ਕੰਮ ਨਾ ਆਇਆ। ਮੈਨੂੰ ਇਸ ਗੱਲ ਦਾ ਬੜਾ ਦੁੱਖ ਸੀ। ਜਿਵੇਂ ਮੈਂ ਤੇ ਸਿਮਰ ਨੇ ਮੁਸ਼ਕਲਾਂ ਹੰਢਾਈਆਂ ਸਨ, ਤਰਸੇਮ ਤੇ ਉਸਦੀ ਪਤਨੀ ਨੇ ਵੀ ਬੜੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਸੀ। ਬੜੇ ਔਖੇ ਹੋ ਕੇ ਆਪਣਾ ਵਿਆਹ ਨੇਪਰੇ ਚਾੜ੍ਹਿਆ ਸੀ। ਬੜੇ ਯੁੱਧਾਂ ਨਾਲ ਆਪਣੇ ਸਹੁਰਿਆਂ ਨੂੰ ਵਿਆਹ ਲਈ ਰਾਜ਼ੀ ਕੀਤਾ ਸੀ। ਉਸਦੇ ਸੰਘਰਸ਼ ਦਾ ਮੈਂ ਚਸ਼ਮਦੀਦ ਗਵਾਹ ਸਾਂ।

ਤਰਸੇਮ ਦੇ ਵਿਆਹ ਵਿਚ ਆਰਥਿਕ ਪਾੜੇ ਤੋਂ ਇਲਾਵਾ ਹੋਰ ਕੋਈ ਵੱਡੀ ਅੜਚਨ ਨਹੀਂ ਸੀ। ਦੋਵਾਂ ਦੇ ਘਰਦਿਆਂ ਦਾ ਆਰਥਿਕ ਪੱਖ ਸ਼ਾਇਦ ਹਾਣ ਦਾ ਨਹੀਂ ਸੀ। ਤਰਸੇਮ ਵਲੋਂ ਇਧਰੋਂ-ਉਧਰੋਂ ਬੰਦੇ ਪਾ ਕੇ ਕੁੜੀ ਵਾਲਿਆਂ ਨੂੰ ਮਨਾਉਣ ਦੇ ਯਤਨ ਕੀਤੇ ਜਾ ਰਹੇ ਸਨ ਪਰ ਕਿਸੇ ਵੀ ਸੰਭਾਵੀ ਖ਼ਤਰੇ ਨੂੰ ਧਿਆਨ 'ਚ ਰੱਖਦਿਆਂ ਉਸਨੇ ਕੋਰਟ ਮੈਰਿਜ ਕਰਵਾਉਣ ਦਾ ਨਿਰਣਾ ਲੈ ਲਿਆ। ਅਦਾਲਤੀ ਕਾਰਵਾਈ ਵਾਲੀ ਸਾਰੀ ਨੱਠ-ਭੱਜ ਕਰਨ ਦੀ ਜ਼ਿੰਮੇਵਾਰੀ ਮੇਰੇ ਜ਼ੁੰਮੇ ਸੀ। ਮੈਂ ਆਪਣੇ ਬਹੁਤ ਹੀ ਨਜ਼ਦੀਕੀ ਅਤੇ ਜਨ ਸਿਹਤ ਮਹਿਕਮੇ ਦੇ ਮੁਲਾਜ਼ਮ ਆਗੂ ਕਿਰਪਾਲ ਸਿੰਘ ਸੰਧੂ ਨੂੰ ਨਾਲ ਲੈ ਕੇ ਉਸਦੇ ਵਕੀਲ ਭਰਾ ਹਰਦਿਆਲ ਸਿੰਘ ਨਾਲ ਗੱਲ ਕੀਤੀ। ਅਦਾਲਤੀ ਕਾਰਵਾਈ ਲਈ ਮੋਗੇ ਦੀਆਂ ਕਚਹਿਰੀਆਂ ਚੁਣ ਲਈਆਂ। ਦੋਵਾਂ ਦੇ ਬਾਲਗ ਹੋਣ ਸਬੰਧੀ ਤੇ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਸਬੰਧੀ ਨੇੜਲੇ ਰਿਸ਼ਤੇਦਾਰਾਂ ਦੀਆਂ ਗਵਾਹੀਆਂ ਦੀ ਜ਼ਰੂਰਤ ਸੀ। ਤਰਸੇਮ ਦੇ ਨੇੜਲੇ ਰਿਸ਼ਤੇਦਾਰ ਵਜੋਂ ਗਵਾਹੀ ਮੈਂ ਤੇ ਬਾਈ ਕਿਰਪਾਲ ਸਿੰਘ ਨੇ ਪਾ ਦਿੱਤੀ। ਖੈਰ ਬਾਅਦ 'ਚ ਇਸ ਅਦਾਲਤੀ ਪਰਚੱਟੂ ਦੀ ਲੋੜ ਨਾ ਪਈ। ਉਸਦੇ ਸਹੁਰੇ ਮੰਨ ਗਏ ਤੇ ਵਿਆਹ ਪੂਰੀ ਧੂਮ-ਧਾਮ ਨਾਲ ਹੋਇਆ ਸੀ।

ਕੱਸੋਆਣੇ ਬਦਲੀ ਹੋ ਜਾਣ ਨਾਲ ਸਾਡੀ ਜਾਨ ਸੌਖੀ ਹੋ ਜਾਵੇਗੀ। ਮੈਂ ਚੰਡੀਗੜ੍ਹੋਂ ਛਪਦੇ ਪੰਜਾਬੀ ਅਖਬਾਰ ਲਈ ਪੱਤਰਕਾਰ ਸਾਂ। ਪੱਤਰਕਾਰੀ ਦਾ ਪ੍ਰਭਾਵ ਵਰਤਦਿਆਂ ਫਿਰੋਜ਼ਪੁਰ ਵਾਲੇ ਸਿਵਲ ਸਰਜਨ ਤੋਂ ਸਿਮਰ ਦੀ ਆਰਜ਼ੀ ਡਿਊਟੀ ਕੱਸੋਆਣੇ ਤੋਂ ਕੋਟ ਈਸੇ ਖਾਂ ਦੀ ਲੁਆ ਲਈ। ਸਮਾਂ ਖਤਮ ਹੁੰਦਿਆਂ ਹੀ ਦੁਬਾਰਾ ਵਧਾ ਲੈਂਦੇ। ਕੋਟ ਈਸੇ ਖਾਂ ਤਾਂ ਘਰ ਵਾਲੀ ਗੱਲ ਸੀ। ਜ਼ਿੰਦਗੀ ਦੇ ਬੇਲਿਆਂ 'ਚ ਮਿੱਠੀ-ਮਿੱਠੀ ਹਵਾ ਰੁਮਕਣ ਦੀ ਸੰਭਾਵਨਾ ਬਣਨ ਲੱਗੀ।

ਅਜੇ ਬਹੁਤੇ ਦਿਨ ਨਹੀਂ ਸੀ ਬੀਤੇ ਜਦੋਂ ਤਨ-ਮਨ ਲੂਹ ਸੁੱਟਣ ਵਾਲਾ ਤੱਤੀ ਹਵਾ ਦਾ ਬੁੱਲ੍ਹਾ ਨੀਲਾ ਲਿਫਾਫਾ ਬਣ ਕੇ ਘਰ ਦੀਆਂ ਬਰੂਹਾਂ ਆ ਲੰਘਿਆ। ਉਦੋਂ ਅਖਬਾਰਾਂ ਰਸਾਲਿਆਂ 'ਚ ਛਪਦੀਆਂ ਰਚਨਾਵਾਂ ਕਾਰਨ ਘਰ 'ਚ ਪਾਠਕਾਂ ਜਾਂ ਸਾਹਿਤਕ ਦੋਸਤਾਂ ਦੇ ਨੀਲੇ-ਪੀਲੇ ਲਿਫਾਫੇ ਆਮ ਹੀ ਆਇਆ ਕਰਦੇ ਸਨ। ਉਹ ਲਿਫਾਫਾ ਵੀ ਮੈਂ ਪਹਿਲੇ ਲਿਫਾਫਿਆਂ ਵਾਂਗ ਬੜੇ ਮੋਹ ਤੇ ਉਮੰਗ ਨਾਲ ਖੋਲ੍ਹਿਆ ਸੀ। ਇਹ ਕਿਸੇ ਪਾਠਕ ਜਾਂ ਸਾਹਿਤਕ ਬੇਲੀ ਦਾ ਮੁਹੱਬਤਨਾਮਾ ਨਹੀਂ ਸੀ, ਬਲਕਿ ਇਸਦੀ ਇਬਾਰਤ ਬਿਲਕੁੱਲ ਉਹੋ ਜਿਹੀ ਸੀ, ਜਿਹੋ ਜਿਹੀ ਪਿਛਲੇ ਸਮੇਂ ਤੋਂ ਕੰਧ 'ਤੇ ਚਿਪਕਦੇ ਆ ਰਹੇ ਇਸ਼ਤਿਹਾਰਾਂ ਦੀ ਸੀ, 'ਕੀ ਸਮਝਦੇ ਓਂ ਫਰੀਦਕੋਟ ਤੋਂ ਬਦਲੀ ਕਰਵਾ ਕੇ ਬਚ ਜਾਉਂਗੇ? ਇਹ ਤੁਹਾਡੀ ਭੁੱਲ ਹੈ। ਭਾਵੇਂ ਪਤਾਲ 'ਚ ਲੁਕ ਜਾਵੋ, ਥੋਨੂੰ ਛੱਡਣਾ ਨ੍ਹੀ।'

ਥੋੜ੍ਹੇ ਦਿਨਾਂ ਬਾਅਦ ਫੇਰ ਅਜਿਹੇ ਦਿਲ ਲੂਹਣ ਵਾਲੇ ਖਤ ਨੇ ਘਰ ਦੇ ਬੂਹੇ 'ਤੇ ਆਣ ਦਸਤਕ ਦਿੱਤੀ, 'ਥੋਨੂੰ ਜਿਉਣ ਦਾ ਕੋਈ ਹੱਕ ਨ੍ਹੀ। ਤੁਸੀਂ ਕੀ ਸੋਚਦੇਂ, ਸਾਨੂੰ ਕਿਤੇ ਥੋਡੇ ਟਿਕਾਣਿਆਂ ਦਾ ਪਤਾ ਨ੍ਹੀ? ਸਾਨੂੰ ਸਾਰਾ ਪਤਾ ਐ। ਤੁਸੀਂ ਸਾਥੋਂ ਵੀਹਰੇ ਨ੍ਹੀਂ। ਅਸੀਂ ਤਾਂ ਥੋਡੇ ਮੂੰਹ ਵੱਲੀਂ ਵੇਂਹਦੇ ਸੀਗੇ। ਅਸੀਂ ਸੋਚਦੇ ਸੀ ਤੁਸੀਂ ਦੂਰ ਕਿਧਰੇ ਦਫ਼ਾ ਹੋ ਜਾਉਂਗੇ। ਪਰ ਥੋਡੀ ਮੌਤ ਥੋਨੂੰ ਘੇਰ ਕੇ ਇੱਥੇ ਲੈ ਆਈ ਹੈ। ਥੋਡੇ ਦਿਨ ਨੇੜੇ ਈ ਆ। ਚੁਗਲੋ ਦਾਣਾ ਪਾਣੀ ਜਿਹੜਾ ਚਾਰ ਦਿਨ ਚੁਗਣਾ।'

ਫਿਰ ਇੱਕ ਹੋਰ ਤੇ ਇੱਕ ਹੋਰ। ਪਹਿਲੇ ਖ਼ਤ ਦੀ ਦਹਿਸ਼ਤ ਅਜੇ ਦਿਲ ਦਿਮਾਗ ਤੋਂ ਲੱਥੀ ਨਹੀਂ ਸੀ ਹੁੰਦੀ ਕਿ ਨਵਾਂ ਖ਼ਤ ਮੌਤ ਦਾ ਪ੍ਰਵਾਨਾ ਲੈ ਕੇ ਆ ਬਹੁੜਦਾ। ਨਵੀਂ ਇਬਾਰਤ ਤੇ ਨਵੀਂ ਲਿਖਾਈ। ਪਹਿਲਾਂ ਨਾਲੋਂ ਵੀ ਖ਼ਤਰਨਾਕ ਤੇ ਭੱਦੀਆਂ ਗਾਹਲਾਂ ਕੱਢੀਆਂ ਹੁੰਦੀਆਂ। ਖ਼ਤ ਦਾ ਮਤਲਬ ਧਮਕੀ ਤੇ ਖ਼ੌਫ ਬਣ ਕੇ ਰਹਿ ਗਿਆ। ਉਹ ਦਿਨ ਤਾਂ ਬੜੀ ਦੂਰ ਰਹਿ ਗਏ ਸਨ ਜਦੋਂ ਮੱਥੇ 'ਤੇ ਮੋਹ ਦੇ ਦੀਵੇ ਬਾਲ ਕੇ ਖ਼ਤ ਦੀ ਉਡੀਕ ਕਰੀਦੀ ਸੀ। ਬੂਹੇ ਦੇ ਬਾਹਰ ਵੱਜਦੀ ਸਾਈਕਲ ਦੀ ਘੰਟੀ ਦੀ ਧੁਨ ਮਿੱਠੀ ਤੇ ਪਿਆਰੀ ਲੱਗਦੀ। ਡਾਕੀਆ ਅਰਸ਼ੋਂ ਉਤਰਿਆ ਫਰਿਸ਼ਤਾ ਲੱਗਦਾ। ਉਸਦੀ ਆਵਾਜ਼ ਸੁਣਨ ਲਈ ਕੰਨ ਬਾਹਰਲੇ ਬੂਹੇ ਵੱਲ ਲੱਗੇ ਰਹਿੰਦੇ ਸਨ।

ਹੁਣ ਤਾਂ ਡਾਕੀਏ ਦੇ ਸਾਈਕਲ ਦੀ ਘੰਟੀ ਜਿਵੇਂ ਤ੍ਰਾਹ ਕੱਢ ਦਿੰਦੀ। ਇੱਕ ਵਕਤ ਸੀ ਜਦੋਂ ਉਹ ਮੁਹੱਬਤ ਨਾਲ ਭਰਿਆ ਖ਼ਤ ਹੱਥ 'ਚ ਫੜਾਉਂਦਾ ਤਾਂ ਉਸਦੇ ਹੱਥ ਚੁੰਮ ਲੈਣ ਨੂੰ ਜੀਅ ਕਰਦਾ। ਜੇ ਉਡੀਕਿਆ ਖ਼ਤ ਦੋ ਚਾਰ ਦਿਨ ਨਾ ਆਉਂਦਾ ਤਾਂ ਮੈਂ ਆਨੇ-ਬਹਾਨੇ ਡਾਕੀਏ ਦੇ ਘਰ ਗੇੜਾ ਮਾਰ ਆਉਂਦਾ। ਉਨ੍ਹਾਂ ਦਿਨਾਂ 'ਚ ਕਈ ਕਈ ਸਫਿਆਂ ਦੇ ਖ਼ਤ ਵੀ ਛੋਟੇ ਲੱਗਦੇ ਪਰ ਹੁਣ ਤਾਂ ਟੈਸਟ ਇੰਟਰਵਿਊ ਵਾਲੇ ਪੱਤਰ ਵੀ ਚੰਗੇ ਨਹੀਂ ਸਨ ਲੱਗਦੇ। ਕਈ ਵਾਰ ਜੀਅ ਕਰਦਾ ਡਾਕੀਏ ਤੋਂ ਖ਼ਤ ਫੜਨ ਤੋਂ ਨਾਂਹ ਕਰ ਦੇਵਾਂ। ਉਂਝ ਵੀ ਡਾਕੀਆ ਮੇਰੇ ਨਾਲ ਹੀ ਪੜ੍ਹਦਾ ਰਿਹਾ ਸੀ ਤੇ ਹਮੇਸ਼ਾਂ ਜਮਾਤੀ ਹੋਣ ਦੇ ਮਾਣ ਨਾਲ ਹੀ ਮੇਰੇ

*(ਬਾਕੀ ਸਫਾ 29 'ਤੇ)*

# ਬੇਰੁਜ਼ਗਾਰੀ, ਮਹਿੰਗਾਈ ਅਤੇ ਆਜ਼ਾਦੀ, ਤਬਾਹੀ ਕੰਢੇ ਭਾਰਤ

ਗੱਲ ਭਾਰਤ ਵਿਚ ਆਜ਼ਾਦੀ ਦੇ ਮੁੱਦੇ ਤੋਂ ਸ਼ੁਰੂ ਕਰ ਲੈਂਦੇ ਹਾਂ ਕਿਉਂਕਿ ਇਹ ਦੇਸ਼ 'ਚ ਵਧ ਰਹੀ ਮਹਿੰਗਾਈ ਅਤੇ ਬੇਰੁਜ਼ਗਾਰੀ ਤੋਂ ਵੀ ਵੱਧ ਮਹੱਤਵਪੂਰਨ ਅਤੇ ਚਿੰਤਾਜਨਕ ਹੈ।

ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਸੁਪਰੀਮ ਕੋਰਟ ਵਿਚ ਕਈ ਮੁਕੱਦਮੇ ਲੰਬਿਤ ਪਏ ਹਨ, ਜੋ ਆਜ਼ਾਦੀ ਨਾਲ ਜੁੜੇ ਹੋਏ ਹਨ। ਸੂਝਵਾਨ, ਚਿੰਤਾਵਾਨ ਸ਼ਖ਼ਸੀਅਤਾਂ ਨੇ ਦੇਸ਼ 'ਚ ਖੁਰ ਰਹੇ ਆਜ਼ਾਦੀ ਦੇ ਹੱਕਾਂ ਨੂੰ ਥਾਂ ਸਿਰ ਕਰਨ ਲਈ ਸੁਪਰੀਮ ਕੋਰਟ ਦੇ ਸਹੀ ਫੈਸਲਿਆਂ ਦੀ ਤਵੱਕੋ ਕੀਤੀ ਹੈ। ਕੁਝ ਮੁਕੱਦਮੇ ਹੇਠ ਲਿਖੇ ਹਨ:

**1. ਚੋਣ ਬੌਂਡ ਮਾਮਲਾ:** ਕੀ ਰਾਜ (ਕੇਂਦਰ ਸਰਕਾਰ) ਇਹੋ ਜਿਹਾ ਕਾਨੂੰਨ ਬਣਾ ਸਕਦੀ ਹੈ, ਜੋ ਉਦਯੋਗ ਜਗਤ (ਜਿਸ ਵਿਚ ਘਾਟੇ ਵਾਲੀਆਂ ਕੰਪਨੀਆਂ ਵੀ ਸ਼ਾਮਲ ਹਨ) ਨੂੰ ਸਿਆਸੀ ਦਲਾਂ ਨੂੰ ਬੇਨਾਮੀ ਅਤੇ ਅਸੀਮਤ ਦਾਨ ਦੇਣ ਦਾ ਹੱਕ ਦਿੰਦਾ ਹੋਵੇ ਅਤੇ ਕੁਸ਼ਲਤਾ ਨਾਲ



**ਗੁਰਮੀਤ ਸਿੰਘ ਪਲਾਹੀ**
**ਫੋਨ:98158-02070**

ਭ੍ਰਿਸ਼ਟਾਚਾਰ, ਪੂੰਜੀਵਾਦ ਅਤੇ ਸੱਤਾਧਾਰੀ ਪਾਰਟੀ ਨੂੰ ਦਾਨ ਦਾ ਰਸਤਾ ਸਾਫ਼ ਕਰਦਾ ਹੋਵੇ?

**2. ਪੂਰਨ ਬੰਦੀ:** ਕੀ ਰਾਜ (ਕੇਂਦਰ ਸਰਕਾਰ) ਲੋਕਾਂ ਨੂੰ ਬਿਨਾਂ ਨੋਟਿਸ ਦਿੱਤੇ ਪੂਰਨਬੰਦੀ ਲਾਗੂ ਕਰ ਸਕਦੀ ਹੈ? ਅਤੇ ਕਰੋੜਾਂ ਲੋਕਾਂ ਨੂੰ ਬਿਨਾਂ ਘਰ, ਖਾਣਾ, ਪਾਣੀ, ਦਵਾਈ, ਪੈਸੇ ਅਤੇ ਆਪਣੇ ਸਥਾਈ ਟਿਕਾਣੇ ਤੱਕ ਘੁੰਮਣ ਲਈ ਯਾਤਰਾ ਦੇ ਸਾਧਨਾਂ ਬਿਨਾਂ ਛੱਡ ਸਕਦਾ ਹੈ?

**3. ਰਾਜਧ੍ਰੋਹ:** ਕੀ ਰਾਜ (ਕੇਂਦਰ ਸਰਕਾਰ) ਆਈ.ਪੀ.ਸੀ. ਧਾਰਾ 124 ਏ ਤਹਿਤ ਉਨ੍ਹਾਂ ਲੋਕਾਂ ਉੱਤੇ ਰਾਜਧ੍ਰੋਹ ਦੇ ਮੁਕੱਦਮੇ ਥੋਪ ਸਕਦਾ ਹੈ, ਜੋ ਉਸਦੀਆਂ ਗਤੀਵਿਧੀਆਂ ਦਾ ਵਿਰੋਧ ਕਰਦੇ ਹੋਣ ਜਾਂ ਮਖੌਲ ਉਡਾਉਂਦੇ ਹੋਣ?

**4. ਮੁੱਠਭੇੜਾਂ ਅਤੇ ਬੁਲਡੋਜ਼ਰ:** ਕੀ ਰਾਜ (ਕੇਂਦਰ ਸਰਕਾਰ) ਅਸਹਿਮਤੀ ਰੱਖਣ ਵਾਲੇ ਜਾਂ ਵਿਰੋਧ ਕਰਨ ਵਾਲਿਆਂ ਖਿਲਾਫ਼ ਮੁੱਠਭੇੜ ਜਾਂ ਘਰ ਢਾਹੁਣ ਜਿਹੇ ਤਰੀਕੇ ਅਖ਼ਤਿਆਰ ਕਰ ਸਕਦਾ ਹੈ?

**5. ਧਾਰਾ 370 ਖਤਮ ਕਰਨਾ:** ਕੀ ਰਾਜ (ਕੇਂਦਰ ਸਰਕਾਰ) ਕਿਸੇ ਸੂਬੇ ਨੂੰ, ਜੋ ਇੰਸਟਰੂਮੈਂਟ ਆਫ਼ ਐਕਸੇਲੇਸ਼ਨ (ਸ਼ਾਮਲ ਹੋਣ ਦਾ ਦਸਤਾਵੇਜ਼) ਦੇ ਤਹਿਤ ਕੇਂਦਰ ਵਿਚ ਸ਼ਾਮਿਲ ਹੋਇਆ ਸੀ, ਉਸ ਨੂੰ ਲੋਕਾਂ ਜਾਂ ਰਾਜ ਵਿਧਾਨ ਸਭਾ ਦੀ ਸਹਿਮਤੀ ਲਏ ਬਿਨਾਂ ਦੋ ਉਪ ਰਾਜ ਇਕਾਈਆਂ 'ਚ ਵੰਡ ਸਕਦਾ ਹੈ?

**6. ਵਿਮੁਦਰੀਕਰਨ ਦਾ ਮਾਮਲਾ:** ਕੀ ਰਾਜ (ਕੇਂਦਰ ਸਰਕਾਰ) ਬਿਨਾਂ ਨੋਟਿਸ ਦੇ ਸਿਆਸੀ ਫੀਸਦੀ ਮੁਦਰਾ ਦਾ ਵਿਮੁਦਰੀਕਰਨ ਕਰ ਕੇ ਲੱਖਾਂ ਲੋਕਾਂ ਨੂੰ ਕੁਝ ਦਿਨ ਲਈ ਖਾਣੇ ਅਤੇ ਦਵਾਈਆਂ ਤੋਂ ਵੰਚਿਤ ਕਰ ਸਕਦਾ ਹੈ?

ਅਸਲ ਵਿਚ ਭਾਰਤ ਰਾਜ ਦੀਆਂ ਨੀਹਾਂ ਉੱਤੇ ਜਾਣ ਬੁੱਝ ਕੇ ਅਤੇ ਪੂਰੀ ਤਰ੍ਹਾਂ ਗਿਣ ਕੇ ਹਮਲੇ ਦੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਲੋਕਾਂ ਦੀ ਆਜ਼ਾਦੀ ਅਤੇ ਮੁੱਢਲੇ ਸੰਵਿਧਾਨਕ ਅਧਿਕਾਰਾਂ ਤੋਂ ਵੰਚਿਤ ਕਰਨ ਦੀ ਇਹ ਭਾਰੀ ਕੋਸ਼ਿਸ਼ ਹੈ। ਵਿਸ਼ਵ ਪ੍ਰੈਸ ਆਜ਼ਾਦੀ ਸੂਚਾਂਕ ਵਿਚ ਭਾਰਤ ਇਕ ਸੌ ਅੱਸੀ ਦੇਸ਼ਾਂ ਵਿਚ ਇਕ ਸੌ ਪੰਜਾਹਵੇਂ ਥਾਂ 'ਤੇ ਆ ਗਿਆ ਹੈ।

ਭਾਰਤੀ ਸੰਵਿਧਾਨ ਵਿਚ ਜੋ ਲਿਖਿਆ ਹੈ, ਕੇਂਦਰ ਸਰਕਾਰ ਉਸ ਤੋਂ ਪਰੇ ਜਾ ਕੇ ਕਿਸੇ ਵੀ ਅਧਿਕਾਰ ਸ਼ਕਤੀ ਜਾਂ ਕਰਤੱਵ ਉੱਤੇ ਕੋਈ ਅਧਿਕਾਰ ਨਹੀਂ ਜਤਾ ਸਕਦੀ। ਸੰਵਿਧਾਨ ਵਿਚ ਜੋ ਲਿਖਿਆ ਹੈ, ਕਈ ਵਾਰ ਉਸ ਦਾ ਅਰਥ ਝਗੜੇ ਦੀ ਜੜ੍ਹ ਬਣ ਜਾਂਦਾ ਹੈ ਅਤੇ ਫਿਰ ਉਸ ਦੀ ਵਿਆਖਿਆ/ਸੰਵਿਧਾਨਕ ਵਿਆਖਿਆ ਦਾ ਅਧਿਕਾਰ ਨਿਆਂਪਾਲਿਕਾ (ਨਿਆਂਇਕ ਸ਼ਕਤੀਆਂ ਦੀ ਇਕਮਾਤਰ ਸੰਸਥਾ) ਨੂੰ ਹੈ, ਲੇਕਿਨ ਉਸ ਦੇ ਸਾਹਮਣੇ, ਵਿਧਾਇਕਾ ਖੜ੍ਹੀ ਹੋ ਗਈ ਹੈ, ਕਿਉਂਕਿ ਉਸ ਕੋਲ ਕਾਨੂੰਨ ਬਣਾਉਣ ਦੀਆਂ ਸ਼ਕਤੀਆਂ ਹਨ। ਜੱਜ ਨਿਯੁਕਤ ਤਾਂ ਕੀਤੇ ਜਾਂਦੇ ਹਨ, ਪਰ ਉਨ੍ਹਾਂ ਦੀ ਨਿਯੁਕਤੀ ਕਰਨ ਦਾ ਅਧਿਕਾਰ ਆਮ ਤੌਰ 'ਤੇ ਸਰਕਾਰ ਕੋਲ ਹੈ। ਇਸ ਵਿਵਸਥਾ ਵਿਚ ਇਹੋ ਜਿਹੇ ਮੌਕੇ ਵੀ ਆ ਸਕਦੇ ਹਨ, ਜਦੋਂ ਇਕ ਲਿਖੇ ਹੋਏ ਸ਼ਬਦ ਅਤੇ ਉਸ ਦੇ ਅਰਥ ਨੂੰ ਲੈ ਕੇ ਵਿਵਾਦ ਖੜ੍ਹਾ ਹੋ ਸਕਦਾ ਹੈ। ਅਜਿਹੇ ਮੌਕੇ ਵੀ ਆਉਣਗੇ ਜਦੋਂ ਵਿਧਾਇਕਾ ਅਤੇ ਨਿਆਂਪਾਲਿਕਾ ਵਿਚ ਅਸਹਿਮਤੀ ਦੀ ਨੌਬਤ ਬਣ ਜਾਏ। ਭਾਵੇਂ ਸਿੱਧੇ ਤੌਰ 'ਤੇ ਭਾਰਤ ਵਿਚ ਅਜਿਹੀ ਸਥਿਤੀ ਨਹੀਂ ਬਣੀ, ਪਰ ਸੁਪਰੀਮ ਕੋਰਟ ਦੇ ਮੁੱਖ ਜੱਜ ਦਾ ਇਹ ਬਿਆਨ ਧਿਆਨ ਮੰਗਦਾ ਹੈ, ਜਿਹੜੇ ਕਹਿੰਦੇ ਹਨ ਕਿ ਸੁਪਰੀਮ ਕੋਰਟ ਵਲੋਂ ਕੀਤੇ ਕਈ ਫੈਸਲਿਆਂ ਦੀ ਰਾਜ (ਕੇਂਦਰ ਸਰਕਾਰ ਤੇ ਸੂਬਾ ਸਰਕਾਰਾਂ) ਵਲੋਂ ਅਣਦੇਖੀ ਕੀਤੀ ਜਾ ਰਹੀ ਹੈ।

ਮੌਜੂਦਾ ਕੇਂਦਰ ਸਰਕਾਰ ਬੇਕਾਬੂ ਹੋਏ ਘੋੜੇ ਵਾਂਗਰ, ਸੰਵਿਧਾਨ ਦੀਆਂ ਧੱਜੀਆਂ ਉਡਾ ਰਹੀ ਹੈ। ਨੋਟਬੰਦੀ, ਕਿਸਾਨਾਂ ਵਿਰੁੱਧ ਕਾਨੂੰਨ, ਕਸ਼ਮੀਰ ਵਿਚੋਂ 370 ਦਾ ਖਾਤਮਾ ਅਤੇ ਬਿਨਾਂ ਦਲੀਲ ਅਪੀਲ ਦੇਸ਼ ਦੇ ਬੁੱਧੀਜੀਵੀਆਂ, ਪੱਤਰਕਾਰਾਂ ਉੱਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਨਾ, ਸੰਵਿਧਾਨ ਵਲੋਂ ਦਿੱਤੇ ਨਾਗਰਿਕ ਅਧਿਕਾਰਾਂ ਦੀ ਸਿੱਧੀ ਉਲੰਘਣਾ ਹੈ। ਕੀ ਖਾਣਾ ਹੈ, ਕੀ ਪੀਣਾ ਹੈ, ਕਿੱਥੇ ਤੇ ਕਦੋਂ ਇਬਾਦਤ ਕਰਨੀ ਹੈ, ਆਪਣੇ ਧਰਮ ਅਕੀਦਾ ਮੰਨਣਾ ਹੈ ਤਾਂ ਕਿਵੇਂ ਮੰਨਣਾ ਹੈ ਵਰਗੇ ਮਸਲਿਆਂ ਉੱਤੇ ਸਿੱਧਾ ਦਖ਼ਲ ਅਤੇ ਸਿਆਸੀ ਵਿਰੋਧੀ ਵਿਰੁੱਧ ਧੌਂਸ ਧੱਕਾ ਅਤੇ ਕੇਂਦਰੀ ਏਜੰਸੀਆਂ ਦੀ ਵਰਤੋਂ ਨਾਲ ਲੋਕ ਆਜ਼ਾਦੀ 'ਚ ਸਿੱਧਾ ਦਖ਼ਲ ਹੋਇਆ ਹੈ। ਇਸ ਨਾਲ ਸਾਰੇ ਦੇਸ਼ ਵਿਚ ਹੀ ਨਹੀਂ ਅੰਤਰਰਾਸ਼ਟਰੀ ਪੱਧਰ ਉੱਤੇ ਭਾਰਤ ਦਾ ਨਾਮ ਬਦਨਾਮ ਹੋਇਆ ਹੈ।




ਦੇਸ਼ 'ਚ ਘੱਟ ਗਿਣਤੀਆਂ ਦੀ ਆਜ਼ਾਦੀ ਖ਼ਤਰੇ 'ਚ ਹੈ। ਦੇਸ਼ ਦੇ ਕਈ ਥਾਵੀਂ ਉਨ੍ਹਾਂ 'ਤੇ ਹਮਲੇ ਹੋ ਰਹੇ ਹਨ। ਫਿਰਕੂ ਵਾਤਾਵਰਨ, ਵੋਟ ਬੈਂਕ ਦੀ ਪੂਰਤੀ ਦਾ ਇਕ ਰਾਸਤਾ ਬਣਾਇਆ ਜਾ ਰਿਹਾ ਹੈ ਅਤੇ ਮਹਿੰਗਾਈ, ਬੇਰੁਜ਼ਗਾਰੀ ਦੇ ਦੈਂਤ ਦਾ ਸਾਹਮਣਾ ਕਰ ਰਹੇ ਲੋਕਾਂ ਨੂੰ ਫਿਰਕੂ ਰੰਗਤ ਵੱਲ ਭਟਕਾਇਆ ਜਾ ਰਿਹਾ ਹੈ। ਉਂਜ ਦੇਸ਼ 'ਚ ਮਹਿੰਗਾਈ, ਬੇਰੁਜ਼ਗਾਰੀ ਨੇ ਫਨ ਫੈਲਾਏ ਹੋਏ ਹਨ। 18 ਅਪ੍ਰੈਲ ਨੂੰ ਆਏ ਅੰਕੜਿਆਂ ਅਨੁਸਾਰ ਮਾਰਚ 2022 'ਚ ਥੋਕ ਮਹਿੰਗਾਈ ਦਰ ਵਧ ਕੇ 14.55 ਫੀਸਦੀ ਤੱਕ ਪਹੁੰਚ ਗਈ। ਪ੍ਰਚੂਨ ਮਹਿੰਗਾਈ ਦੀ ਦਰ ਮਾਰਚ 2022 'ਚ 6.95 ਤਕ ਪਹੁੰਚ ਗਈ। ਸਰਕਾਰ ਤੋਂ ਲੈ ਕੇ ਅਰਥ ਸ਼ਾਸਤਰੀ ਇਸ ਹਾਲਾਤ ਨੂੰ ਲੈ ਕੇ ਚਿੰਤਤ ਨਜ਼ਰ ਆਏ। ਭਾਰਤ ਦਾ ਆਮ ਆਦਮੀ ਕੀਮਤਾਂ 'ਚ ਵਾਧੇ ਨੂੰ ਲੈ ਕੇ ਜੂਝ ਰਿਹਾ ਹੈ। ਪਿਛਲੇ ਦਿਨੀਂ ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੇ ਦੇਸ਼ 'ਚ ਮਹਿੰਗਾਈ ਉੱਤੇ ਵੱਡਾ ਅਸਰ ਪਾਇਆ ਹੈ। ਘਰੇਲੂ ਗੈਸ ਦੀ ਕੀਮਤ ਦਾ ਇਕ ਹਜ਼ਾਰ ਰੁਪਏ ਤੋਂ ਵੱਧ ਕੀਮਤ ਉੱਤੇ ਸਿਲੰਡਰ ਮਿਲਣਾ ਆਮ ਲੋਕਾਂ ਦੀਆਂ ਔਖਿਆਈਆਂ 'ਚ ਵਾਧਾ ਕਰੇਗਾ। ਖਾਣ ਵਾਲੇ ਤੇਲਾਂ ਦੀ ਕੀਮਤ ਨੇ ਤਾਂ ਪਹਿਲਾਂ ਹੀ ਘਰੇਲੂ ਬਜਟ ਪੂਰੀ ਤਰ੍ਹਾਂ ਸਿਕੋੜ ਕੇ ਰੱਖਿਆ ਹੋਇਆ ਹੈ ਜਿਸ ਦਾ ਦੇਸ਼ ਦੀ ਆਰਥਿਕਤਾ ਉੱਤੇ ਬੁਰਾ ਅਸਰ ਪੈ ਰਿਹਾ ਹੈ ਕਿਉਂਕਿ ਖਾਣ ਵਾਲੀਆਂ ਵਸਤਾਂ ਅਤੇ ਤੇਲ ਦੀਆਂ ਵਧਦੀਆਂ ਕੀਮਤਾਂ ਨਾਲ ਆਰਥਿਕ ਹਾਲਾਤ ਵਿਗੜਨ ਲੱਗਦੇ ਹਨ।

ਅਰਥ ਵਿਵਸਥਾ ਦੀ ਸੁਸਤੀ ਆਮ ਵਿਅਕਤੀ ਦੀ ਜੇਬ ਨਾਲ ਜੁੜੀ ਹੁੰਦੀ ਹੈ। ਲੋਕਾਂ ਦੀ ਜੇਬ 'ਚ ਪੈਸੇ ਹੋਣਗੇ ਤਾਂ ਉਹ ਖਰਚ ਕਰੇਗਾ, ਤਦੇ ਹੀ ਬਾਜ਼ਾਰ ਵਿਚ ਮੰਗ ਵਧੇਗੀ। ਮੰਗ ਵਧੇਗੀ ਤਦੇ ਨੌਕਰੀਆਂ ਪੈਦਾ ਹੋਣਗੀਆਂ। ਮੁਨਾਫ਼ਾ ਜੇਕਰ ਬਾਜ਼ਾਰ ਦਾ ਮੂਲ ਸਿਧਾਂਤ ਹੈ ਤਾਂ ਘਾਟਾ ਖਾ ਕੇ ਬਾਜ਼ਾਰ ਨੌਕਰੀਆਂ ਪੈਦਾ ਨਹੀਂ ਕਰੇਗਾ। ਸੋ ਬੇਰੁਜ਼ਗਾਰੀ ਦਾ ਵਾਧਾ ਯਕੀਨੀ ਹੈ। ਦੇਸ਼ ਭਾਰਤ ਇਸ ਵੇਲੇ ਬੇਰੁਜ਼ਗਾਰੀ ਦੇ ਸ਼ਿਕੰਜੇ 'ਚ ਹੈ।

ਮਹਾਂਮਾਰੀ ਤੋਂ ਪਹਿਲਾਂ ਵੀ ਬੇਰੁਜ਼ਗਾਰੀ ਚਿੰਤਾ ਦਾ ਗੰਭੀਰ ਵਿਸ਼ਾ ਸੀ। ਲੇਕਿਨ ਕਰੋਨਾ ਮਹਾਂਮਾਰੀ ਦੇ ਦੌਰਾਨ ਬੇਰੁਜ਼ਗਾਰੀ ਦਾ ਠੀਕਰਾ ਭੰਨਣ ਲਈ ਸਾਨੂੰ ਇਕ ਮੁਕੰਮਲ ਸਿਰ ਮਿਲ ਗਿਆ। ਹੁਣ ਜਦੋਂ ਆਰਥਿਕ ਗਤੀਵਿਧੀਆਂ ਪਟੜੀ 'ਤੇ ਆ ਰਹੀਆਂ ਹਨ, ਬੇਰੁਜ਼ਗਾਰੀ ਨੇ ਤਾਂ ਫਿਰ ਵੀ ਹੱਦਾਂ ਬੰਨੇ ਟੱਪੇ ਹੋਏ ਹਨ। 2022 ਦੇ ਰੁਜ਼ਗਾਰ ਦੇ ਅੰਕੜੇ ਅਰਥ-ਵਿਵਸਥਾ ਦੀ ਡਰਾਉਣੀ ਤਸਵੀਰ ਪੇਸ਼ ਕਰਦੇ ਹਨ। ਇਕ ਤਰਫ਼ ਨੌਕਰੀਆਂ ਘਟ ਰਹੀਆਂ ਹਨ ਅਤੇ ਦੂਜੀ ਤਰਫ਼ ਬੇਰੁਜ਼ਗਾਰੀ ਦੀ ਦਰ ਵੀ। ਤੀਜੀ ਤਰਫ਼ ਦਰ-ਦਰ ਭਟਕਣ ਤੋਂ ਬਾਅਦ ਨਿਰਾਸ਼ਤਾ 'ਚ ਬੇਰੁਜ਼ਗਾਰ ਘਰ ਪਰਤ ਰਹੇ ਹਨ। ਅਰਥਵਿਵਸਥਾ ਬੰਜਰ ਭੂਮੀ ਬਣ ਗਈ ਹੈ, ਜਿਥੇ ਰੁਜ਼ਗਾਰ ਦਾ ਬੀਜ ਉਗਣਾ ਅਸੰਭਵ ਹੋ ਗਿਆ ਹੈ।

ਸੈਂਟਰ ਫਾਰ ਮਾਨੀਟਰਿੰਗ ਇੰਡੀਅਨ ਇਕਾਨਮੀ (ਸੀ.ਐਮ.ਆਈ.ਸੀ.) ਦੇ ਅੰਕੜੇ ਦੱਸਦੇ ਹਨ ਕਿ ਮਾਰਚ 2022 ਬੇਰੁਜ਼ਗਾਰੀ ਦਰ ਘਟ ਕੇ 7.60 ਫੀਸਦੀ ਹੋ ਗਈ, ਜੋ ਫਰਵਰੀ 2022 ਵਿਚ 8.10 ਸੀ। ਬੇਰੁਜ਼ਗਾਰੀ ਦਰ ਘਟਣ ਨਾਲ ਨੌਕਰੀਆਂ ਵਧਣੀਆਂ ਚਾਹੀਦੀਆਂ ਸੀ, ਪਰ ਇਥੇ ਤਾਂ 14 ਲੱਖ ਨੌਕਰੀਆਂ ਘਟ ਗਈਆਂ। ਫਿਰ ਬੇਰੁਜ਼ਗਾਰੀ ਦਰ ਘਟਣ ਦਾ ਅਰਥ ਕੀ ਹੈ? ਪਿਛਲੇ ਪੰਜ ਸਾਲਾਂ ਵਿਚ ਦੋ ਕਰੋੜ ਤੋਂ ਜ਼ਿਆਦਾ ਨੌਕਰੀਆਂ ਜਾ ਚੁੱਕੀਆਂ ਹਨ। ਇਕੱਲੇ ਮਾਰਚ 2022 'ਚ ਉਦਯੋਗਿਕ ਖੇਤਰ ਵਿਚ 76 ਲੱਖ ਨੌਕਰੀਆਂ ਘਟ ਗਈਆਂ। ਗੈਰ ਖੇਤੀ ਖੇਤਰ ਵਿਚ ਨੌਕਰੀਆਂ ਦਾ ਜਾਣਾ ਇਨ੍ਹਾਂ ਖੇਤਰਾਂ ਵਿਚ ਸੁਸਤੀ ਦਾ ਸੰਕੇਤ ਹੈ।

ਕਿਸੇ ਵੀ ਦੇਸ਼ ਵਿਚ ਨਾਗਰਿਕ ਦੇ ਅਧਿਕਾਰ ਹਨ। ਰੁਜ਼ਗਾਰ ਪ੍ਰਾਪਤੀ ਅਤੇ ਚੰਗਾ ਰਹਿਣ-ਸਹਿਣ ਉਸਦਾ ਮੁੱਢਲਾ ਅਧਿਕਾਰ ਕਿਉਂ ਨਾ ਹੋਵੇ? ਚੰਗੀ ਸਿਹਤ ਸੁਰੱਖਿਆ ਅਤੇ ਸਿੱਖਿਆ ਸਹੂਲਤਾਂ ਉਸ ਨੂੰ ਕਿਉਂ ਨਾ ਮਿਲਣ?

ਸੰਵਿਧਾਨ ਅਨੁਸਾਰ ਹਰ ਨਾਗਰਿਕ ਲਈ ਆਜ਼ਾਦੀ ਨਾਲ ਘੁੰਮਣ ਦਾ ਅਧਿਕਾਰ ਹੈ, ਆਪਣੀ ਗੱਲ ਕਹਿਣ ਦਾ ਅਧਿਕਾਰ ਹੈ, ਲਿਖਣ ਸ਼ਕਤੀ ਦੀ ਵਰਤੋਂ ਦਾ ਅਧਿਕਾਰ ਹੈ, ਆਪਣੇ ਸਾਥੀਆਂ ਨਾਲ ਰਲ ਕੇ ਸੰਗਠਨ ਬਣਾਉਣ ਦਾ ਅਧਿਕਾਰ ਹੈ ਅਤੇ ਆਪਣੇ ਅਤੇ ਆਪਣੇ ਪਰਿਵਾਰ ਲਈ ਦਿੱਤੇ ਗਏ ਕੰਮ ਨੂੰ ਕਰਨ ਦਾ ਅਧਿਕਾਰ ਹੈ ਅਤੇ ਉਸ ਤੋਂ ਵੀ ਵੱਧ ਉਸਦਾ ਉਹਦੇ ਸਰੀਰ ਉੱਤੇ ਅਧਿਕਾਰ ਹੈ ਪਰ ਜੇਕਰ ਇਹ ਸਭ ਕੁਝ ਖੋਹਿਆ ਜਾ ਰਿਹਾ ਹੋਵੇਗਾ ਤਾਂ ਮਨੁੱਖੀ ਆਜ਼ਾਦੀ ਖ਼ਤਰੇ 'ਚ ਹੈ, ਇਹੋ ਮੰਨਿਆ ਜਾਏਗਾ।

ਨਾਗਰਿਕਾਂ ਲਈ ਨੌਕਰੀਆਂ ਪੈਦਾ ਕਰਨਾ ਸਰਕਾਰ ਦਾ ਫ਼ਰਜ਼ ਹੈ। ਆਮ ਆਦਮੀ ਅਤੇ ਅਰਥ ਵਿਵਸਥਾ ਨੂੰ ਮਹਿੰਗਾਈ ਦੇ ਖ਼ਤਰਿਆਂ ਤੋਂ ਬਚਾਉਣਾ ਸਰਕਾਰ ਦਾ ਫ਼ਰਜ਼ ਹੈ ਅਤੇ ਇਸ ਤੋਂ ਵੀ ਵੱਡਾ ਫਰਜ਼ ਨਾਗਰਿਕਾਂ ਦੀ ਸੰਵਿਧਾਨਿਕ ਆਜ਼ਾਦੀ ਕਾਇਮ ਰੱਖਣਾ ਹੈ, ਨਹੀਂ ਤਾਂ ਸਵਾਲ ਉੱਠਣਗੇ ਹੀ। ਜਾਗਰੂਕ ਨਾਗਰਿਕ ਸੁਪਰੀਮ ਕੋਰਟ ਦਾ ਦਰਵਾਜ਼ਾ ਖਟਕਾਉਣਗੇ ਹੀ, ਕਿਉਂਕਿ ਉਹ ਦੇਸ਼ ਦੀ ਸੁਚੇਤ ਪਹਿਰੇਦਾਰ ਦੀ ਭੂਮਿਕਾ ਨਿਭਾ ਰਹੇ ਹਨ।

## ਦਹਿਸ਼ਤ ਭਰੇ ਦਿਨਾਂ 'ਚ

**ਸਫਾ 26 ਦਾ ਬਾਕੀ**

ਕੋਲ ਆਉਂਦਾ ਸੀ। ਮੈਂ ਵੀ ਉਸਨੂੰ ਮੱਲੋ-ਮੱਲੀ ਚਾਹ-ਪਾਣੀ ਲਈ ਰੋਕ ਲੈਂਦਾ। ਪਰ ਹੁਣ...ਹੁਣ ਤਾਂ ਉਸਦਾ ਆਉਣਾ ਬੋਝ ਲੱਗਦਾ ਸੀ। ਹੁਣ ਤਾਂ ਇਹੀ ਸੋਚਦਾ ਰਹਿੰਦਾ ਕਿ ਦਹਿਸ਼ਤ ਭਰੇ ਇਹ ਦਿਨ ਕਿੰਨੇ ਕੁ ਦਿਨ ਘੇਰਾ ਪਾਈ ਰੱਖਣਗੇ?

ਗੱਲ ਅਜੇ ਇੱਥੇ ਥੋੜ੍ਹਾ ਮੁੱਕਣੀ ਸੀ? ਸ਼ਰੀਕੇ ਭਾਈਚਾਰੇ, ਖਾਸ ਕਰ ਤੀਵੀਆਂ ਨੂੰ ਕੰਧਾਂ 'ਤੇ ਲੱਗਦੇ ਇਸ਼ਤਿਹਾਰਾਂ ਤੇ ਆਉਂਦੀਆਂ ਧਮਕੀਆਂ ਦਾ ਪਤਾ ਲੱਗਣਾ ਸੀ। ਔਰਤਾਂ ਨੇ ਇੱਕ ਦੂਜੀ ਨਾਲ ਘੁਸਰ-ਮੁਸਰ ਕਰਨੀ ਸੀ। ਸਾਰਾ ਸਾਰਾ ਦਿਨ ਘਰੋਂ ਆਵਾਰਾ ਰਹਿਣ ਵਾਲੀਆਂ ਕਈ 'ਬੀਬੀਆਂ' ਨੇ ਵੀ ਸਤੀ-ਸਵਿਤਰੀਆਂ ਬਣ ਕੇ ਮਿਸ਼ਕ ਮੀਣੀਆਂ ਅੱਖਾਂ ਨਾਲ ਝਾਕਣਾ ਸੀ। ਅਜੇ ਤਾਂ ਏਧਰੋਂ-ਓਧਰੋਂ, 'ਕੀ ਪਤਾ ਕੌਣ ਲਾਉਂਦਾ? ਆਵਾਰਾ ਤਾਂ ਹੈਗੇ। ਕੋਈ ਗੱਲ ਤਾਂ ਹੋਊ? ਪਤਾ ਨੀ ਕਿੱਥੇ ਕਿੱਥੇ ਧੱਕੇ ਖਾਂਦੇ ਰਹੇ ਹੋਣਗੇ?' ਵਰਗੀਆਂ ਗੱਲਾਂ ਉੱਡ ਉੱਡ ਕੇ ਸਾਡੇ ਕੋਲ ਆਉਣੀਆਂ ਸਨ। ਅਜੇ ਅਸੀਂ ਪਾਗਲ ਨਹੀਂ ਸੀ ਹੋਏ। ਅਜੇ ਤਾਂ ਘਰਦੇ ਮਾਹੌਲ ਨੇ ਹੋਰ ਤਣਾਅ ਨਾਲ ਭਰਨਾ ਸੀ। ਅਜੇ ਤਾਂ ਸਾਰੇ ਰਿਸ਼ਤੇਦਾਰਾਂ ਨੇ ਇਕੱਠੇ ਹੋ ਕੇ ਸਾਡੇ ਖ਼ਿਲਾਫ਼ ਸਾਂਝੇ 'ਸੰਘ' ਦੀ ਸਥਾਪਨਾ ਕਰਨੀ ਸੀ।

ਜ਼ਿੰਦਗੀ ਨੇ ਅਜੇ ਹੋਰ ਬਹੁਤ ਸਾਰੀਆਂ ਚੁਣੌਤੀਆਂ ਪੇਸ਼ ਕਰਨੀਆਂ ਸਨ। ਰਿਸ਼ਤੇਦਾਰਾਂ ਨੇ ਇਕੱਠੇ ਹੋ ਕੇ ਵੰਡ-ਵੰਡਾਈ ਕਰਨੀ ਸੀ। ਮਾਂ ਦਾ ਸੰਦੂਕ ਮੈਂ ਮੰਗ ਕੇ ਆਪਣੇ ਹਿੱਸੇ 'ਚ ਲੈਣਾ ਸੀ। ਦੋ-ਚਾਰ ਭਾਂਡਿਆਂ-ਟੀਂਡਿਆਂ ਦੇ ਨਾਲ ਨਾਲ ਸਭ ਤੋਂ ਛੋਟੇ ਭਾਈ ਨੇ ਵੀ ਸਾਡੇ ਹਿੱਸੇ ਆਉਣਾ ਸੀ। ਫੌਜ 'ਚ ਨੌਕਰੀ ਕਰਦੇ ਇਸ ਕੁਆਰੇ ਭਰਾ ਨੂੰ ਆਪਣੇ ਨਾਲ ਰੱਖਣ ਦੇ ਫੈਸਲੇ ਨੇ ਅੱਗੇ ਚੱਲ ਕੇ ਮੇਰੇ ਗਲੇ ਦੀ ਹੱਡੀ ਬਣਨਾ ਸੀ। ਭੂਆ ਤੇ ਭੈਣ ਵਰਗੀਆਂ ਕਈ ਰਿਸ਼ਤੇਦਾਰੀਆਂ ਨੇ ਸਾਨੂੰ ਛੱਜ 'ਚ ਪਾ ਕੇ ਛੱਟਣਾ ਸੀ। ਵੀਹ ਕਮਾ ਕੇ ਚਾਲੀ ਖਰਚ ਕਰਨ ਵਾਲੇ ਇਸ ਭਰਾ ਦੀ ਕਮਾਈ ਖਾਣ ਦੇ ਦੋਸ਼ ਲੱਗਣੇ ਸਨ। ਸਿਮਰ ਲਈ ਇਹ ਤਾਅਨੇ ਹੋਰ ਵੀ ਤਕਲੀਫ਼ਦੇਹ ਹੋਣੇ ਸਨ। ਉਸਨੂੰ ਭੈਣ ਵਰਗੀਆਂ ਨੇ, 'ਮੇਰੇ ਭਰਾ ਦੀ ਕਮਾਈ ਖਾਈ ਜਾਂਦੀ ਐ। ਇਹਨੇ ਕੁੱਛ ਨ੍ਹੀ ਬਣਨ ਦੇਣਾ ਏਹਦਾ।' ਵਰਗੇ ਤਾਅਨੇ ਮਾਰਨੇ ਸਨ। ਤਣਾਅ ਕਾਰਨ ਪੈਦਾ ਹੋਏ ਜ਼ਹਿਰੀਲੇ ਨਸ਼ਤਰਾਂ ਨੇ ਮੇਰੇ ਤੇ ਸਿਮਰ ਵਿਚਕਾਰ ਆ ਖੜ੍ਹਨਾ ਸੀ। ਅਜੇ ਜਿਉਣ ਤੋਂ ਮਨ ਉਚਾਟ ਹੋਣਾ ਬਾਕੀ ਸੀ। ਅਜੇ ਤਾਂ ਦਿਮਾਗ 'ਚ ਖੁਦਕਸ਼ੀ ਵਰਗੇ ਖਿਆਲ ਆਉਣੇ ਸ਼ੁਰੂ ਹੋਣੇ ਸਨ।

ਇਨ੍ਹਾਂ ਦਿਨਾਂ 'ਚ ਹੀ ਮੈਂ ਇੱਕ ਹੋਰ ਮੁਸੀਬਤ ਹੱਥੀਂ ਸਹੇੜ ਲੈਣੀ ਸੀ। ਕੀ ਰਾਸ਼ਨ, ਕੀ ਕੱਪੜਿਆਂ ਵਾਲੀ ਤੇ ਕੀ ਡਾਕਟਰ-ਪਿੰਡ ਦੀ ਐਸੀ ਕਿਹੜੀ ਦੁਕਾਨ ਸੀ, ਜਿਸਦੇ ਉਧਾਰ ਵਾਲੇ ਖਾਤੇ 'ਚ ਟੱਬਰ ਦੀ ਲਾਲ ਐਂਟਰੀ ਨਹੀਂ ਸੀ ਹੋਈ ਪਈ। ਜਦੋਂ ਦੀ ਬੀਬੀ ਦੀ ਮੌਤ ਹੋਈ ਸੀ, ਰਿਸ਼ਤੇਦਾਰਾਂ ਨੇ ਘਰ ਨੂੰ ਸੰਨ੍ਹ ਲਾਈ ਹੋਈ ਸੀ।ਮਨਮਰਜ਼ੀ ਦੇ ਕੱਪੜੇ ਪੜਵਾਏ ਸਨ। ਜੀ ਆਇਆ ਰਾਸ਼ਨ-ਪਾਣੀ ਵਰਤਿਆ ਸੀ। ਪਾਪਾ ਜੀ ਦੀ ਮੌਤ ਤੋਂ ਬਾਅਦ ਦੁਕਾਨਾਂ ਵਾਲੇ ਘਰ ਗੇੜਾ ਮਾਰਨ ਲੱਗੇ। ਪਾਪਾ ਜੀ ਦੇ ਨਾਂ 'ਤੇ ਕੁੱਝ ਪੈਸੇ ਜਮ੍ਹਾਂ ਸਨ। ਕੇਵਲ ਸੱਤ ਕੁ ਹਜ਼ਾਰ। ਪਤਾ ਨਹੀਂ ਕਿਵੇਂ ਬਚੇ ਰਹਿ ਗਏ ਸਨ?

ਦੁਕਾਨਾਂ ਵਾਲਿਆਂ ਨੂੰ ਦੇਣ ਲਈ, ਰਿਸ਼ਤੇਦਾਰਾਂ ਦੀ ਸਹਿਮਤੀ ਨਾਲ ਮੈਂ ਭੱਜ-ਨੱਸ ਕੇ ਕਾਗਜ਼-ਪੱਤਰ ਤਿਆਰ ਕੀਤੇ, ਪੈਸੇ ਕਢਵਾਏ ਤੇ ਦੁਕਾਨਾਂ ਦਾ ਕੁੱਝ ਉਧਾਰ ਲਾਹ ਦਿੱਤਾ। ਇਨ੍ਹਾਂ ਪੈਸਿਆਂ ਨੇ ਘਰ 'ਚ ਫੇਰ ਧਮੱਚੜ ਪੁਆ ਦਿੱਤਾ। 'ਖਾ ਗਏ—ਪਾਪਾ ਜੀ ਦੀ ਕਮਾਈ ਖਾ ਗਏ।' ਦਾ ਰੌਲਾ ਪੈ ਗਿਆ। ਸਾਰੀ ਉਮਰ ਪਾਪਾ ਜੀ ਨੂੰ ਚੂੰਡ-ਚੂੰਡ ਖਾਣ ਵਾਲੇ ਵੀ ਮੇਰੇ 'ਤੇ ਅਜਿਹੇ ਦੋਸ਼ ਲਾ ਰਹੇ ਸਨ। ਇਨ੍ਹਾਂ ਦੁਕਾਨਾਂ 'ਚੋਂ ਮੈਂ ਤਾਂ ਕੁੱਝ ਨਹੀਂ ਸੀ ਲਿਆ। ਮੈਂ ਕੀ ਲੈਣਾ ਸੀ ਪੈਸਿਆਂ ਦੇ ਪੰਗੇ 'ਚ ਪੈ ਕੇ? ਇਨ੍ਹਾਂ ਨਿਗੂਣੇ ਪੈਸਿਆਂ ਨੇ ਅੱਗੇ ਚੱਲ ਕੇ ਪਤਾ ਨਹੀਂ ਕਿੰਨੀ ਕੁ ਮਾਨਸਿਕ ਪੀੜਾ ਦੇਣੀ ਸੀ। 'ਚਾਰ ਸੌ ਵੀਹ ਕੀਤੀ ਐ। ਝੂਠਾ ਕੇਸ ਬਣਦਾ ਇਹਦੇ 'ਤੇ। ਪੈਸੇ ਖਾ ਗਿਆ ਹੇਰਾਫੇਰੀ ਨਾਲ ਕਢਵਾ ਕੇ।' ਜਿੰਨਾ ਦਿਮਾਗੀ ਤਵਾਜ਼ਨ ਹੋਰ ਵਿਗੜਨਾ ਸੀ।

ਇਹ ਉਹ ਦਿਨ ਸਨ। ਜਦੋਂ ਸਰਕਾਰੀ ਨੌਕਰੀਆਂ ਦੀ ਸ਼ਰੇਆਮ ਬੋਲੀ ਲੱਗਣ ਦੇ ਚਰਚੇ ਸਨ। ਪੀ ਪੀ ਐਸ ਸੀ 'ਚ ਸਿੱਧੂ ਦਾ ਰਾਜ ਚੱਲਦਾ ਸੀ। ਬਾਕੀ ਭਰਤੀਆਂ ਲਈ ਵੱਡੇ ਘਰ ਬੈਠ ਕੇ ਲਿਸਟਾਂ ਤਿਆਰ ਹੁੰਦੀਆਂ। ਵਿਦਿਅਕ ਯੋਗਤਾ ਦੀ ਥਾਵੇਂ ਨੋਟਾਂ ਦੀਆਂ ਥੈਲੀਆਂ ਹੀ ਅਸਲ ਯੋਗਤਾ ਬਣ ਗਈਆਂ ਸਨ। ਟੈਸਟ/ਇੰਟਰਵਿਊ ਡਰਾਮੇ ਤੋਂ ਵੱਧ ਕੁੱਝ ਨਹੀਂ ਸਨ ਰਹਿ ਗਏ। ਇਹ ਉਹ ਦਿਨ ਸਨ ਜਦੋਂ ਡਿਗਰੀਆਂ ਮਹਿਜ਼ ਕਾਗਜ਼ ਦੇ ਟੁਕੜੇ ਜਾਪਣ ਲੱਗੀਆਂ ਸਨ।

ਮੇਰੇ ਲਈ ਇਹ ਘੋਰ ਨਿਰਾਸ਼ਾ ਦੇ ਦਿਨ ਸਨ। ਧਮਕੀ ਭਰੀਆਂ ਚਿੱਠੀਆਂ ਕੰਧਾਂ 'ਤੇ ਲੱਗਦੇ ਭੱਦੇ ਅਤੇ ਸਾਨੂੰ ਦੋਵਾਂ ਨੂੰ ਚਰਿੱਤਰਹੀਣ ਦਰਸਾਉਣ ਵਾਲੇ ਇਸ਼ਤਿਹਾਰਾਂ ਤੇ ਰਾਤ ਨੂੰ ਦਰਵਾਜ਼ੇ 'ਤੇ ਹੁੰਦੀ ਡਰਾਉਣੀ 'ਠੱਕ-ਠੱਕ' ਦੇ ਦਿਨ ਸਨ। ਸਾਰਾ ਆਲਾ ਦੁਆਲਾ ਆਪਣਾ ਵੈਰੀ ਹੋਇਆ ਲੱਗਦਾ ਸੀ। ਇਨ੍ਹਾਂ ਦਿਨਾਂ 'ਚ ਜੇ ਕੋਈ ਦਰਦੀ ਨਜ਼ਰ ਆਉਂਦਾ ਤਾਂ ਉਹ ਸੀ 'ਤਰਸੇਮ'। ਉਹ ਆਥਣੇ ਜਿਹੇ ਮੇਰੇ ਵੱਲ ਆ ਜਾਂਦਾ। ਅਸੀਂ ਦੂਰ ਖੇਤਾਂ ਵੱਲ ਨਿਕਲ ਜਾਂਦੇ। ਮੈਂ ਨਵੇਂ ਆਏ ਧਮਕੀ ਪੱਤਰ, ਕੰਧ 'ਤੇ ਤਾਜ਼ੇ ਲੱਗੇ ਇਸ਼ਤਿਹਾਰ ਅਤੇ ਬੂਹੇ 'ਚ ਵੱਜੇ ਧੱਕਿਆਂ ਬਾਰੇ ਦੱਸਦਾ। ਚਿੰਤਾ ਨਾਲ ਉਹ ਸੱਜੇ ਅਗੂੰਠੇ ਅਤੇ ਉਂਗਲ ਨਾਲ ਆਪਣੀਆਂ ਪੁੜਪੁੜੀਆਂ ਘੁੱਟਦਾ। ਮੋਢੇ 'ਤੇ ਹੱਥ ਰੱਖ ਕੇ ਮੇਰੇ ਨਾਲ ਹਮਦਰਦੀ ਪ੍ਰਗਟ ਕਰਦਾ। ਮੈਨੂੰ ਦਹਿਸ਼ਤ ਭਰੇ ਦਿਨਾਂ 'ਚ ਚੌਕਸ ਰਹਿਣ ਲਈ ਆਖਦਾ। ਤਰਸੇਮ ਬਿਨਾ ਕੌਣ ਸੀ ਜਿਸ ਨਾਲ ਦੁੱਖ ਸਾਂਝਾ ਕਰਦਾ?

***

ਪਿੰਡ ਦੀ ਉਹੀ ਸਾਂਝੀ ਥਾਂ ਸੀ ਜਿੱਥੇ ਸਾਡੇ ਖ਼ਿਲਾਫ਼ ਸਭ ਤੋਂ ਪਹਿਲਾਂ ਕਈ ਵਾਰ ਇਸ਼ਤਿਹਾਰ ਚਿਪਕੇ ਸਨ। ਬਹੁਤ ਸਾਰੇ ਲੋਕ ਖੜ੍ਹੇ ਸਨ ਪਿੰਡ ਦੀ ਇਸ ਸਾਂਝੀ ਥਾਂ 'ਤੇ। ਸਭ ਤੋਂ ਛੋਟਾ ਭਰਾ ਸੀ। ਚਾਚੇ ਦਾ ਪੁੱਤ ਸੀਰਾ ਵੀ ਉੱਥੇ ਹੀ ਸੀ। ਭਰੇ ਇਕੱਠ 'ਚ ਇੱਕ ਸ਼ਖ਼ਸ ਮੇਰੇ ਮੂਹਰੇ ਮੁਜਰਮਾਂ ਵਾਂਗ ਹੱਥ ਬੰਨ੍ਹੀ ਤੇ ਸਿਰ ਝੁਕਾਈ ਖੜ੍ਹਾ ਸੀ। ਉਸਦਾ ਗੋਰਾ ਨਿਸ਼ੋਹ ਰੰਗ ਸ਼ਰਮ ਤੇ ਡਰ ਨਾਲ ਪੀਲਾ ਹੋਇਆ ਪਿਆ ਸੀ। ਮੇਰੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਹਿੰਮਤ ਨਹੀਂ ਸੀ ਪੈ ਰਹੀ ਉਸ 'ਚ। ਛੋਟੇ ਭਰਾ ਅਤੇ ਚਾਚੇ ਦੇ ਪੁੱਤ ਦੀਆਂ ਅੱਖਾਂ 'ਚ ਬਲਦੀ ਅੱਗ ਨੂੰ ਮੈਂ ਹੱਥ ਦੇ ਇਸ਼ਾਰੇ ਨਾਲ ਮੱਚਣ ਤੋਂ ਰੋਕ ਦਿੱਤਾ ਸੀ।

ਪਿੰਡ ਦੀ ਉਹੀ ਥਾਂ ਹੁਣ ਉਸ ਸ਼ਖ਼ਸ ਨੂੰ ਬੇਨਕਾਬ ਕਰੀ ਖੜ੍ਹੀ ਸੀ ਜਿਸਨੇ ਪਿਛਲੇ ਇੱਕ ਸਾਲ ਤੋਂ ਸਾਨੂੰ ਅੱਗ ਦੀ ਭੱਠੀ 'ਚ ਝੋਕਿਆ ਹੋਇਆ ਸੀ। ਇਹ ਸ਼ਖ਼ਸ ਕੰਧਾਂ 'ਤੇ ਇਸ਼ਤਿਹਾਰ ਲਾਉਂਦਾ, ਧਮਕੀ ਭਰੇ ਪੱਤਰ ਪਾਉਂਦਾ, ਬੂਹਾ ਖੜਕਾ ਕੇ ਹਨੇਰੇ 'ਚ ਗਾਇਬ ਹੋ ਜਾਂਦਾ ਸੀ। ਭੂਆ ਕੋਲ ਬਹਿ ਕੇ ਸਾਜ਼ਿਸ਼ਾਂ ਘੜ ਜਾਂਦਾ। ਇਹ ਸ਼ਖ਼ਸ ਹੁਣ ਮੇਰੇ ਅੱਗੇ ਹੱਥ ਬੰਨ੍ਹ ਕੇ ਮੌਤ ਵਰਗੀ ਬੇਸ਼ਰਮੀ ਧਾਰੀ ਖੜ੍ਹਾ ਸੀ। ਦੁੱਖ ਤੇ ਹੈਰਾਨੀ ਇਸ ਗੱਲ ਦੀ ਕਿ ਇਹ ਸ਼ਖ਼ਸ, ਇਹ ਕਹਿੰਦਿਆਂ ਅਜਿਹੀਆਂ ਖੇਡਾਂ ਖੇਡਦਾ ਸੀ, 'ਸਾਡੀ ਜਾਤ ਦੀ ਕੁੜੀ ਨਾਲ ਵਿਆਹ ਕਰਾ ਲਿਆ। ਹੁਣ ਇਹ ਸਾਰੀ ਉਮਰ ਸਾਨੂੰ ਏਸੇ ਗੱਲ ਦੇ ਮੇਹਣੇ ਮਾਰਿਆ ਕਰੂ।'

ਇਹ ਸ਼ਖ਼ਸ ਕੋਈ ਹੋਰ ਨਹੀਂ, ਉਹੀ ਸੀ ਜਿਸਨੂੰ ਮੈਂ ਆਪਣਾ ਸਭ ਤੋਂ ਵੱਡਾ ਦਰਦੀ ਸਮਝਦਾ ਆਇਆ ਸਾਂ।

ਯਾਦਾਂ

# 'ਅੱਬਾ' ਦੇ ਜੀਵਨ 'ਚੋਂ..!

ਅਖੀਰ ਅੱਬਾ (ਹਾਜੀ ਮੁਸ਼ਤਾਕ ਉਰਫ ਸੂਬਾ) ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ। ਪਚਾਨਵੇਂ ਸਾਲਾ ਜੀਵਨ 'ਚ ਅੱਬਾ ਨੇ ਬਹੁਤ ਸਾਰੇ ਉਤਰਾਅ-ਚੜ੍ਹਾਅ ਵੇਖੇ। ਉਨ੍ਹਾਂ ਦੇ ਜੀਵਨ ਨੂੰ ਬਹੁਤ ਨੇੜਿਓਂ ਵੇਖਣ ਵਾਲੇ ਸਾਬਕਾ ਚੇਅਰਮੈਨ ਸਾਬਰ ਅਲੀ ਢਿੱਲੋਂ ਨੇ ਉਨ੍ਹਾਂ ਦੇ ਚਲਾਣੇ 'ਤੇ ਕਿਹਾ ਕਿ ਇਹ ਇਕੱਲੀ ਉਨ੍ਹਾਂ ਦੀ ਮੌਤ ਨਹੀਂ ਸਗੋਂ ਇਕ ਯੁੱਗ ਦਾ ਅੰਤ ਹੋਇਆ ਏ। ਉਨ੍ਹਾਂ ਅਨੁਸਾਰ ਅੱਬਾ ਆਪਣੇ ਆਪ ਵਿਚ ਇਕ ਤਹਿਰੀਕ ਸਨ। ਦੁਨੀਆਦਾਰੀ ਦੀਆਂ ਰਸਮਾਂ ਤੋਂ ਅਣਜਾਣ ਅੱਬਾ ਨੇ ਸਾਰੀ ਉਮਰ ਸਾਦਗੀ 'ਚ ਗੁਜ਼ਾਰੀ ਜਾਂ ਇੰਝ ਕਹਿ ਲਵੋ ਕਿ ਉਨ੍ਹਾਂ ਦੀ ਤਬੀਅਤ ਵਿਚ ਸੂਫ਼ੀਆਂ ਵਰਗੀ ਕਨਾਅਤ ਪਸੰਦੀ ਵਾਲੀ ਸਿਫਤ ਕੁੱਟ ਕੁੱਟ ਕੇ ਭਰੀ ਸੀ। ਮੈਂ ਆਪਣੀ ਪੰਜਾਹ ਸਾਲਾਂ ਦੀ ਉਮਰ 'ਚ ਅੱਬਾ ਨੂੰ ਕਦੇ ਆਪਣੇ (ਖੁਦ) ਲਈ ਕੱਪੜਾ ਖਰੀਦਦੇ ਨਹੀਂ ਵੇਖਿਆ। ਉਨ੍ਹਾਂ ਦੇ ਬਚਪਨ ਤੋਂ ਲੈ ਜਵਾਨੀ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਤਕ ਮੇਰੇ ਦਾਦਾ ਉਨ੍ਹਾਂ ਲਈ ਕੱਪੜੇ ਲਿਆਉਂਦੇ। ਦਾਦਾ ਦੇ ਸਵਰਗਵਾਸ ਹੋਣ ਪਿੱਛੋਂ ਮੇਰੇ ਮਾਤਾ ਲਿਆਉਂਦੇ ਸਨ ਅਤੇ ਮਾਤਾ ਦੇ ਅਕਾਲ ਚਲਾਣੇ ਤੋਂ ਬਾਅਦ ਅਸੀਂ ਉਨ੍ਹਾਂ ਦੇ ਪਹਿਨਣ ਲਈ ਕੱਪੜਾ ਲਿਆਉਂਦੇ ਸਾਂ। ਆਪਾ (ਮੇਰੀ ਵੱਡੀ ਭੈਣ) ਦੱਸਦੇ ਹਨ ਕਿ ਇਕ ਵਾਰ ਮੇਰੇ ਦਾਦਾ ਈਦ ਦੇ ਮੌਕੇ ਅੱਬਾ ਲਈ ਨਵਾਂ ਸੂਟ ਬਣਵਾ ਲਿਆਏ ਤਾਂ ਇਸ 'ਤੇ ਅੱਬਾ ਨੇ ਦਾਦਾ ਨੂੰ ਆਖਿਆ ਕਿ ਜਦੋਂ ਪਹਿਲੇ ਕੱਪੜੇ ਹੀ ਹਾਲੇ ਤਕ ਨਹੀਂ ਫਟੇ ਤਾਂ ਨਵੇਂ ਲਿਆਉਣ ਦੀ ਕੀ ਲੋੜ ਸੀ। ਦਰਅਸਲ ਫਜ਼ੂਲ ਖਰਚੀ ਕਰਨਾ ਅੱਬਾ ਨੂੰ ਉੱਕਾ ਹੀ ਪਸੰਦ ਨਹੀਂ ਸੀ ਪਰ ਦਾਨ ਕਰਨ 'ਚ ਅੱਬਾ ਦਾ ਕੋਈ ਸਾਨੀ ਨਹੀਂ ਸੀ। ਉਹ ਅਕਸਰ ਆਪਣੇ ਕੰਬਲ, ਚਾਦਰਾਂ ਤੇ ਨਕਦੀ ਆਦਿ ਲੋੜਵੰਦ ਗਰੀਬਾਂ ਵਿਚ ਵੰਡ ਦਿਆ ਕਰਦੇ ਸਨ।

ਉਨ੍ਹਾਂ ਦੀ ਮੌਤ ਤੋਂ ਬਾਅਦ ਬਹੁਤ ਸਾਰੇ ਲੋਕ ਅਫਸੋਸ ਕਰਨ ਆਏ ਜਿਨ੍ਹਾਂ 'ਚੋਂ ਹਰੇਕ ਪਾਸ ਕਹਿਣ ਲਈ ਅੱਬਾ ਨਾਲ ਜੁੜਿਆ ਇਕ ਨਵਾਂ ਕਿੱਸਾ ਮੌਜੂਦ ਸੀ ਦਰਅਸਲ ਅੱਬਾ ਅਖਲਾਕ ਇੰਨੇ ਸੁੱਲਗ ਤੇ ਵਧੀਆ ਸਨ ਕਿ ਜੋ ਉਨ੍ਹਾਂ ਨੂੰ ਇਕ ਵਾਰ ਮਿਲ ਲੈਂਦਾ ਉਹ ਉਨ੍ਹਾਂ ਦਾ ਹੀ ਹੋ ਕੇ ਰਹਿ ਜਾਂਦਾ। ਅੱਬਾ ਦੇ ਮਿਲਣ ਵਾਲਿਆਂ ਨੇ ਉਨ੍ਹਾਂ ਦੀਆਂ ਕੁਝ ਅਜਿਹੀਆਂ ਅਣਸੁਣੀਆਂ ਕਹਾਣੀਆਂ ਦੱਸੀਆਂ ਜੋ ਉਨ੍ਹਾਂ ਦੀ ਵਿਲੱਖਣ ਤੇ ਸਰਵ ਵਿਆਪੀ ਸ਼ਖਸੀਅਤ ਹੋਣ ਦੀ ਹਾਮੀ ਭਰਦੀਆਂ ਹਨ।


ਇਕ ਵਾਰ ਇੱਥੇ ਸ਼ਹਿਰ ਦੇ ਬੱਸ ਸਟੈਂਡ ਨੇੜੇ ਸਥਿਤ ਕਰਬਲਾ 'ਚੋਂ ਨਿੰਮ ਦੀਆਂ ਨਮੋਲੀਆਂ ਇਕੱਠੀਆਂ ਕਰਨ ਗਏ ਤਾਂ ਨਮੋਲੀਆਂ ਝਾੜੂ ਨਾਲ ਇਕੱਠੀਆਂ ਕਰਨ ਉਪਰੰਤ ਜਦੋਂ ਝੋਲਾ ਭਰ ਕੇ ਘਰ ਲੈ ਆਏ ਤਾਂ ਘਰੇ ਜਦ ਝੋਲਾ ਖੋਲ੍ਹਣ ਲੱਗੇ ਤਾਂ ਨਮੋਲੀਆਂ ਵਿਚ ਕੀੜੇ ਫਿਰ ਰਹੇ ਸਨ। ਇਸ 'ਤੇ ਆਖਣ ਲੱਗੇ ਕਿ ਕੀੜੇ ਆਪਣੇ ਘਰਾਂ ਤੇ ਸਾਥੀਆਂ ਤੋਂ ਵਿਛੜ ਗਏ ਹਨ ਤੇ ਫੌਰਨ ਝੋਲਾ ਮੁੜ ਸਾਈਕਲ 'ਤੇ ਟੰਗ ਕਰਬਲਾ ਚਲੇ ਗਏ ਤਾਂ ਕਿ ਉਨ੍ਹਾਂ ਕੀੜਿਆਂ ਨੂੰ ਉਥੇ ਵਾਪਸ ਛੱਡ ਸਕਣ।

ਇਸੇ ਤਰ੍ਹਾਂ ਇਕ ਵਾਰ ਉਹ ਘਰੋਂ ਨਮਾਜ਼ ਪੜ੍ਹਨ ਲਈ ਚੱਲੇ ਤਾਂ ਵਿਹੜੇ ਵਿਚੋਂ ਵਾਪਸ ਆ ਗਏ ਅਤੇ ਚੀਨੀ ਦੇ ਡੱਬੇ ਵਿਚੋਂ ਚੀਨੀ ਦੀ ਮੁੱਠੀ ਭਰੀ ਤੇ ਵਿਹੜੇ 'ਚ ਲੱਗੇ ਤੂਤ ਦੇ ਨੇੜੇ ਢੇਰੀ ਕਰ ਦਿੱਤੀ। ਪੁੱਛਣ 'ਤੇ ਕਹਿਣ ਲੱਗੇ ਜਦੋਂ ਤੂਤ ਦੇ ਹੇਠੋਂ ਦੀ ਲੰਘਣ ਲੱਗਾ ਤਾਂ ਇਕ ਕੀੜਾ ਚੀਨੀ ਦਾ ਟੁਕੜਾ ਲਈ ਜਾ ਰਿਹਾ ਸੀ ਮੇਰਾ ਪੈਰ ਉਸ ਵਿਚ ਵੱਜਾ ਤੇ ਉਸ ਦੇ ਮੂੰਹੋਂ ਉਹ ਟੁਕੜਾ ਡਿੱਗ ਗਿਆ ਇਸ ਲਈ ਚੀਨੀ ਇੱਥੇ ਲਿਆ ਕੇ ਪਾ ਦਿੱਤੀ ਹੈ ਤਾਂ ਜੋ ਕੀੜਾ ਇਥੇ ਬੈਠ ਕੇ ਖਾ ਲਵੇ।

ਸਾਡੇ ਘਰ ਬੇਰੀ ਹੁੰਦੀ ਸੀ ਤਾਂ ਅਕਸਰ ਤੋਤਿਆਂ ਨੇ ਆ ਜਾਣਾ ਤੇ ਬੇਰਾਂ ਦੀ ਹਿੜਕ ਵਿਚਲਾ ਗੁੱਦਾ ਹਾਸਲ ਕਰਨ ਲਈ ਬਹੁਤ ਸਾਰੇ ਬੇਰਾਂ ਨੂੰ ਕੁਤਰ ਕੁਤਰ ਖੇਹ-ਖਰਾਬ ਕਰ ਵਿਹੜੇ 'ਚ ਕੂੜਾ ਖਿੰਡਾ ਦੇਣਾ ਤਾਂ ਮੇਰੀ ਮਾਤਾ ਨੇ ਖੜਕਾ ਕਰ ਉਨ੍ਹਾਂ ਤੋਤਿਆਂ ਨੂੰ ਭਜਾਉਣਾ ਤੇ ਉਨ੍ਹਾਂ ਨੂੰ ਅਵਾ-ਤਵਾ ਬੋਲਣਾ ਤਾਂ ਅੱਬਾ ਨੇ ਮਾਤਾ ਨੂੰ ਅਜਿਹਾ ਕਰਨ ਤੋਂ ਰੋਕਣਾ ਤੇ ਆਖਣਾ ਇਨ੍ਹਾਂ ਦਾ ਰਿਜ਼ਕ ਆਪਣੇ ਘਰੋਂ ਲਿਖਿਆ ਹੈ। ਉਹ ਅਕਸਰ ਕਿਹਾ ਕਰਦੇ ਸਨ ਕਿ ਜੇ ਕੋਈ ਜਨੌਰ ਪਸ਼ੂ ਕਿਸੇ ਖੇਤ ਜਾਂ ਬਾਗ 'ਚੋਂ ਕੁਝ ਖਾਂਦਾ ਹੈ ਤਾਂ ਉਸ ਖੇਤ ਜਾਂ ਬਾਗ ਦੇ ਮਾਲਕ ਨੂੰ ਸਦਕਾ ਖੈਰਾਤ (ਦਾਨ ਪੁੰਨ) ਕਰਨ ਦਾ ਸਵਾਬ ਮਿਲਦਾ ਹੈ।

ਅੱਬਾ ਜੀ ਕਈ ਤਰ੍ਹਾਂ ਦੀਆਂ ਦੇਸੀ ਦਵਾਈਆਂ ਬਣਾਇਆ ਕਰਦੇ ਸਨ। ਅਕਸਰ ਜੜੀਆਂ-ਬੂਟੀਆਂ ਕੂੰਡੀ ਵਿਚ ਪੀਸਣ ਤੋਂ ਪਹਿਲਾਂ ਥਾਲ ਵਿਚ ਉਨ੍ਹਾਂ ਨੂੰ ਧੁੱਪ ਲਵਾਉਣ ਲਈ ਰੱਖ ਦਿੰਦੇ। ਕਈ ਵਾਰ ਅਜਿਹਾ ਹੋਣਾ ਕਿ ਘਰ ਵਿਚ ਮੌਜੂਦ ਬੱਕਰੇ ਬੱਕਰੀਆਂ ਨੇ ਕਿੱਲੇ ਤੋਂ ਖੁੱਲ੍ਹ ਕੇ ਉਨ੍ਹਾਂ ਦੀ ਦਵਾਈ ਖਾ ਜਾਣੀ ਤਾਂ ਅੱਬਾ ਕਦੇ ਵੀ ਨਾਰਾਜ਼ ਨਾ ਹੁੰਦੇ ਸਗੋਂ ਇਹੋ ਆਖਦੇ ਕਿ ਚਲੋ ਇਹ ਦਵਾਈ ਇਨ੍ਹਾਂ ਦੀ ਕਿਸਮਤ 'ਚ ਈ ਖਾਣੀ ਲਿਖੀ ਸੀ। ਹੱਕ ਸੱਚ ਦੀ ਲੜਾਈ, ਉਹ ਆਪਣੀ ਹੋਏ ਭਾਵੇਂ ਬੇਗਾਨੀ ਅੱਬਾ ਹਮੇਸ਼ਾਂ ਮਜ਼ਬੂਤੀ ਅਤੇ ਗੰਭੀਰਤਾ ਨਾਲ ਲੜਦੇ। ਉਨ੍ਹਾਂ ਕਦੇ ਆਪਣੇ ਅਸੂਲਾਂ ਨਾਲ ਸਮਝੌਤਾ ਨਹੀਂ ਸੀ ਕੀਤਾ।

ਆਪਣੇ ਬਚਪਨ ਦੇ ਮੁਢਲੇ ਦਿਨਾਂ ਵਿਚ ਅੱਬਾ



ਭਾਵੇਂ ਪੰਜ ਚਾਰ ਦਿਨ ਹੀ ਸਕੂਲ ਗਏ ਸਨ ਪਰ ਇਸ ਦੇ ਬਾਵਜੂਦ ਉਹ ਉਰਦੂ, ਹਿੰਦੀ, ਪੰਜਾਬੀ ਅਤੇ ਅਰਬੀ ਭਾਸ਼ਾ ਪੜ੍ਹ ਲੈਂਦੇ ਸਨ। ਪੰਜਾਬੀ ਲਿਖ ਵੀ ਲੈਂਦੇ ਸਨ ਆਪਣੇ ਇਸ ਹਾਸਲ ਗਿਆਨ ਦੇ ਸੰਦਰਭ ਵਿਚ ਉਹ ਅਕਸਰ ਆਖਿਆ ਕਰਦੇ ਸਨ ਕਿ ਉਨ੍ਹਾਂ ਪੰਜਾਬੀ, ਉਰਦੂ ਤੁਰਦੇ ਫਿਰਦਿਆਂ ਤੇ ਸਮਾਜ ਵਿਚ ਵਿਚਰਦਿਆਂ ਸਿੱਖ ਲਈਆਂ ਸਨ। ਪੰਜ ਭੈਣਾਂ ਦੇ ਇਕੱਲੇ ਭਰਾ ਅੱਬਾ ਨੂੰ ਸ਼ਾਇਦ ਲਾਡਲੇ ਘੋਲ 'ਚ ਪੜ੍ਹਨੋਂ ਹਟਾ ਲਿਆ ਸੀ। ਕਹਿੰਦੇ ਦਾਦਾ ਖੁਦਾ ਬਖਸ਼ ਦਾ ਲੱਕੜੀ ਦਾ ਵੱਡਾ ਕਾਰੋਬਾਰ ਸੀ ਤੇ ਉਨ੍ਹੀਂ ਦਿਨੀਂ ਘਰੇ ਖੂਬ ਦੌਲਤ ਸੀ ਸ਼ਾਇਦ ਇਸੇ ਲਈ ਅੱਬਾ ਨੂੰ ਪੜ੍ਹਾਉਣ ਵਲ ਬਹੁਤੀ ਤਵੱਜੋਂ ਨਹੀਂ ਦਿੱਤੀ ਗਈ ਸੀ ਕਿ ਵੱਡੇ ਹੋ ਕੇ ਘਰ ਦਾ ਹੀ ਕਾਰੋਬਾਰ ਸੰਭਾਲਣਾ ਹੈ।

ਦਾਦੇ ਦੇ ਸਵਰਗਵਾਸ ਮਗਰੋਂ ਅੱਬਾ ਮੁਕੱਦਮੇਬਾਜ਼ੀ 'ਚ ਅਜਿਹੇ ਪਏ ਕਿ ਲੱਕੜੀ ਦਾ ਫੈਲਿਆ ਹੋਇਆ ਸਾਰਾ ਕਾਰੋਬਾਰ ਹੌਲੀ-ਹੌਲੀ ਖਤਮ ਹੋਣ ਦੀ ਕਗਾਰ 'ਤੇ ਆ ਗਿਆ ਤੇ ਨਾਲੇ ਘਰ ਵਿਚ ਪਹਿਲਾਂ ਤੋਂ ਮੌਜੂਦ ਜਮ੍ਹਾਂ ਪੂੰਜੀ ਵੀ ਵਕੀਲਾਂ ਦੀਆਂ ਮੋਟੀਆਂ ਫੀਸਾਂ ਵਿਚ ਖੁਰਦੀ ਚਲੀ ਗਈ। ਦਰਅਸਲ ਅੱਬਾ ਨੂੰ ਜਦ ਵੀ ਆਪਣੇ ਕਿਸੇ ਵਕੀਲ 'ਤੇ ਮੁਖਾਲਫ ਪਾਰਟੀ ਨਾਲ ਮਿਲਣ ਦਾ ਸ਼ੱਕ ਹੁੰਦਾ ਤਾਂ ਉਹ ਫੌਰਨ ਓਸ ਨੂੰ ਛੱਡ ਕੇ ਨਵਾਂ ਵਕੀਲ ਕਰ ਲੈਂਦੇ। ਮੇਰੇ ਖਿਆਲ 'ਚ ਜਿੰਨੇ ਵਕੀਲ ਅੱਬਾ ਨੇ ਬਦਲੇ ਸ਼ਾਇਦ ਹੀ ਕਿਸੇ ਨੇ ਬਦਲੇ ਹੋਣਗੇ। ਅਖੀਰ ਉਨ੍ਹਾਂ ਪਾਸ ਜਦੋਂ ਵਕੀਲਾਂ ਨੂੰ ਦੇਣ ਲਈ ਪੈਸੇ ਨਾ ਬਚੇ ਤਾਂ ਖੁਦ ਆਪ ਹੀ ਆਪਣੇ ਕੇਸਾਂ ਦੀ ਪੈਰਵੀ ਕਰਨ ਲੱਗੇ।

70 ਦੇ ਦਹਾਕੇ ਦੇ ਆਖਰੀ ਸਾਲਾਂ ਵਿਚ ਅੱਬਾ ਨਾਲ ਬਿਤਾਏ ਦਿਨਾਂ ਦੀਆਂ ਯਾਦਾਂ ਤਾਜ਼ੀਆਂ ਕਰਦਿਆਂ ਸਾਬਰ ਢਿੱਲੋਂ (ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਮਾਲੇਰਕੋਟਲਾ) ਆਖਦੇ ਹਨ ਕਿ ਉਨ੍ਹਾਂ ਅੱਬਾ ਦੇ ਨਾਲ ਜਿੱਥੇ ਲੱਕੜੀ ਦੀ ਕਟਾਈ ਵਿਚ ਬਤੌਰ ਸਹਾਇਕ ਭੂਮਿਕਾ ਨਿਭਾਈ ਉਥੇ ਹੀ ਅੱਬਾ ਦੇ ਕੇਸ ਦੀ ਪੈਰਵੀ ਦੇ ਸੰਦਰਭ ਵਿਚ ਉਨ੍ਹਾਂ ਨਾਲ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਵੀ ਗਏ। ਢਿੱਲੋਂ ਆਖਦੇ ਹਨ, 'ਪੇਸ਼ੀ ਨੇੜੇ ਹੋਣ ਦੇ ਚਲਦਿਆਂ ਕੁਝ ਦਿਨ ਪਹਿਲਾਂ ਹੀ ਉਨ੍ਹਾਂ ਨੇ ਮੈਨੂੰ ਨਾਲ ਲੈ ਕੇ ਹਾਈਕੋਰਟ ਲਈ ਚਾਲੇ ਪਾ ਦਿੱਤੇ ਸਨ। ਅਸੀਂ ਲੁਧਿਆਣਾ ਹੁੰਦੇ ਹੋਏ ਚੰਡੀਗੜ੍ਹ ਗਏ। ਜਦੋਂ ਲੁਧਿਆਣਾ ਬੱਸ ਸਟੈਂਡ ਪਹੁੰਚੇ ਤਾਂ ਉਥੇ ਦੁਪਹਿਰ ਦੀ ਨਮਾਜ਼ (ਜੋਹਰ) ਦਾ ਵਕਤ ਹੋ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਹੁਣ ਆਪਾਂ ਨਮਾਜ਼ ਪੜ੍ਹ ਕੇ ਹੀ ਅੱਗੇ ਚੱਲਾਂਗੇ।' ਨਮਾਜ਼ ਤੋਂ ਪਹਿਲਾਂ ਉਨ੍ਹਾਂ ਬੱਸ ਸਟੈਂਡ 'ਚ ਹੀ ਉੱਚੀ ਆਵਾਜ਼ 'ਚ ਅਜ਼ਾਨ ਦਿੱਤੀ, ਅਜ਼ਾਨ ਦੀ ਆਵਾਜ਼ ਸੁਣ ਉੱਥੇ ਮੌਜੂਦ ਡਰਾਈਵਰ ਤੇ ਕੰਡਕਟਰ ਉਨ੍ਹਾਂ ਦੇ ਦੁਆਲੇ ਜਮ੍ਹਾਂ ਹੋ ਗਏ ਤਾਂ ਮੈਂ ਡਰ ਗਿਆ ਪਰ ਉਨ੍ਹਾਂ ਸਭਨਾਂ ਨੇ ਜਦੋਂ ਉਨ੍ਹਾਂ ਦੇ ਸਤਿਕਾਰ ਵਜੋਂ ਹੱਥ ਪੈਰ ਘੁੱਟਣੇ ਸ਼ੁਰੂ ਕੀਤੇ ਤਾਂ ਮੈਨੂੰ ਜਿਵੇਂ ਰਾਹਤ ਮਿਲ ਗਈ।

ਚੰਡੀਗੜ੍ਹ ਪਹੁੰਚ ਸੈਕਟਰ 20 ਦੀ ਮਸਜਿਦ 'ਚ ਅੱਬਾ ਤੇ ਸਾਬਰ ਢਿੱਲੋਂ ਨੇ ਕਈ ਰਾਤਾਂ ਕੱਟੀਆਂ ਤੇ ਕੇਸ ਦੀ ਪੈਰਵੀ ਦੀ ਖੁਦ ਹੀ ਤਿਆਰੀ ਕੀਤੀ। ਅੰਗਰੇਜ਼ੀ 'ਚ ਦਰਜ ਵੱਖ-ਵੱਖ ਨੰਬਰਾਂ ਦੀ ਮੇਰੇ ਤੋਂ ਪੰਜਾਬੀ ਕਰਵਾਈ ਤੇ ਫਿਰ ਉਨ੍ਹਾਂ 'ਤੇ ਜਿਰਹਾ (ਬਹਿਸ) ਕਰਨ ਦੀ ਖੁਦ ਹੀ ਤਿਆਰੀ ਕੀਤੀ। ਪੇਸ਼ੀ ਵਾਲੇ ਦਿਨ ਜਦੋਂ ਅੱਬਾ ਨੂੰ ਹਾਕ ਪਈ ਤਾਂ ਉਹ ਹਾਈਕੋਰਟ 'ਚ ਬਿਨਾਂ ਕਿਸੇ ਵਕੀਲ ਤੋਂ ਜੱਜ ਦੇ ਸਾਹਮਣੇ ਜਾ ਖੜ੍ਹੇ ਹੋਏ। ਸਾਬਰ ਢਿੱਲੋਂ ਦੱਸਦੇ ਹਨ ਕਿ ਓਸ ਵੇਲੇ ਅਦਾਲਤ ਵਿਚ ਚੀਫ ਜਸਟਿਸ ਨਰੂਲਾ ਸਨ। ਜਦੋਂ ਉਨ੍ਹਾਂ ਅੱਬਾ ਨੂੰ ਕਿਹਾ ਕਿ ਮੁਸ਼ਤਾਕ ਤੇਰਾ ਵਕੀਲ ਕੌਣ ਹੈ ਤਾਂ ਅੱਬਾ ਨੇ ਆਪਣੀ ਸੱਜੇ ਹੱਥ ਦੀ ਪਹਿਲੀ ਅਰਥਾਤ (ਸ਼ਹਾਦਤ ਵਾਲੀ) ਉਂਗਲ ਆਸਮਾਨ ਵੱਲ ਕਰਦਿਆਂ ਕਿਹਾ ਕਿ ਮੇਰਾ ਵਕੀਲ 'ਅੱਲ੍ਹਾ' ਹੈ। ਇਸ 'ਤੇ ਜੱਜ ਨੇ ਆਖਿਆ, ਕੀ 'ਅੱਲ੍ਹਾ' ਇੱਥੇ ਖੁਦ ਆ ਕੇ ਗੱਲ ਕਰੇਗਾ? ਤਾਂ ਅੱਬਾ ਨੇ ਕਿਹਾ ਨਹੀਂ ਉਸ ਦੀ ਇਮਦਾਦ ਨਾਲ ਮੈਂ ਖੁਦ ਬਹਿਸ ਕਰਾਂਗਾ। ਇਸ 'ਤੇ ਮੁਖਾਲਫ ਪਾਰਟੀ ਦੇ ਦੋ ਚੋਟੀ ਦੇ ਵਕੀਲ ਜੋ ਉਸ ਵਕਤ ਅਦਾਲਤ ਵਿਚ ਮੌਜੂਦ ਸਨ, ਅੱਬਾ ਦਾ ਹੱਸ ਕੇ ਮਜ਼ਾਕ ਉਡਾਉਣ ਲੱਗੇ। ਇਸ 'ਤੇ ਜੱਜ ਨੇ ਵਕੀਲਾਂ ਨੂੰ ਅਜਿਹਾ ਨਾ ਕਰਨ ਦੀ ਹਦਾਇਤ ਕੀਤੀ ਅਤੇ ਅੱਬਾ ਤੋਂ ਹੇਠਲੀਆਂ ਅਦਾਲਤਾਂ ਦੇ ਫੈਸਲੇ ਦੀ ਕਾਪੀ ਮੰਗੀ ਜੋ ਉਨ੍ਹਾਂ ਤੁਰੰਤ ਜੱਜ ਸਾਹਿਬ ਦੇ ਸਾਹਮਣੇ ਪੇਸ਼ ਕਰ ਦਿੱਤੀ। ਇਸ ਉਪਰੰਤ ਜੱਜ ਨੇ ਅੱਬਾ ਨੂੰ ਸੀਟ 'ਤੇ ਬੈਠਣ ਦਾ ਇਸ਼ਾਰਾ ਕਰਦਿਆਂ ਆਖਿਆ ਕਿ ਮੁਸ਼ਤਾਕ ਤੇਰਾ ਵਕੀਲ ਵੀ ਮੈਂ ਹਾਂ ਤੇ ਜੱਜ ਵੀ ਮੈਂ ਹਾਂ। ਇਸ ਉਪਰੰਤ ਜੱਜ ਨੇ ਕਰੀਬ ਪੌਣਾ ਘੰਟਾ ਦੋਵਾਂ ਵਕੀਲਾਂ ਨਾਲ ਬਹਿਸ ਕੀਤੀ ਤੇ ਅੱਬਾ ਇਸ ਅੰਗਰੇਜ਼ੀ ਵਿਚ ਹੁੰਦੀ ਬਹਿਸ ਨੂੰ ਨਾ ਸਮਝਦੇ ਹੋਏ ਵੀ ਧਿਆਨ ਨਾਲ ਸੁਣਦੇ ਰਹੇ। ਅੱਬਾ ਆਖਿਆ ਕਰਦੇ ਸਨ ਕਿ ਮੇਰੇ ਭਾਵੇਂ ਉਨ੍ਹਾਂ ਦੀ ਬਹਿਸ ਉੱਕਾ ਹੀ ਸਮਝ ਨਹੀਂ ਆ ਰਹੀ ਸੀ ਪਰ ਜਦੋਂ ਜੱਜ ਨੇ ਕਿਹਾ ਡਿਸਮਿਸ। ਤਾਂ ਇਸ ਉਪਰੰਤ ਦੋਵੇਂ ਵਕੀਲ ਟਿਕ ਕੇ ਬੈਠ ਗਏ ਤਾਂ ਮੈਂ ਸਮਝ ਗਿਆ ਕਿ ਹੁਣ ਫੈਸਲਾ ਹੋ ਚੁੱਕਿਆ ਹੈ। ਉਸ ਤੋਂ ਬਾਅਦ ਜੱਜ ਸਾਹਿਬ ਆਪਣੇ ਸਟੈਨੋ ਨੂੰ ਫੈਸਲਾ ਲਿਖਵਾਉਣ ਲੱਗੇ ਤੇ ਮੈਨੂੰ ਮੁਖਾਤਿਬ ਹੁੰਦਿਆਂ ਬੋਲੇ ਮੁਸ਼ਤਾਕ "ਮੈਂਨੇ ਇਨ ਕੋ ਬਮਾਏ ਖਰਚਾ ਖਾਰਿਜ ਕੀਆ ਹੈ ਵਹਾਂ ਜਾ ਕਰ ਇਨ ਸੇ ਖਰਚਾ ਵਸੂਲ ਕਰ ਲੈਣਾ"। ਜਦੋਂ ਅੱਬਾ ਅਦਾਲਤ ਤੋਂ ਬਾਹਰ ਆਏ ਤਾਂ ਸ਼ੁਕਰਾਨੇ ਵਜੋਂ ਰੱਬ ਦੇ ਹਜ਼ੂਰ ਸਿਜਦੇ ਵਿਚ ਪੈ ਗਏ। ਜਦੋਂ ਉਹ ਉਠੇ ਤਾਂ ਕਈ ਪੱਤਰਕਾਰ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸਵਾਲ ਕਰ ਰਹੇ ਸਨ।

ਵੈਸੇ ਅੱਬਾ ਨਾਲ ਜੁੜੇ ਹੋਰ ਬਹੁਤ ਸਾਰੇ ਵਾਕਿਆਤ ਹਨ ਜਿਨ੍ਹਾਂ ਨੂੰ ਬਿਆਨ ਕਰਨ ਤੇ ਪੜ੍ਹਨ ਨਾਲ ਸਾਨੂੰ ਨਵੀਂ ਸੇਧ ਤੇ ਜੀਵਨ 'ਚ ਹਮੇਸ਼ਾ ਅਡੋਲ ਰਹਿਣ ਦੀ ਪ੍ਰੇਰਨਾ ਮਿਲਦੀ ਹੈ ਪ੍ਰੰਤੂ ਸਭਨਾਂ ਨੂੰ ਇੱਥੇ ਲਿਖਣਾ ਸੰਭਵ ਨਹੀਂ ਹੈ। ਇਨਸ਼ਾ ਅੱਲ੍ਹਾ ਜ਼ਿੰਦਗੀ ਰਹੀ ਤਾਂ ਅੱਬਾ ਨਾਲ ਜੁੜੇ ਹੋਰ ਨਵੇਂ ਕਿੱਸੇ ਲੈ ਕੇ ਫਿਰ ਹਾਜ਼ਰ ਹੋਵਾਂਗਾ... ਰੱਬ ਰਾਖਾ...।

---

# ਸੋਭਾ ਸੇਬਾਂ ਦੀ ਕਿ ਗੋਰੇ ਦੀ?

ਕੈਲੇਫੋਰਨੀਆ ਸਟੇਟ ਦੇ ਸੈਨਹੋਜ਼ੇ ਸ਼ਹਿਰ 'ਚ ਰਹਿੰਦਿਆਂ, ਨਵੇਂ ਘਰ ਵਿਚ ਆਇਆਂ ਸਾਨੂੰ ਦੋ ਕੁ ਮਹੀਨੇ ਹੀ ਹੋਏ ਸਨ। ਮੈਂ ਤੇ ਮੇਰੀ ਪਤਨੀ ਸੈਰ ਕਰ ਰਹੇ ਸਾਂ। ਇਕ ਗੋਰੇ ਦੇ ਘਰ ਮੋਹਰੇ ਲੱਗੇ ਹੋਏ ਸੇਬਾਂ ਦੇ ਬੂਟੇ ਦੀਆਂ ਟਾਹਣੀਆਂ, ਵਾਕ-ਵੇਅ ਵੱਲ ਨੂੰ ਇਉਂ ਵਧੀਆਂ ਹੋਈਆਂ ਸਨ ਜਿਵੇਂ ਕਿਤੇ ਉਹ ਰਾਹਗੀਰਾਂ ਅੱਗੇ ਆਪਣੇ ਨਾ਼ਲ ਲੱਗੇ ਹੋਏ ਕੁੱਝ ਹਰੇ ਤੇ ਕੁੱਝ ਲਾਲੀ ਦੀ ਭਾਅ ਮਾਰਦੇ ਲਿਸ਼ਕਦੇ ਸੇਬਾਂ ਦੀ ਨੁਮਾਇਸ਼ ਕਰ ਰਹੀਆਂ ਹੋਣ। ਜਾਣ ਵੇ਼ਲੇ ਤਾਂ ਅਸੀਂ ਦੋਵੇਂ ਚੁੱਪ ਚੁਪੀਤੇ ਸੇਬਾਂ ਵੱਲ ਦੇਖਦੇ ਟਾਹਣੀਆਂ ਤੋਂ ਟੇਢੇ ਜਿਹੇ ਹੋ ਕੇ ਲੰਘ ਗਏ ਪਰ ਵਾਪਸ ਆਉਂਦਿਆਂ ਮੈਂ ਇਸ਼ਾਰੇ ਨਾਲ ਪਤਨੀ ਨੂੰ ਪੁੱਛਿਆ ਕਿ ਇੱਕ ਦੋ ਤੋੜ ਲਈਏ? ਸੇਬਾਂ ਦਾ ਰੰਗ-ਰੂਪ ਦੇਖ ਕੇ ਲਲਚਾ ਤਾਂ ਉਹ ਵੀ ਰਹੀ ਸੀ ਪਰ 'ਕੀ ਪਤਾ ਇਸ ਘਰ ਵਾ਼ਲੇ

**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-915-1268**

ਕੌਣ ਤੇ ਕਿਹੋ ਜਿਹੇ ਹੋਣ?' ਕਹਿ ਕੇ ਉਸਨੇ ਮਨ੍ਹਾਂ ਕਰ ਦਿੱਤਾ।

ਘਰ ਆ ਕੇ ਅਸੀਂ ਕਿੰਨਾਂ ਚਿਰ ਸੇਬਾਂ ਦੀਆਂ ਗੱਲਾਂ ਕਰਦੇ ਰਹੇ। ਘਰੇਲੂ ਬੂਟਿਆਂ 'ਤੇ ਲੱਗੇ ਫ਼ਲਾਂ ਨੂੰ ਨਾ ਖਾਣ ਬਾਰੇ ਅਮਰੀਕਨਾਂ ਦੇ ਸੁਭਾਅ ਬਾਰੇ ਗੱਲ ਕਰਦਿਆਂ ਸ੍ਰੀਮਤੀ ਨੇ ਮੈਨੂੰ ਯਾਦ ਕਰਾਇਆ ਕਿ ਤੁਸੀਂ ਜਦ ਆਪਣੇ ਕੰਮ ਤੋਂ ਨਾਸ਼ਪਾਤੀਆਂ ਤੋੜ ਕੇ ਲਿਆਉਂਦੇ ਸੀ ਤਾਂ ਦੱਸਦੇ ਸੀ ਕਿ ਉਥੇ ਰਹਿੰਦੇ ਗਭਰੇਟ ਨਿਆਣੇ ਸਟੋਰਾਂ ਤੋਂ ਲਿਆ ਕੇ ਫਰੂਟ ਤਾਂ ਖਾ ਲੈਂਦੇ ਹਨ ਪਰ ਘਰ ਮੋਹਰੇ ਲੱਗੇ ਆਲੂ-ਬੁਖਾਰੇ ਤੇ ਨਾਸ਼ਪਾਤੀਆਂ ਕਦੇ ਨਹੀਂ ਤੋੜਦੇ। ਸੁਣ ਕੇ ਮੈਂ ਮਜ਼ਾਕ 'ਚ ਕਿਹਾ ਕਿ ਇਹਦਾ ਮਤਲਬ, ਤੂੰ ਮੈਨੂੰ ਉਕਸਾ ਰਹੀ ਐਂ ਕਿ ਗੋਰੇ ਦੇ ਘਰੋਂ ਸੇਬ ਤੋੜ ਲਿਆਇਆ ਕਰੋ!

ਦੂਜੇ ਦਿਨ ਸ਼ਾਮ ਵੇਲੇ ਜਦ ਅਸੀਂ ਉਸ ਗੋਰੇ ਦੇ ਘਰ ਵੱਲ ਜਾ ਰਹੇ ਸਾਂ ਤਾਂ ਉਚਾ-ਲੰਮਾ ਅੱਧਖੜ ਜਿਹਾ ਭਾਈ ਅੰਦਰ ਵੜਦਾ ਦੇਖਿਆ। ਅਸੀਂ ਇਸ ਗੱਲੋਂ ਨਿਸ਼ਚਿੰਤ ਹੋ ਗਏ ਕਿ ਘਰ ਦਾ ਮਾਲਕ ਕੋਈ ਇੰਡੀਅਨ ਨਹੀਂ, ਗੋਰਾ ਹੀ ਹੈ। ਜਾਂਦਿਆਂ ਅਸੀਂ ਸਲਾਹ ਕੀਤੀ ਕਿ ਆਉਂਦਿਆਂ ਹੋਇਆਂ ਜੇ ਇਹ ਬਾਹਰ ਖੜ੍ਹਾ ਹੋਇਆ ਤਾਂ ਇਹਨੂੰ ਪੁੱਛ ਕੇ ਇੱਕ-ਦੋ ਸੇਬ ਤੋੜ ਲਿਜਾਵਾਂਗੇ। ਪਰ ਜਦੋਂ ਅੱਧੇ-ਪੌਣੇ ਘੰਟੇ ਬਾਅਦ ਵਾਪਸ ਆਏ ਤਾਂ ਸੇਬਾਂ ਨਾ਼ਲ ਲੱਦਿਆ ਬੂਟਾ ਹੀ ਇਕੱਲਾ ਸਾਨੂੰ ਉਡੀਕ ਰਿਹਾ ਸੀ। ਜੱਕੋ-ਤੱਕੀ ਤਿਆਗ ਕੇ ਆਪਣੀ ਪੱਗ ਨਾ਼ਲ ਛੂੰਹਦੇ ਟਾਹਣੇ ਤੋਂ ਮੈਂ ਦੋ-ਤਿੰਨ ਸੇਬ ਤੋੜ ਹੀ ਲਏ!



ਘਰ ਦੇ ਜੀਆਂ ਨੇ ਹਿੱਸੇ ਆਏ ਸੇਬਾਂ ਦੇ ਟੁਕੜੇ ਖਾਂਦਿਆਂ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਇਨ੍ਹਾਂ ਦਾ ਤਾਂ ਸਵਾਦ ਉਹੋ ਜਿਹਾ ਹੀ ਹੈ, ਜਿਹੋ ਜਿਹੇ ਸੇਬ ਪੰਜਾਬ 'ਚ ਖਾਂਦੇ ਸਾਂ। ਮੇਰੇ ਸਮੇਤ ਸਾਰਾ ਟੱਬਰ ਕਹਿਣ ਲੱਗ ਪਿਆ ਕਿ ਇੱਥੇ ਵੱਖ-ਵੱਖ ਸਟੋਰਾਂ ਤੋਂ ਵੀਹ ਕਿਸਮਾਂ ਦੇ ਸੇਬ ਲਿਆ ਲਿਆ ਦੇਖ ਲਏ ਪਰ ਇੰਡੀਆ ਦੇ ਸੇਬਾਂ ਵਾ਼ਲੀ ਗੱਲ ਨਹੀਂ ਬਣਦੀ-ਮਿਠਾਸ ਘੱਟ ਪਰ ਖਟਾਸ ਜ਼ਿਆਦਾ ਹੁੰਦੀ ਐ। ਯਾਨਿ ਕਿ ਸਾਰਿਆਂ ਨੇ ਮੈਨੂੰ ਰੋਜ਼ ਸੇਬ ਲੈ ਆਉਣ ਦਾ ਸੰਦੇਸ਼ ਦੇ ਦਿੱਤਾ।

ਲਓ ਜੀ, ਆਪਾਂ ਨਿੱਤ-ਨੇਮ ਹੀ ਬਣਾ ਲਿਆ! ਰੋਜ਼ ਸੈਰ ਤੋਂ ਮੁੜਦਿਆਂ ਜੈਕਟ ਦੀਆਂ ਜੇਬਾਂ ਸੇਬਾਂ ਨਾ਼ਲ ਠੂਸ ਲੈਣੀਆਂ! ਕਈ ਵਾਰ ਤੋੜਨ ਵੇ਼ਲੇ ਜਾਣ-ਬੁੱਝ ਕੇ ਕੱਚੇ-ਪੱਕੇ ਛਾਂਟੀ ਜਾਣੇ ਕਿ ਸ਼ਾਇਦ ਅੰਦਰੋਂ ਗੋਰਾ ਜਾਂ ਉਸਦੀ ਵਾਈਫ ਬਾਹਰ ਆਵੇ ਤੇ ਮੈਂ 'ਸੌਰੀ' ਕਹਿ ਕੇ ਉਨ੍ਹਾਂ ਤੋਂ ਸੇਬ ਤੋੜਨ ਦੀ 'ਰਸਮੀਂ ਇਜਾਜ਼ਤ' ਵੀ ਲੈ ਲਵਾਂ। ਮੇਰੀ ਇਹ ਇੱਛਾ ਤਾਂ ਪੂਰੀ ਨਾ ਹੋਈ, ਪਰ ਜਿੱਥੇ ਤੱਕ ਮੇਰਾ ਹੱਥ ਜਾਂਦਾ ਸੀ, ਮੈਂ ਰੋਜ਼ ਟਾਹਣੇ ਖਾਲੀ ਕਰਦਾ ਰਿਹਾ। ਮੇਰਾ ਲਾਲਚ ਵਧੀ ਗਿਆ ਤੇ ਮੈਂ ਉਪਰ ਮੋਟੇ ਮੋਟੇ ਸੇਬ ਦੇਖ ਛੜੱਪੇ ਮਾਰ-ਮਾਰ ਤੋੜਨ ਲੱਗਾ, ਭਾਵੇਂ ਘਰਦਿਆਂ ਨੇ ਮੈਨੂੰ 'ਛੜੱਪੇ ਮਾਰ ਸਰਵਿਸ' ਤੋਂ ਵਰਜਿਆ ਹੋਇਆ ਸੀ।

ਰੋਜ਼ ਵਾਂਗ ਇਕ ਸ਼ਾਮ ਜਦੋਂ ਮੈਂ ਉਸ ਗੋਰੇ ਦੇ ਘਰ ਅੱਗੇ ਪਹੁੰਚਿਆ ਤਾਂ ਇਹ ਦੇਖ ਕੇ ਹੈਰਾਨੀ ਹੋਈ ਕਿ ਬੂਟੇ ਥੱਲੇ 'ਫਰੂਟ-ਪਿੱਕਰ' ਪਿਆ ਸੀ। ਜਿਸ ਦੇ ਨਾਲ ਉਚੇ ਟਾਹਣਿਆਂ 'ਤੇ ਲੱਗੇ ਫ਼ਲ ਤੋੜੇ ਜਾਂਦੇ ਹਨ। ਮੈਂ ਅੰਦਾਜ਼ਾ ਲਇਆ ਕਿ ਗੋਰੇ ਨੇ ਮੈਨੂੰ ਛੜੱਪੇ ਮਾਰਦੇ ਨੂੰ ਦੇਖ ਲਿਆ ਹੋਣੈ ਤੇ ਮੇਰੀ ਸਹੂਲਤ ਲਈ ਉਸਨੇ ਇਹ 'ਸੰਦ' ਰੱਖ ਦਿੱਤਾ ਹੋਵੇਗਾ। ਲਓ ਜੀ! ਮੈਂ ਹੁਣ ਉਸ ਢਾਂਗੇ ਨਾ਼ਲ ਉਚੇ ਟਾਹਣਿਆਂ 'ਤੇ ਲੱਗੇ ਮੋਟੇ-ਮੋਟੇ ਸੇਬ ਲਾਹੁਣ ਲੱਗ ਪਿਆ। ਕਈ ਵਾਰ ਸੋਚਿਆ ਕਿ ਢਾਂਗਾ ਬਾਹਰ ਰੱਖਣ ਵਾ਼ਲੇ ਗੋਰੇ ਦਾ ਸ਼ੁਕਰਾਨਾ ਕਰਾਂ ਪਰ ਉਹ ਕਦੇ ਦਿਸਿਆ ਹੀ ਨਾ। ਵੈਸੇ ਉਸ ਢਾਂਗੇ ਨਾ਼ਲ ਸੇਬ ਲਾਹੁੰਦਿਆਂ ਮੈਨੂੰ ਸੰਗ ਵੀ ਆਉਣੀ ਤੇ ਮੈਂ ਸੋਚਣਾ ਕਿ ਜੇ ਦੇਸ ਹੁੰਦਾ ਤਾਂ ਮਾਲਕ ਨੇ ਇਹੋ ਜਿਹੀ ਮੋਟੀ ਲਾਠੀ ਲੈ ਕੇ ਬਾਹਰ ਆਉਣਾ ਸੀ ਤੇ ਮੈਨੂੰ ਡਾਂਟਦਿਆਂ ਕਹਿਣਾ ਸੀ ਕਿ ਇਹ ਬੂਟਾ ਤੇਰੇ ਲਈ ਨਹੀਂ ਲਾਇਆ ਹੋਇਆ ਸ੍ਰੀ ਮਾਨ?

ਫਰੂਟ-ਪਿੱਕਰ ਨਾ਼ਲ ਸੇਬ ਲਾਹੁੰਦਿਆਂ ਇੱਕ ਦਿਨ ਮੇਰੇ ਨਾ਼ਲ ਬਹੁਤ ਬੁਰੀ ਹੋਈ! ਉਚੇ ਸੇਬ ਲਾਹੁਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਇੱਕ ਹੁੱਕ ਕਿਸੇ ਲੱਕੜੀ 'ਚ ਫਸ ਗਈ। ਜਦ ਮੈਂ ਜ਼ੋਰ ਨਾਲ ਝਟਕਾ ਮਾਰਿਆ ਤਾਂ ਲਾਠੀ ਮੇਰੇ ਹੱਥ 'ਚ ਰਹਿ ਗਈ ਤੇ ਮੋਹਰਲਾ ਜੁਗਾੜ ਉਤੇ ਹੀ ਟੰਗਿਆ ਰਹਿ ਗਿਆ! ਹੱਕਾ-ਬੱਕਾ ਹੋਇਆ ਮੈਂ ਦੇਖਾਂ ਆਲਾ-ਦੁਆਲਾ ਕਿ ਹੁਣ ਕੀ ਕਰਾਂ? ਲਾਠੀ 'ਤਾਂਹ ਨੂੰ ਚੁੱਕ ਕੇ ਮੈਂ ਦਸ-ਪੰਦਰਾਂ ਮਿੰਟ ਕੋਸ਼ਿਸ਼ ਕਰਦਾ ਰਿਹਾ। ਆਖਰ ਮੈਂ ਉਤੇ ਟੰਗ ਹੋਇਆ ਮੋਹਰਲਾ ਪਾਰਟ ਥੱਲੇ ਲਾਹ ਕੇ ਸੁੱਖ ਦਾ ਸਾਹ ਲਿਆ! ਫਰੂਟ-ਪਿੱਕਰ ਟੁੱਟ ਗਿਆ ਦੱਸਣ ਲਈ ਮੈਂ ਗੋਰੇ ਦੇ ਦਰਵਾਜ਼ੇ ਦੀ ਬੈਲ ਵਜਾਈ ਪਰ ਅੰਦਰੋਂ ਕੋਈ ਹਿਲ-ਜੁਲ ਸੁਣਾਈ ਨਾ ਦਿੱਤੀ। ਲਾਠੀ ਅਤੇ ਮੋਹਰਲਾ ਹਿੱਸਾ ਦੋਵੇਂ ਇੱਕ ਪਾਸੇ ਰੱਖ ਕੇ ਜਿੰਨੇ ਕੁ ਸੇਬ ਤੋੜੇ ਸਨ, ਲੈ ਕੇ ਘਰ ਨੂੰ ਆ ਗਿਆ। ਘਰਦੇ ਮੈਨੂੰ ਕਹਿੰਦੇ ਕਿ ਅੱਬਲ ਤਾਂ ਹੁਣੇ ਜਾਓ, ਨਹੀਂ ਤਾਂ ਕੱਲ੍ਹ ਨੂੰ ਗੋਰੇ ਕੋਲ ਜਾ ਕੇ 'ਸੌਰੀ' ਕਹਿ ਕੇ ਦੱਸਿਓ ਕਿ ਫਰੂਟ-ਪਿੱਕਰ ਮੈਥੋਂ ਟੁੱਟ ਗਿਆ ਸੀ।

ਅਗਲੀ ਸ਼ਾਮ ਜਦ ਮੈਂ ਮੁਆਫੀ ਮੰਗਣ ਲਈ ਜਾ ਰਿਹਾ ਸਾਂ ਤਾਂ ਮੈਂ ਦੇਖਿਆ ਕਿ ਉਹ ਬਾਹਰ ਬੈਠਾ ਕੁੱਝ ਕਰ ਰਿਹਾ ਸੀ। ਕੋਲ ਪਹੁੰਚ ਕੇ ਉਸ ਵਲ ਦੇਖਦਿਆਂ ਮੈਂ ਹੋਰ ਸ਼ਰਮਿੰਦਾ ਹੋ ਗਿਆ। ਪਲਾਸ ਨਾਲ ਤਾਰਾਂ ਮਰੋੜ-ਮਰੋੜ ਕੇ ਉਹ ਉਸ ਨੂੰ ਮੁੜ ਕਾਰਆਮਦ ਬਣਾ ਰਿਹਾ ਸੀ। ਮੇਰੀ ਮੂੰਹੋਂ 'ਸੌਰੀ' ਸੁਣ ਕੇ ਉਹ ਬੜੀ ਬੇਪਰਵਾਹੀ ਨਾਲ ਬੋਲਿਆ- 'ਇਟਸ ਓ.ਕੇ'...ਫਿਰ ਕੀ ਹੋਇਆ!...ਮੈਂ ਵੀ ਸੇਬ ਖਾਣ ਦਾ ਸ਼ੌਕੀਨ ਹਾਂ... ਪਰ ਮੇਰੀ ਵਾਈਫ ਮੈਨੂੰ ਇਹ ਸੇਬ ਖਾਣ ਨਹੀਂ ਦਿੰਦੀ। ਸੇਫ ਵੇਅ ਤੋਂ ਲਿਆਉਂਦੀ ਹੁੰਦੀ ਹੈ। ਟੁੱਟੇ ਫਰੂਟ-ਪਿੱਕਰ ਨੂੰ ਚੰਗੀ ਤਰ੍ਹਾਂ ਫਿਕਸ ਕਰਕੇ ਮੈਨੂੰ ਫੜਾਉਂਦਿਆਂ ਬੋਲਿਆ ਕਿ ਜੇ ਇਹ ਫਿਰ ਟੁੱਟ ਗਿਆ ਤਾਂ ਮੈਂ ਨਵਾਂ ਲੈ ਆਵਾਂਗਾ...ਨੋ ਪ੍ਰਾਬਲਮ।

ਵਿਅੰਗ

# ਗੱਲ ਸੁਣੀਂ ਵੇ ਜੋਗੀਆ...!

***ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।***

ਜੋਗੀਆ ਵੀਰਾ...! ਮੇਰੀ ਇੱਕ ਗੱਲ ਸੁਣ ਕੇ ਜਾਈਂ...!

ਆਪ ਦੇ ਨਾਥ ਜੀ ਨੂੰ ਆਖ ਦੇਵੀਂ। ਇੱਥੇ ਹੁਣ ਪੋਠੋਹਾਰ ਦੀ ਕੁੜੀ ਨਹੀਂ, "ਮਿੱਸਾਂ" ਵਸਦੀਐਂ! ਬਾਈ ਨੰਦ ਲਾਲ ਨੂਰਪੁਰੀ ਨੂੰ ਕਹੀਂ, ਇੱਥੇ ਹੁਣ ਗੋਰੀ ਦੀਆਂ ਝਾਂਜਰਾਂ ਨਹੀਂ ਬੁਲਾਉਂਦੀਆਂ, ਡਿਸਕੋ-ਮਿਊਜ਼ਿਕ ਕੰਨ ਪਾੜਦੈ! ਇੱਥੇ ਸੁਆਣੀਆਂ ਦੁੱਧਾਂ ਵਿਚ ਮਧਾਣੀਆਂ ਨਹੀਂ ਪਾਉਂਦੀਆਂ, "ਮੁੰਨੀ ਬਦਨਾਮ ਹੁਈ, ਡਾਰਲਿੰਗ ਤੇਰੇ ਲੀਏ" 'ਤੇ "ਝੋਲ-ਨਾਚ" ਕਰਦੀਐਂ! ਗੱਭਰੂ ਸੂਰਮਿਆਂ ਦੀਆਂ "ਵਾਰਾਂ" ਨਹੀਂ ਸੁਣਦੇ, "ਮੁੰਡਿਆਂ ਤੋਂ ਬਚ ਕੇ ਰਹੀਂ" ਦੇ ਸੋਹਿਲੇ ਗਾਉਂਦੇ ਐ! ਹੁਣ ਇੱਥੇ ਸ਼ੌਂਕਣਾਂ ਦੇ ਮੇਲੇ ਨਹੀਂ ਲੱਗਦੇ, ਹੁਣ ਤਾਂ ਮਾਡਲ-ਮੰਡੀ 'ਤੇ ਮੁਟਿਆਰਾਂ ਦੀ ਨੁਮਾਇਸ਼ ਹੁੰਦੀ ਐ..! ਹੁਸਨ, ਮੰਡੀਆਂ 'ਤੇ ਨਿਲਾਮ ਹੁੰਦੈ...! ਜੋਬਨ ਪਸ਼ੂਆਂ



ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

ਵਾਂਗ ਵਿਕਦੈ...!

ਇੱਕ ਗੱਲ ਆਪਣੇ ਨਾਥ ਜੀ ਨੂੰ ਇਹ ਵੀ ਕਹਿ ਦੇਈਂ, ਪੰਜਾਬ ਦੀਆਂ ਔਰਤਾਂ ਅੱਜ-ਕੱਲ੍ਹ ਬੰਦਾ ਸਿੰਘ ਬਹਾਦਰ ਅਤੇ ਹਰੀ ਸਿੰਘ ਨਲੂਏ ਨਹੀਂ, ਅਮਲੀ ਜੰਮਦੀਐਂ..! ਬਾਈ ਸਿਆਂ, ਅਮਲੀ ਤਾਂ ਫਿਰ ਵੀ ਚੰਗੇ ਐ..! ਪਰ ਜੰਮੇ ਅਕ੍ਰਿਤਘਣ, ਬੰਦੇ ਦੇ ਕੀਤੇ ਗੁਣ ਤਾਂ ਕੀ? ਰੱਬ ਨੂੰ ਵੀ ਦਿਹਾੜੀਦਾਰ ਹੀ ਸਮਝਦੇ ਨੇ..! ਗੌਂਅ ਵੇਲੇ ਹਰ ਕੋਈ ਭਾਈ-ਭਤੀਜਾ ਬਣ ਬਹਿੰਦੈ! ਪਰ ਪਿੱਛੋਂ: ਜਿਚਰੁ ਪੈਨਨਿ ਖਾਵਨੇ ਤਿਚਰੁ ਰਖਨਿ ਗੰਢੁ॥ ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥

ਜੇ ਪ੍ਰੋਫ਼ੈਸਰ ਮੋਹਣ ਸਿੰਘ ਮਿਲੇ ਤਾਂ ਉਸ ਨੂੰ ਵੀ ਸੁਨੇਹਾ ਦੇਈਂ! ਕਦੇ "ਟੈਂ" ਨਾ ਕਹਾਉਣ ਵਾਲੇ ਯੋਧੇ ਅੱਜ-ਕੱਲ੍ਹ ਬਾਣੀਆਂ ਅਤੇ ਏਜੰਟਾਂ ਦੇ ਛਿੱਤਰ ਖਾਂਦੇ ਐ! ਅੱਜ-ਕੱਲ੍ਹ ਮਿਰਜ਼ੇ ਆਪਣੇ ਤੀਰਾਂ ਅਤੇ ਭੱਥੇ ਦੀ ਸਿਫ਼ਤ ਨਹੀਂ ਕਰਦੇ, ਫ਼ੈਨਸੀ-ਡਰਿੱਲ ਅਤੇ ਨਸ਼ੇ ਵਾਲੀਆਂ ਗੋਲੀਆਂ ਦੇ ਗੁਣ ਗਾਉਂਦੇ ਐ! ਅੱਜ ਕੱਲ੍ਹ ਜੋਬਨ-ਮੱਤੀ ਹੀਰ ਮੰਗੂ ਚਾਰਦੇ ਰਾਂਝੇ ਲਈ ਚੂਰੀ ਨਹੀਂ ਕੁੱਟ ਕੇ ਲਿਜਾਂਦੀ, ਅਫ਼ੀਮ ਦਾ 'ਕੰਡਾ' ਦੇ ਕੇ ਆਉਂਦੀ ਐ...! ਚੋਬਰਾਂ ਦੇ ਸੀਨੇ, ਝਨਾਂ ਦੇ ਪੱਤਣਾਂ ਵਾਂਗ ਖੁਰਦੇ ਜਾਂਦੇ ਐ!

ਜੇ ਕਿਤੇ ਧੰਨ ਗੁਰੂ ਨਾਨਕ ਪਾਤਿਸ਼ਾਹ ਮਿਲਣ ਤਾਂ ਕਹੀਂ, ਗੁਰੂ ਪਾਤਿਸ਼ਾਹ...! ਬੇਬੇ ਅਤੇ ਭਾਈ ਮਰਦਾਨੇ ਵਾਲੀ ਯਾਰੀ ਹੁਣ ਇੱਥੇ ਖ਼ਤਮ ਹੋ ਚੁੱਕੀ ਹੈ! ਹੁਣ ਇੱਥੇ "ਤੇਰਾ-ਤੇਰਾ" ਨਹੀਂ, ਅੱਧ ਈ ਤੋਲਿਆ ਜਾਂਦੈ। ਭੈਣ ਨਾਨਕੀ ਵੀਰ ਨੂੰ ਪ੍ਰਛਾਦਾ ਛਕਾਉਣ ਲਈ ਨਹੀਂ, ਅੱਜ ਦੀ ਭੈਣ ਤਾਂ ਬਾਹਰ ਬੈਠੇ ਵੀਰ ਦਾ 'ਚੈੱਕ' ਉਡੀਕਦੀ ਹੈ! ਰੱਖੜੀ ਇੱਥੇ ਮੁਹੱਬਤ ਦੀ 'ਆੜ' ਬਣਦੀ ਜਾਂਦੀ ਐ! ਅੱਜ-ਕੱਲ੍ਹ ਬੇਬੇ ਸੁਲੱਖਣੀ ਪਤੀ-ਪ੍ਰਮੇਸ਼ਰ ਨੂੰ ਨਹੀਂ ਉਡੀਕਦੀ, ਅੱਜ ਕੱਲ੍ਹ ਦੀਆਂ 'ਸੁਲੱਖਣੀਆਂ' ਤਾਂ, ਲੋਟ ਲੱਗੇ ਤਾਂ ਪਤੀ-ਦੇਵ ਦਾ 'ਟੱਟੂ-ਪਾਰ' ਵੀ ਕਰਵਾ ਧਰਦੀਐਂ! ਧੰਨ ਗੁਰੂ ਨਾਨਕ ਪਾਤਿਸ਼ਾਹ ਨੂੰ ਆਖੀਂ, ਇਹ ਗੱਲਾਂ ਮੈਂ ਨਹੀਂ ਕਰਦਾ, ਰੋਜ਼ ਦੀਆਂ ਅਖ਼ਬਾਰਾਂ ਦੱਸਦੀਐਂ!! ਇੱਥੇ ਗਰੀਬ, ਮਜ਼ਦੂਰ, ਕਿਸਾਨ ਤੋਂ ਬਿਨਾ ਅਕਾਲ-ਪੁਰਖ ਨੂੰ ਕੋਈ ਮਿਹਣਾ ਨਹੀਂ ਮਾਰਦਾ: ਏਤੀ ਮਾਰ ਪਈ ਕੁਰਲਾਣੇ॥ ਤੈਂ ਕੀ ਦਰਦੁ ਨ ਆਇਆ॥ ਚਿੱਟੇ ਜਾਂ ਗੋਲੀ ਨਾਲ ਮਰੇ ਜੁਆਨ ਮੁੰਡਿਆਂ ਦੀਆਂ ਮਾਵਾਂ ਮਿੱਤਰ ਪਿਆਰੇ ਨੂੰ ਮੁਰੀਦਾਂ ਦਾ ਹਾਲ ਜ਼ਰੂਰ ਰੋ-ਰੋ ਕੇ ਸੁਣਾਉਂਦੀਐਂ! ਇੱਥੇ ਕਿਸਾਨ ਦਾ ਪੁੱਤ ਹੁਣ ਬੋਡੇ ਵਾਂਗੂੰ ਹਲ਼ ਨਹੀਂ ਵਾਹੁੰਦਾ ਗੁਰੂ ਜੀ, ਭਈਆ ਟਰੈਕਟਰ ਚਲਾ ਰਿਹਾ ਹੁੰਦੈ ਤੇ ਕਿਸਾਨ ਦਾ ਪੁੱਤ ਸ਼ਹਿਰ ਫ਼ਿਲਮ ਦੇਖਦਾ ਹੁੰਦੈ, ਜਾਂ ਕਿਸੇ ਨਹਿਰ 'ਤੇ ਬੈਠਾ ਲਾਹਣ ਜਾਂ ਚਿੱਟਾ ਪੀਂਦਾ ਹੁੰਦੈ! ਅੱਜ ਕੱਲ੍ਹ ਉਸ ਦਾ ਇੱਕ ਹੱਥ ਮੋਟਰ ਸਾਈਕਲ ਤੇ ਇੱਕ ਹੱਥ ਮੋਬਾਈਲ ਫ਼ੋਨ ਨੂੰ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ ਪੁੱਤਰਾਂ ਦਾ ਦਾਨੀ, ਸਰਬੰਸ ਵਾਰਨ ਵਾਲਾ ਯੋਧਾ, ਕਥਨੀ-ਕਰਨੀ ਦਾ ਪੂਰਾ-ਸੂਰਾ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਿਲੇ ਤਾਂ ਦੱਸ ਦੇਵੀਂ ਕਿ ਹੁਣ ਤਾਂ ਆਪਣੇ ਜਥੇਦਾਰ ਵੀ ਭ੍ਰਿਸ਼ਟਾਚਾਰ ਦੇ ਰਾਹ ਪੈ ਗਏ! "ਪੋਥੀ ਪ੍ਰਮੇਸਰ ਕਾ ਥਾਨੁ" ਗੁਰੂ ਗ੍ਰੰਥ ਸਾਹਿਬ ਨੂੰ ਅਦਾਲਤਾਂ ਵਿਚ ਲਿਜਾਣ ਲੱਗ ਪਏ। ਦਰਬਾਰ ਸਾਹਿਬ ਅੰਦਰ ਮੁਜ਼ਾਹਰੇ ਹੋਣ ਲੱਗ ਪਏ। ਹੁਣ ਸੂਰਮੇ ਯੋਧੇ ਮੈਦਾਨਿ-ਜੰਗ ਵਿਚ ਨਹੀਂ, ਦਰਬਾਰ ਸਾਹਿਬ ਵਿਚ ਹੀ 'ਆਪਣੇ-ਆਪਣੇ' ਜੌਹਰ ਦਿਖਾਉਣ ਤੁਰ ਪਏ! ਹੁਣ ਤੁਹਾਡੇ ਵਾਂਗੂੰ 'ਅਗਲੇ' ਆਪਣੇ ਪੁੱਤਰਾਂ ਨੂੰ ਜੰਗ ਵਿਚ ਨਹੀਂ ਤੋਰਦੇ, ਅਮਰੀਕਾ ਕੈਨੇਡਾ ਭੇਜ ਦਿੰਦੇ ਐ! ਹਾਂ, ਦੂਜਿਆਂ ਦੀ ਪੂਛ ਨੂੰ ਬੜਾ ਵੱਟ ਚਾੜ੍ਹਦੇ ਐ! ਕਹੀਂ, ਸੱਚੇ ਪਾਤਿਸ਼ਾਹ! ਤੁਹਾਨੂੰ ਤਾਂ ਖ਼ਾਲਸਾ-ਪੰਥ ਨੇ ਗਲਤ-ਫ਼ਹਿਮੀ ਵਿਚ ਦਾਦੂ ਦੀ ਸਮਾਧ 'ਤੇ ਤੀਰ ਨਾਲ ਸਿਜਦਾ ਕਰਨ ਬਦਲੇ 'ਤਨਖਾਹ' ਲਾ ਦਿੱਤੀ ਸੀ, ਤੁਸੀਂ ਤਨਖਾਹ ਕਬੂਲ ਵੀ ਕਰ ਲਈ ਸੀ। ਪਰ ਅੱਜ ਦੇ 'ਪੰਥਕ-ਬੰਦੇ' ਤਾਂ ਮਰਿਆਦਾ ਦੀਆਂ ਸ਼ਰ੍ਹੇਆਮ ਧੱਜੀਆਂ ਉਡਾਈ ਜਾਂਦੇ ਐ, ਇਨ੍ਹਾਂ ਦਾ ਕੀ ਕਰੀਏ...? ਕਿਹੜੇ ਖੂਹ ਵਿਚ ਸੁੱਟੀਏ...? ਤਨਖਾਹਾਂ ਨੂੰ ਤਾਂ ਇਹ ਗੌਲਦੇ ਈ ਕੱਖ ਨਹੀਂ! ਗਿੱਟੇ ਉਤੇ ਡੰਡਾ ਖਾ ਕੇ ਵੀ ਲੱਤ ਫਿਰ ਉਥੇ ਈ ਧਰ ਲੈਂਦੇ ਐ ਜੀ! ਸੱਚੇ ਪਾਤਿਸ਼ਾਹ! ਇੱਥੇ ਸਾਧ ਅਤੇ ਸੰਤ ਬੜੇ ਹਨ ਜੀ, ਕੋਈ ਅੰਤ ਨਹੀਂ! ਪਰ ਤੇਰਾ ਪੰਥ ਟੁੱਟੇ ਤਾਰੇ ਵਾਂਗੂੰ ਫਿਰ ਵੀ ਥੱਲੇ ਨੂੰ ਜਾ ਰਿਹਾ ਹੈ ਜੀ! ਇਹਦਾ ਕੋਈ ਹੱਲ ਸੋਚੋ!

ਜੋਗੀ ਵੀਰਿਆ! ਜੇ ਕਿਤੇ ਤੈਨੂੰ ਅਕਾਲ-ਪੁਰਖ ਮਿਲ ਜਾਵੇ, ਤਾਂ ਕਹੀਂ...!!!

'ਸੁਣੀ ਪੁਕਾਰ ਦਾਤਾਰ ਪ੍ਰਭੁ॥ ਗੁਰੁ ਨਾਨਕੁ ਜਗਿ ਮਾਹਿ ਪਠਾਇਆ॥" ਹੁਣ ਕੋਈ ਪਿਆਰਾ ਬਾਬਾ ਨਾਨਕ ਕਦੋਂ ਪ੍ਰਤੱਖ ਚਰਨ ਪਾਊ ਜੀ? ਅਸੀਂ, "ਮਨੁ ਚਾਉ ਭਇਆ ਪ੍ਰਭ ਆਗਮੁ ਸੁਣਿਆ॥ ਹਰਿ ਮੰਗਲ ਗਾਉ ਸਖੀ ਗ੍ਰਿਹਿ ਮੰਦਰਿ ਬਣਿਆ॥" ਕਦੋਂ ਦੁਹਰਾ ਸਕਾਂਗੇ ਜੀ? ਹੁਣ ਤਾਂ ਜੀ "ਸਿਧੁ ਛਪਿ ਬੈਠੇ ਪਰਬਤੀ॥ ਕਉਣ ਜਗਿ ਕਉ ਪਾਰਿ ਉਤਾਰਾ॥" ਵਾਲਾ ਕਲਯੁੱਗ ਇੱਥੇ ਆਪ ਹੁਦਰਾ ਹੋਇਆ ਫਿਰਦੈ! ਇੱਥੇ ਤਾਂ, "ਸਹਸ ਖਟੇ ਲਖਿ ਕਉ ਉਠਿ ਧਾਵੈ॥ ਤ੍ਰਿਪਤ ਨ ਆਵੈ॥ ਮਾਇਆ ਪਾਛੈ ਪਾਵੈ॥" ਦਾ ਬੋਲਬਾਲਾ ਹੈ ਜੀ! ਹੁਣ ਤਾਂ "ਨਿਰਵੈਰੈ ਨਾਲਿ ਵੈਰੁ ਰਚਾਇਦਾ॥ ਅਪਣੈ ਘਰਿ ਲੂਕੀ ਲਾਇ॥" ਅਨੁਸਾਰ ਕੋਈ ਨਹੀਂ ਤੁਰਦਾ। ਹੁਣ ਤਾਂ ਇੱਥੇ, "ਖੂਨ ਕੇ ਸੋਹਿਲੇ ਗਾਵੀਅਹਿ ਨਾਨਕ॥ ਰਤੁ ਕਾ ਕੁੰਗੂ ਪਾਇ ਵੇ ਲਾਲੋ॥" ਹੀ ਸੁਣੀਂਦੇ ਹਨ। ਇਸ ਤੋਂ ਇਲਾਵਾ, "ਕਲਿ ਕਾਤੀ ਰਾਜੇ ਕਸਾਈ॥ ਧਰਮ ਪੰਖਿ ਕਰ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ॥ ਦੀਸੈ ਨਾਹੀ ਕਹ ਚੜਿਆ॥" ਪ੍ਰਸਿੱਧ ਹੋ ਗਿਆ ਹੈ। ਪਾਪ ਦੀ ਜੰਞ ਕਾਬਲੋਂ ਆਉਂਦੀ ਹੈ ਅਤੇ ਜ਼ੋਰੀ ਦਾਨ ਮੰਗਿਆ ਜਾਂਦੈ! ਸ਼ਰਮ ਅਤੇ ਧਰਮ ਦੋਵੇਂ ਹੀ ਛੁਪ ਗਏ ਹਨ ਅਤੇ ਕੂੜ ਪ੍ਰਧਾਨ ਫਿਰਦਾ ਹੈ ਜੀ!

'ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" ਤਾਂ ਲੀਡਰਾਂ ਲਈ ਕੋਈ ਮਾਅਨਾ ਨਹੀਂ ਰੱਖਦਾ। ਉਹ ਤਾਂ ਪਤ ਲੁਹਾ ਕੇ ਵੀ ਦਾਰੂ-ਮੁਰਗਾ ਚਟਮ ਕਰ ਲੈਂਦੇ ਹਨ ਜੀ! ਉਹ ਰਣਜੀਤ ਸਿੰਘ ਮਹਾਰਾਜੇ ਵਾਂਗੂੰ ਕੋਰੜੇ ਖਾਣ ਨਹੀਂ ਗਿੱਝੇ ਜੀ!! ਅਤੇ ਨਾ ਹੀ "ਬੁੱਢੇ-ਢੱਗੇ" ਅਖਵਾਉਣ ਦੇ ਆਦੀ ਐ! ਅੱਜ ਕੱਲ੍ਹ ਇੱਥੇ ਖ਼ਾਲਸਾ-ਰਾਜ ਦੇ ਉਸਰੱਈਆਂ, ਅਕਾਲੀ ਫੂਲਾ ਸਿੰਘ, ਮਹਾਰਾਜਾ ਸ਼ੇਰ ਸਿੰਘ, ਨਵਾਬ ਕਪੂਰ ਸਿੰਘ, ਹਰੀ ਸਿੰਘ ਨਲੂਏ, ਮਹਾਰਾਜਾ ਰਣਜੀਤ ਸਿੰਘ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗਿਆਂ ਦੀ ਸਖ਼ਤ ਜ਼ਰੂਰਤ ਹੈ ਜੀ! ਜੇ ਕੋਈ ਵਿਹਲਾ ਹੋਵੇ ਤਾਂ ਜ਼ਰੂਰ ਭੇਜਿਓ! ਹੁਣ ਇੱਥੇ ਭਾਈ ਮਨੀ ਸਿੰਘ ਵਰਗੇ ਆਪਾ ਵਾਰੂ ਘੱਟ ਅਤੇ 'ਖੋਰੂ ਪਾਊ' ਵੱਧ ਨੇ ਜੀ!

ਜੋਗੀ ਵੀਰਿਆ! ਜੇ ਕਿਤੇ ਬਾਬਾ ਸਾਹਿਬ, ਡਾਕਟਰ ਅੰਬੇਦਕਰ ਮਿਲੇ ਤਾਂ ਕਹੀਂ, ਬਾਬਾ! ਤੇਰਾ ਸੰਵਿਧਾਨ ਅੱਜ ਇੱਥੇ ਤਰਸ ਦੀ ਮੂਰਤ ਬਣਿਆ ਬੈਠਾ, ਬਿਲਕੀ ਜਾ ਰਿਹੈ! ਕਾਤਲ ਸਾਫ਼ ਬਰੀ ਅਤੇ ਨਿਰਦੋਸ਼ ਤਖ਼ਤੇ 'ਤੇ ਚੜ੍ਹਾਈ ਜਾਂਦੇ



ਐ! ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਪਰੋਸ-ਪਰੋਸ ਕੇ ਦਿੱਤਾ ਜਾ ਰਿਹੈ! ਪੰਜਾਬ ਦਾ ਕਿਸਾਨ ਹੁਣ ਫ਼ਸਲ ਨੂੰ ਨਹੀਂ, ਸੋਕੇ ਨੂੰ ਨਿਰਖਦਾ, ਖ਼ੁਦਕਸ਼ੀਆਂ ਕਰੀ ਜਾਂਦੈ! ਦਾਜ-ਦਹੇਜ ਨਾ ਲੈਣ ਦਾ ਰੌਲ਼ਾ ਪਾਉਣ ਵਾਲੇ ਖ਼ੁਦ ਹੀ ਮਗਰਮੱਛਾਂ ਵਾਂਗੂੰ ਮੂੰਹ ਅੱਡੀ ਖੜ੍ਹੇ ਹਨ। ਮਾਈਕਰੋਫ਼ੋਨ 'ਤੇ ਕੁਝ ਹੋਰ ਆਖਦੇ ਹਨ, ਪਰ ਨੂੰਹਾਂ ਨੂੰ ਬੜਾ ਟਿਕਾਅ ਕੇ 'ਮੁੰਨਦੇ' ਐ ਜੀ! ਹਕੂਮਤਾਂ ਬਦਲਣ ਕਰਕੇ ਪੰਜਾਬ ਦੇ ਵਿਕਾਸ ਦਾ ਸੂਰਜ ਹਰ ਰੋਜ਼ ਜਵਾਬ ਦੇਈ ਜਾਂਦਾ ਹੈ ਬਾਬਾ ਜੀ! ਪੰਜਾਬ ਦੇ ਸਕੂਲਾਂ ਵਿਚ ਮਾਸਟਰ ਹੀ ਹੈ ਨਹੀਂ ਜੀ, ਪਰ ਬੇਰੁਜ਼ਗਾਰ ਮਾਸਟਰ ਨਿੱਤ ਚੰਡੀਗੜ੍ਹ ਧਰਨਾ ਦਿੰਦੇ ਐ! ਇਸ ਗੱਲ ਦੀ ਲੋਕਾਂ ਨੂੰ ਸਮਝ ਨਹੀਂ ਆ ਰਹੀ ਜੀ! ਇੱਕ ਪਾਸੇ ਸਕੂਲ ਵਿਹਲੇ, ਤੇ ਇੱਕ ਪਾਸੇ ਮਾਸਟਰ ਵਿਹਲੇ? ਅਖ਼ਬਾਰਾਂ ਹੋਰ ਵੀ ਦੱਸਦੀਐਂ ਜੀ, ਬਈ ਹੁਣ ਤਾਂ ਠਾਣਿਆਂ ਵਿਚ ਵੀ ਸ਼ਰਾਬ ਨਿਕਲਦੀ ਐ! ਇਹ ਕਾਨੂੰਨ ਮੈਨੂੰ ਸੈਦ ਐ ਤੁਸੀਂ ਤਾਂ ਲਿਖਿਆ ਨਹੀਂ ਸੀ ਜੀ?

ਰਿਸ਼ਵਤਖੋਰੀ ਕਰਕੇ ਬੜੇ ਮੰਤਰੀ ਅੰਦਰ ਕੀਤੇ ਐ ਜੀ! ਪੈਸਾ ਵੀ ਬੜਾ ਮਿਲਿਐ! ਕਹਿੰਦੇ ਲਾਕਰਾਂ 'ਚ ਪਿਆ ਸੀ! ਪਰ ਇਤਨੀਆਂ ਗ੍ਰਿਫ਼ਤਾਰੀਆਂ ਅਤੇ ਲਾਕਰਾਂ 'ਚੋਂ ਮਿਲੇ ਪੈਸੇ ਦਾ ਕਿਸਾਨ ਨੂੰ ਕੀ ਫ਼ਾਇਦਾ ਹੋਇਆ ਜੀ? ਉਹਨੂੰ ਕਮਲ਼ੇ ਨੂੰ ਮਰਨ ਤੋਂ ਬਿਨਾ ਹੋਰ ਕੁਛ ਕਿਉਂ ਨਹੀਂ ਦਿਸਦਾ ਜੀ? ਹੁਣ ਕਈ ਸਾਹਿਬਾਨ 'ਗਰਮ-ਗੋਸ਼ਤ' ਦਾ ਸੁਆਦ ਲੈਣ ਕਰਕੇ ਬੜੇ ਹੀ ਮਸ਼ਹੂਰ ਹੋਏ ਐ ਜੀ! ਸ਼ਰਾਬ, ਕਵਾਬ ਅਤੇ ਸ਼ਬਾਬ ਨਾਲ ਰਾਤਾਂ ਬੜੀਆਂ ਨਿੱਘੀਆਂ ਕਰਦੇ ਐ ਜੀ! ਉਨ੍ਹਾਂ ਨੂੰ ਕੋਈ ਕੁਛ ਨਹੀਂ ਕਹਿੰਦਾ। ਪਰ ਮੁਜ਼ਾਹਰਾ ਕਰਨ ਆਏ ਮਾਸਟਰਾਂ ਤੇ ਕਿਸਾਨਾਂ ਨੂੰ ਫੱਟ ਦੇਣੇ ਮੂਧੇ ਪਾ ਲੈਂਦੇ ਐ ਜੀ! ਬਈ ਉਹ ਆਪਣੇ ਹੱਕਾਂ ਲਈ 'ਵਿਖਾਵਾ' ਕਿਉਂ ਕਰਦੇ ਐ? ਕਿਸਾਨ ਤੇ ਮਾਸਟਰ ਵੀ ਕਮਲ਼ੇ ਐ ਜੀ! ਉਨ੍ਹਾਂ ਨੂੰ ਸੁੱਤੀ ਪਈ ਗੌਰਮਿੰਟ ਨੂੰ ਜਗਾਉਣ ਦਾ ਦੱਸੋ ਭਲਾ ਕੀ ਹੱਕ ਐ? ਇਨ੍ਹਾਂ 'ਵਿਹਲੇ' ਕਿਸਾਨਾਂ ਨੂੰ ਹੋਰ ਕੋਈ ਕੰਮ ਈ ਹੈਨੀ ਜੀ? ਜਦੋਂ 'ਅਗਲੇ' ਤੋਪਾਂ ਦੀਆਂ ਅਵਾਜ਼ਾਂ ਨਹੀਂ ਸੁਣ ਸਕਦੇ ਜੀ, ਥੋੜੇ ਲੰਡਰ ਨਾਹਰੇ ਤੇ ਫੋਕੇ ਦਬਕਾੜੇ ਕਿੱਥੋਂ ਸੁਣਨਗੇ ਜੀ?? ਇਨ੍ਹਾਂ ਨੂੰ ਕੁਛ ਸਮਝਾਓ ਬਾਬਾ ਜੀ! ਇਨ੍ਹਾਂ ਨੂੰ ਲੜਨ ਮਰਨ ਤੋਂ ਬਿਨਾ ਕੁਛ ਆਉਂਦਾ ਈ ਨਹੀਂ ਜੀ? ਕਮਲ਼ੇ ਐ ਜੀ!!

ਜੋਗੀ ਵੀਰਿਆ! ਜੇ ਕਿਤੇ ਮੇਰਾ ਬਾਈ ਸ਼ਿਵ ਕੁਮਾਰ ਬਟਾਲਵੀ ਮਿਲ ਪਵੇ। ਉਹਨੂੰ ਕਹੀਂ, ਤੂੰ ਤਾਂ ਇੱਕ 'ਲੂਣਾ' ਦੀ ਗੱਲ ਕੀਤੀ ਸੀ। ਇੱਥੇ ਤਾਂ ਹੁਣ 'ਘਰਿ ਘਰਿ ਏਹਾ ਅਗਿ' ਫਿਰਦੀ ਐ ਮਿੱਤਰਾ..! ਇੱਥੇ ਹੁਣ ਸੱਠ-ਸੱਠ ਸਾਲ ਦੇ 'ਬਾਹਰਲੇ' ਲਾੜੇ ਵੀਹ-ਵੀਹ ਸਾਲ ਦੀਆਂ 'ਲੂਣਾ' ਵਿਆਹ ਕੇ, ਲੈ ਕੇ ਜਾਂਦੇ ਐ ਬਾਈ! ਇੱਥੇ ਇਕੱਲੀਆਂ ਲੂਣਾ ਦੇ ਦੁਖਾਂਤ ਹੀ ਨਹੀਂ ਹਨ ਬਾਈ ਜੀ, ਲਵੀ ਉਮਰ ਦੇ 'ਪੂਰਨ' ਵੀ 'ਬਾਹਰਲੀਆਂ' ਬੁੱਢੀਆਂ ਲਾੜੀਆਂ ਵੱਲੋਂ ਬੜੀ ਸ਼ਾਨ ਨਾਲ ਵਿਆਹ ਕੇ ਲਿਜਾਏ ਜਾਂਦੇ ਐ...! ਉਨ੍ਹਾਂ ਨੂੰ ਸਿਰਫ਼ ਵੱਢ ਕੇ ਖੂਹ ਵਿਚ ਹੀ ਨਹੀਂ ਸੁੱਟਿਆ ਜਾਂਦਾ, ਪਰ ਕਸਰ ਕੋਈ ਨਹੀਂ ਛੱਡੀ ਜਾਂਦੀ ਜੀ! ਕੱਚੇ ਧਾਗੇ ਨਾਲ ਵਲਾਇਤ ਦੇ ਖੂਹ 'ਚੋਂ ਨਿਕਲਣਾ ਉਨ੍ਹਾਂ ਦੇ ਵੱਸ ਦਾ ਰੋਗ ਹੀ ਨਹੀਂ ਰਹਿ ਜਾਂਦਾ। ਫਿਰ ਉਹ ਤੇਰੇ ਵਾਂਗ ਪਲ-ਪਲ ਮਰਦੇ ਹਨ ਬਾਈ ਮੇਰਿਆ! ਦਾਰੂ ਦਾ ਆਸਰਾ ਲੈ ਕੇ ਆਪਣਾ ਆਪ ਗਾਲਦੇ ਰਹਿੰਦੇ ਐ! ...ਤੇ ਫਿਰ ਇੱਕ ਦਿਨ ਡਾਕਟਰ ਦੀ 'ਟੂਟੀ' ਉਸ ਨੂੰ 'ਮੁਰਦਾ' ਕਰਾਰ ਦੇ ਦਿੰਦੀ ਹੈ, ਜਿਹੜਾ ਅੰਦਰੋਂ 'ਕਦੋਂ ਦਾ' ਮਰ ਚੁੱਕਿਆ ਹੁੰਦੈ!

ਜੋਗੀ ਵੀਰਿਆ! ਜੇ ਤੈਨੂੰ 'ਹੱਥ ਦੇਖਣ' ਵਾਲੇ 'ਬਾਬੇ' ਮਿਲ ਪੈਣ ਤਾਂ ਪੁੱਛੀਂ, ਬਾਬਿਓ! ਪੰਜਾਬ ਦਾ ਅਮਨ ਚੈਨ ਕਦੋਂ ਕੁ ਵਾਪਿਸ ਮੁੜੂਗਾ ਜੀ? ਜਾਂ ਦੱਸ ਦਿਓ ਕਿਹੜੀ ਕੁਟੀ ਚੜ੍ਹ ਗਿਐ? ਜਾ ਕੇ ਫੜ ਈ ਲਿਆਈਏ? ਇਹ ਵੀ ਦੱਸ ਦਿਓ ਕਿ ਰੂਸ ਦੇ ਵਲਾਦੀਮੀਰ ਪੁਤਿਨ ਅਤੇ ਯੂਕਰੇਨ ਦੇ ਵਲੋਦੀਮੀਰ ਜ਼ੇਲੈਂਸਕੀ ਦਾ ਸਿਤਾਰਾ ਕਿਉਂ ਨਹੀਂ ਮਿਲਿਆ? ਨਾਵਾਂ ਵੱਲ ਦੇਖੀਏ ਤਾਂ ਉਨ੍ਹਾਂ ਦੀ ਰਾਸ਼ੀ ਵੀ ਇੱਕ ਹੀ ਹੈ ਜੀ। ਤੁਸੀਂ ਦਾਅਵਾ ਕਰਦੇ ਰਹਿੰਦੇ ਹੋ, "ਦੁਸ਼ਮਣ ਮਿੱਤਰ ਬਣ ਜਾਣਗੇ" ਪਰ ਥੋੜੀ ਗਿੱਦੜਸਿੰਗੀ ਰੂਸ ਅਤੇ ਯੂਕਰੇਨ ਵੇਲੇ ਖੁੰਢੀ ਕਿਉਂ ਹੋ ਗਈ ਸੀ? ਜੇ ਰੂਸ ਤੇ ਯੂਕਰੇਨ ਵਾਲਿਆਂ ਨੂੰ ਥੋਡੇ ਕੋਲੇ ਲੈ ਕੇ ਆਈਏ, ਕੋਈ ਜਾਦੂ ਧੂੜ ਦਿਓਗੇ ਜੀ? ਰਾਜ਼ੀਨਾਵਾਂ ਹੀ ਕਰ ਲੈਣ! ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਦੇ ਤਾਂ ਵਿਚੋਲਗਿਰੀ ਦੀਆਂ ਮੁੰਦਰੀਆਂ ਜ਼ਰੂਰ ਪਾਓ ਜੀ! ਇਹ ਵੀ ਦੱਸਿਓ ਪੱਤਰੀ ਖੋਲ੍ਹ ਕੇ ਬਾਬਾ ਜੀ, ਬਈ ਅਮਰੀਕਾ ਉਤਰੀ ਕੋਰੀਆ ਅਤੇ ਇਰਾਕ ਬਾਰੇ ਦੋ-ਧਾਰਾ ਤੂੰਬਾ ਕਿਉਂ ਵਜਾਉਂਦੈ? ਹਥਿਆਰ ਤਾਂ ਨੌਰਥ ਕੋਰੀਆ ਕੋਲੇ ਵੀ ਖ਼ਤਰਨਾਕ ਹੈਗੇ ਐ! ਉਤਰੀ ਕੋਰੀਆ ਨੂੰ ਇਰਾਕ ਵਾਂਗੂੰ ਟੁੱਟ ਕੇ ਕਿਉਂ ਨਹੀਂ ਪੈਂਦਾ ਜੀ? ਉਹਦੇ ਨਾਲ ਦੋ-ਦੋ ਹੱਥ ਕਾਹਤੋਂ ਮਿਲਾਉਂਦੈ? ਮੈਨੂੰ ਸੈਦ ਐ ਅਮਰੀਕਾ ਉਹਦੇ 'ਤੁਈਆਂ' ਜਿਹੀਆਂ ਵਾਲੇ 'ਭੜਾਕਿਆਂ' ਤੋਂ ਡਰਦੈ ਜੀ! ਜੇ ਨੌਰਥ ਕੋਰੀਆ ਵਾਲੇ ਕਿਮ ਯੌਂਗ-ਉਨ ਤੇ ਜੋ ਬਾਈਡਨ ਨੂੰ ਤੁਹਾਡੇ ਕੋਲ ਭੇਜੀਏ, ਮਿੱਤਰ ਬਣਾ ਦਿਉਗੇ..? ਮੰਤਰ ਮਾਰ ਕੇ ਇਹ ਵੀ ਦੱਸਣਾ ਕਿ ਜੋ ਬਾਈਡਨ ਤੇ ਕਿਮ ਯੌਂਗ-ਉਨ, ਇਨ੍ਹਾਂ ਦੋਨਾਂ ਦੇ ਮੂੰਹ ਸੁੱਜੇ-ਸੁੱਜੇ ਜਿਹੇ ਕਿਉਂ ਰਹਿੰਦੇ ਐ ਜੀ? ਇਨ੍ਹਾਂ ਦੇ ਚਿਹਰਿਆਂ 'ਤੇ ਮੁਸਕਰਾਹਟ ਦਾ ਅਤਰ-ਜਲ ਜ਼ਰੂਰ ਛਿੜਕੋ ਜੀ..! ਇਥੋਪੀਆ 'ਚ ਭੁੱਖੇ ਮਰਦੇ ਲੋਕਾਂ ਨੂੰ ਜ਼ਰੂਰ ਕੋਈ ਕਾਲਾ ਜਾਦੂ ਦਿਓ ਜੀ! ਉਥੇ ਅੰਬ ਜ਼ਰੂਰ ਲੱਗਣ ਲੱਗ ਪੈਣ! ਤੁਸੀਂ ਬਾਬਾ ਜੀ ਘੋਲ਼ ਕਰ ਜਾਂਦੇ ਓ! ਹੜ੍ਹ ਵਾਲਾ ਪਾਣੀ ਮੰਤਰ ਮਾਰ ਕੇ ਸੋਕੇ ਵਾਲੇ ਪਾਸੇ ਨੂੰ ਕਿਉਂ ਨਹੀਂ ਧੱਕ ਦਿੰਦੇ?

ਜੋਗੀਆ! ਬਾਈ ਮੇਰਿਆ!! ਜੇ ਕਿਤੇ ਬਾਬਾ ਬੁੱਲ੍ਹੇ ਸ਼ਾਹ, ਸੱਯਦ ਵਾਰਿਸ ਸ਼ਾਹ ਜਾਂ ਬਾਬਾ ਫ਼ਰੀਦ ਜੀ ਕਿਤੇ ਟੱਕਰਨ ਤਾਂ ਸਾਰਿਆਂ ਤੋਂ ਪਹਿਲਾਂ ਉਨ੍ਹਾਂ ਦੇ ਚਰਨੀਂ ਡਿੱਗ ਕੇ ਮੇਰਾ "ਸਲਾਮ" ਦੇਈਂ ਤੇ ਆਖੀਂ, ਆਪਣੀ 'ਪੰਜਾਬੀ-ਬੇਬੇ' ਭੁੱਖੀ-ਤਿਹਾਈ, ਲੰਗਾਰ ਹੰਢਾਉਂਦੀ ਐ! ਬਿਮਾਰ ਤਾਂ ਉਹ 1947 ਤੋਂ ਈ ਰਹਿੰਦੀ ਐ, ਇੱਕ ਪਾਸਾ ਜਿਉਂ ਮਾਰਿਆ ਗਿਆ ਸੀ! ਹੁਣ ਤਾਂ ਉਸ ਦੇ ਪੁੱਤ-ਪੋਤੇ ਵੀ ਅੰਗਰੇਜ਼ੀ 'ਐਂਟੀ' ਵਿਚ ਪਰਚ ਗਏ ਐ! ਦੁਆਈ-ਬੂਟੀ ਵੀ ਨਹੀਂ ਦਿੰਦੇ! ਹੁਣ ਤਾਂ ਜਦੋਂ ਮੰਜੇ 'ਤੇ ਪਈ ਖੰਘਦੀ ਐ ਨ੍ਹਾਂ? ਤਾਂ ਮੂੰਹ 'ਚੋਂ ਖ਼ੂਨ ਆਉਂਦੈ! ਸ਼ਾਇਦ ਅੰਗਰੇਜ਼ੀ ਟੀ.ਬੀ. ਹੋ ਗਈ ਐ! ਡਾਕਟਰ ਕਹਿੰਦੇ ਹੁਣ ਬਾਹਲਾ ਚਿਰ ਨਹੀਂ ਕੱਟਦੀ! ਪਰ ਪੁੱਤਾਂ-ਪੋਤਿਆਂ ਨੂੰ ਫੇਰ ਵੀ ਅਸੀਸਾਂ ਹੀ ਦੇਈ ਜਾਂਦੀ ਐ, "ਜਿਉਂਦੇ ਵਸਦੇ ਰਹਿਣ-ਦੁੱਧੀਂ ਪੁੱਤੀਂ ਫਲਣ!" ਕਹਿੰਦੀ ਐ, "ਪੁੱਤ ਧੀਆਂ ਸੌ ਵਾਰੀ ਬੇਮੁੱਖ ਹੋ ਜਾਣ, ਪਰ ਮਾਂ ਬੇਮੁੱਖ ਕਦੇ ਨਹੀਂ ਹੁੰਦੀ।" ਅੱਖਾਂ ਤੋਂ ਦਿਸਣਾ ਤਾਂ ਕੀ ਸੀ? ਹੁਣ ਤਾਂ ਆਪਦੀ ਕਿਰਿਆ ਵੀ ਮਸਾਂ ਈ ਸੋਧਦੀ ਐ! ਪੋਤੇ ਉਹਦੀ ਖੂੰਡੀ 'ਤੇ ਹੱਸਦੇ ਐ, ਪੋਤੀਆਂ ਚੁੰਨੀ ਤੋਂ ਖਿਝਦੀਐਂ! ਉਹਦੀਆਂ ਪੁਰਾਣੀਆਂ ਰਵਾਇਤਾਂ ਤੋਂ ਨੱਕ-ਬੁੱਲ੍ਹ ਮਾਰਦੇ ਐ! ਝੁਰੜੀਆਂ ਤੋਂ ਚਿੜਦੇ ਐ! ਮੁਸ਼ਕ ਆਉਣ ਦਾ ਦਾਅਵਾ ਵੀ ਕਰਦੇ ਐ ਅਤੇ ਕਦੇ-ਕਦੇ 'ਉਜੱਡ-ਬੁੱਢੀ' ਵੀ ਕਹਿੰਦੇ ਐ! ਅਲਕਤ ਮੰਨਦੇ ਐ! ਉਹ ਟੁੱਟੀ ਮੰਜੀ 'ਤੇ ਪਈ, ਘੰਗਾਰ ਸੁੱਟਦੀ ਰਹਿੰਦੀ ਐ! ਕਦੇ-ਕਦੇ ਵੈਰਾਗ 'ਚ ਆ ਕੇ ਰੋ ਵੀ ਪੈਂਦੀ ਐ! ਪਰ ਉਸ ਦੇ ਹੰਝੂ ਕੋਈ ਨਹੀਂ ਪੂੰਝਦਾ, ਹਾਸੇ ਦਾ ਵਿਸ਼ਾ ਜ਼ਰੂਰ ਬਣਦੀ ਰਹਿੰਦੀ ਐ!


ਜੋਗੀ ਵੀਰਿਆ! ਇਹ ਵੀ ਦੱਸੀਂ ਬਈ ਹੋਰ ਤਾਂ ਹੋਰ ਹੁਣ ਤਾਂ 'ਪੰਜਾਬੀ-ਬੇਬੇ' ਦਾ ਹਾਲ ਉਸ ਦੇ ਮੰਤਰੀ-ਸ਼ੰਤਰੀ ਪੁੱਤਰ ਵੀ ਨਹੀਂ ਪੁੱਛਦੇ। ਪੰਜਾਬੀ ਮਾਂ ਦੀ ਗੱਲ ਵੀ ਅੰਗਰੇਜ਼ੀ ਵਿਚ ਹੀ ਕਰਦੇ ਹਨ! ਵੋਟਾਂ ਵੇਲੇ ਬੇਬੇ ਦੇ ਗੀਝੇ ਵਿਚ ਹੱਥ ਜ਼ਰੂਰ ਮਾਰ ਲੈਂਦੇ ਹਨ। ਪੰਜਾਬੀ ਬੁੱਧੀਜੀਵੀ ਵੀ ਆਪਣੇ ਬੱਚਿਆਂ ਦੇ ਨਾਂ 'ਰੌਬਿਨ' ਜਾਂ 'ਡੇਵਿਡ' ਹੀ ਰੱਖਣ ਲੱਗ ਪਏ! ਨੰਦ ਲਾਲ, ਸ਼ਿਵ ਕੁਮਾਰ, ਪੂਰਨ ਸਿੰਘ ਅਤੇ ਭਾਈ ਵੀਰ ਸਿੰਘ ਵਰਗਿਆਂ ਨੂੰ ਭੁੱਲ ਗਏ। ਮਾਤਾ ਭਾਗ ਕੌਰ, ਸਦਾ ਕੌਰ ਵਿਸਰ ਗਈਆਂ ਅਤੇ 'ਬੈਗੀ' ਅਤੇ 'ਸੈਂਡੀ' ਉੱਗ ਪਈਆਂ। ਸਕੂਲਾਂ ਵਿਚ ਅੰਗਰੇਜ਼ੀ ਸ਼ੁਰੂ ਹੋ ਗਈ। ਪਰ ਬੱਚਿਆਂ ਨੂੰ ਹਾਲੀ ਤੱਕ "ਨਲੀ-ਪੂੰਝਣ" ਦੀ ਅੰਗਰੇਜ਼ੀ ਨਹੀਂ ਆਉਂਦੀ। "ਨੋਜ਼ੀ ਆ'ਗੀ..!" ਹੀ ਦੱਸਦੇ ਐ!

ਜੋਗੀ ਵੀਰਿਆ! ਉਨ੍ਹਾਂ ਮਹਾਂਪੁਰਸ਼ਾਂ ਨੂੰ ਸਭਿਆਚਾਰ ਬਾਪੂ ਦਾ ਹਾਲ-ਚਾਲ ਵੀ ਜ਼ਰੂਰ ਦੱਸੀਂ! ਉਹਨੂੰ ਵੀ ਜੀਨ, ਸਕਰਟ ਅਤੇ ਬੌਬੀ-ਕੱਟ ਰੋਗ ਐ! ਇਲਾਜ ਲਈ ਇੰਗਲੈਂਡ ਭੇਜਿਆ ਸੀ। ਪਰ 'ਬਾਹਰਲੇ' ਡਾਕਟਰਾਂ ਨੇ ਉਸ ਦੇ ਰੋਗਾਂ ਬਾਰੇ ਸੁਣ ਕੇ ਹੀ ਹੱਸ ਛੱਡਿਆ। ਉਹ ਕਹਿੰਦੇ ਇਹਨੂੰ ਕੋਈ ਰੋਗ ਨਹੀਂ, ਇਹਦੇ ਦਿਮਾਗ 'ਚ ਫ਼ਰਕ ਪੈ ਗਿਆ। ਉਥੋਂ ਦੇ ਕੰਪਿਊਟਰਾਂ ਨੂੰ ਤਾਂ ਇਹਦੇ ਰੋਗਾਂ ਦੇ ਨਾਵਾਂ ਦਾ ਵੀ ਨਹੀਂ ਪਤਾ! ਜਦੋਂ ਉਥੋਂ ਦੇ ਵੱਡੇ 'ਹਸਪਤਾਲ' ਵਿੱਚ ਲੈ ਕੇ ਗਏ ਤਾਂ ਉਥੇ ਇਹ ਪਿੱਟ ਉਠਿਆ! ਕਹਿੰਦਾ, ਮੈਂ ਲੀੜੇ ਨਹੀਂ ਲਾਹੁਣ ਦੇਣੇ, ਮੇਰੀ ਉਂ ਡਾਕਟਰੀ ਕਰ ਲਵੋ, ਮੈਂ ਨਿਰਵਸਤਰ ਨਹੀਂ ਹੋਣਾ! ਹੁਣ ਇਹਦਾ ਵੀ ਇੱਕ ਪਾਸਾ ਮਾਰਿਆ ਪਿਐ! ਉਠਣ ਜੋਕਰਾ ਨਹੀਂ ਰਿਹਾ!

ਜੋਗੀ ਵੀਰਿਆ! ਇਹ ਮੇਰੇ ਸੁਨੇਹੇ ਜ਼ਰੂਰ ਦੇ ਦੇਵੀਂ! ਬੱਸ ਵੀਰਿਆ! ਜਿਉਂਦਾ ਵਸਦਾ ਰਹਿ! ਜੁੱਗ-ਜੁੱਗ ਜੀਵੇਂ! ਜਵਾਨੀਆਂ ਮਾਣੇਂ! ਖ਼ੁਸ਼ੀ-ਖ਼ੁਸ਼ੀ ਜਾਹ ਤੇ ਖ਼ੁਸ਼ੀ-ਖ਼ੁਸ਼ੀ ਮੁੜ ਕੇ ਆ। ਹਾਂ, ਪਰ ਮੇਰੀਆਂ ਗੱਲਾਂ ਦਾ ਜਵਾਬ ਜ਼ਰੂਰ ਲੈ ਕੇ ਆਈਂ ਵੀਰਿਆ! ਤੇਰੀ ਉਡੀਕ 'ਚ ਮੈਂ ਇਸ ਬੇਲੇ 'ਚ ਹੀ ਮਿਲੂੰ। ਰੱਬ ਖ਼ੈਰਾਂ ਬਖ਼ਸ਼ੇ! ਜਿਉਂਦਾ ਵਸਦਾ ਰਹਿ!!

# ‘ਧਰਤੀ ਕੇ ਲਾਲ’ ਵਾਲਾ ਤਜਰਬਾ

ਮੇਰੀ ਫਿਲਮੀ ਆਤਮ-ਕਥਾ




ਬਲਰਾਜ ਸਾਹਨੀ

ਲੜਾਈ ਦੇ ਜ਼ਮਾਨੇ ਵਿਚ ਉੱਘੇ ਕਲਾਕਾਰਾਂ ਤੇ ਸੰਸਥਾਵਾਂ ਨੂੰ ਵੀ ਅੰਗਰੇਜ਼ੀ ਸਰਕਾਰ ਫਿਲਮ ਬਣਾਉਣ ਦੇ ਲਾਈਸੈਂਸ ਦੇ ਛੱਡਦੀ ਸੀ, ਤੇ ਜੰਗ ਦੀ ਹਿਮਾਇਤ ਕਰਨ ਵਾਲਿਆਂ ਨੂੰ ਆਰਥਕ ਸਹਾਇਤਾ ਵੀ ਪਰ ਪ੍ਰਾਪੇਗੈਂਡਾ ਫਿਲਮਾਂ ਬਣਾਉਣ ਤੋਂ ਪ੍ਰੋਡਿਊਸਰ ਯਰਕਦੇ ਸਨ ਕਿਉਂਕਿ ਲੋਕ ਅਜਿਹੀਆਂ ਫਿਲਮਾਂ ਪਸੰਦ ਨਹੀਂ ਸਨ ਕਰਦੇ। ਕੇਵਲ ‘ਨਿਊ ਥੀਏਟਰਜ਼’ ਦੀ ਇਸ ਤਰ੍ਹਾਂ ਦੀ ਇਕ ਫਿਲਮ ‘ਮਾਈ ਸਿਸਟਰ’ ਹੀ ਕਾਮਯਾਬ ਹੋਈ ਸੀ, ਉਹ ਵੀ ਸਹਿਗਲ ਦੀ ਐਕਟਿੰਗ ਦੇ ਸਹਾਰੇ। ਉਦੇ ਸ਼ੰਕਰ, ਸਾਧਨਾ ਬੋਸ ਆਦਿ ਨੇ ਵੀ ਲਾਈਸੈਂਸ ਲੈ ਕੇ ਫਿਲਮਾਂ ਬਣਾਈਆਂ। ਇਕ ਲਾਈਸੈਂਸ ਰਫੀਕ ਅਨਵਰ ਨੂੰ ਵੀ ਮਿਲਿਆ ਜਿਸ ਨੇ ਬੁੱਧ ਭਗਵਾਨ ਦੇ ਜੀਵਨ ਉਤੇ ਆਧਾਰਤ ਸਾਧਾਰਨ ਜਿਹਾ ਨਰਿਤ-ਨਾਟ ਲੰਡਨ ਦੇ ਇਕ ਥੀਏਟਰ ਵਿਚ ਪੇਸ਼ ਕੀਤਾ ਸੀ। ਓਦੋਂ ਉਹ ਮੇਰੇ ਨਾਲ ਬੀ.ਬੀ.ਸੀ. ਵਿਚ ਕੰਮ ਕਰਦਾ ਹੁੰਦਾ ਸੀ। ਰਫੀਕ ਦੇ ਲਾਈਸੈਂਸ ਉਤੇ ਅਖੀਰ ਚੇਤਨ ਅਨੰਦ ਨੂੰ ‘ਨੀਚਾ ਨਗਰ’ ਬਣਾਉਣ ਦਾ ਮੌਕਾ ਮਿਲ ਗਿਆ ਪਰ ਇਸ ਸ਼ਰਤ ਉਤੇ ਕਿ ਹੀਰੋ ਰਫੀਕ ਖੁਦ ਹੋਵੇਗਾ। ਮੈਨੂੰ ਹੀਰੋ ਬਣਾਉਣ ਦਾ ਸ਼ੌਕ ਚੇਤਨ ਨੂੰ ਛੱਡਣਾ ਪਿਆ, ਤੇ ਦਮੋ ਇਕੱਲਿਆਂ ਪਿਕਚਰ ਵਿਚ ਕੰਮ ਕਰਨ ਨੂੰ ਤਿਆਰ ਨਾ ਹੋਈ। ਇਸ ਲਈ ਹੀਰੋਇਨ ਲਈ ਚੇਤਨ ਲਾਹੌਰੋਂ ਨਵੀਂ ਲੜਕੀ ਲਿਆਇਆ ਜਿਸ ਦਾ ਨਾਂ ਕਾਮਿਨੀ ਕੌਸ਼ਲ ਸੀ। ਉਹਨੇ ਐਸਾ ਕਮਾਲ ਦਾ ਅਭਿਨੈ ਕੀਤਾ ਕਿ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਸ ਦੀਆਂ ਧੁੰਮਾਂ ਪੈ ਗਈਆਂ।

ਏਸ ਦੌਰ ਵਿਚ ਕ੍ਰਿਸ਼ਨ ਚੰਦਰ ਨੇ ਵੀ ਆਪਣੇ ਨਾਟਕ ‘ਸਰਾਏ ਕੇ ਬਾਹਰ’ ਦੇ ਆਧਾਰ ਉਤੇ ਫਿਲਮ ਬਣਾਈ। ਆਪ ਹੀ ਉਸ ਨੂੰ ਡਾਇਰੈਕਟ ਵੀ ਕੀਤਾ। ਮਹਾਨ ਪ੍ਰਗਤੀਵਾਦੀ ਕਵੀ ਵਿਰੇਂਦਰ ਨਾਥ ਚੱਟੋਪਾਧਿਆਏ ਦੇ ਕਦਮਾਂ ਵਿਚ ਉਹਨਾਂ ਦੇ ਇਕ ਉਪਾਸ਼ਕ ਨੇ ‘ਆਜ਼ਾਦੀ’ ਦੀ ਆਦਰਸ਼ਕ ਫਿਲਮ ਬਣਾਉਣ ਲਈ ਆਪਣਾ ਸਾਰਾ ਸਰਮਾਇਆ ਧਰ ਦਿਤਾ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਫਿਲਮੀ ਇਤਿਹਾਸ ਦੇ ਉਸ ਮੋੜ ਉਤੇ ਉੱਚ ਪੱਧਰੀ ਫਿਲਮਾਂ ਬਣਾਉਣ ਲਈ ਸਹੂਲਤਾਂ ਦੀ ਕੋਈ ਘਾਟ ਨਹੀਂ ਸੀ ਸਗੋਂ ਸਹੂਲਤਾਂ ਅੱਗੇ ਵਧ ਕੇ ਬੁਧੀਵਾਨਾਂ ਨੂੰ ਜੱਫੇ ਮਾਰ ਰਹੀਆਂ ਸਨ। ਜੇ ਸੁਯੋਗਤਾ ਨਾਲ ਉਹਨਾਂ ਨੂੰ ਵਰਤਿਆ ਜਾਂਦਾ ਤਾਂ ਅਜ ਹਿੰਦੀ ਫਿਲਮਾਂ ਦੀ ਪੱਧਰ ਕੁਝ ਹੋਰ ਹੋਣੀ ਸੀ ਪਰ ਨਾ ਤਾਂ ਉਹਨਾਂ ਨੇ ਫਿਲਮੀ ਮਾਧਿਅਮ ਦੀਆਂ ਵਿਸ਼ੇਸ਼ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ, ਤੇ ਨਾ ਹੀ ਆਪਣੇ ਨਿੱਜੀ ਜੀਵਨ ਨੂੰ ਕਿਸੇ ਸੰਜਮ ਵਿਚ ਰੱਖਿਆ। ਉਹਨਾਂ ਦੀ ਬਣਾਈ ਹਰ ਫਿਲਮ ਨੇ ਲੋਕਾਂ ਦੀਆਂ ਆਸਾਂ ਉਤੇ ਪਾਣੀ ਫੇਰਿਆ। ਨਾ ਸਿਰਫ ਇਹ, ਸਗੋਂ ਆਪਣੀਆਂ ਗਲਤਕਾਰੀਆਂ ਲਈ ਵੀ ਸਾਡੇ ਬੁਧੀਵਾਨ ਉਤਨੇ ਹੀ ਬਦਨਾਮ ਹੋਏ, ਜਿਤਨਾ ਉਹ ਆਪਣੀਆਂ ਲਿਖਤਾਂ ਵਿਚ ਫਿਲਮੀ ਸੇਠਾਂ ਨੂੰ ਕਰਦੇ ਸਨ। ਇਸ ਕਾਰਨ ਅੱਜਕੱਲ੍ਹ ਜਦੋਂ ਵੀ ਮੈਂ ਕਿਸੇ ਨੂੰ ਲੋਕਾਂ ਦੇ ਨੀਵੇਂ ਸੁਆਦਾਂ ਤੇ ਪ੍ਰੋਡਿਊਸਰਾਂ ਦੀਆਂ ਜ਼ਾਹਿਲ ਮੰਗਾਂ ਨੂੰ ਦੋਸ਼ ਦੇਂਦਿਆਂ ਵੇਖਦਾ ਹਾਂ, ਤਾਂ ਮੇਰਾ ਮਨ ਰੋਸ ਨਾਲ ਭਰ ਜਾਂਦਾ ਹੈ ਕਿਉਂਕਿ ਮੈਂ ਸੁਨਹਿਰੀ ਮੌਕਿਆਂ ਨੂੰ ਭੋ ਦੇ ਭਾਅ ਗੁਆਚਦਿਆਂ ਆਪਣੀ ਅੱਖੀਂ ਵੇਖਿਆ ਹੈ।

ਖਵਾਜਾ ਅਹਿਮਦ ਅੱਬਾਸ ਤੇ ਸਾਠੇ ਦੀ ਹਿੰਮਤ ਨਾਲ ‘ਪੀਪਲਜ਼ ਥੀਏਟਰ’ ਨੂੰ ਵੀ ਫਿਲਮ ਬਣਾਉਣ ਦਾ ਲਾਈਸੈਂਸ ਮਿਲ ਗਿਆ। ਏਸੇ ਦੇ ਫਲਸਰੂਪ ‘ਧਰਤੀ ਕੇ ਲਾਲ’ ਫਿਲਮ ਵਜੂਦ ਵਿਚ ਆਈ ਜੋ ਮੇਰੇ ਫਿਲਮੀ ਜੀਵਨ ਦਾ ਪਹਿਲਾ ਮਹਤੱਵਪੂਰਨ ਤਜਰਬਾ ਸੀ।

‘ਧਰਤੀ ਕੇ ਲਾਲ’ ਦੀ ਸਾਰੀ ਵਿਉਂਤ ਖਵਾਜਾ ਅਹਿਮਦ ਅੱਬਾਸ ਨੇ ਬਣਾਈ ਸੀ। ਉਹੀ ਇਸ ਦੇ ਲੇਖਕ ਤੇ ਨਿਰਦੇਸ਼ਕ ਸਨ। ਇਪਟਾ ਦੇ ਤਿੰਨ ਪ੍ਰਾਂਤਿਕ ਰੰਗਮੰਚ ਦੇ ਨਿਰਦੇਸ਼ਕਾਂ ਨੂੰ ਉਹਨਾਂ ਦਾ ਸਹਿਯੋਗੀ ਮੁਕਰਰ ਕੀਤਾ ਗਿਆ। ਉਹ ਸਨ- ਬੰਗਾਲ ਤੋਂ ਸ਼ੰਭੂ ਮਿਤਰਾ, ਮਹਾਰਾਸ਼ਟਰ ਤੋਂ ਬਸੰਤ ਗੁਪਤੇ, ਤੇ ਬੰਬਈ ਤੋਂ ਮੈਂ। ਬੰਗਾਲ ਦੇ ਕਾਲ ਬਾਰੇ ਤਿੰਨ ਪੁਸਤਕਾਂ ਸ਼ਾਹਕਾਰ ਮੰਨੀਆਂ ਜਾਂਦੀਆਂ ਸਨ- ਬਿਜੋਨ ਭੱਟਾਚਾਰੀਆਂ ਦੇ ਦੋ ਨਾਟਕ ‘ਜ਼ਬਾਨ ਬੰਦੀ’ ਤੇ ‘ਨਬਾਨੋ’ ਅਤੇ ਕ੍ਰਿਸ਼ਨ ਚੰਦਰ ਦਾ ਕਾਵਿਮਈ ਨਾਵਲ ‘ਅੰਨਦਾਤਾ’। ਇਹਨਾਂ ਤਿੰਨਾਂ ਨੂੰ ਇਸ ਫਿਲਮ ਦਾ ਆਧਾਰ ਬਣਾਇਆ ਗਿਆ ਪਰ ਜਦੋਂ ਅੱਬਾਸ ਨੇ ਚਿੱਤਰ-ਕਥਾ ਦਾ ਪਹਿਲਾ ਪਾਠਾਂਤਰ ਤਿਆਰ




ਕੀਤਾ ਤਾਂ ਬਹੁਤ ਸਾਰੇ ਸਾਥੀਆਂ, ਖਾਸਕਰ ਮੈਨੂੰ ਤੇ ਸ਼ੰਭੂ ਮਿਤਰਾ ਨੂੰ ਸਖਤ ਨਿਰਾਸਤਾ ਹੋਈ। ਜਿੰਨਾ ਅੱਬਾਸ ਦੇ ਨਾਟਕਾਂ ਦਾ ਮੈਂ ਉਤਸ਼ਾਹੀ ਪ੍ਰਸ਼ੰਸਕ ਹਾਂ, ਓਨਾ ਹੀ ਉਸ ਦੀਆਂ ਫਿਲਮਾਂ ਦਾ ਨੁਕਤਾਚੀਨ ਵੀ। ਫਿਲਮ ਨਿਰਮਾਣ ਦੀ ਜੋ ਪਰਿਭਾਸ਼ਾ ਅੱਬਾਸ ਆਪਣੇ ਮਨ ਵਿਚ ਧਾਰੀ ਬੈਠਾ ਹੈ, ਉਹ ਸ਼ਾਂਤਾ ਰਾਮ ਦੀ ਤਕਨੀਕ ਵਾਂਗ ਅਸਲੋਂ ਹੀ ਗੈਰ-ਫਿਲਮੀ, ਗਲਤ ਤੇ ਫਰਸੂਦਾ ਹੈ। ਅੱਬਾਸ ਕਥਾ-ਵਸਤੂ ਦੇ ਹਰ ਅੰਗ ਨੂੰ ਸੁਭਾਵਕ ਢੰਗ ਨਾਲ ਉਸਾਰਨ ਦੀ ਥਾਂ ਚਟਪਟੇ ਮਕਾਲਮੇ (ਸੰਵਾਦ), ਸੂਚਕ ਅਲੰਕਾਰ ਤੇ ਬਨਾਵਟੀ ਧਮਾਕਿਆਂ ਦੇ ਲਾਲਚ ਵਿਚ ਪੈ ਜਾਂਦਾ ਹੈ। ਇਰਾਦੇ ਉਸ ਦੇ ਬੜੇ ਨੇਕ ਤੇ ਅਗਾਂਹਵਧੂ ਹੁੰਦੇ ਹਨ ਪਰ ਨਤੀਜੇ ਬੋਰੀਅਤ ਪੈਦਾ ਕਰਦੇ ਹਨ। ਦਰਸ਼ਕ ਉਸ ਦੀਆਂ ਫਿਲਮਾਂ ਵਿਚ ਖੁੱਭਦਾ ਨਹੀਂ। ਉਸ ਨੂੰ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਅੱਬਾਸ ਧੌਣ ਤੋਂ ਫੜ ਉਸ ਦਾ ਮਨੋਰੰਜਨ ਕਰਾ ਰਿਹਾ ਹੋਵੇ। ਕਿਸੇ ਨਾ ਕਿਸੇ ਹੱਦ ਤਕ ਇਹ ਰੋਗ ਹਿੰਦੀ ਫਿਲਮਾਂ ਦੇ ਸਾਰੇ ਨਿਰਮਾਤਾਵਾਂ ਨੂੰ ਚੰਬੜਿਆ ਹੋਇਆ ਹੈ। ਉਹ ਉਸ ਕੁਚੱਜੀ ਮਾਂ ਵਾਂਗਰ ਹਨ ਜੋ ਰੋਂਦੇ ਬਾਲ ਨੂੰ ਕੇਵਲ ਲੁਰ-ਲੁਰ ਕਰ ਕੇ ਤੇ ਛਣਕਣੇ ਵਜਾ ਕੇ ਹੀ ਵਰਚਾਉਣਾ ਜਾਣਦੀ ਹੈ। ਲੋਕਾਂ ਨੂੰ ਕਹਾਣੀ ਵਿਚ, ਬਿਨਾਂ ਮਿਰਚ ਮਸਾਲੇ ਲਾਏ, ਕਿਵੇਂ ਕੀਲ ਕੇ ਰੱਖੀਦਾ ਹੈ, ਇਹ ਜਾਚ ਇਹਨਾਂ ਨੂੰ ਅਜੇ ਤਕ ਨਹੀਂ ਆਈ। ਹਾਲੀਵੁਡ ਦੇ ਫਿਲਮਕਾਰਾਂ ਦੀ ਖਾਸੀਅਤ ਇਹ ਹੈ ਕਿ ਉਹ ਝੂਠ ਨੂੰ ਵੀ ਸੱਚ ਬਣਾ ਕੇ ਪੇਸ਼ ਕਰ ਸਕਦੇ ਹਨ ਪਰ ਸਾਡੇ ਹੁਨਰਮੰਦਾਂ ਦੇ ਹੱਥ ਵਿਚ ਸੱਚ ਵੀ ਝੂਠ ਜਾਪਣ ਲਗ ਜਾਂਦਾ ਹੈ ਕਿਉਂਕਿ ਜਦੋਂ ਤੀਕਰ ਇਹ ਚੰਗਾ ਵਿਖਾਲਾ ਨਾ ਕਰ ਲੈਣ, ਇਹਨਾਂ ਨੂੰ ਤਕਨੀਕ ਦਾ ਸੁਆਦ ਹੀ ਨਹੀਂ ਆਉਂਦਾ।

ਅੱਬਾਸ ਨੇ ਆਪਣੀ ਸੋਚ ਦੇ ਆਧਾਰ ਉਤੇ ਸਕਰੀਨ-ਪਲੇ ਨਹੀਂ ਸੀ ਬਣਾਇਆ ਸਗੋਂ ਪਰਲ ਬੱਕ ਦੀ ‘ਗੁੱਡ ਅਰਥ’ ਤੇ ਸਟਾਈਨਬੈੱਕ ਦੀ ‘ਗਰੇਪਸ ਆਫ ਰੈਥ’ ਤੇ ਹੋਰ ਖੌਰੇ ਕਿਥੋਂ-ਕਿਥੋਂ ਦੇ ਮਸਾਲੇ ਆਨੇ-ਬਹਾਨੇ ਘੁਸੇੜ ਛੱਡੇ ਸਨ ਜਿਵੇਂ ਬਿਜੋਨ ਭੱਟਾਚਾਰਜੀ ਤੇ ਕ੍ਰਿਸ਼ਨ ਚੰਦਰ ਦੀਆਂ ਰਚਨਾਵਾਂ ਉਪਰ ਪੂਰਾ ਵਿਸ਼ਵਾਸ ਨਾ ਹੋਵੇ। ਸਾਨੂੰ ਉਹ ਸਕਰੀਨ-ਪਲੇ ਅਜੀਬ ਖਿਚੜੀ ਜਿਹੀ ਜਾਪਿਆ।

ਸ਼ੰਭੂ ਮਿਤਰਾ ਤੇ ਮੈਂ ਯਥਾਰਥਵਾਦੀ ਤਕਨੀਕ ਦਾ ਵਧੇਰੇ ਗਿਆਨ ਰੱਖਦੇ ਸਾਂ। ਬਣੀਆਂ-ਬਣਾਈਆਂ ਲੀਕਾਂ ਉਤੇ ਤੁਰਨ ਤੋਂ ਸਾਨੂੰ ਚਿੜ ਸੀ ਪਰ ਇਕ ਗੱਲ ਸਾਨੂੰ ਵੀ ਭੁੱਲੀ ਹੋਈ ਸੀ। ਉਹ ਇਹ ਕਿ ਬੰਗਾਲ ਦਾ ਕਾਲ ਕੋਈ ਮਨੋਰੰਜਨ ਦਾ ਵਿਸ਼ਾ ਨਹੀਂ ਸੀ, ਤੇ ਫਿਲਮ ਵਿਚ ਮਨੋਰੰਜਨ ਲੋਕਾਂ ਦੀ ਪਹਿਲੀ ਮੰਗ ਹੁੰਦੀ ਹੈ। ਅੱਬਾਸ ਸਹੀ ਰਾਹ ਉਤੇ ਕਦਮ ਪੁੱਟਣ ਤੋਂ ਯਰਕ ਰਿਹਾ ਸੀ, ਤੇ ਅਸੀਂ ਇਕ ਦੀ ਥਾਂ ਦਸ ਕਦਮ ਇਕੱਠੇ ਪੁੱਟਣਾ ਚਾਹੁੰਦੇ ਸਾਂ। ਜ਼ਰੂਰਤ ਸੀ ਇਕ ਦੂਜੇ ਦੇ ਦ੍ਰਿਸ਼ਟੀਕੋਣ ਨੂੰ ਧੀਰਜ ਨਾਲ ਸਮਝਣ ਦੀ ਅਤੇ ਕੋਈ ਸਾਂਝਾ ਦ੍ਰਿਸ਼ਟੀਕੋਣ ਉਸਾਰਨ ਦੀ ਪਰ ਅਜਿਹਾ ਧੀਰਜ ਉਮਰ ਤੇ ਅਨੁਭਵ ਨਾਲ ਆਉਂਦਾ ਹੈ। ਪੜ੍ਹੇ ਹੋਏ ਅਸੀਂ ਹੈ ਸਾਂ ਪਰ ਗੁੜੇ ਹੋਏ ਨਹੀਂ ਸਾਂ। ਬਹਿਸ ਕਰਨ ਦੀ ਥਾਂ ਅਸੀਂ ਝਗੜਦੇ ਸਾਂ। ਦੂਜੇ ਦਾ ਦਿਲ ਜਿੱਤਣ ਦੀ ਥਾਂ ਅਸੀਂ ਆਪਣੀ ਜਿੱਤ ਮੰਨਵਾਉਣਾ ਚਾਹੁੰਦੇ ਸਾਂ।

ਅੱਬਾਸ ਦਾ ਦਾਅਵਾ ਸੀ ਕਿ ਉਹ ਫਿਲਮਾਂ ਨੂੰ ਬਿਹਤਰ ਜਾਣਦਾ ਹੈ। ਸਾਨੂੰ ਹੈਂਕੜ ਸੀ ਕਿ ਅਸੀਂ ਜਨਤਾ ਦੇ ਕਲਾਕਾਰ ਹਾਂ, ਇਨਕਲਾਬੀ ਹਾਂ, ਆਪਣੇ ਅਸੂਲਾਂ ਨਾਲ ਬੇ-ਇਨਸਾਫੀ ਨਹੀਂ ਬਰਦਾਸ਼ਤ ਕਰ ਸਕਦੇ। ਕਮਿਊਨਿਸਟ ਪਾਰਟੀ ਦੀ ਜਥੇਬੰਦੀ ਸਾਡੀ ਪਿੱਠ ਉਤੇ ਸੀ ਜਿਸ ਦੇ ਸਹਿਯੋਗ ਤੋਂ ਬਿਨਾਂ ਫਿਲਮ ਦਾ ਬਣਨਾ ਸੰਭਵ ਨਹੀਂ ਸੀ। ਸੋ, ਅਸੀਂ ਕਿਉਂ ਨਾ ਉਛਲ-ਉਛਲ ਕੇ ਅੱਬਾਸ ਨੂੰ ਨਕੇਲ ਪਾਉਂਦੇ!

‘ਧਰਤੀ ਕੇ ਲਾਲ’ ਕੇਂਦਰੀ ਇਪਟਾ ਦੀ ਯੋਜਨਾ ਸੀ, ਤੇ ਇਸ ਅੰਦਰ ਬੰਗਾਲੀ ਕਲਾਕਾਰਾਂ ਦਾ ਪਲੜਾ ਸਭ ਤੋਂ ਭਾਰਾ ਸੀ। ਕਾਲ ਪੀੜਤਾਂ ਬਾਰੇ ਉਹਨਾਂ ਤੋਂ ਚੰਗੇਰਾ ਮਾਰਗ ਦਰਸ਼ਨ ਕੌਣ ਕਰ ਸਕਦਾ ਸੀ? ਪਰ ਮੁਸ਼ਕਲ ਇਹ ਆ ਬਣੀ ਕਿ ਹਿੰਦੀ ਉਹਨਾਂ ਵਿਚੋਂ ਕੋਈ ਵੀ ਚੱਜ ਦੀ ਨਹੀਂ ਸੀ ਜਾਣਦਾ। ਏਸ ਕਾਰਨ ਬਹਿਸਾਂ ਤੇ ਕੰਮ ਦੋਵੇਂ ਅਮੁੱਕ ਸਿਰ-ਖਪਾਈ ਦੀ ਸ਼ਕਲ ਅਖਤਿਆਰ ਕਰ ਗਏ। ਕਿਤਨਾ-ਕਿਤਨਾ ਚਿਰ ਕੈਮਰਾਮੈਨ ਤੇ ਟੈਕਨੀਸ਼ੀਅਨ ਹੱਥ ਉਤੇ ਹੱਥ ਧਰ ਕੇ ਸਾਡੇ ਫੈਸਲਿਆਂ ਨੂੰ ਉਡੀਕਦੇ। ਕਦੇ ਅੱਬਾਸ ਕੁੜ੍ਹਦਾ ਕਲਪਦਾ ਸਟੂਡੀਓ ਤੋਂ ਬਾਹਰ ਦੌੜ ਜਾਂਦਾ ਤੇ ਅਸੀਂ ਪਿਛੇ-ਪਿਛੇ ਉਸ ਨੂੰ ਮਨਾਉਣ ਤੁਰ ਪੈਂਦੇ, ਤੇ ਕਈ ਵਾਰੀ ਅਸੀਂ ਰੁੱਸ ਬੈਠਦੇ ਤੇ ਉਹ ਸਾਡੇ ਮਿੰਨਤਾਂ-ਤਰਲੇ ਕਰਦਾ। ਸ਼ੂਟਿੰਗ ਦੌਰਾਨ ਇਹੋ ਜਿਹੇ ਤਮਾਸ਼ੇ ਆਰਥਕ ਦ੍ਰਿਸ਼ਟੀਕੋਣ ਤੋਂ ਬੜੇ ਮਹਿੰਗੇ ਪੈਂਦੇ ਹਨ ਪਰ ਇਸ ਗੱਲ ਦਾ ਮੇਰੇ ਜਿਹੇ ‘ਸਹਿਯੋਗੀ ਨਿਰਦੇਸ਼ਕਾਂ’ ਨੂੰ ਨਾ ਇਲਮ ਸੀ, ਨਾ ਖਿਆਲ। ਜੇ ਇਸ ਦੇ ਬਾਵਜੂਦ ਬੇੜੀ ਅਧ-ਵਿਚਕਾਰ ਨਹੀਂ ਡੁੱਬੀ ਤਾਂ ਇਸ ਦਾ ਇਕੋ-ਇਕ ਕਾਰਨ ਸੀ, ਇਪਟਾ ਤੇ ਕਮਿਊਨਿਸਟ ਪਾਰਟੀ ਦਾ ਅਦ੍ਰਿਸ਼ ਡਸਿਪਲਿਨ ਜੋ ਹਰ ਮੈਂਬਰ ਨੂੰ ਹੱਦ ਵਿਚ ਰੱਖਦਾ ਸੀ।

ਇਕ ਪਾਸੇ ਜਿੱਥੇ ਮੇਰਾ ਅੱਬਾਸ ਦੀਆਂ ਫਿਲਮੀ ਗੁਮਰਾਹੀਆਂ ਦਾ ਹੋਰ ਵੀ ਸਖਤੀ ਨਾਲ ਆਲੋਚਨਾ ਕਰਨ ਉਤੇ ਦਿਲ ਕਰਦਾ ਹੈ, ਉਥੇ ਮੈਂ ਉਸ ਦੀ ਅਦੁੱਤੀ ਸਹਿਣਸ਼ੀਲਤਾ ਤੇ ਦੋਸਤ-ਪਰਵਰੀ ਦੀ ਦਾਦ ਦਿੱਤੇ ਬਿਨਾਂ ਵੀ ਨਹੀਂ ਰਹਿ ਸਕਦਾ। ਬੰਬਈ ਵਿਚ ਕਲਾਕਾਰਾਂ ਦੀ ਸਫ ਵਿਚ ਖਲੋਣ ਜੋਗੀ ਥਾਂ ਮੈਨੂੰ ਅੱਬਾਸ ਦੀ ਮਿਹਰਬਾਨੀ ਨਾਲ ਨਸੀਬ ਹੋਈ ਸੀ, ਤੇ ਬਦਲੇ ਵਿਚ ਮੈਂ ਕੁੱਛੜ ਬਹਿ ਕੇ ਉਸ ਦੀ ਦਾੜ੍ਹੀ ਪੁੱਟ ਰਿਹਾ ਸਾਂ ਪਰ ਫੇਰ ਵੀ ਜਣੇ ਨੇ ਸੀਅ ਨਹੀਂ ਸੀ ਕੀਤੀ। **(ਚੱਲਦਾ)**

# ਸਾਡੇ ਆਲਿਆਂ ਦੀ ਫਿਲਮ ‘ਸਾਡੇ ਆਲੇ’

ਪੰਜਾਬੀ ਫਿਲਮ ‘ਸਾਡੇ ਆਲੇ’ ਸਿਰਫ ਇਸੇ ਕਰਕੇ ਦੇਖਣ ਗਏ ਕਿ ਇਹ ਸਾਡੇ ਆਲੇ ਬੂਥਗੜ੍ਹੀਏ ਬਾਈ ਬਲਵਿੰਦਰ ਗਰੇਵਾਲ ਨੇ ਲਿਖੀ ਹੈ। ਫਿਰ ਇਹ ਵੀ ਸੀ ਕਿ ਇਸ ਦਾ ਸਕਰੀਨ ਪਲੇਅ ਤੇ ਡਾਇਲਾਗ ਲਿਖਣ ‘ਚ ਜਤਿੰਦਰ ਮੌਹਰ ਨਾਲ ਪਿਆਰੇ ਮਿੱਤਰ ਦਲਜੀਤ ਅਮੀ ਨੇ ਹੱਥ ਵਟਾਇਆ ਹੈ। ਫਿਰ ਜਤਿੰਦਰ ਮੌਹਰ ਦੀ ਨਿਰਦੇਸ਼ਨਾ; ਅਸਲੋਂ ਵੱਖਰੀ ਸੋਚ ਰੱਖਣ ਵਾਲਾ ਨਿਰਦੇਸ਼ਕ।

‘ਸਾਡੇ ਆਲੇ’ ਨੇ ਪਹਿਲੇ ਸੀਨ ਨਾਲ ਹੀ ਬੰਨ੍ਹ ਕੇ ਬਹਾ ਲਿਆ ਸੀ। ਮੈਂ ਕੁਰਸੀ ਦੀ ਢੋਅ ਛੱਡ ਕੇ ਅੱਗੇ ਨੂੰ ਹੋ ਕੇ ਫਿਲਮ ਦੇਖਣ ਲੱਗਾ ਸਾਂ। ਜਤਿੰਦਰ ਦੀ ਕਲਾ ਕੌਸ਼ਲਤਾ ਰੰਗ ਦਿਖਾਉਣ ਲੱਗੀ ਸੀ। ਦਲਜੀਤ ਅਮੀ ਦੇ ਡਾਇਲਾਗ ਧੂਹ ਪਾਉਂਦੇ ਸਨ। ਫਿਲਮ ਦੇਖਦਾ ਮੈਂ ਬਲਵਿੰਦਰ ਗਰੇਵਾਲ ਦੀਆਂ ‘ਸੂਰਜ ਦੀ ਪਿੱਠ ਨਹੀਂ ਹੁੰਦੀ’ ਤੋਂ ਲੈ ਕੇ ‘ਡਬੋਲੀਆ’ ਤੱਕ ਕਈ ਕਹਾਣੀਆਂ ਵਿਚ ਦੀ ਲੰਘ ਗਿਆ। ਮੈਨੂੰ ਆਪਣੇ ਆਪ ‘ਤੇ ਮਾਣ ਹੋਣ ਲੱਗਾ ਕਿ ਮੈਂ ਬਾਈ ਬਲਵਿੰਦਰ ਦਾ ਸਮਕਾਲੀ ਹਾਂ।

ਗੁਰਮੀਤ ਕੜਿਆਲਵੀ
ਫੋਨ:+91-98726-40994

ਬੜੇ ਚਿਰਾਂ ਬਾਅਦ ਕੋਈ ਵੱਖਰੇ ਸੁਹਜ ਸੁਆਦ ਤੇ ਕਹਾਣੀ ਵਾਲੀ ਕਮਰਸ਼ੀਅਲ ਪੰਜਾਬੀ ਫਿਲਮ ਦੇਖਣ ਨੂੰ ਮਿਲੀ ਸੀ। ‘ਹੀ ਹੀ ਹੂ ਹੂ’ ਵਾਲੀ ਕਮੇਡੀ ਅਤੇ ਵਿਆਹਾਂ ਸ਼ਾਦੀਆਂ ਦੇ ਦ੍ਰਿਸ਼ਾਂ ਵਾਲੀਆਂ ਫਿਲਮਾਂ ਦੇਖ ਦੇਖ ਮੇਰੇ ਵਰਗੇ ਲੋਕ ਅੱਕੇ ਪਏ ਸਨ। ਦੋ-ਢਾਈ ਘੰਟੇ ਥੀਏਟਰ ‘ਚ ਤੜੇ ਰਹਿਣ ਦੇ ਬਾਵਜੂਦ ਕੁਝ ਪਿੜ-ਪੱਲੇ ਨਹੀਂ ਸੀ ਪੈਂਦਾ। ਦਰਸ਼ਕ ਸਿਵਾਇ ਹਿੜ ਹਿੜ ਕਰਨ ਤੋਂ, ਹੋਰ ਕੋਈ ਸੁਨੇਹਾ ਹਾਸਲ ਨਹੀਂ ਸੀ ਕਰਦੇ। ਨਿਰਮਾਤਾ ਦੀਆਂ ਜੇਬਾਂ ਬੇਸ਼ੱਕ ਭਰਦੀਆਂ ਹੋਣ ਪਰ ਫਿਲਮਾਂ ਦਰਸ਼ਕਾਂ ਦੇ ਦਿਮਾਗ ‘ਚ ਕੁਝ ਨਹੀਂ ਸੀ ਪਾਉਂਦੀਆਂ। ਇਹਨਾਂ ਫਿਲਮਾਂ ਦਾ ਪੰਜਾਬ ਜਾਂ ਪੰਜਾਬ ਦੀ ਰਹਿਤਲ ਨਾਲ ਕੋਈ ਦੂਰ ਨੇੜੇ ਦਾ ਵੀ ਰਿਸ਼ਤਾ ਨਹੀਂ ਬਣਦਾ ਹੁੰਦਾ। ਫਿਲਮਾਂ ‘ਚ ਦਿਖਾਏ ਪਾਤਰ ਪਤਾ ਨਹੀਂ ਕਿਹੜੇ ਪਿੰਡਾਂ ਦੇ ਬਸ਼ਿੰਦੇ ਹੋਣ! ਪੰਜਾਬ ਦੀ ਕਿਸੇ ਸਮੱਸਿਆ ਦੀ ਚੂਲ ਫੜਨਾ ਤੇ ਫਿਰ ਇਸ ਪਿਛਲੇ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ- ਫਿਲਮ ਤੇ ਫਿਲਮਕਾਰਾਂ ਦਾ ਮਕਸਦ ਹੀ ਨਹੀਂ ਸੀ ਹੁੰਦਾ। ਕੋਈ-ਕੋਈ ਅਪਵਾਦ ਵੀ ਮਿਲ ਜਾਂਦਾ ਸੀ ਪਰ ਇਹ ਤੂੜੀ ਦੀ ਪੰਡ ‘ਚੋਂ ਸੂਈ ਭਾਲਣ ਵਾਲੀ ਗੱਲ ਹੁੰਦੀ ਸੀ।

‘ਸਾਡੇ ਆਲੇ’ ਵਿਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਹੈ। ਫਿਲਮ ਪਿੰਡ ਦੇ ਸ਼ਰੀਕੇ ਦੀ ਆਪਸੀ ਦੁਸ਼ਮਣੀ ਦੀ ਗੱਲ ਤਾਂ ਕਰਦੀ ਹੈ ਪਰ ਇਸ ‘ਚ ਸ਼ਰੀਕ ਦੇ ਘਰ ਜਾ ਕੇ ਹੀਰੋ ਵਲੋਂ ‘ਘਰੋੜ ਘਰੋੜ’ ਕੇ ਬੋਲੇ ਡਾਇਲਾਗ ਨਹੀਂ। ਬਚਨੇ (ਮਹਾਂਬੀਰ ਭੁੱਲਰ) ਅਤੇ ਸੰਤੋਖ ਕੌੜੇ (ਗੁੱਗੂ ਗਿੱਲ) ਦੇ ਪਰਿਵਾਰਾਂ ‘ਚ ਦੁਸ਼ਮਣੀ ਹੈ। ਇਕੱਤਰ ਪੰਚ ਵਰਗੇ ਇਸ ਦੁਸ਼ਮਣੀ ਨੂੰ ਹਵਾ ਦੇਣ ਵਾਲੇ ਵੀ ਪਿੰਡ ‘ਚ ਹਨ। ਬਚਨੇ ਦਾ ਮੁੰਡਾ ਬਿੱਕਰ (ਸੁਖਦੀਪ ਸੁੱਖ) ਜਾਫੀ ਹੈ ਅਤੇ ਕੌੜੇ ਦਾ ਛੋਟਾ ਮੁੰਡਾ ਮਨਜੀਤ (ਦੀਪ ਸਿੱਧੂ) ਰੇਡਰ ਹੈ। ਦੋਵੇਂ ਜਦੋਂ ਪਿੰਡ ‘ਚ ਪ੍ਰੈਕਟਿਸ ਕਰਦਿਆਂ ਇਕ ਦੂਜੇ ਖਿਲਾਫ ਖੇਡਦੇ ਹਨ ਤਾਂ ਬਚਨੇ ਅਤੇ ਕੌੜੇ ਦੀਆਂ ਨਾੜਾਂ ਤਣੀਆਂ ਰਹਿੰਦੀਆਂ ਹਨ। ਬਚਨਾ ਆਪਣੇ ਪੁੱਤ ਬਿੱਕਰ ਨੂੰ ਤਾੜਦਾ ਹੈ, “ਜੇ ਕੌੜੇ ਕਾ ਮਨਜੀਤ ਨਾ ਫੜਿਆ ਗਿਆ ਤੈਥੋਂ, ਲੱਤਾਂ ਤੋੜਦੂੰ ਤੇਰੀਆਂ।” ਅਜਿਹੀ ਚਿਤਾਵਨੀ ਮਨਜੀਤ ਨੂੰ ਵੀ ਪਿਉ ਤੋਂ ਮਿਲਦੀ ਹੈ।

ਬਿੱਕਰ ਤੇ ਮਨਜੀਤ ਜਦੋਂ ਆਪਣੇ ਪਿੰਡ ਭੁੱਟਾ ਦੀ ਟੀਮ ਵਲੋਂ ਬਾਹਰ ਖੇਡਣ ਜਾਂਦੇ ਹਨ ਤਾਂ ਇਕ ਜਾਨ ਹੋ ਕੇ ਖੇਡਦੇ ਹਨ। ਖੇਡ ਦੋਵਾਂ ਮੁੰਡਿਆਂ ਦੀ ਨੇੜਤਾ ਪੈਦਾ ਕਰਕੇ ਪਰਿਵਾਰਾਂ ਦੀ ਦੁਸ਼ਮਣੀ ਨੂੰ ਹਾਸ਼ੀਏ ‘ਤੇ ਕਰ ਦਿੰਦੀ ਹੈ। ਇਕੱਤਰ ਵਰਗੇ ਸਿਆਸਤੀ ਲੋਕਾਂ ਨੂੰ ਇਹ ਨੇੜਤਾ ਫੁੱਟੀ ਅੱਖ ਨਹੀਂ ਸੁਖਾਉਂਦੀ। ਫਿਲਮ ਦਾ ਇਹ ਸੁਨੇਹਾ ਦਰਸ਼ਕ ਦੇ ਜ਼ਿਹਨ ‘ਚ ਉਜਾਗਰ ਹੋਣ ਲੱਗਦਾ ਹੈ ਕਿ ਖੇਡ ਤੇ ਖੇਡ ਮੈਦਾਨ ਲੋਕਾਂ ਨੂੰ ਜੋੜਦੇ ਹਨ ਅਤੇ ਸਿਆਸਤ ਤੇ ਸਿਆਸਤਦਾਨ ਲੋਕਾਂ ਦੇ ਘਰਾਂ ‘ਚ ਅੱਗ ਵੰਡਣ ਤੋਂ ਇਲਾਵਾ ਹੋਰ ਕੋਈ ਭਲੇ ਦਾ ਕੰਮ ਨਹੀਂ ਕਰਦੇ।

ਫਿਲਮ ਵਿਚ ਰਾਜੇਸ਼ ਸ਼ਰਮਾ ਹੈ ਜੋ ਪਿੰਡ ਦੇ ਪੰਡਿਤ ਦਾ ਕਿਰਦਾਰ ਨਿਭਾਉਂਦਾ ਹੈ। ਦਰਅਸਲ ਇਹ ਕੋਈ ਫਿਲਮੀ ਕਿਰਦਾਰ ਨਹੀਂ, ਇਹ ਪੰਜਾਬੀ ਲੋਕਾਂ ਦੇ ਮਾਨਵਵਾਦੀ ਤੇ ਸਭ ਦਾ ਭਲਾ ਮੰਗਣ ਵਾਲੇ ਸੁਭਾਅ ਦਾ ਜਿਉਂਦਾ ਜਾਗਦਾ ਬਿੰਬ ਹੈ। ਗੱਗੀ ਪੰਡਿਤ ਬਚਨੇ ਅਤੇ ਕੌੜੇ ਦੇ ਪਰਿਵਾਰਾਂ ਦੀ ਆਪਸੀ ਦੁਸ਼ਮਣੀ ਤੋਂ ਦੁਖੀ ਹੁੰਦਾ ਹੈ। ਪਿੰਡ ਦੇ ਮੁੰਡਿਆਂ ਨੂੰ ਜਿੱਤਦਿਆਂ ਦੇਖ-ਦੇਖ ਉਸ ਨੂੰ ਚਾਅ ਚੜ੍ਹਦਾ ਹੈ। ਇਸ ਕਿਰਦਾਰ ਨੂੰ ਦੇਖਦਿਆਂ ਆਪਣੇ ਪਿੰਡ ਤੇ ਆਲੇ-ਦੁਆਲੇ ਦੇ ਕਈ ਚਿਹਰੇ ਯਾਦ ਆਏ ਜੋ ਪਿੰਡ ਦੇ ਖਿਡਾਰੀਆਂ ਦੀ ਹੌਂਸਲਾ ਅਫਜ਼ਾਈ ਲਈ ਟੀਮ ਨਾਲ ਦੂਰ ਦੁਰਾਡੇ ਤੁਰੇ ਰਹਿੰਦੇ ਸਨ। ਰਾਜੇਸ਼ ਅਸਲ ਪੰਜਾਬੀ ਦੀ ਪ੍ਰਤੀਨਿਧਤਾ ਕਰਦਾ ਹੈ।

ਪੰਜਾਬੀ ਮਨੁੱਖ ਦੇ ਅਸਲ ਰੂਪ ਅਤੇ ਖਾਸੇ ਨੂੰ ਪੇਸ਼ ਕਰਨ ਵਾਲੇ ਹੋਰ ਵੀ ਪਾਤਰ ਨੇ। ਬਿੱਕਰ ਦੀ ਮਾਂ ਸੰਤੀ (ਹਰਵਿੰਦਰ ਕੌਰ ਬਬਲੀ) ਸਹੀ ਰੂਪ ‘ਚ ਪੰਜਾਬੀ ਮਾਂ ਲੱਗਦੀ ਹੈ ਜਿਸ ਅੰਦਰ ਮਾਂ ਦਾ ਦਰਦਮੰਦ ਦਿਲ ਹੈ। ਉਸ ਨੂੰ ਕਿਸੇ ਨਾਲ ਦਵੇਸ਼ ਨਹੀਂ ਹੈ। ਪੁੱਤ ਦੇ ਹਾਣ ਦੇ ਸਾਰੇ ਮੁੰਡੇ ਕੁੜੀਆਂ ਉਸ ਨੂੰ ਆਪਣੇ ਧੀਆਂ ਪੁੱਤ ਜਾਪਦੇ ਹਨ। ਉਹ ਪਰਿਵਾਰਾਂ ਵਿਚਲੀਆਂ ਦੁਸ਼ਮਣੀਆਂ ਨੂੰ ਖਤਮ ਹੋਇਆ ਦੇਖਣ ਦੀ ਚਾਹਵਾਨ ਹੈ। ਇਸ ਲਈ ਅਰਦਾਸਾਂ ਕਰਦੀ ਹੈ। ਉਹ ਪੰਜਾਬ ਦੀ ਧਰਤੀ ਵਰਗੀ ਹੈ ਜਿਸ ਵਿਚ ਪਿਆਰ ਹੀ ਪਿਆਰ ਹੈ। ਨਫਰਤ ਇਸ ਵਿਚੋਂ ਪੈਦਾ ਹੋ ਹੀ ਨਹੀਂ ਸਕਦੀ। ਮਨਜੀਤ ਦੀ ਭੈਣ ਹਰਪ੍ਰੀਤ (ਸੋਮੀਆ ਜੋਸ਼ੀ) ਤੇ ਸੁਖਦੀਪ




ਸੁੱਖ ਦੀ ਪ੍ਰੇਮਿਕਾ ਰਾਵੀ ਦੋ ਹੋਰ ਅਜਿਹੇ ਪੰਜਾਬੀ ਰਹਿਤਲ ਨਾਲ ਜੁੜੇ ਕਿਰਦਾਰ ਹਨ ਜੋ ਪਰਿਵਾਰਾਂ ਨੂੰ ਜੋੜਨ ਦਾ ਕੰਮ ਕਰਦੇ ਹਨ।

ਫਿਲਮ ਦੇਖਦਿਆਂ ਇਕ ਹੋਰ ਫਿਲਮ ਦਰਸ਼ਕ ਦੇ ਅੰਦਰ ਚੱਲਣ ਲੱਗਦੀ ਹੈ। ਉਹ ਕਦੇ ਕਿਰਦਾਰਾਂ ਦੀਆਂ ਨਿੱਕੀਆਂ-ਨਿੱਕੀਆਂ ਟਕੋਰਾਂ ਨਾਲ ਅੰਦਰ ਹੀ ਅੰਦਰ ਹੱਸਦਾ ਹੈ ਤੇ ਕਦੇ ਖੇਡ ਦੇ ਮੈਦਾਨ ‘ਚੋਂ ਮਰ ਗਏ ਜੁਆਨ ਪੁੱਤ ਦੀਆਂ ਪੈੜਾਂ ਤਲਾਸ਼ਦੀ ਮਾਂ ਦਾ ਮੂਕ ਰੁਦਨ ਉਸਦੇ ਅੰਦਰੋਂ ਰੁੱਗ ਭਰ ਲੈਂਦਾ ਹੈ। ਫਿਲਮ ਦੌਰਾਨ ਮੈਂ ਵਾਰ ਵਾਰ ਅੱਖਾਂ ਭਰ ਲੈਂਦਾ ਰਿਹਾ ਤੇ ਨਾਲ ਬੈਠੀ ਸਿਮਰ ਤੋਂ ਚੋਰੀ ਜੇਬ ‘ਚੋਂ ਰੁਮਾਲ ਕੱਢ ਅੱਥਰੂ ਪੂੰਝ ਲੈਂਦਾ ਰਿਹਾ ਸਾਂ।

ਮੈਂ ਉੱਕਾ ਝੂਠ ਨਹੀਂ ਬੋਲ ਸਕਦਾ। ਮੇਰੀਆਂ ਅੱਖਾਂ ਜਿੱਥੇ ਹਰਵਿੰਦਰ ਬਬਲੀ ਦੇ ਰੂਹ ਨਾਲ ਨਿਭਾਏ ਮਾਂ ਦੇ ਕਿਰਦਾਰ ਨੇ ਭਰੀ ਰੱਖੀਆਂ, ਉੱਥੇ ਦੀਪ ਸਿੱਧੂ ਵੀ ਇਸ ਦਾ ਕਾਰਨ ਬਣਦਾ ਰਿਹਾ। ਉਹ ਜਦੋਂ ਹੀ ਪਰਦੇ ‘ਤੇ ਆਉਂਦਾ ਸੀ, ਦਿਮਾਗ ਹੋਰ ਦਾ ਹੋਰ ਸੋਚਣ ਲੱਗ ਜਾਂਦਾ। ਕੜੀ ਵਰਗਾ ਜੁਆਨ ਜਿਸ ਕੋਲ ਆਵਾਜ਼ ਸੀ, ਅਦਾਕਾਰੀ ਸੀ ਤੇ ਅਸੀਮ ਸੰਭਾਵਨਾਵਾਂ ਸਨ; ਵਕਤ ਤੋਂ ਪਹਿਲਾਂ ਮਿੱਟੀ, ਹਵਾ ਤੇ ਪਾਣੀ ‘ਚ ਰਲ ਗਿਆ। ਜ਼ਿੰਦਗੀ ਕਿਹੋ ਜਿਹੇ ਮੋੜਾਂ ‘ਚੋਂ ਲੰਘਾ ਦਿੰਦੀ ਹੈ, ਪਤਾ ਹੀ ਨਹੀਂ ਲੱਗਦਾ।

‘ਮਿੱਟੀ’ ਤੋਂ ਬਾਅਦ ਫਿਲਮ ‘ਸਾਡੇ ਆਲੇ’ ਜਤਿੰਦਰ ਮੌਹਰ ਦੀ ਇਕ ਹੋਰ ਵੱਡੀ ਪ੍ਰਾਪਤੀ ਹੈ। ਇਹ ਨਿਵੇਕਲੀ ਹੀ ਨਹੀਂ, ਨਵੀਂ ਵੀ ਹੈ। ਇਹ ਪੰਜ ਸੱਤ ਚੰਗੀਆਂ ਪੰਜਾਬੀ ਫਿਲਮਾਂ ‘ਚ ਗਿਣੀ ਜਾਇਆ ਕਰੇਗੀ। ਜਤਿੰਦਰ ਮੌਹਰ ਨੇ ਜਿਵੇਂ ਇਕੱਲੇ ਇਕੱਲੇ ਅਦਾਕਾਰ ਤੋਂ ਕੰਮ ਲਿਆ ਹੈ, ਉਹ ਬਾਕਮਾਲ ਹੈ। ਰੰਗਮੰਚ ਦੇ ਸੁਰਿੰਦਰ ਸ਼ਰਮਾ, ਬਲਵਿੰਦਰ ਬੁਲੇਟ, ਇਕੱਤਰ ਵਰਗੇ ਸੁਲਝੇ ਅਦਾਕਾਰਾਂ ਤੋਂ ਜਿੰਨੇ ਸਹਿਜ ਢੰਗ ਨਾਲ ਅਦਾਕਾਰੀ ਕਰਵਾ ਲਈ ਹੈ, ਇਹ ਜਤਿੰਦਰ ਦਾ ਹੀ ਨਹੀਂ, ਪੰਜਾਬੀ ਫਿਲਮਾਂ ਦਾ ਹਾਸਲ ਹੈ। ਮਹਾਂਬੀਰ ਭੁੱਲਰ ਤਾਂ ਫਿਰ ਮਹਾਂਬੀਰ ਹੀ ਹੈ। ਦਰਅਸਲ, ਇਹ ਸਾਰੀ ਫਿਲਮ ਹਰਵਿੰਦਰ ਕੌਰ ਬਬਲੀ, ਮਹਾਂਬੀਰ ਭੁੱਲਰ ਤੇ ਗੁੱਗੂ ਗਿੱਲ ਨੇ ਜਿਵੇਂ ਆਪਣੇ ਮੋਢਿਆਂ ‘ਤੇ ਚੁੱਕ ਰੱਖੀ ਹੈ। ਦੀਪ ਜੋਰੇ ਵਾਲੀ ਦਿਖ ਤੋਂ ਬਾਹਰ ਨਿਕਲਦਾ ਦਿਖਾਈ ਦਿੰਦਾ ਹੈ। ਉਹ ਜੋਰੇ ਵਾਂਗ ਹਰ ਵੇਲੇ ਅੱਖਾਂ ਲਾਲ ਨਹੀਂ ਕਰੀ ਰੱਖਦਾ ਬਲਕਿ ਬੜੇ ਸਹਿਜ ਨਾਲ ਪਰਿਵਾਰਾਂ ਅੰਦਰਲੀ ਦੁਸ਼ਮਣੀ ਦੀ ਜ਼ਹਿਰ ਘਟਾਉਣ ਦੇ ਯਤਨ ‘ਚ ਰਹਿੰਦਾ ਹੈ। ਜਿਊਂਦਾ ਰਹਿੰਦਾ ਤਾਂ ਇਹ ਫਿਲਮ ਉਸ ਦੇ ਕੈਰੀਅਰ ਦਾ ਨਵਾਂ ਮੋੜ ਸਾਬਤ ਹੋਣੀ ਸੀ। ਸੁਖਦੀਪ ਵੀ ਆਪਣੀ ਭੂਮਿਕਾ ਨਾਲ ਇਨਸਾਫ ਕਰਦਾ ਨਜ਼ਰ ਆਇਆ ਹੈ। ਉਹ ਜੇ ਦੀਪ ਦੇ ਬਰਾਬਰ ਨਹੀਂ ਤਾਂ ਊਣਾ ਵੀ ਦਿਖਾਈ ਨਹੀਂ ਦਿੰਦਾ। ਦੋਵਾਂ ਦੀ ਜੁਗਲਬੰਦੀ ਚੰਗਾ ਰੰਗ ਬੰਨ੍ਹਦੀ ਹੈ।

ਫਿਲਮ ਦੇ ਕਈ ਸੰਵਾਦ ਦਿਲ ਨੂੰ ਛੂਹ ਜਾਣ ਵਾਲੇ ਹਨ। ਇਕ ਥਾਂ ‘ਤੇ ਗੱਗੀ ਪੰਡਿਤ, ਮਨਜੀਤ ਅਤੇ ਬਿੱਕਰ ਨੂੰ ਆਖਦਾ ਹੈ, “ਪੰਜਾਬ ਥੋਡੇ ਵਰਗੇ ਧੀਆਂ ਪੁੱਤਾਂ ਦੇ ਨਾਂ ‘ਤੇ ਜਿਊਂਦਾ।” ਇਸ ਭਾਵਪੂਰਤ ਸੰਵਾਦ ਦੇ ਜਵਾਬ ਵਿਚ ਦੀਪ ਸਿੱਧੂ ਮੂੰਹੋਂ ਅਖਵਾਇਆ ਸੰਵਾਦ ਕਲਾਮਈ ਸਿਖਰਾਂ ਛੂੰਹਦਾ ਹੈ, “ਪੰਜਾਬ ਤਾਂ ਥੋਡੇ ਵਰਗੇ ਦਾਨੇ ਬੰਦਿਆਂ ਦੇ ਨਾਂ ‘ਤੇ ਜਿਊਂਦੈ।”

ਕਈ ਥਾਂ ਦਲਜੀਤ ਅਮੀ ਨੇ ਤਿੱਖੇ ਵਿਅੰਗ ਕੱਸੇ ਹਨ- “ਨਿੱਕਰਾਂ ਵਾਲਿਆਂ ਦੇ ਰਾਜ ‘ਚ ਧੋਤੀਆਂ ਆਲੇ ਦੀ ਗੱਲ ਕਰਦੈਂ।” ਵੰਡ ਪਾਊ ਸਿਆਸਤ ਦੇ ਚਿਹਰੇ ਮੋਹਰੇ ਵਜੋਂ ਮਸ਼ਹੂਰ ਇਕ ਪਾਰਟੀ ਦੀ ਸੋਚ ਬਾਰੇ ਬੜਾ ਕਮਾਲ ਦਾ ਰਾਜਸੀ ਵਿਅੰਗ ਹੈ।

ਇਸੇ ਤਰ੍ਹਾਂ ਬੜਾ ਖੂਬਸੂਰਤ ਦ੍ਰਿਸ਼ ਹੈ- ਰਾਵੀ ਨਾਲ ਪੱਕ ਠੱਕ ਹੋਣ ਬਾਅਦ ਬਿੱਕਰ (ਸੁਖਦੀਪ ਸੁੱਖ) ਲੋਰ ‘ਚ ਆਇਆ ਪੱਗ ਬੰਨ੍ਹਦਿਆਂ ਹੀਰ ਬਾਰੇ ਗੀਤ ਗਾ ਰਿਹਾ ਹੈ ਤੇ ਬਰਾਬਰ ਮਾਂ ਸੰਤੀ (ਬਬਲੀ) ਪੁੱਤ ਦੇ ਵਿਆਹ ਦੀ ਖੁਸ਼ੀ ‘ਚ ‘ਨਿੱਕੀ ਨਿੱਕੀ ਬੂੰਦੀ ਨਿਕਿਆ ਮੀਂਹ ਵੇ ਵਰ੍ਹੇ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ’ ਗਾ ਰਹੀ ਹੈ। ਫਿਲਮ ਦਰਸ਼ਕ ਨੂੰ ਪੰਜਾਬ ਦੇ ਰੰਗਲੇ ਦਿਨਾਂ ‘ਚ ਲੈ ਜਾਂਦੀ ਹੈ। ਫਿਲਮ ‘ਚ ਮਨੋਰੰਜਨ ਦੇ ਨਾਂ ‘ਤੇ ਕੂੜ ਕਬਾੜ ਨਹੀਂ ਪਰੋਸਿਆ ਗਿਆ ਬਲਕਿ ਸਾਰਥਿਕ ਹਾਸਾ ਮਜ਼ਾਕ ਹੈ। ਕਾਮੇਡੀ ਪੰਚ ਮਾਰਨ ਦੇ ਬਹਾਨੇ ਊਟ ਪਟਾਂਗ ਸੰਵਾਦ ਨਹੀਂ ਪਾਏ ਗਏ। ਨਿੱਕੀਆਂ-ਨਿੱਕੀਆਂ ਚੋਭਾਂ ਹਨ। ਮਿੱਠੇ-ਮਿੱਠੇ ਗੀਤ। ਮਿੱਠਾ-ਮਿੱਠਾ ਸੰਗੀਤ। ਫਿਲਮ ਦਰਸ਼ਕ ਨੂੰ ਕੁਝ ਦਿੰਦੀ, ਉਸ ਤੋਂ ਖੋਂਹਦੀ ਨਹੀਂ।

ੴ ਸਤਿਗੁਰ ਪ੍ਰਸਾਦਿ॥

ਜਿਨਾ ਸਾਸਿ ਗਿਰਾਸਿ ਨਾ ਵਿਸਰੈ ਹਰਿ ਨਾਮਾ ਮਨਿ ਮੰਤੁ॥ ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥



ਗੁਰਦੁਆਰਾ ਸਿੱਖ ਟੈਂਪਲ, ਓਕ ਕਰੀਕ


ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ

ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਅਦੁੱਤੀ ਸ਼ਖ਼ਸੀਅਤ ਹੋਏ ਹਨ, ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ। ਉਹ 1926 ਤੋਂ 1950 ਤੱਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ ਅਤੇ 1937 ਤੇ 1945 ਵਿਚ ਦੋ ਵਾਰ ਪੰਜਾਬ ਅਸੰਬਲੀ ਦੇ ਮੈਂਬਰ ਬਣੇ। ਵਿਦਿਆ ਦਾ ਚਾਨਣ ਵੰਡਣ ਲਈ ਉਨ੍ਹਾਂ ਕਈ ਸਕੂਲ ਬਣਵਾਏ। ਪੰਜਾਬ ਦੀ ਲੁਬਾਣਾ ਬਰਾਦਰੀ ਉਨ੍ਹਾਂ ਦੀ ਬਖਸ਼ਿਸ਼ ਸਦਕਾ ਹੀ ਅੱਜ ਦੁਨੀਆਂ ਵਿਚ ਉਜਵਲ ਇਤਿਹਾਸ ਸਿਰਜ ਰਹੀ ਹੈ।

# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 72ਵੀਂ ਸਾਲਾਨਾ ਬਰਸੀ ਸਬੰਧੀ

# ਵਿਸ਼ੇਸ਼ ਸਮਾਗਮ

**ਪ੍ਰੋਗਰਾਮ ਦਾ ਵੇਰਵਾ**

**3 ਜੂਨ 2022 (ਸ਼ੁੱਕਰਵਾਰ)** ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ

**5 ਜੂਨ 2022 (ਐਤਵਾਰ)** ਭੋਗ ਸ੍ਰੀ ਅਖੰਡ ਪਾਠ ਸਵੇਰੇ 10:30 ਵਜੇ

**ਪਹੁੰਚ ਰਹੇ ਜਥੇ:**

*ਭਾਈ ਗੁਰਮੀਤ ਸਿੰਘ ਜੋਸ਼
*ਭਾਈ ਗੁਰਮੇਲ ਸਿੰਘ
ਭਾਈ ਸੁਰਜੀਤ ਸਿੰਘ ਬੰਬੇ ਵਾਲੇ ਅਤੇ ਸਾਥੀ


ਗੁਰਮੀਤ ਸਿੰਘ ਜੋਸ਼


ਜਥਾ ਭਾਈ ਗੁਰਮੇਲ ਸਿੰਘ (ਹੈਡ ਗ੍ਰੰਥੀ, ਗੁਰਦੁਆਰਾ ਓਕ ਕਰੀਕ) ਤੇ ਸਾਥੀ;


ਭਾਈ ਸੁਰਜੀਤ ਸਿੰਘ ਬੰਬੇ ਵਾਲੇ ਤੇ ਸਾਥੀ

ਗੁਰੂ ਲਾਧੋ ਰੇ ਸੇਵਾ ਸੁਸਾਇਟੀ ਦੇ ਮੈਂਬਰਾਂ ਵਲੋਂ ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਦੇ ਸਮਾਗਮ 5 ਜੂਨ ਨੂੰ ਗੁਰਦੁਆਰਾ ਸਾਹਿਬ ਦੇ ਬਾਹਰ ਗਰਾਊਂਡ ਵਿਚ ਕਰਵਾਏ ਜਾ ਰਹੇ ਹਨ। ਸੰਗਤ ਨੂੰ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ। ਇਸ ਮੌਕੇ ਵੱਖ ਵੱਖ ਤਰ੍ਹਾਂ ਦੇ ਪਕਵਾਨ ਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ।



ਵਲੋਂ: ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ ਅਤੇ ਸਿੱਖ ਟੈਂਪਲ ਆਫ ਵਿਸਕਾਨਸਿਨ ਦੀ ਸਮੂਹ ਸਾਧ ਸੰਗਤ

ਪਰਮਿੰਦਰ ਸਿੰਘ ਗੋਲਡੀ (ਚੇਅਰਮੈਨ) ਫੋਨ: 414-736-6580

ਹਰਜਿੰਦਰ ਸਿੰਘ ਜਿੰਦੀ (ਪ੍ਰਧਾਨ) ਫੋਨ:414-841-5649

7512 South Howell Ave. Oak Creek, WI 53154 Ph: 414-764-7454